PUNJABI UNIVERSITY PATIALA

**ਬੈਚੂਲਰ ਆਫ ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ** ਪੇਪਰ DELB1101T

**ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦਾ ਆਧਾਰ**

**ਯੂਨਿਟ ਨੰ : 1**

ਪਾਠ ਨੰ:

1.1. ਲਾਇਬ੍ਰੇਰੀ ਸੰਕਲਪ : ਪਰਿਭਾਸ਼ਾ, ਉਦੇਸ਼ ਅਤੇ ਕਾਰਜ

1.2. ਲਾਇਬ੍ਰੇਰੀ ਵਿਗਿਆਨ ਦੇ ਪੰਜ ਨਿਯਮ

1.3. ਸਮਾਜ ਵਿਚ ਲਾਇਬ੍ਰੇਰੀ : ਸੂਚਨਾ ਪ੍ਰਸਾਰ ਵਿਚ ਲਾਇਬ੍ਰੇਰੀ ਦਾ ਸਥਾਨ; ਸਮਾਜਕ – ਆਰਥਕ ਵਿਕਾਸ, ਸਿੱਖਿਆ ਅਤੇ ਮਨੋਰੰਜਨ ਵਿਚ ਲਾਇਬ੍ਰੇਰੀ ਦੀ ਬਦਲਦੀ ਭੂਮਿਕਾ

1.4. ਲਾਇਬ੍ਰੇਰੀ ਦੀਆਂ ਕਿਸਮਾਂ

1.5. ਲਾਇਬ੍ਰੇਰੀ ਸਹਿਯੋਗ : ਪ੍ਰੀਭਾਸਾ, ਕਿਸਮਾਂ, ਪੱਧਰ, ਰੀਸੋਰਿਸ ਸੇਰਿੰਗ ਅਤੇ ਲਾਇਬ੍ਰੇਰੀ ਕਨਸੋਰਟੀਆਂ

ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ. : 1.1** **ਲੇਖਕ : ਡਾ. ਅਜੀਤ ਸਿੰਘ**

# ਲਾਇਬ੍ਰੇਰੀ ਸੰਕਲਪ : ਪਰਿਭਾਸ਼ਾ, ਉਦੇਸ਼ ਅਤੇ ਕਾਰਜ
# (Concept of Library : Definition, Purpose and Functions)

**ਭੂਮਿਕਾ :**

ਸਭਿਆਚਾਰਕ ਵਿਰਸੇ ਦੀ ਰੱਖਿਆ, ਸਮਾਜਕ ਵਿਕਾਸ ਅਤੇ ਮਨੁੱਖੀ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਲਾਇਬ੍ਰੇਰੀ ਅਤੇ ਸੂਚਨਾਂ ਸੇਵਾਵਾਂ ਬਹੁਤ ਜ਼ਰੂਰੀ ਹਨ। ਸਮਾਜਕ ਦੇ ਆਰਥਕ ਵਿਕਾਸ ਲਈ ਲੋੜੀਂਦੇ ਤੱਤ ਸਿੱਖਿਆ, ਸੂਚਨਾ ਅਤੇ ਮਨੋਰੰਜਨ ਦੀ ਸੁਵਿਧਾਵਾਂ ਲਾਇਬ੍ਰੇਰੀ ਦੁਆਰਾ ਹੀ ਪ੍ਰਦਾਨ ਕੀਤੇ ਜਾਂਦੇ ਹਨ।

**ਉਦੇਸ਼ :**

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਲਾਇਬ੍ਰੇਰੀ ਧਾਰਣਾਵਾਂ ਇਸ ਦੀ ਪਰਿਭਾਸ਼ਾ, ਉਦੇਸ਼ ਅਤੇ ਕਾਰਜਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਦੇ ਅਧਿਐਨ ਨਾਲ ਆਪ ਨੂੰ ਹੇਠ ਲਿਖੀਆਂ ਗੱਲਾਂ ਦਾ ਗਿਆਨ ਹੋ ਜਾਵੇਗਾ :

(1) ਸਮੇਂ ਨਾਲ ਬਦਲਦੇ ਲਾਇਬ੍ਰੇਰੀ ਦੇ ਸਵਰੂਪ ਅਤੇ ਅਰਥ ; ਅਤੇ

(2) ਇਕ ਸਮਾਜਕ ਇਕਾਈ ਦੇ ਰੂਪ ਵਿਚ ਲਾਇਬ੍ਰੇਰੀ ਦੀ ਭੂਮਿਕਾ

ਪਾਠ ਦਾ ਤਾਣਾ ਬਾਣਾ ਹੇਠ ਲਿਖੇ ਕ੍ਰਮ ਵਿਚ ਹੈ :

1.1.1 ਭੂਮਿਕਾ
1.1.2 ਲਾਇਬ੍ਰੇਰੀ ਸੰਕਲਪ
- 1.1.2.1 ਸਮਾਜ ਸ਼ਬਦ ਦਾ ਸੰਕਲਪ
- 1.1.2.2 ਆਧੁਨਿਕ ਸਮਾਜ ਦੀਆਂ ਲੋੜਾਂ
- 1.1.2.3 ਸਮਾਜ ਦੁਆਰਾ ਸਥਾਪਤ ਸੰਸਥਾਵਾਂ
- 1.1.2.4 ਲਾਇਬ੍ਰੇਰੀ
  - 1.1.2.4.1 ਲਾਇਬ੍ਰੇਰੀ ਦੀ ਧਾਰਣਾ ਦਾ ਵਿਕਾਸ : ਅਰਥ
  - 1.1.2.4.2 ਆਧੁਨਿਕ ਧਾਰਣਾ : ਸੇਵਾ ਏਜੰਸੀ

1.1.3. ਲਾਇਬ੍ਰੇਰੀ ਦੇ ਮਨੋਰਥ ਅਤੇ ਕਰਤਵ
1.1.4. ਲਾਇਬ੍ਰੇਰੀ ਦੇ ਕਾਰਜ
1.1.5. ਸਿੱਟਾ
1.1.6. ਸ੍ਵੈ- ਨਿਰੀਖਣ ਅਭਿਆਸ
1.1.7. ਅੱਗੇ ਪੜ੍ਹਣ ਲਈ ਸੰਦਰਭ
1.1.8. ਅਭਿਆਸ ਲਈ ਪ੍ਰਸ਼ਨ
1.1.9. ਸ੍ਵੈ-ਨਿਰੀਖਣ ਅਭਿਆਸ ਦੇ ਉੱਤਰ

## 1.1.1. ਭੂਮਿਕਾ :

ਮੰਨੂ ਦੇ ਕਥਨ ਅਨੁਸਾਰ, ਪਸੰਦ ਕਰਨ ਵਾਲਿਆਂ ਦੇ ਘਰ ਤੱਕ ਗਿਆਨ ਪਹੁੰਚਾਉਣਾ ਅਤੇ ਹਰਇਕ ਨੂੰ ਲੋੜੀਂਦੇ ਤੇ ਸਹੀ ਜਾਣਕਾਰੀ ਲਈ ਸਿੱਖਿਆ ਪ੍ਰਦਾਨ ਕਰਨਾ ਉਹਨਾਂ ਨੂੰ ਸਾਰੀ ਦੁਨੀਆ ਦੇਣ ਤੋਂ ਵੀ ਜ਼ਿਆਦਾ ਵੱਡਾ ਉਪਕਾਰ ਹੈ। ਇਸ ਕਥਨ ਨੂੰ ਕਿਸੇ ਵਿਆਖਿਆ ਦੀ ਲੋੜ ਨਹੀਂ ਹੈ।

## 1.1.2. ਲਾਇਬ੍ਰੇਰੀ ਸੰਕਲਪ (Concept of Library )

ਮਨੁੱਖੀ ਬੌਧਿਕ ਪ੍ਰਕ੍ਰਿਆਵਾਂ ਉਤੇ ਉਪਲੱਬਧ ਸਾਰੀ ਸੂਚਨਾਵਾਂ ਨੂੰ ਇਕੱਠਾ ਕਰਨ, ਸੁਨਿਯੋਜਤ ਕਰਨ, ਅਤੇ ਲੋੜ ਵੇਲੇ ਉਪਲੱਬਧ ਕਰਾਉਣ ਲਈ ਇਕ ਗੁੰਝਲਦਾਰ ਕਲਾ ਦੀ ਲੋੜ ਪੈਂਦੀ ਹੈ ਜਿਸ ਲਈ ਵਿਸ਼ੇਸ਼ ਗਿਆਨ ਅਤੇ ਨਿਪੁੰਨਤਾ ਜ਼ਰੂਰੀ ਹਨ। ਸੂਚਨਾ ਵਿਸਫੋਟ ਕਰਕੇ ਅਤੇ ਸੂਚਨਾਵਾਂ ਵਿਚ ਵਾਧਾ ਹੋਣ ਕਰਕੇ ਇਹ ਸਮਸਿਆ ਹੋਰ ਵੀ ਔਖੀ ਹੋ ਗਈ ਹੈ। ਅੱਜ ਦੀ ਲਾਇਬ੍ਰੇਰੀ ਸਿਰਫ ਇਸ ਸਮੱਸਿਆ ਦਾ ਹਲ ਹੀ ਨਹੀਂ ਕਰਦੀ ਬਲਕਿ ਸਮਾਜ ਦੇ ਵਿਕਾਸ ਲਈ ਚਾਨਣ ਮੁਨਾਰਾ

ਵੀ ਹੈ। ਇਸ ਲਈ ਲਾਇਬ੍ਰੇਰੀ ਇਕ ਸਮਾਜਕ ਸੰਸਥਾ ਬਣ ਗਈ ਹੈ।

### 1.1.2.1. ਸਮਾਜਕ ਸ਼ਬਦ ਦਾ ਸੰਕਲਪ (Social as Word)

ਸਮਾਜਕ (Social) ਸ਼ਬਦ ਦੀ ਉਤਪੱਤੀ ਲਾਤੀਨੀ ਭਾਸ਼ਾ ਦੇ ਸ਼ਬਦ ਸ਼ਆਸਾਇਜ਼ (Socies) ਤੋਂ ਹੋਈ ਹੈ, ਜਿਸ ਦਾ ਭਾਵ ਸਾਥੀ, ਹਿਮਾਇਤੀ, ਮਿੱਤਰ, ਅਨੁਯਾਈ ਆਦਿ ਹਨ। ਸਮਾਜਕ ਸ਼ਬਦ ਵਰਤਮਾਨ ਕਾਲ ਵਿਚ ਕਈ ਭਾਵਾਂ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਇਸ ਦਾ ਸਬੰਧ, ਇਕ ਸਮੂਹ ਜਾ ਸੰਸਥਾ ਵਿਚ ਭੂਮਿਕਾ ਨਿਭਾਉਣ ਤੋਂ ਹੁੰਦਾ ਹੈ।

ਅੱਜ ਦੇ ਯੁੱਗ ਵਿਚ ਜਦੋਂ ਸਮਾਜਕ ਨੀਤੀ, ਸਮਾਜਕ ਅਰਥਸ਼ਾਸਤਰ, ਸਮਾਜਵਾਦ, ਸਮਾਜਕ ਕਾਰਜ, ਸਮਾਜਕ ਵਿਧੀ, ਸਮਾਜਕ ਮਨੋਵਿਗਿਆਨ, ਸਮਾਜਕ ਚਿਕਿਤਸਾ ਆਦਿ ਸ਼ਬਦਾਂ ਦਾ ਉਪਯੋਗ ਇਕ ਰਿਵਾਜ ਬਣ ਗਿਆ ਹੈ ਇਸ ਸ਼ਬਦ ਦੀ ਸਮਾਜ ਵਿਚ ਇਕ ਵਿਸ਼ੇਸ਼ ਜਗ੍ਹਾ ਬਣ ਗਈ ਹੈ। ਇਸ ਦਾ ਕਾਰਣ ਵਿਅਕਤੀਵਾਦ ਤੋਂ ਪਰੇ, ਮਨੁੱਖਾਂ ਅਤੇ ਸਮੂਹਾਂ ਵਿਚ ਵੱਧਦਾ ਮਿਲਵਰਤਣ ਹੈ। ਸੋਸ਼ਲ ਸ਼ਬਦ 'ਕਾਰਜ' (function) ਜਾਂ ਕਾਰਜਾਤਮਕ (functional) ਸ਼ਬਦ ਦੇ ਬਹੁਤ ਨੇੜੇ ਹੈ ਜਿਸ ਨਾਲ ਇਕ ਹਿੱਸੇ ਦੇ ਦੂਜੇ ਹਿੱਸੇ ਨਾਲ ਸਬੰਧ ਪ੍ਰਗਟ ਹੁੰਦੇ ਹਨ।

#### 1.1.2.1.1 ਸਮਾਜਕ ਕਾਰਜ (Social Functions)

ਦੋ ਸ਼ਬਦਾਂ ਤੋਂ ਬਣੀ ਇਹ ਅਜਿਹੀ ਧਾਰਣਾ ਹੈ ਕਿ ਇਸ ਦਾ ਜਿਕਰ ਕਰਨ ਲਈ ਇਹ ਨਿਸ਼ਚਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਉਸ ਸਮੂਹ ਜਾਂ ਸੰਸਥਾ ਨੂੰ ਸਪਸ਼ਟ ਰੂਪ ਵਿਚ ਪ੍ਰਗਟ ਕਰੀਏ ਜਿਸ ਦੇ ਸੰਬੰਧ ਵਿਚ ਸਮਾਜਕ ਕਾਰਜ ਨਿਸਚਿਤ ਕਰਨੇ ਹੋਣ, ਜਿਵੇਂ ਯੂਨੀਵਰਸਿਟੀ ਦਾ ਸਮਾਜਕ ਕਾਰਜ ਉੱਚ ਪੱਧਰੀ ਵਿਦਿਆ ਦਾ ਪ੍ਰਸਾਰ ਕਰਨਾ ਹੈ।

#### 1.1.2.1.2 ਸਮਾਜਕ ਕਾਰਜ ਅਤੇ ਲਾਇਬ੍ਰੇਰੀ (Social Functions and Library)

ਲਾਇਬ੍ਰੇਰੀ ਇਕ ਸਮਾਜਕ ਸੰਸਥਾ ਦੇ ਰੂਪ ਵਿਚ ਲੇਖਕ, ਪ੍ਰਕਾਸ਼ਕ, ਲਾਇਬ੍ਰੇਰੀਅਨ ਅਤੇ ਪਾਠਕਾਂ ਵਿਚ ਸੰਬੰਧ ਪੈਦਾ ਕਰਦੀ ਹੈ। ਇਨ੍ਹਾਂ ਸੰਬੰਧਾਂ ਨੂੰ ਉਤਪਾਦਕ, ਵਿਚੋਲੇ ਅਤੇ ਖਪਤਕਾਰ ਦੇ ਰੂਪ ਵਿਚ ਵੀ ਉਜਾਗਰ ਕੀਤਾ ਜਾ ਸਕਦਾ ਹੈ। ਲਾਇਬ੍ਰੇਰੀ ਦੇ ਸੰਦਰਭ ਵਿਚ, ਲੇਖਕ ਅਤੇ ਪ੍ਰਕਾਸ਼ਕ ਉਤਪਾਦਕ–ਜਿਹੜੇ ਪੁਸਤਕਾਂ ਨੂੰ ਹੋਂਦ ਵਿਚ ਲਿਆਉਂਦੇ ਹਨ; ਲਾਇਬ੍ਰੇਰੀਅਨ ਵਿਤਰਕ ਜਾਂ ਵਿਚੋਲੇ; ਅਤੇ ਪਾਠਕ ਖੱਪਤਕਾਰ ਦੇ ਰੂਪ ਵਿਚ ਵੇਖੇ ਜਾ ਸਕਦੇ ਹਨ।

ਪੁਸਤਕਾਂ, ਪਾਠਕ ਅਤੇ ਲਾਇਬ੍ਰੇਰੀ ਦੇ ਕਰਮਚਾਰੀ, ਤਿੰਨ ਪੁਸਤਕਾਲਾ ਦੇ ਪ੍ਰਮੁਖ ਅੰਗ ਹਨ ਅਤੇ ਲਾਇਬ੍ਰੇਰੀ ਦਾ ਮੁੱਖ ਸਮਾਜਕ ਕਾਰਜ ਇਨ੍ਹਾਂ ਮੁੱਢਲੇ ਅੰਗਾਂ ਵਿਚ ਨਿੱਘੀ ਮਿਲਵਰਤਨ ਨੂੰ ਉਤਸਾਹਿਤ ਕਰਨਾ ਹੈ। ਇਕ ਸੰਗਠਿਤ ਸਮਾਜ ਵਿਚ ਵਿਅਕਤੀ ਦੇ ਨਿਜੀ ਅਤੇ ਸਮੂਹਿਕ ਵਿਕਾਸ ਲਈ ਹਰ ਪੱਧਰ ਤੇ ਸਹਿਯੋਗ ਦੀ ਭਾਵਨਾ ਪੈਦਾ ਕਰਨਾ ਜ਼ਰੂਰੀ ਹੈ। ਮਨੁੱਖ ਦੀਆਂ ਸਾਰੀਆਂ ਕ੍ਰਿਆਵਾਂ ਲਈ ਸਮਾਜ ਇਕ ਧੁਰੇ ਦਾ ਕੰਮ ਕਰਦਾ ਹੈ ਅਤੇ ਇਸ ਸਮਾਜ ਦਾ ਦਿਮਾਗ ਲਾਇਬ੍ਰੇਰੀਆਂ ਹਨ ਕਿਉਂਕਿ ਪੱਥਰ ਯੁੱਗ ਤੋਂ ਪੁਲਾੜ ਯੁੱਗ ਤਕ ਮਨੁੱਖ ਨੇ ਉੱਨਤੀ ਤੇ ਜਿਹੜਾ ਵਿਕਾਸ ਕੀਤਾ ਹੈ ਉਹ ਲਿਖਤ ਰੂਪ ਵਿਚ ਇਨ੍ਹਾਂ ਵਿਚ ਸੰਜੋ ਕੇ ਰੱਖਿਆ ਗਿਆ ਹੈ। ਇਹ ਸ਼ਿਸ਼ਟ ਅਤੇ ਪੜ੍ਹੇ-ਲਿਖੇ ਸਮਾਜ ਦੀ ਉਪਜ ਹੈ ਜਿਸ ਦੀ ਲੋੜ ਵੇਲੇ ਸਮਾਜ ਦੇ ਨਾਗਰਿਕਾਂ ਵਿਚ ਵੰਡ ਜ਼ਰੂਰੀ ਹੈ, ਜਿਸ ਦੇ ਸਦਕੇ ਉਹ ਵਿਦਵਾਨ ਅਤੇ ਸੂਝਵਾਨ ਬਣ ਕੇ ਨਵੇਂ ਗਿਆਨ ਦੀ ਸਿਰਜਨਾ ਕਰਨ ਅਤੇ ਗਿਆਨ ਭੰਡਾਰ ਵਿਚ ਵਾਧਾ ਕਰਨ। ਇਸ ਕਾਰਣ ਲਾਇਬ੍ਰੇਰੀਆਂ ਨੂੰ ਸਮਾਜ ਦੀ ਜੜ ਅਤੇ ਫਲ (Roots and Fruits) ਕਿਹਾ ਜਾਂਦਾ ਹੈ। ਭਵਿੱਖ ਸਿਰਜਨਾ ਵਿਚ ਲਾਇਬ੍ਰੇਰੀ ਇਕ ਪੌੜੀ ਦਾ ਕੰਮ ਕਰਦੀ ਹੈ, ਪਰ ਇਹ ਭੂਤਕਾਲ ਲਈ ਇਕ ਲੜੀ ਦਾ ਕੰਮ ਵੀ ਕਰਦੀ ਹੈ। ਇਹ ਭੂਤ ਨੂੰ ਵਰਤਮਾਨ ਨਾਲ ਜੋੜਦੀ ਹੈ ਅਤੇ ਇਕ ਦੂਜੇ ਵਿਚਕਾਰ ਇਕ ਗਲਿਆਰੇ ਦਾ ਕੰਮ ਕਰਦੀ ਹੈ ਅਤੇ ਸਭਿਆਚਾਰਕ ਪਰਿਪੱਕਤਾ ਦਾ ਚਿੰਨ੍ਹ ਬਣ ਜਾਂਦੀ ਹੈ। ਇਸ ਲਈ ਲਾਇਬ੍ਰੇਰੀ ਵਿਗਿਆਨੀ, ਪੀਅਰਸ ਬਟਲਰ ਦੇ ਅਨੁਸਾਰ, "ਲਾਇਬ੍ਰੇਰੀ ਦੀ ਸਿਰਜਣਾ ਆਧੁਨਿਕ ਸੱਭਿਅਤਾ ਦੀਆਂ ਵਾਸਤਵਿਕ ਲੋੜਾਂ ਨੇ ਕੀਤੀ ਹੈ ਅਤੇ ਇਹ ਵਰਤਮਾਨ ਵਿਚ ਸਮਾਜਕ ਢਾਂਚੇ ਦਾ ਇਕ ਜ਼ਰੂਰੀ ਅੰਗ ਹੈ।"

ਡਾਕਟਰ ਰੰਗਾਨਾਥਨ ਦੇ ਅਨੁਸਾਰ ਲਾਇਬ੍ਰੇਰੀ ਦੇ ਨਿਮਨਲਿਖਿਤ ਸਮਾਜਕ ਕਾਰਜ ਹਨ :

(1) ਲਗਾਤਾਰ ਵੱਧਦੀ ਆਬਾਦੀ ਦੀ ਜ਼ਰੂਰਤਾਂ ਨੂੰ ਬਿਨਾ ਕਿਸੇ ਮੁਸ਼ਕਲ ਤੋਂ ਪੂਰਾ ਕਰਨ ਲਈ ਮਾਨਵਤਾ ਦੇ ਆਰਥਕ ਸੋਮਿਆਂ ਵਿਚ ਜ਼ਰੂਰਤ ਅਨੁਸਾਰ ਵਾਧੇ ਵਿਚ ਸਹਿਯੋਗ;

(2) ਪੁਸਤਕਾਂ, ਫੋਟੋਆਂ, ਸੰਗੀਤ ਅਤੇ ਦੂਜੇ ਸਾਧਨ ਉਪਲੱਬਧ ਕਰ, ਨਿਜੀ ਆਧਾਰ ਤੇ ਵੇਹਲੇ ਸਮੇਂ ਦੇ ਉਪਯੋਗ ਦਾ ਪੱਧਰ ਉੱਚਾ ਕਰਨਾ; ਅਤੇ

(3) ਸਮਾਜ ਦੇ ਹਰ ਇਕ ਪ੍ਰਾਣੀ ਨੂੰ ਆਤਮਕ ਜਾਗਰੂਕਤਾ ਪ੍ਰਾਪਤ ਕਰਨ ਦੀ ਸਹੂਲਤਾਂ ਵਿਚ ਵਾਧਾ ਕਰਨਾ।

### ਲਾਇਬ੍ਰੇਰੀ ਦੇ ਸਮਾਜਕ ਮਨੋਰਥ (Social Objectives of Library)

ਪੁਸਤਕਾਲਾ ਦੇ ਨਿਮਨਲਿਖਿਤ ਸਮਾਜਕ ਮਨੋਰਥ ਉਲੀਕੇ ਜਾ ਸਕਦੇ ਹਨ :

(1) ਵਸਨੀਕਾਂ ਨੂੰ ਸੂਝਵਾਨ ਅਤੇ ਸ਼ਿਸ਼ਟ ਬਣਾਉਣ ਲਈ ਉਤੇਜਨਾ ਅਤੇ ਰਹਿਨੁਮਾਈ ਪ੍ਰਦਾਨ ਕਰਨ ਲਈ ਪੁਸਤਕਾਂ ਅਤੇ ਦੂਜੀ ਪਾਠ-ਸਮੱਗਰੀ ਨੂੰ ਇਕੱਠਾ ਕਰਨ, ਸੰਭਾਲਨ ਅਤੇ ਸੁਨਿਯੋਜਨ ਦੇ ਕਾਰਜ ਕਰਨੇ;

(2) ਭਰੋਸੇਯੋਗ ਸੂਚਨਾ ਦੇ ਸੋਮੇ ਦੇ ਰੂਪ ਵਿਚ ਸਮਾਜ ਦੀ ਸੇਵਾ ਕਰਨਾ; ਅਤੇ

(3) ਬੱਚਿਆਂ, ਜਵਾਨਾਂ, ਮਨੁੱਖਾਂ ਅਤੇ ਔਰਤਾਂ ਨੂੰ ਬਿਨਾਂ ਕਿਸੀ ਭੇਦ-ਭਾਵ ਦੇ ਸਵੈ-ਸਿੱਖਿਆ ਦੇ ਅਵਸਰ ਪ੍ਰਦਾਨ ਕਰ ਉਨ੍ਹਾਂ ਨੂੰ ਇਸ ਵੱਲ ਉਤਸਾਹਤ

ਕਰਨਾ।

**1.1.2.2. ਆਧੁਨਿਕ ਸਮਾਜ ਦੀ ਲੋੜ (Need of the Modern Society)** ਆਧੁਨਿਕ ਸਮਾਜ ਦੇ ਅੰਗ ਹੋਣ ਕਰਕੇ ਅਸੀਂ ਸਾਰੇ ਇਸ ਦੀਆਂ ਵੱਖ-ਵੱਖ ਲੋੜਾਂ ਤੋਂ ਜਾਣੂ ਹਾਂ। ਇਨ੍ਹਾਂ ਵਿਚ ਸਿੱਖਿਆ ਪ੍ਰਮੁੱਖ ਹੈ, ਇਹ ਸਾਨੂੰ ਸਮਾਜ ਦੀ ਉੱਨਤੀ ਤੇ ਵਿਕਾਸ ਵਿਚ ਯੋਗਦਾਨ ਪਾਉਣ ਲਈ, ਸੁਝਵਾਨ, ਸ਼ਿਸ਼ਟ ਅਤੇ ਜਿੰਮੇਵਾਰ ਵਸਨੀਕ ਬਣਾਉਂਦੀ ਹੈ। ਇਸ ਦੇ ਬਾਅਦ ਸਮਾਜ ਦਾ ਆਰਥਕ ਰੂਪ ਵਿਚ ਸਵੈ-ਨਿਰਭਰ ਹੋਣਾ ਹੈ, ਇਸ ਲਈ ਲੋੜੀਂਦੀ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਅਤੇ ਸੂਚਨਾ ਦੀ ਲੋੜ ਹੈ, ਇਸ ਲਈ ਵੱਡਮੂਲੀ ਸੂਚਨਾ ਅਤੇ ਖੋਜ ਵਿਚ ਲਾਇਬ੍ਰੇਰੀ ਇਕ ਲਾਈਟ ਹਾਊਸ (ਰੋਸ਼ਨੀ ਦਾ ਪੁੰਜ) ਦਾ ਕੰਮ ਕਰਦੀ ਹੈ। ਪਰ ਮਨੁੱਖ ਕੇਵਲ ਰੋਟੀ ਤੇ ਹੀ ਜਿੰਦਾ ਨਹੀਂ ਰਹਿ ਸਕਦਾ। ਮਨੁੱਖ ਵਿਚ ਇਸ ਤੋਂ ਡੂੰਗੀਆਂ ਅਤੇ ਜਟਿਲ ਮੂਲ ਪ੍ਰਵਿਰਤੀਆਂ ਜਿਵੇਂ ਅਧਿਆਤਮਕ, ਵਿਚਾਰਾਤਮਕ, ਸਭਿਆਚਾਰਕ, ਸੁਹਜਾਤਮਕ ਵੀ ਹੁੰਦੀਆਂ ਹਨ ਜਿਹੜੀਆਂ ਮਨੁੱਖੀ ਜੀਵਨ ਨੂੰ ਚਮਕਾ ਕੇ ਉੱਚ-ਪੱਧਰ ਦਾ ਬਣਾਉਂਦੀਆਂ ਹਨ। ਹਰ ਮਨੁੱਖ ਨੂੰ ਵਿਹਲੇ ਸਮੇਂ ਮਨਪਰਚਾਵੇ ਦੇ ਸਾਧਨ ਵੀ ਲੋੜੀਂਦੇ ਹੁੰਦੇ ਹਨ ਅਤੇ ਜੇਕਰ ਇਸ ਵੇਲੇ ਰਚਨਾਤਮਕ ਅਤੇ ਪ੍ਰਤੀਯੋਗਾਤਮਕ ਸਾਧਨਾਂ ਦੀ ਸੁਵਿਧਾ ਦੀ ਕਮੀ ਉਨ੍ਹਾਂ ਨੂੰ ਨਿਖੱਦ ਅਤੇ ਨਾਸ਼ਕ ਦਿਸ਼ਾਵਾਂ ਵੱਲ ਲੈ ਜਾਂਦੀ ਹੈ ਅਤੇ ਸਾਰੇ ਸਮਾਜ ਦੀ ਇਹ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਸ ਦਿਸ਼ਾ ਵਿਚ ਵਿਸ਼ੇਸ਼ ਧਿਆਨ ਦੇਵੇ।

**1.1.2.3. ਸਮਾਜ ਦੁਆਰਾ ਸਥਾਪਿਤ ਸੰਸਥਾਵਾਂ (Institutions Founded by Society)** ਉਪਰੋਕਤ ਕਾਰਜਾਂ ਦੀ ਪੂਰਤੀ ਲਈ ਸਮਾਜ ਵਿਚ ਵੱਖ-ਵੱਖ ਜਿੰਮੇਵਾਰੀਆਂ ਲਈ ਵੱਖ-ਵੱਖ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਹਨ। ਸਕੂਲ, ਕਾਲਜ, ਯੂਨੀਵਰਸਿਟੀ ਦੇ ਖੋਜ ਕੇਂਦਰ, ਵਪਾਰਕ ਅਤੇ ਸਨਅਤੀ ਕੇਂਦਰ ਆਦਿ ਕੁਝ ਪ੍ਰਮੁੱਖ ਹਨ। ਲਾਇਬ੍ਰੇਰੀ ਵੀ ਇਨ੍ਹਾਂ ਵਿਚੋਂ ਇਕ ਹੈ, ਪਰ ਜਿੱਥੇ ਦੂਜੀਆਂ ਸੰਸਥਾਵਾਂ ਕੇਵਲ ਇਕ ਕਾਰਜ ਲਈ ਹੀ ਹਨ ਉੱਥੇ ਲਾਇਬ੍ਰੇਰੀਆਂ ਬਹੁਤ ਸਾਰੇ ਕਾਰਜਾਂ ਵਿਚ ਯੋਗਦਾਨ ਪਾਉਂਦੀਆਂ ਹਨ ਅਤੇ ਇਸ ਲਈ ਇਹ ਆਧੁਨਿਕ ਯੁਗ ਵਿਚ ਲਾਇਬ੍ਰੇਰੀਆਂ ਸਮਾਜ ਦੇ ਵੱਖ-ਵੱਖ ਅੰਗਾਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਸਮਰੱਥ ਹਨ।

### 1.1.2.4. ਲਾਇਬ੍ਰੇਰੀ

ਡਾ. ਰੰਗਾਨਾਥਨ ਦੇ ਆਧੁਨਿਕ ਲਾਇਬ੍ਰੇਰੀ ਦੀ ਪਰਿਭਾਸ਼ਾ ਦੇ ਚਾਰ ਇਤਹਾਸਕ ਪੜਾਵ ਦੱਸੇ ਹਨ :

**1.1.2.4.1. ਲਾਇਬ੍ਰੇਰੀ ਦੇ ਅਰਥ ਅਤੇ ਪਰਿਭਾਸ਼ਾ (Meaning and Definition)** ਉੱਪਰ ਲਾਇਬ੍ਰੇਰੀ ਨੂੰ ਆਧੁਨਿਕ ਸੰਦਰਭ ਵਿਚ ਉਲੀਕਿਆ ਗਿਆ ਹੈ, ਪਰ ਲਾਇਬ੍ਰੇਰੀ ਦੇ ਪਿਛੋਕੜ ਤੋਂ ਹੀ ਇਹ ਅਰਥ ਨਹੀਂ ਚਲੇ ਆ ਰਹੇ ਹਨ, ਇਹ ਸਮੇਂ ਨਾਲ ਬਦਲਦੇ ਰਹੇ ਹਨ। ਪੀਅਰਸ ਬਟਲਰ (Pierce Butler) ਪੁਸਤਕਾਲਾ ਵਿਗਿਆਨੀ ਦੇ ਅਨੁਸਾਰ ਲਾਇਬ੍ਰੇਰੀ ਦੇ ਇਤਿਹਾਸਿਕ ਪਿਛੋਕੜ ਦੀ ਜਾਣਕਾਰੀ ਨਾਲ ਹੀ ਲਾਇਬ੍ਰੇਰੀ ਦੇ ਅਰਥਾਂ ਅਤੇ ਕਰਤੱਵਾਂ ਨੂੰ ਪੂਰਨ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਜੇਕਰ ਲਾਇਬ੍ਰੇਰੀ ਸ਼ਬਦ ਨੂੰ ਸਾਧਾਰਨ ਰੂਪ ਵਿਚ ਵਿਚਾਰਿਆ ਜਾਵੇ ਤਾਂ ਇਸ ਦਾ ਅਰਥ 'ਪੁਸਤਕਾਂ ਦਾ ਸੰਗ੍ਰਹਿ ਜਾਂ ਭੰਡਾਰ' ਹੈ। ਪਰ ਅੱਜ ਦੇ ਸੰਕਲਪ ਨਾਲ ਇਹ ਮੇਲ ਨਹੀਂ ਖਾਂਦੇ, ਪਰ ਜਿਸ ਸਮੇਂ ਇਹ ਅਰਥ ਪੁਸਤਕਾਲਾ ਨੂੰ ਦਿੱਤੇ ਗਏ ਉਸ ਸੰਦਰਭ ਵਿਚ ਢੁਕਵੇਂ ਸਨ।

ਅੰਗ੍ਰੇਜੀ ਭਾਸ਼ਾ ਦੇ ਸ਼ਬਦਕੋਸ਼ 'ਵੈਬਸਟਰ' ਵਿਚ ਇਸ ਦਾ ਨਿਕਾਸ ਲਾਤੀਨੀ ਅਤੇ ਫ੍ਰਾਂਸੀਸੀ ਭਾਸ਼ਾ ਦੱਸਿਆ ਗਿਆ ਹੈ : LIBR—LIBER (BOOKS) + IUS/ARY

ਅੰਗਰੇਜ਼ੀ ਭਾਸ਼ਾ ਦੇ ਪ੍ਰਸਿੱਧ ਸ਼ਬਦਕੋਸ਼ ਆਕਸਫੋਰਡ ਵਿਚ ਵੀ ਇਸ ਸ਼ਬਦ ਦੇ ਸਮਾਨ ਅਰਥ ਦਿੱਤੇ ਗਏ ਹਨ। ਇਸ ਦੇ ਅਨੁਸਾਰ ਸ਼ਬਦ ਲਿਬਰ (LIBER) ਦਾ ਅਰਥ ਰੁੱਖ ਦੇ ਛਿਲਕੇ ਤੋਂ ਹੈ, ਜਿਸ ਉੱਤੇ ਪ੍ਰਾਚੀਨ ਕਾਲ ਵਿਚ ਪੁਸਤਕਾਂ ਲਿਖੀਆਂ ਜਾਂਦੀਆਂ ਸਨ। ਉਸ ਵੇਲੇ ਪੁਸਤਕਾਂ ਵੱਡਮੂਲੀ ਹੁੰਦੀਆਂ ਸਨ ਅਤੇ ਇਨ੍ਹਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਸੀ।

**(i) ਲਾਇਬ੍ਰੇਰੀ : ਪੁਸਤਕ ਲਿਖਣ ਦੀ ਥਾਂ (Library a place for writing of book) :**

ਪੁਰਾਤਨ ਕਾਲ ਵਿਚ ਜਿੱਥੇ ਬੈਠ ਕੇ ਪੁਸਤਕਾਂ ਲਿਖਿਆਂ ਜਾਂਦੀਆਂ ਸਨ ਉਸ ਨੂੰ ਹੀ ਲਾਇਬ੍ਰੇਰੀ ਕਿਹਾ ਜਾਂਦਾ ਸੀ।

**(ii) ਲਾਇਬ੍ਰੇਰੀ : ਪੁਸਤਕਾਂ ਸੰਭਾਲਣ ਲਈ (A Place for Preservation of Books)**

ਮੁੱਢਲੀ ਵਿਚਾਰਧਾਰਾ ਦੇ ਅਨੁਸਾਰ ਲਾਇਬ੍ਰੇਰੀ ਦਾ ਅਰਥ ਪੁਸਤਕਾਂ ਸੰਭਾਲਣ ਦੀ ਸੰਸਥਾ ਸੀ ਅਤੇ ਇਸ ਦਾ ਮਨੋਰਥ ਪੁਸਤਕਾਂ ਦੀ ਰੱਖਿਆ ਕਰਨ ਦੇ ਇਲਾਵਾ ਕੁਝ ਵੀ ਨਹੀਂ ਸੀ ਅਤੇ ਇਹ ਪਾਠਕ ਦੀ ਪਹੁੰਚ ਤੋਂ ਦੂਰ ਸਨ। ਇਹ ਧਾਰਣਾ ਅੱਜ ਤਕ ਚਲੀ ਆ ਰਹੀ ਹੈ ਅਤੇ ਲਾਇਬ੍ਰੇਰੀਅਨ ਨੂੰ ਪੁਸਤਕਾਂ ਦਾ ਰਾਖਾ ਹੀ ਸਮਝਿਆ ਜਾਂਦਾ ਰਿਹਾ ਹੈ ਅਤੇ ਉਹ ਸਥਾਨ, 'ਜਿਥੇ ਪੁਸਤਕਾਂ ਸੁਰੱਖਿਅਤ ਰਖੀਆਂ ਜਾਣ', ਲਾਇਬ੍ਰੇਰੀ ਅਖਵਾਉਂਦੀ ਹੈ। ਅੱਜ ਵੀ ਮਹਾਰਾਸ਼ਟਰ ਵਿਚ ਲਾਇਬ੍ਰੇਰੀਅਨ ਨੂੰ ਨਿਗਰਾਨ ਜਾਂ ਰੱਖਿਅਕ ਹੀ ਕਿਹਾ ਜਾਂਦਾ ਹੈ।

**(iii) ਲਾਇਬ੍ਰੇਰੀ : ਪੁਸਤਕਾਂ ਇਕੱਤਰ ਕਰਨ ਲਈ (A Place for Collection of Books)**

ਇਹ ਧਾਰਨਾ ਲਾਇਬ੍ਰੇਰੀ ਦੇ 'ਇਕੱਤਰੀਕਰਨ' ਜਾਂ 'ਸੰਗ੍ਰਹਿ' ਦੇ ਰੂਪ ਨੂੰ ਪ੍ਰਗਟ ਕਰਦੀ ਹੈ ਅਤੇ ਲੰਮੇ ਸਮੇਂ ਤੋਂ ਅੱਜ ਤੱਕ ਹਰਮਨ-ਪਿਆਰੀ ਰਹੀ ਹੈ। ਸ਼ੁਰੂ ਵਿਚ ਵਿਦਵਾਨ ਅਤੇ ਸੂਝਵਾਨ ਆਪਣੀ ਵਰਤੋਂ ਲਈ ਪੁਸਤਕਾਂ ਇਕੱਠੀਆਂ ਕਰਦੇ ਸਨ, ਫਿਰ ਅਮੀਰਾਂ, ਰਾਜੇ ਮਹਾਰਾਜਿਆਂ ਨੇ ਪੁਸਤਕਾਂ ਇਕੱਤਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਵੱਧ ਤੋਂ ਵੱਧ ਪੁਸਤਕਾਂ ਦੇ ਸੰਗ੍ਰਹਿ ਨੂੰ ਮਾਣ ਦਾ ਚਿੰਨ੍ਹ ਸਮਝਿਆ ਜਾਂਦਾ ਸੀ ਅਤੇ ਪੁਸਤਕਾਂ ਦੀ ਪ੍ਰਾਪਤੀ ਗਿਆਨ ਦੀ ਪ੍ਰਾਪਤੀ ਸਮਝੀ ਜਾਂਦੀ ਸੀ। ਅਸਲ ਵਿਚ ਇਹ ਗਿਆਨ ਪ੍ਰਾਪਤੀ ਲਈ ਘੱਟ ਅਤੇ ਵਿਖਾਵੇ ਲਈ ਜ਼ਿਆਦਾ ਵਰਤੀਆਂ ਜਾਂਦੀਆਂ ਸਨ। ਭਾਰਤ ਵਿਚ ਵੀ ਬੜੌਦਾ ਦਾ ਪੁਸਤਕਾਲਾ ਇਸੀ

ਵਿਚਾਰਧਾਰਾ ਦੀ ਦੇਣ ਹੈ।

ਅੱਜ ਵੀ ਇਹ ਵਿਚਾਰਧਾਰਾ ਕੁਝ ਹੱਦ ਤੱਕ ਅਪਣਾਈ ਜਾ ਰਹੀ ਹੈ ਪਰ ਹੁਣ ਇਸ ਵਿਚਾਰ ਵਿਚ ਪਰਿਵਰਤਨ ਆ ਚੁੱਕਾ ਹੈ।

### (iv) ਲਾਇਬ੍ਰੇਰੀ : ਇਕੱਤਰ ਪੁਸਤਕਾਂ ਦੀ ਵਰਤੋਂ ਲਈ (Books are for Use)

ਲਾਇਬ੍ਰੇਰੀ ਦੇ ਇਤਿਹਾਸ ਵਿਚ ਚੋਦ੍ਹਵੀਂ ਸਦੀ ਦਾ ਦੂਜਾ ਮੱਧ ਇਕ ਮੀਲ ਪੱਥਰ ਸਾਬਿਤ ਹੋਇਆ ਹੈ, ਇਸ ਕਾਲ ਵਿਚ ਛਾਪਾਖਾਨਾ ਹੋਂਦ ਵਿਚ ਆਇਆ ਅਤੇ ਹੱਥਲਿਖਿਤ ਗਿਆਨ ਨੂੰ ਇਕੱਤਰ ਕਰਨ ਅਤੇ ਇਸ ਦੇ ਪ੍ਰਸਾਰ/ਸੰਚਾਰ ਵਿਚ ਮਹਾਨ ਤਬਦੀਲੀ ਆਈ ਜਿਸ ਦਾ ਕਾਰਣ ਪੁਸਤਕਾਂ ਵਿਚ ਬਹੁਤ ਜ਼ਿਆਦਾ ਵਾਧਾ ਅਤੇ ਛਾਪਣ ਵਿਚ ਸੌਖ ਸੀ ਅਤੇ ਇਸ ਦਾ ਡੂੰਘਾ ਪ੍ਰਭਾਵ ਲਾਇਬ੍ਰੇਰੀ ਦੇ ਵਿਸਤਾਰ ਅਤੇ ਮਨੋਰਥਾਂ ਤੇ ਵੀ ਪਿਆ। ਪੁਸਤਕਾਂ ਸਸਤੀਆਂ ਹੋ ਗਈਆਂ, ਜਿਸ ਕਰਕੇ ਲਾਇਬ੍ਰੇਰੀ ਦਾ ਮਨੋਰਥ ਪੁਸਤਕਾਂ ਨੂੰ ਸੰਭਾਲਣ ਦੀ ਥਾਂ ਪੁਸਤਕਾਂ ਦੀ ਵਰਤੋਂ ਹੋ ਗਿਆ।

### 1.1.2.4.2 ਨਵੀਂ ਧਾਰਨਾ : ਸੇਵਾ ਏਜੰਸੀ (Modren Concept : Service Agency)

### (i) ਲਾਇਬ੍ਰੇਰੀ : ਇਕ ਸਮਾਜਕ ਸੰਸਥਾ (Library is a Social Organization)

ਆਉਣ ਵਾਲੇ ਸਮੇਂ ਵਿਚ ਮਨੁੱਖੀ ਸੱਭਿਅਤਾ ਅਤੇ ਸਭਿਆਚਾਰ ਵਿਚ ਬਹੁਪੱਖੀ ਤਰੱਕੀ ਹੋਣ ਲੱਗੀ। ਲੋਕ-ਰਾਜ ਆਉਣ ਕਾਰਨ ਹਰ ਆਦਮੀ ਨੂੰ ਵੋਟ ਦਾ ਹੱਕ ਮਿਲਿਆ। ਲੋਕ-ਰਾਜ ਆਪਣੇ ਸਾਰੇ ਸ਼ਹਿਰੀਆਂ (Total Population) ਤੋਂ ਇਹ ਆਸ ਰਖਦਾ ਹੈ ਕਿ ਉਹ ਚੰਗੀ ਤਰ੍ਹਾਂ ਚੇਤੰਨ ਹੋਣ ਅਤੇ ਆਪਣੀ ਵੋਟ ਦੀ ਠੀਕ ਢੰਗ ਨਾਲ ਵਰਤੋਂ ਕਰਨ। ਮਨੁੱਖੀ ਵਿਚਾਰਾਂ ਅਤੇ ਤਜਰਬਿਆਂ ਦੇ ਦਸਤਾਵੇਜ਼ ਤਿਆਰ ਹੋਣ ਲੱਗੇ ਕਿਉਂਕਿ ਇਹ ਸਮਾਜਕ ਉਚਾਈਆਂ ਅਤੇ ਪ੍ਰਾਪਤੀਆਂ ਦੀ ਪ੍ਰਤੀਨਿਧਤਾ ਕਰਦੇ ਸਨ। ਪੁਸਤਕ ਦੀ 'ਸਾਧਨ' ਦੇ ਤੌਰ ਤੇ ਬਹੁਤ ਮਹੱਤਤਾ ਵੱਧ ਗਈ।

ਬਟਲਰ ਦੇ ਅਨੁਸਾਰ "ਸਮਾਜ ਦੀ ਜਾਤੀਵਾਦ ਯਾਦ ਨੂੰ ਸੁਰੱਖਿਅਤ ਰਖਣ ਲਈ ਪੁਸਤਕਾਂ ਇਕ ਸਮਾਜਕ ਰਚਨਾ ਅਤੇ ਜਿਉਂਦੇ ਵਿਅਕਤੀਆਂ ਦੀ ਚੇਤਨਤਾ ਤਕ ਇਸ ਯਾਦ ਨੂੰ ਸਥਾਨ-ਅੰਤਰਣ ਕਰਨ ਲਈ ਲਾਇਬ੍ਰੇਰੀ ਵਿਚ ਇਕ ਸਮਾਜਕ ਸਾਧਨ ਹੈ।" ਇਸ ਲਈ ਗਿਆਨ ਦਾ ਸਮਾਜਕ ਇਕੱਤਰੀਕਰਨ ਪੁਸਤਕਾਂ ਦੇ ਰੂਪ ਵਿਚ ਲਾਇਬ੍ਰੇਰੀ ਵਿਚ ਹੋਣ ਲੱਗਾ।

ਫਲਸਰੂਪ ਲਾਇਬ੍ਰੇਰੀ ਹੁਣ ਅਜਿਹਾ ਸਥਾਨ ਬਣ ਗਈ ਜਿੱਥੇ ਪੁਸਤਕਾਂ, ਹੱਥ ਲਿਖਤਾਂ ਆਦਿ ਉਚਿਤ ਤਰਤੀਬ ਵਿਚ ਵਰਤੋਂ ਲਈ ਰਖੀਆਂ ਜਾਣ ਲੱਗੀਆਂ। ਹੁਣ ਲਾਇਬ੍ਰੇਰੀ ਦੀ ਪਰਿਭਾਸ਼ਾ ਵਿਚ ਪੁਸਤਕਾਂ ਤੋਂ ਇਲਾਵਾ ਦੂਜੇ ਪ੍ਰਲੇਖ ਵੀ ਸ਼ਾਮਲ ਹੋਣ ਲੱਗੇ।

ਸਮਾਜ ਵਿਚ ਲਾਇਬ੍ਰੇਰੀਆਂ ਵਧੇਰੇ ਗਿਣਤੀ ਵਿਚ ਸਥਾਪਤ ਹੋਣ ਲੱਗੀਆਂ, ਜਿੱਥੇ ਜਾ ਕੇ ਸਮਾਜਕ ਪ੍ਰਾਣੀ ਆਪਣੀ ਗਿਆਨ-ਤੇਹ ਬੁਝਾਉਂਦੇ ਸਨ। ਇਸ ਨਾਲ ਲਾਇਬ੍ਰੇਰੀ ਦੇ ਅਰਥਾਂ ਅਤੇ ਪਰਿਭਾਸ਼ਾ ਵਿਚ ਕੁਝ ਤਬਦੀਲੀ ਆਈ। ਹੁਣ ਇਸ ਨੂੰ ਸਮਾਜਕ ਸੰਸਥਾ ਕਿਹਾ ਜਾਣ ਲੱਗਾ ਅਤੇ ਇਸ ਦੇ ਅਰਥ ਅਤੇ ਪਰਿਭਾਸ਼ਾ ਕਾਫ਼ੀ ਵਿਸਤ੍ਰਿਤ ਹੋ ਗਏ।

### (ii) ਲਾਇਬ੍ਰੇਰੀ : ਸਵੈ-ਪ੍ਰਗਤੀ ਦੀ ਸੰਸਥਾ (Library for Self Development)

ਰਾਜਨੀਤਿਕ ਚੇਤੰਨਤਾ ਅਤੇ ਵਿਦਿਆ ਦੀ ਜ਼ਰੂਰਤ ਨੇ ਲਾਇਬ੍ਰੇਰੀ ਦੀ ਵਿਚਾਰਧਾਰਾ ਅਤੇ ਇਸ ਦੇ ਮਨੋਰਥਾਂ ਵਿਚ ਕਾਫ਼ੀ ਵੱਡੀ ਤਬਦੀਲੀ ਲਿਆਂਦੀ। ਸਮਾਜ ਦੇ ਹਰ ਪ੍ਰਾਣੀ ਲਈ ਮੁੱਢਲੀ ਸਿੱਖਿਆ ਪ੍ਰਾਪਤ ਕਰਨਾ ਜ਼ਰੂਰੀ ਸਮਝਿਆ ਜਾਣ ਲੱਗਿਆ ਜਿਹੜੀ ਕਿ ਉਸ ਦੇ ਵਿਅਕਤਿੱਤਵ ਦੀ ਉਸਾਰੀ ਲਈ ਜ਼ਰੂਰੀ ਸੀ। ਲਾਇਬ੍ਰੇਰੀਆਂ ਸਵੈ-ਸਿੱਖਿਆ ਪ੍ਰਾਪਤ ਕਰਨ ਦੀ ਸੰਸਥਾ ਬਣ ਗਈ ਅਤੇ ਸਮਾਜ ਵਿਚ ਲਾਇਬ੍ਰੇਰੀਆਂ ਦੀ ਲੋੜ ਵੱਧ ਗਈ।

### (iii) ਲਾਇਬ੍ਰੇਰੀ : ਮਨ-ਪਰਚਾਵੇ ਦੀ ਸੰਸਥਾ (Library for Recreation)

ਛਾਪੇਖਾਨੇ ਦੀ ਖੋਜ ਨਾਲ ਪੁਸਤਕਾਂ ਦੀ ਛਪਾਈ ਵਿਚ ਸੌਖ ਆ ਜਾਣ ਕਰਕੇ, ਗਿਆਨ ਪ੍ਰਸਾਰ ਦੀਆਂ ਪੁਸਤਕਾਂ ਦੇ ਨਾਲ ਮਨ-ਪ੍ਰਚਾਵੇ ਦਾ ਸਾਹਿਤ ਵੀ ਛਪਣ ਲੱਗਾ ਅਤੇ ਲਾਇਬ੍ਰੇਰੀਆਂ ਇਸ ਸਾਹਿਤ ਨੂੰ ਪ੍ਰਾਪਤ ਕਰ ਲੋਕਾਂ ਤੱਕ ਪਹੁੰਚਾਉਣ ਲੱਗ ਗਈਆਂ ਅਤੇ ਲਾਇਬ੍ਰੇਰੀ ਇਸ ਸੇਵਾ ਕਰਕੇ ਮਨ-ਪ੍ਰਚਾਵੇ ਦਾ ਸਾਧਨ ਬਣ ਗਈਆਂ।

### (iv) ਲਾਇਬ੍ਰੇਰੀ : ਜਾਣਕਾਰੀ ਪ੍ਰਾਪਤ ਕਰਨ ਦੀ ਸੰਸਥਾ (Library : Institution of gaining Information)

ਆਬਾਦੀ ਅਤੇ ਸਿੱਖਿਆ ਵਿਚ ਵਾਧੇ ਨਾਲ ਲਾਇਬ੍ਰੇਰੀ ਦੀ ਸਮੱਗਰੀ ਦੀ ਵਰਤੋਂ ਵੱਧ ਗਈ। ਗਿਆਨ ਦੇ ਪ੍ਰਸਾਰ ਲਈ ਲਾਇਬ੍ਰੇਰੀ ਇਕ ਪ੍ਰਭਾਵਸ਼ਾਲੀ ਸਾਧਨ ਬਣ ਜਾਣ ਕਰਕੇ ਹੁਣ ਇਸ ਦੀ ਸਥਾਪਨਾ ਤੇ ਵਿਕਾਸ ਕਰਨਾ ਸਰਕਾਰ ਅਤੇ ਵਿਦਿਅਕ ਸੰਸਥਾਵਾਂ ਦੀ ਜ਼ਿੰਮੇਵਾਰੀ ਬਣ ਗਈ।

## 1.1.3. ਲਾਇਬ੍ਰੇਰੀ : ਮਨੋਰਥ ਅਤੇ ਕਰਤੱਵ (Library : Aims and Objective)

ਲਾਇਬ੍ਰੇਰੀ ਅਤੇ ਇਸ ਦੇ ਸੰਕਲਪ ਦਾ ਵਿਕਾਸ ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਨਾਲ-ਨਾਲ ਹੋਇਆ ਅਤੇ ਅੰਤ ਵਿਚ ਲਾਇਬ੍ਰੇਰੀ ਨੇ ਇਕ ਸਮਾਜਕ ਸੰਸਥਾ ਦਾ ਰੂਪ ਧਾਰਣ ਕੀਤਾ ਕਿਉਂਕਿ ਇਸ ਵਿਚ ਇਕੱਤਰ ਪੁਸਤਕਾਂ ਸੱਭਿਅਤਾ ਅਤੇ ਸਭਿਆਚਾਰਕ ਵਿਕਾਸ ਦਾ ਸਾਧਨ ਬਣੀਆਂ ਅਤੇ ਸਮਾਜ ਨੇ ਇਨ੍ਹਾਂ ਦੁਆਰਾ ਆਪਣੀਆਂ ਨੀਹਾਂ ਪੱਕੀਆਂ ਕੀਤੀਆਂ ਹਨ।

### 1.1.3.1. ਮਨੋਰਥ (Aims)

ਡਾਕਟਰ ਰੰਗਾਨਾਥਨ ਦੇ ਅਨੁਸਾਰ ਆਧੁਨਿਕ ਲਾਇਬ੍ਰੇਰੀ ਦੇ ਨਿਮਨਲਿਖਿਤ ਮਨੋਰਥ ਹਨ :

(1) ਲਾਇਬ੍ਰੇਰੀ ਦਾ ਸਾਰਿਆਂ ਲਈ ਸਦੀਵੀਂ ਸਵੈ-ਸਿੱਖਿਆ ਪ੍ਰਾਪਤ ਕਰਨ ਲਈ ਸਹਾਈ ਹੋਣਾ;

(2) ਸਾਰੇ ਪਾਠਕਾਂ ਨੂੰ ਸਮੂਹ ਵਿਸ਼ਿਆਂ ਤੇ ਨਵੀਂ ਤੋਂ ਨਵੀਂ ਜਾਣਕਾਰੀ ਪ੍ਰਦਾਨ ਕਰਨਾ;

(3) ਪਾਠਕਾਂ ਨੂੰ ਬਿਨਾਂ ਕਿਸੇ ਪੱਖਪਾਤ–ਰੰਗ, ਲਿੰਗ, ਜਾਤਪਾਤ, ਵਿਸ਼ਿਸ਼ਟਤਾ–ਦੇ ਅਤੇ ਹਰ ਪ੍ਰਕਾਰ ਦੀ ਲਿਖਤ ਵਿਚਾਰਾਂ ਅਤੇ ਭਾਵਾਂ ਤੋਂ ਜਾਣੂ ਕਰਾਉਣਾ, ਤਾਂ ਜੋ ਉਹ ਆਪਣੇ ਸਮਾਜਕ ਅਤੇ ਰਾਜਨੀਤਿਕ ਫਰਜ਼ਾਂ ਨੂੰ ਚੰਗੀ ਤਰ੍ਹਾਂ ਨਿਭਾ ਸਕਣ;

(4) ਉੱਚ ਪੱਧਰ ਦੀਆਂ ਵੱਖ-ਵੱਖ ਮੁਹਿੰਮਾਂ ਵਿਚ ਖੋਜ ਕਰ ਰਹੇ ਖੋਜੀਆਂ ਅਤੇ ਤਕਨੀਕੀ ਵਿਦਵਾਨਾਂ ਨੂੰ ਹਰ ਇਕ ਪਹਿਲੂ ਤੇ ਤੁਰੰਤ ਠੀਕ ਜਾਣਕਾਰੀ (Right informations to the right reader at the right time) ਦੇ ਕੇ ਵਧੇਰੇ ਉਤਪਾਦਨ ਅਤੇ ਚੌ-ਮੁਖੀ ਵਿਕਾਸ ਵਿਚ ਸਹਾਇਤਾ ਕਰਨਾ;

(5) ਪਾਠਕਾਂ ਦਾ ਵਿਹਲਾ ਸਮਾਂ ਹਾਨੀ ਰਹਿਤ ਤੇ ਉਸਾਰੂ ਢੰਗ ਨਾਲ ਬਿਤਾਉਣ ਵਿਚ ਸਹਾਈ ਹੋਣਾ;

(6) ਮਨੁੱਖਤਾ ਦੀ ਸਾਹਿਤਕ ਸੰਪਤੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰਯੋਗ ਲਈ ਸੰਭਾਲ ਕੇ ਰਖਣ ਦੇ ਨਾਲ ਨਾਲ ਪੁਰਾਤਨ ਇਤਿਹਾਸਕ ਪਿਛੋਕੜ ਦੀ ਖੋਜ ਵਿਚ ਸਹਾਈ ਹੋਣਾ; ਅਤੇ

(7) ਲਿਖਤੀ ਸਮਾਜਕ ਵਿਚਾਰਾਂ ਨੂੰ ਲੈ ਕੇ ਸਮਾਜਕ ਭਲਾਈ ਵਿਚ ਨਿਰੰਤਰ ਸੇਵਾ ਕਰਨਾ।

### 1.1.4 ਲਾਇਬ੍ਰੇਰੀ ਦੇ ਕਾਰਜ (Functions of the Library)

ਅੱਜ ਦੀ ਲਾਇਬ੍ਰੇਰੀ ਆਪਣੇ ਮਨੋਰਥਾਂ ਦੇ ਘੇਰੇ ਨੂੰ ਨਿਰੰਤਰ ਵਧਾਉਣ ਦਾ ਯਤਨ ਕਰਦੀ ਹੈ। ਇਸ ਕਰਕੇ ਇਸ ਦੇ ਮਨੋਰਥ ਭਿੰਨ-ਭਿੰਨ ਅਤੇ ਕਈ ਪ੍ਰਕਾਰ ਦੇ ਹੋ ਗਏ ਹਨ, ਇਨ੍ਹਾਂ ਮਨੋਰਥਾਂ ਦੀ ਪ੍ਰਾਪਤੀ ਲਈ ਕਈ ਕਾਰਜ ਕਰਦੀ ਹੈ, ਜਿਨ੍ਹਾਂ ਵਿਚ ਨਿਮਨਲਿਖਿਤ ਮੁੱਖ ਹਨ :

#### (i) ਗਿਆਨ ਸਮੱਗਰੀ ਦੀ ਸੰਭਾਲ ਤੇ ਸੁਰੱਖਿਆ (Maintenance and Preservation of Knowledge)

ਮਨੁੱਖ ਦਾ ਵਿਰਸਾ ਅਤੇ ਕੀਤਾ ਗਿਆ ਵਿਕਾਸ ਗਿਆਨ ਹੀ ਹੈ ਇਸ ਲਈ ਇਸ ਦੀ ਸੰਭਾਲ ਅਤੇ ਸੁਰੱਖਿਆ ਜ਼ਰੂਰੀ ਹੈ। ਇਕ ਸਮਾਜਕ ਸੰਸਥਾ ਹੋਣ ਕਰਕੇ ਪਾਠ-ਸਮੱਗਰੀ ਇਕੱਤਰ ਕਰਨਾ, ਉਸ ਦਾ ਸੰਗ੍ਰਹਿ ਕਰਨਾ ਲਾਇਬ੍ਰੇਰੀ ਦਾ ਪਹਿਲਾ ਮਨੋਰਥ ਹੈ। ਆਉਣ ਵਾਲੀ ਪੀੜ੍ਹੀ ਦੇ ਲਾਭ ਲਈ, ਤਾਂ ਕਿ ਉਹ ਜ਼ਿਆਦਾ ਸਫ਼ਲ ਬਣਨ, ਆਪਣੇ ਬੀਤੇ ਕਲ ਨੂੰ ਜਾਨਣ, ਸਮਾਜਕ, ਰਾਜਨੀਤਕ, ਆਰਥਕ, ਸਭਿਆਚਾਰਕ ਅਤੇ ਵਿਗਿਆਨਕ ਉੱਨਤੀ ਦੇ ਰਾਹ ਤੇ ਵੱਧ ਸਕਣ, ਇਸ ਲਈ ਪਾਠ ਸਮੱਗਰੀ ਦੀ ਸੰਭਾਲ ਅਤੇ ਸੁਰੱਖਿਆ ਜ਼ਰੂਰੀ ਹੈ।

#### (ii) ਸੂਚਨਾ, ਤੱਥ ਅਤੇ ਗਿਆਨ ਲਈ ਪਠਨ ਸਮੱਗਰੀ ਦਾ ਪ੍ਰਬੰਧ ਕਰਨਾ(Procurement of Reading Material for Information Facts and Knowledge)

ਸੰਸਾਰ ਵਿਚ ਮਨੁੱਖ ਦੁਆਰਾ ਰਚੇ ਗਏ ਲਿਖਤੀ ਗਿਆਨ ਨੂੰ ਇਕੱਤਰ ਕਰਨਾ, ਉੱਨਤੀ ਅਤੇ ਸਿੱਖਿਆ ਪ੍ਰਣਾਲੀ ਵਿਚ ਗਿਆਨ ਅਤੇ ਤੱਥਾਂ ਦੀ ਲੋੜ ਨੂੰ ਪੂਰਾ ਕਰਨਾ ਲਾਇਬ੍ਰੇਰੀ ਦਾ ਮੰਤਵ ਹੈ। ਇਹ ਗਿਆਨ ਲਗਾਤਾਰ ਵੱਧ ਰਿਹਾ ਹੈ ਕਿਉਂਕਿ ਅਨੁਮਾਨ ਅਨੁਸਾਰ ਹਰੇਕ ਸਾਲ ਦਸ ਲੱਖ ਕੇਵਲ ਨਵੀਆਂ ਪੁਸਤਕਾਂ ਤੋਂ ਇਲਾਵਾ ਦੂਜੇ ਰੂਪਾਂ ਵਿਚ ਬਹੁਤ ਸਾਰੇ ਪ੍ਰਲੇਖ ਰਸਾਲੇ ਆਦਿ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸ ਲਈ ਲਾਇਬ੍ਰੇਰੀ ਨੂੰ 'ਸਮਾਜ ਦਾ ਦਿਮਾਗ' (Brain of the Society) ਕਿਹਾ ਜਾਂਦਾ ਹੈ।

#### (iii) ਸਦੀਵੀਂ-ਸਵੈ ਸਿੱਖਿਆ ਦਾ ਸਾਧਨ (Source of Self Education)

ਅੱਜ ਦੇ ਯੁੱਗ ਵਿਚ ਮਨੁੱਖ ਦੀ ਉੱਨਤੀ ਉਸ ਦੀ ਸਿੱਖਿਆ ਅਤੇ ਬੌਧਿਕ ਵਿਕਾਸ ਉੱਤੇ ਨਿਰਭਰ ਕਰਦੀ ਹੈ। ਸਿੱਖਿਆ ਮਨੁੱਖੀ ਵਿਅਕਤਿੱਤਵ ਦੇ ਵਿਕਾਸ ਦੀ ਪ੍ਰਮੁੱਖ ਪ੍ਰਕ੍ਰਿਆ ਹੈ ਜਿਸ ਕਾਰਣ ਉਹ ਸਕੂਲ ਅਤੇ ਕਾਲਜਾਂ ਵਿਚ ਸਿੱਖਿਆ ਪ੍ਰਾਪਤ ਕਰਦਾ ਹੈ। ਇਹ ਸਕੂਲ ਅਤੇ ਕਾਲਜ ਤੋਂ ਪ੍ਰਾਪਤ ਗਿਆਨ ਕੇਵਲ ਪੁਸਤਕਾਂ ਵਿਚ ਦਿੱਤੇ ਗਿਆਨ ਤੱਕ ਹੀ ਸੀਮਿਤ ਹੁੰਦਾ ਹੈ ਅਤੇ ਇਸ ਰਸਮੀ ਸਿੱਖਿਆ ਦੇ ਬਾਅਦ ਹੀ ਅਸਲੀ ਸਿੱਖਿਆ–ਸਵੈ-ਸਿੱਖਿਆ ਸ਼ੁਰੂ ਹੁੰਦੀ ਹੈ। ਕਲਾਸਾਂ ਵਿਚ ਪ੍ਰਾਪਤ ਗਿਆਨ ਨੂੰ ਵਿਆਪਕ ਰੂਪ ਵਿਚ ਸਮਝਣ ਵਾਸਤੇ ਅਤੇ ਜੀਵਨ ਵਿਚ ਪ੍ਰਯੋਗ ਕਰਨ ਵਾਸਤੇ ਲਾਇਬ੍ਰੇਰੀ ਵਿਚ ਉਸ ਦਾ ਅਧਿਐਨ ਜ਼ਰੂਰੀ ਹੈ।

#### (iv) ਰਸਮੀ ਸਿੱਖਿਆ ਵਿਚ ਯੋਗਦਾਨ (Formal Education)

ਸਵੈ-ਸਿੱਖਿਆ ਦੇ ਨਾਲ-ਨਾਲ ਲਾਇਬ੍ਰੇਰੀ ਸਕੂਲ ਅਤੇ ਕਾਲਜਾਂ ਵਿਚ ਦਿੱਤੀ ਜਾ ਰਹੀ ਰਸਮੀ ਸਿੱਖਿਆ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਹਾਇਕ ਹੁੰਦੀ ਹੈ। ਲਾਇਬ੍ਰੇਰੀ ਦੀ ਵਰਤੋਂ ਕਰਨ ਵਾਲੇ ਵਿਦਿਆਰਥੀਆਂ ਦੀ ਜਿੱਥੇ ਗਿਆਨ ਸੀਮਾਵਾਂ ਦਾ ਪ੍ਰਸਾਰ ਹੁੰਦਾ ਹੈ ਅਤੇ ਉਹ ਗਿਆਨ ਦੇ ਰਸਤੇ ਨੂੰ ਲੱਭਣ ਵਿਚ ਸਫ਼ਲ ਹੁੰਦੇ ਹਨ ਉੱਥੇ ਅਧਿਆਪਕ ਵੀ ਲਾਇਬ੍ਰੇਰੀ ਦੀ ਵਰਤੋਂ ਕਰ ਆਪਣੇ ਕਰਤੱਵ ਦਾ ਪਾਲਣ ਉਚਿਤ ਢੰਗ ਨਾਲ ਕਰਦੇ ਹਨ ਕਿਉਂਕਿ ਲਾਇਬ੍ਰੇਰੀ ਦੋਹਾਂ ਨੂੰ ਨਵੇਂ ਗਿਆਨ ਦੀ ਖੋਜ ਲਈ ਪ੍ਰੇਰਣਾ ਦਿੰਦੀ ਹੈ।

#### (v) ਵਿਉਪਾਰ ਅਤੇ ਉਦਯੋਗ ਵਿਚ ਯੋਗਦਾਨ (Contribution to Commerce and Industries)

ਸੂਚਨਾ ਦੇ ਇਸ ਯੁੱਗ ਵਿਚ ਅਨੇਕ ਪ੍ਰਕਾਰ ਦੇ ਉਦਯੋਗਾਂ ਅਤੇ ਵਿਓਪਾਰਾਂ ਨੂੰ ਆਧੁਨਿਕ ਢੰਗਾਂ ਨਾਲ ਚਲਾਉਣ ਲਈ ਲਾਇਬ੍ਰੇਰੀ ਦੀ ਵਰਤੋਂ ਦੀ ਲੋੜ ਪੈਂਦੀ ਹੈ। ਕਿਉਂਕਿ ਆਧੁਨਿਕ ਮਸ਼ੀਨਰੀ ਦੀ ਵਰਤੋਂ ਲਈ ਸੂਚਨਾ ਸਮੱਗਰੀ ਦੀ ਲੋੜ ਹੈ ਇਸ ਲਈ ਲੋੜੀਂਦੇ ਪ੍ਰਲੇਖ ਇਕੱਤਰ ਕਰਕੇ ਉਪਲਬਧ ਕਰਾਏ ਜਾਂਦੇ ਹਨ।

ਵਿਓਪਾਰ ਨੂੰ ਅੱਗੇ ਵਧਾਉਣ ਵਿਚ ਵੀ ਲਾਇਬ੍ਰੇਰੀ ਸਹਾਇਕ ਹੋ ਸਕਦੀ ਹੈ। ਨਵੇਂ ਵਿਓਪਾਰ, ਮੰਡੀਆਂ, ਵਿਓਪਾਰ ਦੇ ਪ੍ਰਸਾਰ, ਕਾਰਜ ਕੁਸ਼ਲਤਾ ਲਈ ਸੂਚਨਾ ਦੀ ਲੋੜ ਪੈਂਦੀ ਹੈ ਜਿਸ ਕਰਕੇ ਲਾਇਬ੍ਰੇਰੀ ਦੀ ਵਰਤੋਂ ਜ਼ਰੂਰੀ ਹੈ। ਖੋਜ ਤੇ ਵਿਕਾਸ (Research and Development) ਵਿਚ ਲਾਇਬ੍ਰੇਰੀ ਦਾ ਯੋਗਦਾਨ ਮਹੱਤਵਪੂਰਨ ਹੈ।

### (vi) **ਮਨੋਰੰਜਨ ਦਾ ਸਾਧਨ (For Recreation)**

ਮਨੁੱਖੀ ਜੀਵਨ ਵਿਚ ਵਿਹਲ ਇਕ ਲੋੜ ਹੈ ਅਤੇ ਜੇਕਰ ਇਸ ਦਾ ਉਪਯੋਗ ਠੀਕ ਢੰਗ ਨਾਲ ਨਾ ਹੋਵੇ ਤਾਂ ਇਹ ਇਕ ਵੱਡੀ ਸਮੱਸਿਆ ਬਣ ਜਾਂਦੀ ਹੈ ਕਿਉਂਕਿ 'ਵਿਹਲਾ ਮਨ ਸ਼ੈਤਾਨ ਦਾ ਘਰ' ਇਸ ਲਈ ਵਿਹਲ ਨੂੰ ਲਾਭਕਾਰੀ ਢੰਗ ਨਾਲ ਵਰਤਣ ਲਈ ਸਮਾਜ ਵਿਚ ਉਚਿਤ ਸਾਧਨਾਂ ਦੀ ਲੋੜ ਹੈ, ਜਿਨ੍ਹਾਂ ਵਿਚ ਲਾਇਬ੍ਰੇਰੀ ਇਕ ਹੈ ਜਿਹੜੀ ਵਿਹਲ ਨੂੰ ਵਿਅਰਥ ਜਾਣ ਤੋਂ ਬਚਾਉਂਦੀ ਹੈ। ਵਿਹਲ ਦੇ ਸਮੇਂ ਲਾਇਬ੍ਰੇਰੀ ਵਿਚ ਹਲਕੀ-ਫੁਲਕੀ ਸਮੱਗਰੀ ਦਾ ਅਧਿਐਨ ਕੇਵਲ ਸੁਖਦਾਇਕ ਹੀ ਨਹੀਂ ਹੁੰਦਾ ਸਗੋਂ ਜਾਣਕਾਰੀ ਦੇਣ ਵਾਲਾ ਵੀ ਹੁੰਦਾ ਹੈ। ਇਸ ਤਰ੍ਹਾਂ ਪਾਠਕ ਹਲਕੇ ਫੁਲਕੇ ਸਾਹਿਤ ਨੂੰ ਮਨੋਰੰਜਨ ਲਈ ਪੜ੍ਹਦੇ-ਪੜ੍ਹਦੇ ਗੰਭੀਰ ਸਾਹਿਤ ਵੱਲ ਆ ਜਾਂਦੇ ਹਨ ਜੋ ਕਿ ਜੀਵਨ ਨੂੰ ਚੰਗੀ ਸੇਧ ਦੇ ਸਕਦਾ ਹੈ। ਆਧੁਨਿਕ ਲਾਇਬ੍ਰੇਰੀ ਵਿਚ ਅੱਜ-ਕੱਲ੍ਹ ਇਹ ਸਮੱਗਰੀ ਪੁਸਤਕਾਂ ਤੋਂ ਇਲਾਵਾ ਦੂਜੇ ਰੂਪਾਂ ਵਿਚ ਜਿਵੇਂ ਰਿਕਾਰਡ, ਟੇਪ, ਸੀ.ਡੀ. ਵਿਚ ਵੀ ਉਪਲਬਧ ਹੁੰਦੀ ਹੈ ਅਤੇ ਮਲਟੀ-ਮੀਡੀਆ ਦੀ ਵਰਤੋਂ ਮਨੋਰੰਜਨ ਦੇ ਨਾਲ ਨਾਲ ਜਾਣਕਾਰੀ ਦਾ ਸਾਧਨ ਵੀ ਬਣ ਜਾਂਦੀ ਹੈ।

### (vii) **ਲੋਕਤੰਤਰ ਦੇ ਮਨੋਰਥਾਂ ਵਿਚ ਯੋਗਦਾਨ (For the Attainment of Democratic Objectives)**

ਪੱਛਮੀ ਦੇਸ਼ਾਂ, ਯੂਰਪ ਅਤੇ ਅਮਰੀਕਾ ਵਿਚ ਆਧੁਨਿਕ ਲਾਇਬ੍ਰੇਰੀ ਵਿਸ਼ਵ ਲੋਕਤੰਤਰ ਲਹਿਰ ਦੀ ਦੇਣ ਹੈ। ਲਾਇਬ੍ਰੇਰੀ ਵਿਚ ਹਰ ਪ੍ਰਕਾਰ ਦਾ ਸਮਾਜਕ ਵਿਤਕਰਾ ਸਮਾਪਤ ਹੋ ਜਾਂਦਾ ਹੈ ਅਤੇ ਮਨੁੱਖੀ ਗਿਆਨ ਸਮਾਜ ਦੀ ਸਾਂਝੀ ਮਲਕੀਅਤ ਬਣ ਜਾਂਦਾ ਹੈ। ਲੋਕਤੰਤਰ ਦੇ ਆਧਾਰ ਤੇ ਇਹ ਗਿਆਨ ਬਰਾਬਰ ਅਤੇ ਮੁਫਤ ਵਿਚ ਮਿਲਦਾ ਹੈ।

### (viii) **ਸਮਾਜਕ ਉੱਨਤੀ ਵਿਚ ਯੋਗਦਾਨ (Aid to Progress of Society)**

ਅੱਜ ਦੇ ਸੂਚਨਾ ਯੁੱਗ ਵਿਚ ਜਦੋਂ ਸਮਾਜ ਨੂੰ 'ਸੂਚਨਾ ਸਮਾਜ' ਦਾ ਨਾਂ ਦਿੱਤਾ ਜਾਣ ਲੱਗਿਆ ਹੈ, ਲਾਇਬ੍ਰੇਰੀ ਸਮਾਜ ਦੀ ਉੱਨਤੀ ਦੀ 'ਰੀੜ੍ਹ ਦੀ ਹੱਡੀ' ਬਣ ਗਈ ਹੈ ਕਿਉਂਕਿ ਸਾਰੀ ਉੱਨਤੀ 'ਸੂਚਨਾ ਦੇ ਧੁਰੇ' ਤੇ ਘੁੰਮਦੀ ਹੈ। ਲਾਇਬਰੇਰੀ ਵਿਚ ਗਿਆਨ ਅਤੇ ਸੂਚਨਾ ਇਕ ਉਪਭੋਗੀ ਵਸਤੂ (Commodity) ਬਣ ਗਈ ਹੈ ਅਤੇ ਕੁੱਲੀ, ਤੁੱਲੀ ਅਤੇ ਗੁੱਲੀ ਦੇ ਬਾਅਦ ਆਕਸੀਜਨ ਤੋਂ ਮਨੁੱਖੀ ਜੀਵਨ ਦਾ ਆਧਾਰ ਜੇਕਰ ਕੁਝ ਹੋਰ ਹੈ, ਉਹ ਹੈ ਸੂਚਨਾ ਜਾਂ ਗਿਆਨ। ਲਾਇਬ੍ਰੇਰੀ ਗਿਆਨ ਦੇ ਪ੍ਰਸਾਰ ਲਈ ਯਤਨ ਕਰਕੇ ਗਿਆਨ ਅਤੇ ਸੂਚਨਾ ਵਿਚ ਵਾਧਾ ਕਰਨ ਵਿਚ ਆਪਣਾ ਪੂਰਾ ਯੋਗਦਾਨ ਪਾਉਂਦੀ ਹੈ।

### (ix) **ਵਿਅਕਤਿੱਤਵ ਦੇ ਵਿਕਾਸ ਵਿਚ ਯੋਗਦਾਨ (Source of Self Development)**

ਸਮਾਜਕ ਸੰਸਥਾ ਹੋਣ ਕਰਕੇ ਲਾਇਬ੍ਰੇਰੀ ਮਨੁੱਖ ਦੇ ਵਿਅਕਤਿੱਤਵ ਦੇ ਵਿਕਾਸ ਵਿਚ ਮੁੱਢਲਾ ਅਤੇ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਹਰ ਵਿਅਕਤੀ ਆਪਣੀ ਲੋੜ ਅਨੁਸਾਰ ਅਤੇ ਆਪਣੇ ਢੰਗ ਨਾਲ, ਆਪਣੇ ਮਨੋਰਥਾਂ ਦੀ ਪੂਰਤੀ ਕਰਦਾ ਹੈ।

### (x) **ਲਾਇਬ੍ਰੇਰੀ ਦੇ ਵੱਧਦੇ ਕਰਤੱਵ (Changing Dimensions)**

ਉਪਰੋਕਤ ਕਾਰਣਾਂ ਕਰਕੇ ਰਸਮੀ ਕਾਰਜਾਂ ਵਿਚ ਮਹੱਤਵਪੂਰਨ ਬਦਲਾਵ ਆਏ ਹਨ। ਪ੍ਰਲੇਖਨ (Documentation), ਸੂਚਨਾ ਵਿਸ਼ਲੇਸ਼ਨ (Information Analysis), ਸੂਚਨਾ ਸੰਚਨ (Consolidation), ਸੂਚਨਾ ਪੁਨਰ ਵਲੇਟਣ (Information Repackaging) ਆਦਿ ਵਿਚ ਕੰਪਿਊਟਰ ਦੇ ਉਪਯੋਗ ਹੋਣ ਕਰਕੇ ਇਸ ਨਵੀਂ ਸੂਚਨਾ ਤਕਨੀਕ (Information Technology) ਦਾ ਪ੍ਰਯੋਗ ਹੁਣ ਪਿਛਲੇ 40 ਸਾਲਾਂ ਤੋਂ ਪਾਠਕ ਦੀਆਂ ਸੂਚਨਾ ਲੋੜਾਂ ਨੂੰ ਪੂਰਾ ਕਰਨ ਵਿਚ ਕੀਤਾ ਜਾਂਦਾ ਹੈ। ਸੂਚਨਾ ਸੇਵਾਵਾਂ ਵਿਚ ਵਿਕਾਸ ਅਤੇ ਮਹੱਤਵ ਵਿਚ ਵਾਧੇ ਦੇ ਕਾਰਣ ਇਕ ਨਵੇਂ 'ਸੂਚਨਾ ਉਦਯੋਗ' (Information Industry) ਦਾ ਜਨਮ ਹੋਇਆ ਹੈ, ਜਿਸ ਦਾ ਵਾਧਾ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਸੇਵਾ ਵਿਚ ਹੁਣ ਮੁੱਖ ਖੇਤਰ (focus) ਪੁਸਤਕ ਦੀ ਜਗ੍ਹਾ 'ਸੂਚਨਾ' ਆ ਗਈ ਹੈ ਅਤੇ ਲਾਇਬ੍ਰੇਰੀ ਦੀ ਫਿਲਾਸਫੀ ਵਿਚ ਵੱਡਾ ਬਦਲਾਵ ਆਇਆ ਹੈ ਅਤੇ ਲਾਇਬ੍ਰੇਰੀ ਦਾ ਕਾਰਜ ਕੇਂਦਰ 'ਪੁਸਤਕ ਸੰਗ੍ਰਿਹ' ਦੀ ਜਗ੍ਹਾ 'ਸੂਚਨਾ ਸੇਵਾ' ਬਣ ਗਿਆ ਹੈ।

## 1.1.5 **ਸਿੱਟਾ (Conclusion)**

ਲਾਇਬ੍ਰੇਰੀ ਵਿਗਿਆਨ ਦਾ ਸਿੱਖਿਆ, ਫਲਸਫੇ, ਸਾਮਜ-ਸ਼ਾਸਤਰਾ, ਸਾਹਿਤ ਆਦਿ ਨਾਲ ਡੂੰਘਾ ਸੰਬੰਧ ਹੈ। ਸਿੱਖਿਆ ਤੇ ਲਾਇਬ੍ਰੇਰੀ ਦਾ ਆਪਸੀ ਸੰਬੰਧ ਸ਼ੁਰੂ ਤੋਂ ਹੀ ਹੈ। ਲਾਇਬ੍ਰੇਰੀ ਵਰਗੀਕਰਨ ਅਤੇ ਲਾਇਬ੍ਰੇਰੀ ਦੇ ਮੰਤਵਾਂ ਉੱਤੇ ਤਰਕ ਸ਼ਾਸ਼ਤਰ, ਗਿਆਨ ਸ਼ਾਸ਼ਤਰ ਅਤੇ ਫਲਸਫੇ ਦਾ ਚੰਗਾ ਅਸਰ ਪਿਆ ਹੈ। ਸਮਾਜਕ ਸੰਸਥਾ ਹੋਣ ਕਰਕੇ ਆਪਣੇ ਕਾਰਜਾਂ ਦੀ ਪੂਰਤੀ ਲਈ ਲਾਇਬ੍ਰੇਰੀ, ਸਮਾਜ ਅਤੇ ਉਸ ਦੀ ਲੋੜਾਂ ਦੀ ਪੂਰੀ ਜਾਣਕਾਰੀ ਪ੍ਰਾਪਤ ਕਰਨ ਦਾ ਉਪਰਾਲਾ ਕਰਦੀ ਹੈ। ਪੁਸਤਕ ਸੂਚੀ ਨੂੰ ਸਾਹਿਤ ਅਤੇ ਇਤਿਹਾਸ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਨ੍ਹਾਂ ਵਿਚ ਮੁੱਢਲਾ ਸੰਬੰਧ ਹੈ। ਇਸ ਕਰਕੇ ਲਾਇਬ੍ਰੇਰੀ ਹੁਣ ਗਿਆਨ ਦਾ ਫੁਆਰਾ (Fountain of Knowledge) ਅਤੇ ਸੂਚਨਾ ਸੰਚਾਰਣ ਕੇਂਦਰ (Information Transmission Centre) ਬਣ ਗਈ ਹੈ।

## 1.1.6 ਸਵੈ–ਨਿਰੀਖਣ ਅਭਿਆਸ

1. ਲਾਇਬ੍ਰੇਰੀ ਦੀ ਇਤਹਾਸਕ ਪਰਿਭਾਸ਼ਾ ਦੇ ਚਾਰ ਪੜਾਅ ਕਿਹੜੇ ਹਨ ?

2. ਲਾਇਬ੍ਰੇਰੀ ਦੇ ਤਿੰਨਮੁੱਖ ਕਾਰਜ ਦੱਸੋ।

## 1.1.7 ਅੱਗੇ ਪੜ੍ਹਣ ਲਈ ਸੰਦਰਭ


(i) B.S. Aggarwal : An Introduction to Library & Information Science., Pub : ABD, 2005.

(ii) Isaac, K.A. : Libraries and Librarianship : A Basic Introduction. Madras : S. V. Publishers, 1987.

(iii) Khanna, J. K. : Library and Society : Ed2. Ess Ess Pub. ND, 1994.

(iv) Mukherjee, A. K. : Librarianship : Its Philosophy and History. Delhi : Asia, 1966.

(v) Shera, J. H. : Foundation of Education for Librarianship. N. Y. : McMillan, 1964.

**In Punjabi**

(i) ਅਜੀਤ ਸਿੰਘ ਅਤੇ ਸਹਿਗਲ, ਪੀ. ਸੀ. : ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਆਧਾਰ, ਪਟਿਆਲਾ : ਮਦਾਨ ਪਬਲੀਕੇਸ਼ਨ, 2005

(ii) ਸੇਵਾ ਸਿੰਘ : ਲਾਇਬ੍ਰੇਰੀ ਅਤੇ ਸਮਾਜ, ਪਟਿਆਲਾ ਪੰਜਾਬੀ ਯੂਨੀਵਰਸਿਟੀ ਪਬਲਿਕੇਸ਼ਨ ਬਿਊਰੋ, 1996।

(iii) ਹਾਕਮ ਸਿੰਘ : ਲਾਇਬ੍ਰੇਰੀ ਸਾਇੰਸ ਦੀ ਜਾਣ-ਪਛਾਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1974


## 1.1.8 ਸ੍ਵੈ ਨਿਰੀਖਣ ਅਭਿਆਸ ਦੇ ਉੱਤਰ :

**ਪ੍ਰਸ਼ਨ (1)**

(i) ਪੁਸਤਕਾਂ ਲਿਖਣ ਦੀ ਥਾਂ ;
(ii) ਪੁਸਤਕਾਂ ਸੰਭਾਲਣ ਦੀ ਥਾਂ ;
(iii) ਪੁਸਤਕਾਂ ਇਕਤਰ ਕਰਨ ਦੀ ਥਾਂ ; ਅਤੇ
(iv) ਪੁਸਤਕਾਂ ਵਰਤਨ ਦੀ ਥਾਂ

**ਪ੍ਰਸ਼ਨ (2)**

(i) ਪਾਠ ਸਮੱਗਰੀ ਇਕੱਤਰ ਕਰਨਾ ;
(ii) ਪਾਠ ਸਮੱਗਰੀ ਦਾ ਸੁਨਿਯੋਜਨ ; ਅਤੇ
(iii) ਪਾਠ ਸਮੱਗਰੀ ਦੀ ਵੰਡ।

**ਪਾਠ ਨੰ : 1.2** **ਲੇਖਕ : ਡਾ. ਅਜੀਤ ਸਿੰਘ**

# ਲਾਇਬ੍ਰੇਰੀ ਵਿਗਿਆਨ ਦੇ ਪੰਜ ਨਿਯਮ
# (FIVE LAWS OF LIBRARY SCIENCE)

## ਭੂਮਿਕਾ

ਨਿਯਮ (Law) ਦਾ ਆਮ ਅਰਥ ਇਕ ਨਿਯਮ ਜਾਂ ਨਿਯਮਾਂ ਦਾ ਸਮੂੰਹ ਜਿਸਨੂੰ ਵਿਧਾਨਿਕ ਮਾਨਤਾ ਮਿਲੀ ਹੋਵੇ। ਪਰ ਸ਼ਬਦ ਨਿਯਮ (Law) ਦਾ ਪ੍ਰਯੋਗ ਦੂਜੇ ਅਰਥਾਂ ਵਿਚ ਵੀ ਕੀਤਾ ਜਾਂਦਾ ਹੈ, ਇਹ ਵਿਸ਼ੇਸ਼ ਕਰਕੇ ਵਿਸ਼ਾ ਖੇਤਰ ਵਿਚ ਹੀ ਹੁੰਦੇ ਹਨ। ਇਸ ਲਈ ਜਿਥੇ ਪਹਿਲੀ ਕਿਸਮ ਨੂੰ ਵਿਧਾਨਕ ਨਿਯਮ (Constitution Laws) ਕਿਹਾ ਜਾਂਦਾ ਹੈ, ਉਥੇ ਇਹ ਨਿਯਮ ਵਿਸ਼ਾ ਨਿਯਮ (Subject Law) ਦੇ ਨਾਂ ਨਾਲ ਪ੍ਰਚਲਤ ਹੁੰਦੇ ਹਨ। ਇਨ੍ਹਾਂ ਦਾ ਖੇਤਰ ਉਸ ਵਿਸ਼ਾ ਖੇਤਰ ਤੱਕ ਹੀ ਹੁੰਦਾ ਹੈ। ਜਿਵੇਂ ਲਾਇਬ੍ਰੇਰੀ ਵਿਗਿਆਨ ਦੇ ਨਿਯਮ।

ਇਨ੍ਹਾਂ ਨਿਯਮਾਂ ਦਾ ਖੇਤਰ ਲਾਇਬ੍ਰੇਰੀ ਵਿਗਿਆਨ ਹੋਣ ਕਰਕੇ, ਇਹ ਕੇਵਲ ਵਿਸ਼ੇ ਤੇ ਹਿੱਸਿਆ, ਭਾਗ, ਅਨੁਭਾਗਾਂ ਤੇ ਵੀ ਲਾਗੂ ਹੁੰਦੇ ਹਨ: ਜਿਵੇਂ ਵਰਗੀਕਰਣ, ਸੂਚੀਕਰਣ, ਸੰਦਰਭ ਸੇਵਾ, ਲਾਇਬ੍ਰੇਰੀ ਪ੍ਰਬੰਧ ਅਤੇ ਸੰਗਠਨ ਆਦਿ।

## ਉਂਦੇਸ਼ :

ਇਨ੍ਹਾਂ ਨਿਯਮਾਂ ਦਾ ਉਦੇਸ਼ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਖੇਤਰਾਂ ਵਿਚ ਕਿਸੇ ਕਾਰਜ ਪ੍ਰਣੌਲੀ, ਪ੍ਰਕ੍ਰਿਆ ਫਿਲਾਸਫੀ ਆਦਿ ਵਿਚ ਆਪਸੀ ਵਿਰੋਧ ਦੇ ਸਮੇਂ ਉਚਿਤ ਮਾਰਗ ਦਰਸ਼ਨ ਕਰਨਾ ਹੈ। ਇਸ ਲਈ ਇਨ੍ਹਾਂ ਦਾ ਪ੍ਰਯੋਗ ਪੂਰੇ ਵਿਸ਼ਾ ਖੇਤਰ ਵਿਚ ਕੀਤਾ ਜਾਂਦਾ ਹੈ।

ਇਨ੍ਹਾਂ ਦਾ ਅਧਿਐਨ ਕਰਨ ਤੇ ਲਾਇਬ੍ਰੇਰੀ ਪ੍ਰਕ੍ਰਿਆ ਤੇ ਲਾਇਬ੍ਰੇਰੀ ਫਿਲਾਸਫੀ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਲੋੜ ਪੈਣ ਤੇ ਇਹ ਮਾਰਗ ਦਰਸ਼ਨ ਲਈ ਵਰਤੇ ਜਾ ਸਕਦੇ ਹਨ।

ਪਾਠ ਦੀ ਵਿਸ਼ਾ ਵਸਤੂ ਨਿਮਨ ਪ੍ਰਕਾਰ ਹਨ :

1.2.1. ਭੂਮਿਕਾ
- 1.2.1.1. ਪੰਜ ਨਿਯਮਾਂ ਦੀ ਉਤਪੱਤੀ
- 1.2.1.2. ਪੰਜ ਨਿਯਮਾਂ ਦੀਆਂ ਵਿਸ਼ੇਸ਼ਤਾਵਾਂ
- 1.2.1.3. ਪੰਜ ਨਿਯਮਾਂ ਦੀ ਫਿਲਾਸਫੀ
- 1.2.1.4. ਪੰਜ ਨਿਯਮਾਂ ਦਾ ਖੇਤਰ

1.2.2. ਪਹਿਲਾ ਨਿਯਮ : ਪੁਸਤਕਾਂ ਵਰਤੋਂ ਲਈ ਹਨ।
1.2.3. ਦੂਜਾ ਨਿਯਮ : ਹਰ ਪਾਠਕ ਨੂੰ ਉਸ ਦੀ ਪੁਸਤਕ ਦਿਉ।
1.2.4. ਤੀਜਾ ਨਿਯਮ : ਹਰ ਪੁਸਤਕ ਨੂੰ ਉਸ ਦਾ ਪਾਠਕ ਦਿਉ।
1.2.5. ਚੌਥਾ ਨਿਯਮ : ਪਾਠਕ ਦਾ ਸਮਾਂ ਬਚਾਉ।
1.2.6. ਪੰਜਵਾਂ ਨਿਯਮ : ਲਾਇਬਰੇਰੀ ਵਿਕਾਸਸ਼ੀਲ ਸੰਸਥਾ ਹੈ।
1.2.7. ਸਿੱਟਾ
1.2.8. ਸ੍ਵੈ-ਪਰੀਖਣ ਅਭਿਆਸ
1.2.9. ਅਗੇ ਪੜ੍ਹਣ ਲਈ ਸੰਦਰਭ
1.2.10. ਸ੍ਵੈ–ਪਰੀਖਣ ਅਭਿਆਸ ਦੇ ਉਤਰ

## ਲਾਇਬ੍ਰੇਰੀ ਵਿਗਿਆਨ ਦੇ ਪੰਜ ਮੂਲ ਨਿਯਮ

## 1.2.1 ਭੂਮਿਕਾ

### 1.2.1.1 ਉਤਪੱਤੀ (Evolution)

ਡਾ. ਐਸ.ਆਰ. ਰੰਗਾਨਾਥਨ ਮਦਰਾਸ ਯੂਨੀਵਰਸਿਟੀ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਦੇ ਅਹੁਦੇ ਤੇ ਲੱਗਣ ਉਪਰੰਤ 1924 ਵਿਚ ਲਾਇਬ੍ਰੇਰੀ ਵਿਗਿਆਨ ਦੀ ਸਿੱਖਿਆ ਪ੍ਰਾਪਤ ਕਰਨ ਲਈ ਇਗਲੈਂਡ ਗਏ। ਯੂਨੀਵਰਸਿਟੀ ਕਾਲਜ ਲੰਡਨ ਵਿਚ ਵਿਸ਼ੇ ਦੇ ਅਧਿਅਨ ਦੇ ਨਾਲ ਉਨ੍ਹਾਂ ਨੇ ਉੱਥੇ ਲਗਭਗ 100 ਯੂਨੀਵਰਸਿਟੀ, ਕਾਲਜ ਅਤੇ ਲੋਕ ਲਾਇਬ੍ਰੇਰੀਆਂ ਦੇ ਪ੍ਰਬੰਧਕੀ ਢਾਂਚੇ, ਕਾਰਜ ਪ੍ਰਣਾਲੀ ਅਤੇ ਸੇਵਾਵਾਂ ਦਾ ਬਰੀਕੀ ਨਾਲ ਅਧਿਐਨ ਕਰਕੇ ਉਸ ਦੀਆਂ ਗਹਿਰਾਈਆਂ ਨੂੰ ਜਾਣਨ ਦਾ ਉਪਰਾਲਾ

ਵੀ ਕੀਤਾ ਅਤੇ ਸਮੁੱਚੇ ਤੌਰ ਤੇ ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਪੁਰਾਣੀਆਂ ਤਕਨੀਕਾਂ ਅਤੇ ਪ੍ਰਯੋਗ ਦੇ ਪਰਸਪਰ ਸੰਬੰਧਾਂ ਨੂੰ ਦਰਸਾਉਣ ਵਾਲੇ ਕੋਈ ਸਿਧਾਂਤ ਜਾਂ ਨਿਯਮ ਨਹੀਂ ਸਨ ਇਸ ਕਰਕੇ ਇਨ੍ਹਾਂ ਲਾਇਬ੍ਰੇਰੀ ਤਕਨੀਕਾਂ ਅਤੇ ਪ੍ਰਣਾਲੀਆਂ ਵਿਚ ਇਕਸੁਤਰਤਾ ਅਤੇ ਇਕਪੂਰਤਾ ਦੀ ਘਾਟ ਹੈ।

ਲਾਇਬ੍ਰੇਰੀ ਦੇ ਸਾਰੇ ਕਾਰਜਾਂ, ਤਕਨੀਕਾਂ ਵਿਚ ਇਕਰੂਪਤਾ ਅਤੇ ਸਮਰੂਪਤਾ ਲਿਆਉਣ ਵਾਸਤੇ ਨਿਯਮਾਂ ਦੀ ਘਾਟ ਉਨ੍ਹਾਂ ਨੂੰ ਖਟਕਦੀ ਰਹੀ। ਉਨ੍ਹਾਂ ਦੀ ਇੱਛਾ ਸੀ ਕਿ ਕੁਝ ਮੂਲ ਨਿਯਮ ਹੋਣੇ ਚਾਹੀਦੇ ਹਨ ਜਿਨ੍ਹਾਂ ਦੇ ਆਧਾਰ ਤੇ ਲਾਇਬ੍ਰੇਰੀ ਦੇ ਸਾਰੇ ਕੰਮਾਂ ਨੂੰ ਸੂਤਰਬੱਧ ਕੀਤਾ ਜਾ ਸਕੇ ਅਤੇ ਲਾਇਬ੍ਰੇਰੀ ਦੇ ਕਾਰਜਾਂ ਤੇ ਸਮੇਂ ਅਤੇ ਸਥਾਨ ਦਾ ਕੋਈ ਪ੍ਰਭਾਵ ਨਾ ਰਹੇ। ਲਾਇਬ੍ਰੇਰੀ ਗਿਆਨ ਨੂੰ ਲਾਇਬ੍ਰੇਰੀ ਵਿਗਿਆਨ ਬਣਾਉਣ ਵਿਚ ਮਦਦਗਾਰ ਨਿਯਮਾਂ ਦੀ ਭਾਲ ਹਿਤ ਉਨ੍ਹਾਂ ਨੇ ਆਪਣਾ ਕੰਮ ਸ਼ੁਰੂ ਕੀਤਾ।

ਦਸੰਬਰ 1928 ਵਿਚ ਕੱਚੇ ਤੌਰ ਤੇ ਇਹ ਪੰਜ ਨਿਯਮ ਹੋਂਦ ਵਿਚ ਆ ਗਏ।

ਇਨ੍ਹਾਂ ਨਿਯਮਾਂ ਦੀ ਵਰਤੋਂ ਉਹ ਮਦਰਾਸ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਕਰਦੇ ਰਹੇ ਅਤੇ ਲੈਕਚਰਾਂ ਰਾਹੀਂ ਵਿਦਿਆਰਥੀਆਂ ਨਾਲ ਚਰਚਾ ਚਲਦੀ ਰਹੀ। 1931 ਵਿਚ ਇਕ ਪੁਸਤਕ ਦੇ ਰੂਪ ਵਿਚ ਇਹ ਨਿਯਮ ਸਾਹਮਣੇ ਆਏ। ਪੁਸਤਕ ਦਾ ਸਿਰਲੇਖ ''ਲਾਇਬ੍ਰੇਰੀ ਸਾਇੰਸ ਦੇ ਪੰਜ ਮੂਲ ਸਿਧਾਂਤ'' ਰੱਖਿਆ ਗਿਆ। ਇਨ੍ਹਾਂ ਨਿਯਮਾਂ ਵਿਚ ਲਾਇਬ੍ਰੇਰੀ ਦੀਆਂ ਬਹੁਤ ਸਾਰੀਆਂ ਪ੍ਰਕ੍ਰਿਆਵਾਂ ਲੁੱਕੀਆਂ ਹੋਈਆਂ ਹਨ। ਇਨ੍ਹਾਂ ਨਿਯਮਾਂ ਵਿਚ ਲਾਇਬ੍ਰੇਰੀ ਦੀਆਂ ਸਾਰੀਆਂ ਲੋੜਾਂ ਉੱਤੇ ਮਹੱਤਵ ਦਿੱਤਾ ਗਿਆ ਹੈ ਅਤੇ ਨਾਲ ਹੀ ਲਾਇਬ੍ਰੇਰੀ ਦੇ ਉਪਭੋਗਤਾਵਾਂ ਅਤੇ ਕਰਮਚਾਰੀਆਂ ਦੇ ਅਸਲੀ ਅਧਿਕਾਰਾਂ ਅਤੇ ਕਰਤੱਵਾਂ ਤੇ ਵੀ ਰੋਸ਼ਨੀ ਪਾਈ ਗਈ ਹੈ ਜਿਸ ਕਰਕੇ ਇਹ ਨਿਯਮ ਆਧੁਨਿਕ ਲਾਇਬ੍ਰੇਰੀ ਦੇ ਆਧਾਰ ਬਣ ਗਏ ਹਨ। ਇਹ ਨਿਯਮ ਹਨ :

**(1) ਪੁਸਤਕਾਂ ਵਰਤੋਂ ਲਈ ਹਨ (Books are for Use).**

**(2) ਹਰ ਪਾਠਕ ਨੂੰ ਉਸ ਦੀ ਪੁਸਤਕ ਮਿਲੇ (Every Reader His/Her book).**

**(3) ਹਰ ਪੁਸਤਕ ਨੂੰ ਉਸ ਦਾ ਪਾਠਕ ਮਿਲੇ (Every Book its Reader).**

**(4) ਪਾਠਕ ਦਾ ਸਮਾਂ ਬਚਾਓ (Save the time of Reader).**

**(5) ਲਾਇਬ੍ਰੇਰੀ ਵਿਕਾਸਸ਼ੀਲ ਜੀਵ ਹੈ (Library is a Growing Organism).**

### 1.2.1.2. ਨਿਯਮਾਂ ਦੀਆਂ ਵਿਸ਼ੇਸ਼ਤਾਵਾਂ (Characteristics of Laws)

(1) ਰੰਗਾਨਾਥਨ ਦੇ ਇਹ ਨਿਯਮ ਲਾਇਬ੍ਰੇਰੀ ਜਗਤ ਲਈ ਅਨੂਠੀ ਦੇਣ ਹਨ। ਇਨ੍ਹਾਂ ਦੇ ਪ੍ਰਯੋਗ ਨੇ ਲਾਇਬ੍ਰੇਰੀ ਤਕਨੀਕਾਂ ਨੂੰ ਸੁਧਾਰਿਆ, ਨਿਖਾਰਿਆ ਅਤੇ ਉਨ੍ਹਾਂ ਦੇ ਏਕੀਕਰਨ ਅਤੇ ਸੰਗਠਨ ਵਿਚ ਮਦਦ ਕੀਤੀ;

(2) ਇਨ੍ਹਾਂ ਨਿਯਮਾਂ ਨੇ ਅਨੇਕ ਉਪ-ਨਿਯਮਾਂ ਅਤੇ ਸਿਧਾਂਤਾ ਨੂੰ ਜਨਮ ਦਿੱਤਾ, ਜੋ ਲਾਇਬ੍ਰੇਰੀ ਦੇ ਕਾਰਜਾਂ ਵਿਚ ਸੁਧਾਰ ਕਰਨ ਵਿਚ ਸਫ਼ਲ ਹੋਏ ਅਤੇ ਦੁਚਿੱਤੀ ਦੇ ਵਕਤ ਪੱਥ ਪ੍ਰਦਰਸ਼ਨ ਕਰਦੇ ਰਹੇ। ਵਰਤਮਾਨ ਅਤੇ ਭਵਿੱਖ ਦੀਆਂ ਸਾਰੀਆਂ ਲਾਇਬ੍ਰੇਰੀਆਂ ਜਾਂ ਸੂਚਨਾ ਕੇਂਦਰ ਦੇ ਪ੍ਰਯੋਗ ਲਈ ਇਹ ਨਿਯਮ ਸਦਾ ਸਹਾਈ ਰਹਿੰਦੇ ਹਨ।

(3) ਲਾਇਬ੍ਰੇਰੀ ਦੇ ਤਿੰਨ ਪ੍ਰਮੁੱਖ ਕਾਰਜਾਂ (ਪਾਠ ਸਮੱਗਰੀ ਦੀ ਪ੍ਰਾਪਤੀ, ਆਯੋਜਨ ਅਤੇ ਪ੍ਰਸਾਰ (Acquisition, Organization and Dissemination)) ਵਿਚ ਜਿਹੜੇ ਸਾਧਨ ਉਪਯੋਗ ਵਿਚ ਆਉਂਦੇ ਹਨ ਉਨ੍ਹਾਂ ਦੇ ਪ੍ਰਯੋਗ ਵਿਚ ਇਹ ਨਿਯਮ ਸਦਾ ਸਹਾਈ ਹੁੰਦੇ ਹਨ। ਸਮੱਸਿਆਵਾਂ ਨੂੰ ਸਪਸ਼ਟ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਹੱਲ ਵੀ ਦੱਸਦੇ ਹਨ। ਹਰ ਨਿਯਮ ਆਪਣੀ ਆਤਮਾ (ਭਾਵਅਰਥ) ਨੂੰ ਪਰਤ ਵਾਰ ਪਰਤ, ਹੌਲੀ-ਹੌਲੀ ਸਪਸ਼ਟ ਕਰਦੇ ਹਨ, ਜਿਸ ਕਰਕੇ ਇਨ੍ਹਾਂ ਦੇ ਪ੍ਰਯੋਗ ਵਿਚ ਕੋਈ ਵੀ ਔਖ ਨਹੀਂ ਆਉਂਦੀ ਇਸ ਕਰਕੇ ਇਹ ਲਾਇਬ੍ਰੇਰੀ ਵਿਗਿਆਨ ਦੇ ਮੁੱਢਲੇ ਨਿਯਮ ਹਨ।

(4) ਇਨ੍ਹਾਂ ਨਿਯਮਾਂ ਦੇ ਸਦਕੇ ਲਾਇਬ੍ਰੇਰੀ ਜਗਤ ਵਿਚ ਆਈ ਕ੍ਰਾਂਤੀ ਦੇ ਕਾਰਣ ਲਾਇਬ੍ਰੇਰੀਆਂ ਜਿਹੜੀਆਂ ਸਦੀਆਂ ਤੋਂ ਕੇਵਲ ਪੁਸਤਕਾਂ ਦਾ ਭੰਡਾਰ ਹੁੰਦੀਆਂ ਸਨ, ਹੁਣ ਸੂਚਨਾ ਦਾ ਸੰਚਾਰ ਕੇਂਦਰ ਬਣ ਗਈਆਂ ਹਨ ਅਤੇ ਇਸ ਅਮੁੱਲ ਭੰਡਾਰ ਤਕ ਸਭ ਦੀ ਪਹੁੰਚ ਖੁੱਲ੍ਹੀ ਹੈ।

(5) ਇਨ੍ਹਾਂ ਨਿਯਮਾਂ ਦੇ ਕਾਰਣ ਲਾਇਬ੍ਰੇਰੀ ਪਾਠ ਸਮੱਗਰੀ ਨੂੰ ਵਿਗਿਆਨਕ ਪੱਧਰ ’ਤੇ ਵੱਖ-ਵੱਖ ਵਿਸ਼ੇਸ਼ ਵਰਗਾਂ ਵਿਚ ਵੰਡ ਕੇ ਤਰਤੀਬਬੱਧ ਕੀਤਾ ਜਾ ਸਕਦਾ ਹੈ ਜਿਸ ਕਾਰਣ ਪਾਠਕਾਂ ਨੂੰ ਉਨ੍ਹਾਂ ਦੀ ਲੋੜੀਂਦੀ ਅਤੇ ਮਨਚਾਹੀ ਪੁਸਤਕ ਬਿਨਾ ਕਿਸੇ ਔਕੜ ਤੋਂ ਪ੍ਰਾਪਤ ਹੋ ਜਾਂਦੀ ਹੈ।

### 1.2.1.3. ਪੰਜ ਨਿਯਮਾਂ ਦੀ ਫਿਲਾਸਫੀ (Philosophy of Five Laws)

ਇਹ ਪੰਜ ਯਿਮ ਵੇਖਣ ਵਿਚ ਜਿੰਨੇ ਛੋਟੇ ਲਗਦੇ ਹਨ ਉੱਨੇ ਹੀ ਡੂੰਘੇ ਹਨ। ਇਹ ਗਾਗਰ ਵਿਚ ਸਾਗਰ ਹਨੇ ਪੰਜ ਯਿਮਾਂ ਦੀ ਹੋਂਦ ਤੋਂ ਪਹਿਲਾਂ ਲਾਇਬ੍ਰੇਰੀ ਵਿਗਿਆਨ ਦੀ ਕੋਈ ਫਿਲਾਸਫੀ ਨਹੀਂ ਹੁੰਦੀ ਸੀ। ਡਾ. ਰੰਗਾਨਾਥਨ ਨੇ ਫਿਲਾਸਫੀ ਦਾ ਆਧਾਰ ਪ੍ਰਦਾਨ ਕੀਤਾ।

### 1.2.1.4. ਪੰਜ ਨਿਯਮਾਂ ਦਾ ਆਦੇਸ਼ (Command of Five Laws)

ਲਾਇਬ੍ਰੇਰੀ ਦੇ ਹਰ ਪਹਿਲੂ, ਹਰ ਕਾਰਜ ਵਿਚ ਇਨ੍ਹਾਂ ਨਿਯਮਾਂ ਦਾ ਪਰਛਾਵਾਂ ਦੇਖਿਆ ਜਾ ਸਕਦਾ ਹੈ, ਜਿਸ ਦੇ ਸਦਕੇ ਲਾਇਬ੍ਰੇਰੀਆਂ ਆਪਣੇ ਵਰਤਮਾਨ ਰੂਪ ਵਿਚ ਨਿੱਤਰ ਕੇ ਆਈਆਂ। ਇਨ੍ਹਾਂ ਨਿਯਮਾਂ ਤੇ ਅਧਾਰਿਤ ਸੁਧਾਰਾਂ ਦੇ ਕਾਰਣ ਪੁਸਤਕਾਲਾ ਵਿਗਿਆਨ ਨੂੰ ਵਾਸਤਵ ਵਿਚ ਵਿਗਿਆਨ ਮੰਨ ਲਿਆ ਗਿਆ।

### 1.2.2. ਪਹਿਲਾ ਨਿਯਮ : ਪੁਸਤਕਾਂ ਵਰਤੋਂ ਲਈ ਹਨ (Books are for Use)

ਇਹ ਸਿਧਾਂਤ ਮੁੱਢਲਾ ਸਿਧਾਂਤ ਹੈ ਜਿਹੜਾ ਆਪਣੇ ਆਪ ਵਿਚ ਸਵੈ-ਸਪਸ਼ਟ ਹੈ ਅਤੇ ਇਸ ਦਾ ਸਥਾਨ ਸਾਰੇ ਨਿਯਮਾਂ ਵਿਚੋਂ ਉੱਚਾ ਹੈ। ਪਰੰਤੂ ਇਸ ਨੂੰ ਸਮਝਣ ਲਈ ਪੁਸਤਕਾਂ ਤੇ ਉਸ ਦੀ ਵਰਤੋਂ ਦੇ ਪਿਛੋਕੜ ਤੇ ਝਾਤ ਪਾਉਣੀ ਜ਼ਰੂਰੀ ਹੈ। ਪੁਸਤਕਾਂ ਦੇ ਇਤਿਹਾਸ ਨਾਲ ਹੀ ਲਾਇਬ੍ਰੇਰੀ ਦਾ ਇਤਿਹਾਸ ਬਦਲਦਾ ਰਿਹਾ ਹੈ। ਹੱਥ ਲਿਖਤਾਂ ਹੋਣ ਕਰਕੇ ਪਹਿਲਾਂ ਪੁਸਤਕਾਂ ਮਹਿੰਗੀਆਂ ਅਤੇ ਦੁਰਲਭ ਹੁੰਦੀਆਂ ਸਨ ਅਤੇ ਇਨ੍ਹਾਂ ਨੂੰ ਵਰਤੋਂ ਤੋਂ ਪਰ੍ਹੇ 'ਸੰਭਾਲ' ਕੇ ਰੱਖਿਆ ਜਾਂਦਾ ਸੀ। ਪੁਸਤਕਾਂ ਦੇ ਬਾਰੇ ਬਾਅਦ ਵਿਚ ਸਥਿਤੀਆਂ ਬਦਲਣ ਤੇ ਅਧਿਕਾਰਾਤਮਕ ਪ੍ਰਵਿਰਤੀ (Possesive Instinct) ਕਰਕੇ ਇਹ ਧਾਰਣਾ ਚਲਦੀ ਰਹੀ।

ਛਾਪੇਖਾਨੇ ਦੀ ਖੋਜ ਤੋਂ ਬਾਅਦ ਪੁਸਤਕਾਂ ਸਸਤੀਆਂ ਅਤੇ ਅਣਗਿਣਤ ਹੋ ਗਈਆਂ ਜਿਸ ਕਰਕੇ ਇਨ੍ਹਾਂ ਦਾ ਮਹੱਤਵ ਪੁਸਤਕ ਦੇ ਭੌਤਿਕ ਰੂਪ ਤੋਂ ਹੱਟ ਕੇ ਉਸ ਦੀ ਆਤਮਾ' ਭਾਵ 'ਅੰਕਿਤ ਗਿਆਨ' 'ਤੇ ਆ ਗਿਆ ਜਿਸ ਕਾਰਣ ਇਨ੍ਹਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ ਜਾਣ ਲੱਗਿਆ। ਵਿਦਿਆ ਦੇ ਪ੍ਰਸਾਰ ਨੇ ਇਸ ਵਿਚਾਰ ਨੂੰ ਇਕ ਸ਼ਕਤੀਸ਼ਾਲੀ ਹੁੰਗਾਰਾ ਦਿੱਤਾ। ਜਨਤਾ ਦੇ ਬੌਧਿਕ ਅਤੇ ਮਾਨਸਕ ਵਿਕਾਸ ਨੇ ਪੁਸਤਕਾਂ ਅਤੇ ਲਾਇਬ੍ਰੇਰੀ ਦੀ ਲੋੜ ਨੂੰ ਵਧਾ ਦਿੱਤਾ। ਪੁਸਤਕਾਂ ਦੀ ਵਰਤੋਂ ਹੀ ਲਾਇਬ੍ਰੇਰੀ ਕ੍ਰਿਆਵਾਂ ਦੀ ਜਿੰਦ-ਜਾਨ ਬਣ ਗਈ ਅਤੇ ਪੂਰੀ ਲਾਇਬ੍ਰੇਰੀ ਇਸੇ ਵਿਚਾਰ ਦੇ ਆਲੇ-ਦੁਆਲੇ ਘੁੰਮਣ ਲੱਗ ਗਈ।

#### 1.2.2.1. ਪਹਿਲੇ ਨਿਯਮ ਦੇ ਸੰਕੇਤ (Implications of First Law)

ਲਾਇਬ੍ਰੇਰੀ ਦੀ ਸਥਾਪਨਾ ਨੂੰ ਇਸ ਨਿਯਮ ਦੀ ਬਹੁਤ ਦੇਣ ਹੈ। ਸ਼ਹਿਰਾਂ ਜਾਂ ਕਸਬਿਆਂ ਵਿਚ ਅਬਾਦੀ ਤੋਂ ਦੂਰ ਲੋਕ ਲਾਇਬ੍ਰੇਰੀਆਂ ਅਤੇ ਸਕੂਲਾਂ ਅਤੇ ਕਾਲਜਾਂ ਵਿਚ ਬਰਾਮਦਿਆਂ ਜਾਂ ਅੰਧੇਰੇ ਕਮਰਿਆਂ ਵਿਚ ਸਥਿਤ ਅਕਾਦਮਿਕ ਲਾਇਬ੍ਰੇਰੀਆਂ ਇਸ ਨਿਯਮ ਪ੍ਰਤੀ ਬੇਅਦਬੀ ਦਰਸਾਉਂਦੀਆਂ ਹਨ। ਇਹ ਨਿਯਮ ਮੰਗ ਕਰਦਾ ਹੈ ਕਿ ਉਨ੍ਹਾਂ ਦੀ ਸਥਾਪਨਾ ਦੁਕਾਨਾਂ ਦੀ ਧਾਰਣਾ (Shop Concept) ਦੇ ਆਧਾਰ ਤੇ ਹੋਣੀ ਚਾਹੀਦੀ ਹੈ ਜਿੱਥੇ ਪਾਠਕ ਗ੍ਰਾਹਕਾਂ ਵਾਂਗ ਆਪਣੇ ਆਪ ਖਿੱਚੇ ਚਲੇ ਆਉਣ। ਡਾ. ਰੰਗਾਨਾਥਨ ਨੇ ਇਸ ਨਿਯਮ ਦੇ ਪ੍ਰਭਾਵ ਅੰਦਰ ਪੁਸਤਕਾਂ ਦੀ ਵਰਤੋਂ ਵਧਾਉਣ ਲਈ ਨਿਮਨਲਿਖਿਤ ਸੁਝਾਅ ਦਿੱਤੇ ਹਨ :

##### 1.2.2.1.1. ਲਾਇਬ੍ਰੇਰੀਆਂ ਦਾ ਸਥਾਨ (Location of the Library)

ਪਹਿਲੇ ਨਿਯਮ ਦਾ ਇਹ ਸੰਦੇਸ਼ ਹੈ ਕਿ ਪੁਸਤਕਾਂ ਦੀ ਵਰਤੋਂ ਵੱਧ ਤੋਂ ਵੱਧ ਕੀਤੀ ਜਾਵੇ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਲਾਇਬ੍ਰੇਰੀ ਦੀ ਸਥਾਪਨਾ ਅਜਿਹੀ ਥਾਂ ਤੇ ਹੋਵੇ ਜਿੱਥੇ ਪਾਠਕ ਵੱਧ ਤੋਂ ਵੱਧ ਪਹੁੰਚ ਸਕਣ।

ਦੂਜੀ ਗੱਲ ਕਿ ਲਾਇਬ੍ਰੇਰੀ ਦੀ ਸਥਾਪਨਾ ਅਜਿਹੀ ਜਗ੍ਹਾ ਕੀਤੀ ਜਾਵੇ ਜਿੱਥੇ ਸ਼ੋਰ-ਸ਼ਰਾਬਾ ਅਤੇ ਦੂਜੀਆਂ ਧਿਆਨ ਭੰਗ ਕਰਨ ਵਾਲੀਆਂ ਕ੍ਰਿਆਵਾਂ ਨਾ ਹੋਣ ਤਾਂ ਕਿ ਪਾਠਕ ਧਿਆਨ ਮਗਨ ਹੋ ਕੇ ਪੜ੍ਹ ਸਕਣ।

ਭਾਵ ਕਿ ਸਹਿਜ ਪਹੁੰਚ ਅਤੇ ਸ਼ਾਂਤ ਵਾਤਾਵਰਣ ਨੂੰ ਲਾਇਬ੍ਰੇਰੀ ਦੀ ਸਥਾਪਨਾ ਲਈ ਧਿਆਨ ਵਿਚ ਰੱਖਿਆ ਜਾਵੇ।

##### 1.2.2.1.2. ਲਾਇਬ੍ਰੇਰੀ ਦਾ ਸਮਾਂ (Library Hours)

ਸੁਰੱਖਿਆ ਕਰਕੇ ਪਹਿਲਾਂ ਲਾਇਬ੍ਰੇਰੀਆਂ ਖੁੱਲ੍ਹੀ ਰਖਣ ਦੀ ਥਾਂ, ਵੱਧ ਤੋਂ ਵੱਧ ਬੰਦ ਰਖੀਆਂ ਜਾਂਦੀਆਂ ਸਨ ਜਿਸ ਕਰਕੇ ਨਿਯਮ ਦੀ ਪਾਲਣਾ ਨਹੀਂ ਸੀ ਹੁੰਦੀ। ਇਹ ਨਿਯਮ ਮੰਗ ਕਰਦਾ ਹੈ ਕਿ ਲਾਇਬ੍ਰੇਰੀਆਂ ਨੂੰ ਵੱਧ ਤੋਂ ਵੱਧ ਸਮੇਂ ਲਈ, ਪਾਠਕਾਂ ਦੀ ਸਹੂਲਤ ਦੇ ਅਨੁਸਾਰ ਖੁੱਲ੍ਹਾ ਰਖਿਆ ਜਾਵੇ ਤਾਂ ਜੋ ਪਾਠਕ ਆਪਣੀ ਸੌਖ ਦੇ ਅਨੁਸਾਰ ਵੱਧ ਤੋਂ ਵੱਧ ਸਮਾਂ ਲਾਇਬ੍ਰੇਰੀ ਵਿਚ ਆ ਕੇ ਵੱਧ ਤੋਂ ਵੱਧ ਪੁਸਤਕਾਂ ਦੀ ਵਰਤੋਂ ਕਰ ਸਕਣ। ਇਹ ਨਿਯਮ ਦੀ ਮੰਗ ਤਾਂ ਲਾਇਬ੍ਰੇਰੀ ਨੂੰ 24 ਘੰਟੇ ਖੁੱਲ੍ਹਾ ਰਖਣ ਦੀ ਹੈ ਜੋ ਕਿ ਕਈ ਦੇਸ਼ਾਂ ਵਿਚ ਪ੍ਰਚਲੱਤ ਵੀ ਹੈ ਫਿਰ ਵੀ ਲਾਇਬ੍ਰੇਰੀ ਨੂੰ ਜਿੰਨਾ ਹੋ ਸਕੇ ਪਾਠਕਾਂ ਦੀ ਸੌਖ ਦੇ ਆਧਾਰ ਤੇ ਖੁੱਲ੍ਹਾ ਰੱਖਿਆ ਜਾਵੇ ਭਾਵ ਲੋਕ ਲਾਇਬ੍ਰੇਰੀਆਂ ਛੁੱਟੀਆਂ ਵਾਲੇ ਦਿਨ ਜ਼ਰੂਰ ਖੁੱਲ੍ਹਣ।

##### 1.2.2.1.3. ਲਾਇਬ੍ਰੇਰੀ ਭਵਨ, ਫਰਨੀਚਰ ਅਤੇ ਸਾਜੋ ਸਮਾਨ (Library Building, Furniture and Equipments)

ਲਾਇਬ੍ਰੇਰੀ ਦੇ ਭਵਨ ਦੀ ਬਣਤਰ, ਇਸ ਵਿਚ ਵਰਤੋਂ ਲਈ ਰੱਖਿਆ ਫਰਨੀਚਰ ਅਤੇ ਕਾਰਜਾਂ ਵਿਚ ਆਉਣ ਵਾਲਾ ਸਾਜੋ ਸਮਾਨ ਪੁਸਤਕਾਂ ਦੀ ਵੱਧ ਤੋਂ ਵੱਧ ਵਰਤੋਂ ਕਰਾਉਣ ਵਾਲਾ ਹੋਣਾ ਚਾਹੀਦਾ ਹੈ ਕਿਉਂਕਿ ਹੁਣ ਪੁਸਤਕਾਂ ਸੰਭਾਲ ਕੇ ਰਖਣ ਵਾਲੀ ਵਸਤੂ ਨਹੀਂ ਰਹੀਆਂ। ਹੁਣ ਇਨ੍ਹਾਂ ਨੂੰ ਉੱਚੀਆਂ-ਉੱਚੀਆਂ ਅਲਮਾਰੀਆਂ ਵਿਚ ਸੁਰੱਖਿਅਤ ਰਖਣ ਦੀ ਲੋੜ ਨਹੀਂ ਸਗੋਂ ਅਲਮਾਰੀਆਂ ਪਾਠਕ ਦੀ ਪਹੁੰਚ ਵਾਲੀਆਂ, ਇਮਾਰਤ ਦੀ ਬਣਤਰ ਕ੍ਰਿਆਸ਼ੀਲ ਹੋਣ ਦੇ ਨਾਲ-ਨਾਲ ਆਕਰਸ਼ਕ, ਸਾਫ਼, ਹਵਾਦਾਰ ਅਤੇ ਕੁਦਰਤੀ ਰੋਸ਼ਨੀ ਆਉਣ ਦੇਣ ਵਾਲੀ ਹੋਣੀ ਚਾਹੀਦੀ ਹੈ। ਪੁਸਤਕਾਂ ਰਖਣ ਵਾਲੇ ਰੈਕਾਂ ਜਾਂ ਅਲਮਾਰੀਆਂ ਆਮ ਆਦਮੀ ਦੇ ਕਦ ਅਨੁਸਾਰ ਡੀਜਾਈਨ ਕੀਤੇ ਜਾਣੇ ਚਾਹੀਦੇ ਹਨ। ਪੜ੍ਹਣ ਵਾਲੇ ਟੇਬਲ ਅਤੇ ਕੁਰਸੀਆਂ ਆਰਾਮਦਾਇਕ ਹੋਣੀਆਂ ਚਾਹੀਦੀਆਂ ਹਨ।

ਲਾਇਬ੍ਰੇਰੀ ਦੇ ਫਰਨੀਚਰ, ਰੈਕਾਂ, ਰੀਡਿੰਗ ਰੂਮ ਅਤੇ ਦੂਜੇ ਕਾਰਜਾਂ ਵਾਲੀਆਂ ਥਾਵਾਂ ਤੇ ਚਲਨ ਫਿਰਨ ਲਈ ਖੁੱਲ੍ਹੀ ਥਾਂ ਦਾ ਹੋਣਾ ਜ਼ਰੂਰੀ ਹੈ।

ਲਾਇਬ੍ਰੇਰੀ ਇਮਾਰਤ ਅੰਦਰੋਂ ਤੇ ਬਾਹਰੋਂ ਦਿਲ-ਖਿਚਵੀਂ ਹੋਣੀ ਚਾਹੀਦੀ ਹੈ। ਅੰਦਰ ਵਾਲਾ ਵਾਤਾਵਰਨ ਢਾਂਚਾ, ਆਕਾਰ, ਦੀਵਾਰਾਂ ਦਾ ਰੰਗ ਆਦਿ ਨੀਰਸਤਾ ਅਤੇ ਉਕਤਾਹਟ ਵਾਲਾ ਨਹੀਂ ਹੋਣਾ ਚਾਹੀਦਾ। ਇਹ ਮਨਮੋਹਕ ਅਤੇ ਅਧਿਐਨ ਦੇ ਅਨੁਕੂਲ ਹੋਣੇ ਚਾਹੀਦੇ ਹਨ।

ਗੰਭੀਰ ਪਾਠਕਾਂ ਵਾਸਤੇ ਇਮਾਰਤ ਵਿਚ ਜੇਕਰ ਹੋ ਸਕੇ ਕੈਬਿਨਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ ਜਿੱਥੇ ਉਹ ਬਾਹਰੀ ਰੁਕਾਵਟਾਂ ਤੋਂ ਬੱਚ ਕੇ ਆਰਾਮ ਨਾਲ ਪੜ੍ਹ ਸਕਣ।

ਜੇਕਰ ਲਾਇਬ੍ਰੇਰੀ ਇਮਾਰਤ ਵਿਚ ਕੁਦਰਤੀ ਹਵਾ ਅਤੇ ਰੋਸ਼ਨੀ ਦਾ ਪ੍ਰਬੰਧ ਨਾ ਹੋ ਸਕੇ ਤਾਂ ਬਿਜਲੀ ਦੀ ਰੋਸ਼ਨੀ ਅਤੇ ਪੱਖੀਆਂ/ਜਾਂ ਕੂੱਲਰ/ਏਅਰਕੰਡੀਸ਼ਨਰਜ਼ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਲਾਇਬ੍ਰੇਰੀ ਲਈ ਪੀਣ ਦੇ ਪਾਣੀ ਅਤੇ ਕੈਨਟੀਨ ਦੀ ਵਿਵਸਥਾ ਹੋਣੀ ਚਾਹੀਦੀ ਹੈ ਤਾਂ ਕਿ ਪਾਠਕਾਂ ਨੂੰ ਦੂਰ ਜਾਣ ਦੀ ਲੋੜ ਨਾ ਹੋਵੇ।

ਸਾਜ਼ੋ ਸਮਾਨ ਵਿਚ ਆਧੁਨਿਕ ਉਪਕਰਣਾਂ ਦਾ ਹੋਣਾ ਜ਼ਰੂਰੀ ਹੈ ਜਿਸ ਵਿਚ ਫੋਟੋਸਟੇਟ ਮਸ਼ੀਨ, ਇਸ ਦੇ ਨਾਲ ਵਰਤੋਂ ਵਿਚ ਵਾਧਾ ਹੁੰਦਾ ਹੈ।

ਸੂਚੀ ਪੱਤਰ ਅਲਮਾਰੀ (Catalogue Cabinet), ਕਾਊਂਟਰ ਆਦਿ ਸੁੰਦਰ, ਸੁਵਿਧਾਜਨਕ ਅਤੇ ਕਾਰਜਾਤਮਕ ਹੋਣੇ ਚਾਹੀਦੇ ਹਨ। ਲੋਕ ਲਾਇਬ੍ਰੇਰੀਆਂ ਵਿਚ ਬਾਲ ਵਿਭਾਗ ਦੇ ਫਰਨੀਚਰ ਤੇ ਧਿਆਨ ਦੇਣ ਦੀ ਲੋੜ ਹੁੰਦੀ ਹੈ।

### 1.2.2.1.4. **ਪੁਸਤਕ ਚੋਣ** (Book Selection)

ਇਸ ਨਿਯਮ ਦੀ ਪਾਲਣਾ ਵਿਚ ਪੁਸਤਕ ਚੋਣ ਦੀ ਭੂਮਿਕਾ ਨੂੰ ਅਣਦੇਖੀ ਨਹੀਂ ਕੀਤਾ ਜਾ ਸਕਦਾ। ਇਸ ਨਿਯਮ ਦੇ ਅਨੁਸਾਰ ਕੇਵਲ ਉਹੀ ਪੁਸਤਕਾਂ ਖਰੀਦੀਆਂ ਜਾਣ ਜਿਨ੍ਹਾਂ ਦੀ ਵਰਤੋਂ ਲਾਇਬ੍ਰੇਰੀ ਵਿਚ ਸੰਭਵ ਹੋਵੇ ਅਤੇ ਲਾਇਬ੍ਰੇਰੀ ਵਿਚ ਵਰਤਨ ਦੇ ਯੋਗ ਹੋਣ। ਇਹ ਪੁਸਤਕ ਚੋਣ ਵੱਖ-ਵੱਖ ਪਾਠਕਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਣੀ ਚਾਹੀਦੀ ਹੈ। ਇਸ ਵਿਚ ਪਾਠਕਾਂ ਦੀਆਂ ਵਰਤਮਾਨ ਲੋੜਾਂ ਦੇ ਨਾਲ-ਨਾਲ ਭਵਿੱਖਤ ਲੋੜਾਂ ਦੀ ਪੂਰਤੀ ਦਾ ਵੀ ਧਿਆਨ ਰੱਖਿਆ ਜਾਵੇ।

### 1.2.2.1.5. **ਲਾਇਬ੍ਰੇਰੀ ਕਰਮਚਾਰੀ** (Library Staff)

ਲਾਇਬ੍ਰੇਰੀ ਪੁਸਤਕਾਂ, ਪਾਠਕਾਂ ਅਤੇ ਕਰਮਚਾਰੀਆਂ ਦੀ ਤ੍ਰਿੱਕੜੀ ਹੁੰਦੀ ਹੈ। ਕਰਮਚਾਰੀ ਹੀ ਲਾਇਬ੍ਰੇਰੀ ਨੂੰ ਬਣਾ ਜਾਂ ਵਿਗਾੜ ਸਕਦੇ ਹਨ। ਇਨ੍ਹਾਂ ਦੇ ਸਦਕੇ ਹੀ ਪੁਸਤਕਾਂ ਵਿਚ ਛੁਪਿਆ ਗਿਆਨ ਅਤੇ ਸੂਚਨਾਵਾਂ ਦਾ ਪ੍ਰਸਾਰ ਸੰਭਵ ਹੋ ਸਕਦਾ ਹੈ। ਇਸ ਲਈ ਮਿਹਨਤੀ ਯੋਗ ਅਤੇ ਸੁਯੋਗ ਕਰਮਚਾਰੀ ਜਿਨ੍ਹਾਂ ਨੂੰ ਉਚੇਰੀ ਪੇਸ਼ਾਵਰ ਯੋਗਤਾ ਨਾਲ-ਨਾਲ ਨਵੇਂ-ਨਵੇਂ ਪ੍ਰਚਲਨਾਂ ਅਤੇ ਨਿਯਮਾਂ ਦਾ ਗਿਆਨ ਹੋਵੇ ਹੀ ਪਾਠਕਾਂ ਦਾ ਸੁਭਾਵ, ਉਸ ਦੀ ਲੋੜ ਆਦਿ ਦਾ ਅਨੁਭਵ ਕਰਕੇ ਉਸ ਦੀ ਸੂਚਨਾ ਲੋੜ ਨੂੰ ਪੂਰਾ ਕਰ ਸਕਦੇ ਹਨ।

ਵਿਦਵਤਾ, ਮਿਠਾਸ ਅਤੇ ਸਹਾਇਤਾ ਕਰਨ ਦਾ ਸੁਭਾਅ, ਪ੍ਰਬੰਧਕੀ ਯੋਗਤਾ, ਲੋਕਾਂ ਨੂੰ ਮਨੋਵਿਗਿਆਨਕ ਢੰਗ ਨਾਲ ਮੇਲ ਮਿਲਾਪ ਕਰਨ ਦੀ ਸ਼ਕਤੀ, ਮਨੁੱਖਤਾ ਲਈ ਪਿਆਰ ਅਤੇ ਸੇਵਾ ਭਾਵ ਅਤੇ ਲਿਖਤੀ ਗਿਆਨ ਅਤੇ ਸੋਮਿਆਂ ਦੀ ਭਰਪੂਰ ਜਾਣਕਾਰੀ ਲਾਇਬ੍ਰੇਰੀ ਕਰਮਚਾਰੀਆਂ ਦੇ ਵੱਢਮੁਲੇ ਗੁਣ ਹਨ।

#### 1.2.2.1.5.1. **ਅਕਾਦਮਿਕ ਪਦਵੀ ਅਤੇ ਤਨਖ਼ਾਹ** (Academic Status and Pay-scale)

ਉਚੇਰੇ ਅਕਾਦਮਿਕ ਅਤੇ ਪੇਸ਼ਵਰ ਯੋਗਤਾ ਪ੍ਰਾਪਤ ਕਰਮਚਾਰੀਆਂ ਨੂੰ ਉਚਿਤ ਅਕਾਦਮਿਕ ਪਦਵੀ ਅਤੇ ਪਦਵੀ ਤੇ ਢੁਕਵੀਂ ਤਨਖ਼ਾਹ ਮਿਲਣੀ ਚਾਹੀਦੀ ਹੈ। ਚੰਗੇਰੀ ਤਨਖ਼ਾਹ ਪਦਵੀ ਪ੍ਰਾਪਤ ਕਰਨ ਵਿਚ ਸਹਾਇਕ ਹੁੰਦੀ ਹੈ। ਹੀਨ-ਭਾਵਨਾ ਨੂੰ ਦੂਰ ਕਰਕੇ ਅੱਛੀ ਸੇਵਾ ਦੀ ਉਮੀਦ ਅਕਾਦਮਿਕ ਸਮਾਜ ਵਿਚ ਅੱਛੀ ਪਦਵੀ ਪ੍ਰਾਪਤ ਕਰਮਚਾਰੀਆਂ ਤੋਂ ਹੀ ਕੀਤੀ ਜਾ ਸਕਦੀ ਹੈ। ਇਸ ਲਈ ਲਾਇਬ੍ਰੇਰੀ ਦੀ ਤ੍ਰਿੱਕੜੀ ਵਿਚ ਜਿਤਨੀ ਪਾਠਕਾਂ ਅਤੇ ਪੁਸਤਕਾਂ ਦੀ ਬਹੁਲਤਾ ਜ਼ਰੂਰੀ ਹੈ ਉੱਥੇ ਤੀਜੇ ਥੰਮ੍ਹ ਕਰਮਚਾਰੀਆਂ ਦੀ ਅਕਾਦਮਕ ਪਰਪੱਕਤਾ ਜ਼ਰੂਰੀ ਹੈ।

#### 1.2.2.1.5.2. **ਲਾਇਬ੍ਰੇਰੀ ਕਰਮਚਾਰੀਆਂ ਦੀਆਂ ਜ਼ਿੰਮੇਵਾਰੀਆਂ** (Responsibilities of Library Staff)

ਜਿੱਥੇ ਇਹ ਨਿਯਮ ਕਰਮਚਾਰੀਆਂ ਲਈ ਅੱਛੀ ਪਦਵੀ ਅਤੇ ਤਨਖ਼ਾਹ ਦੀ ਮੰਗ ਕਰਦਾ ਹੈ ਉੱਥੇ ਉਨ੍ਹਾਂ ਤੋਂ ਇਹ ਆਸ ਵੀ ਰਖਦਾ ਹੈ ਕਿ ਇਸ ਨਿਯਮ ਦੀ ਪੂਰਤੀ ਲਈ ਲਾਇਬ੍ਰੇਰੀ ਕਰਮਚਾਰੀਆਂ ਦੀਆਂ ਬਹੁਤ ਸਾਰੀਆਂ ਜਿੰਮੇਵਾਰੀਆਂ ਵੀ ਹੁੰਦੀਆਂ ਹਨ।

ਲਾਇਬ੍ਰੇਰੀ ਵਿਚ ਪੁਸਤਕਾਂ ਦੀ ਵਰਤੋਂ ਵਧਾਉਣ ਲਈ ਵੱਧ ਤੋਂ ਵੱਧ ਪਾਠਕਾਂ ਨੂੰ ਲਾਇਬ੍ਰੇਰੀ ਵੱਲ ਆਕਰਸ਼ਿਤ ਕਰਕੇ ਪ੍ਰੇਰਿਤ ਕਰਨਾ। ਉਨ੍ਹਾਂ ਨੂੰ ਕਦੇ ਵੀ ਨਹੀਂ ਭੁਲਨਾ ਚਾਹੀਦਾ ਕੀ ਪੁਸਤਕਾਂ ਦੀ ਚੋਣ, ਖਰੀਦ, ਪ੍ਰਾਪਤੀ, ਤਿਆਰੀ ਅਤੇ ਸਟੈਕਾਂ ਤੇ ਰਖਣ ਨਾਲ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਖਤਮ ਨਹੀਂ ਹੁੰਦੀਆਂ ਜਦੋਂ ਤੱਕ ਪੁਸਤਕਾਂ ਵਰਤੋਂ ਵਿਚ ਨਾ ਆ ਜਾਣ। ਉਨ੍ਹਾਂ ਦੇ ਸਾਰੇ ਪੇਸ਼ੇਵਰ ਅਤੇ ਉਨ੍ਹਾਂ ਨੂੰ ਪ੍ਰਸ਼ਾਸ਼ਨਿਕ ਤਕਨੀਕੀ ਕੰਮਾਂ ਦਾ ਅੰਤਿਮ ਫਲ ਪੁਸਤਕਾਂ ਦੀ ਵਰਤੋਂ ਨੂੰ ਵਧਾਉਣਾ ਹੈ।

#### 1.2.2.1.5.3. **ਲਾਇਬ੍ਰੇਰੀ ਕਰਮਚਾਰੀ ਅਤੇ ਪਾਠਕ** (Readers and Library Staff)

ਪਹਿਲੇ ਨਿਯਮ ਦੇ ਅਨੁਸਾਰ ਕਰਮਚਾਰੀਆਂ ਵਿਚ ਮਹੱਤਵਪੂਰਨ ਗੁਣ ਹੈ, ਉਨ੍ਹਾਂ ਦਾ ਪਾਠਕਾਂ ਵੱਲ ਵਤੀਰਾ। ਲਾਇਬ੍ਰੇਰੀ ਕਰਮਚਾਰੀਆਂ ਦਾ ਮਨੁੱਖੀ ਪੱਖੋਂ ਚੰਗੇ ਹੋਣਾ ਜ਼ਰੂਰੀ ਹੈ। ਮਿਠਬੋਲੜੇ ਹੋਣ ਤਾਂ ਕਿ ਉਨ੍ਹਾਂ ਨਾਂਲ ਗੱਲਬਾਤ ਕਰਦੇ ਹੋਏ ਪਾਠਕਾਂ ਨੂੰ ਕਿਸੇ ਪ੍ਰਕਾਰ ਦੀ ਝਿਜਕ ਨਾ ਹੋਵੇ। ਕਰਮਚਾਰੀ ਸਦਾ ਸਹਾਇਤਾ ਲਈ ਤਤਪਰ ਰਹਿਣ।

ਇਸ ਨਿਯਮ ਅਨੁਸਾਰ ਲਾਇਬ੍ਰੇਰੀ ਕਰਮਚਾਰੀ ਪਾਠਕਾਂ ਦਾ ਸ਼ੁਆਗਤ ਖਿੜੇ-ਮੱਥੇ ਕਰਨ ਜਿਸ ਨਾਲ ਪਾਠਕਾਂ ਨੂੰ ਮਹਿਸੂਸ ਹੋਵੇ ਕਿ ਉਹ ਉੱਥੇ ਅਣਚਾਹੇ ਵਿਅਕਤੀ ਨਹੀਂ ਹਨ। ਉਨ੍ਹਾਂ ਦਾ ਪੂਰਾ ਧਿਆਨ ਰਖਿਆ ਜਾ ਰਿਹਾ ਹੈ ਅਤੇ ਉਹ ਆਪਣੀ ਲੋੜ ਨੂੰ ਪ੍ਰਗਟ ਕਰਨ ਵਿਚ ਨਾ ਘਬਰਾਉਣ। ਗੱਲਬਾਤ ਰਾਹੀਂ ਉਨ੍ਹਾਂ ਦੀ ਲੋੜਾਂ ਨੂੰ ਜਾਣ ਕੇ ਪੂਰਾ ਕਰਨਾ ਕਰਮਚਾਰੀਆਂ ਦਾ ਫਰਜ ਬਣ ਜਾਂਦਾ ਹੈ।

#### 1.2.2.1.5.4. **ਲਾਇਬ੍ਰੇਰੀ ਕਰਮਚਾਰੀ ਅਤੇ ਨਿੱਜੀ/ਸੰਦਰਭ ਸੇਵਾ** (Reference Service and Library Staff)

ਲਾਇਬ੍ਰੇਰੀਆਂ ਵਿਚ ਪੁਸਤਕਾਂ ਦਾ ਸੰਗ੍ਰਹਿ ਵੱਧ-ਤੋਂ-ਵੱਧ ਵਰਤੋਂ ਲਈ ਹੀ ਕੀਤਾ ਜਾਂਦਾ ਹੈ। ਇਸ ਲਈ ਲਾਇਬ੍ਰੇਰੀਅਨ ਨਿੱਜੀ ਸੇਵਾ ਰਾਹੀਂ ਪੁਸਤਕਾਂ ਤੇ ਪਾਠਕਾਂ ਵਿਚ ਮਿਲਾਪ ਕਰਾਉਂਦਾ ਹੈ। ਪਾਠਕਾਂ ਦੀ ਲੋੜਾਂ ਨੂੰ ਸਮਝ ਕੇ ਉਚਿਤ ਪੁਸਤਕ ਨਾਲ ਵਰਤੋਂ ਲਈ ਮਿਲਾਪ ਕਰਾਉਣਾ ਹੀ ਸੰਦਰਭ ਸੇਵਾ ਹੈ ਜਿਸ ਨੂੰ ਨਿੱਜੀ ਸੇਵਾ ਵੀ ਕਿਹਾ ਜਾਂਦਾ ਹੈ।

ਅੱਜ ਸੂਚਨਾ ਦਾ ਯੁੱਗ ਹੈ ਅਤੇ ਸੂਚਨਾ ਦਾ ਜ਼ੋਰਦਾਰ ਉਤਪਾਦਨ ਹੋ ਰਿਹਾ ਹੈ। ਪਾਠਕਾਂ ਨੂੰ ਆਪਣੇ ਆਪ ਇਨ੍ਹਾਂ ਸੂਚਨਾਵਾਂ ਤਕ ਪਹੁੰਚਣਾ ਮੁਸ਼ਕਲ ਹੈ, ਇਨ੍ਹਾਂ ਪੁਸਤਕਾਂ ਅਤੇ ਦੂਜੇ ਪ੍ਰਲੇਖਾਂ ਵਿਚੋਂ ਪਾਠਕਾਂ ਨੂੰ ਉਨ੍ਹਾਂ ਦੀ ਲੋੜੀਂਦੀਆਂ ਸੂਚਨਾਵਾਂ ਨੂੰ ਲਭ ਕੇ ਪ੍ਰਦਾਨ ਕਰਨਾ ਨਿੱਜੀ ਸੇਵਾ ਦਾ ਹਿੱਸਾ ਹੈ। ਪਾਠਕਾਂ ਨੂੰ ਆਪਣੀ

ਸਹਾਇਤਾ ਆਪ ਕਰਨ ਲਈ ਨਹੀਂ ਕਿਹਾ ਜਾ ਸਕਦਾ ਕਿਉਂਕਿ ਪਹਿਲਾ ਨਿਯਮ ਇਸ ਦੀ ਆਗਿਆ ਨਹੀਂ ਦਿੰਦਾ।

### 1.2.2.1.6. ਖੁੱਲ੍ਹੀ ਪਹੁੰਚ (Open Access)

ਇਸ ਨਿਯਮ ਅਨੁਸਾਰ ਪੁਸਤਕਾਂ ਵਰਤੋਂ ਲਈ ਹਨ ਅਤੇ ਉਨ੍ਹਾਂ ਤਕ ਪਾਠਕਾਂ ਦੀ ਪਹੁੰਚ ਖੁੱਲ੍ਹੀ ਅਤੇ ਆਸਾਨ ਹੋਣੀ ਚਾਹੀਦੀ ਹੈ। ਬੰਦ ਪਹੁੰਚ (Closed Access) ਦਾ ਹੁਣ ਸਮਾਂ ਨਹੀਂ ਹੈ। ਪਾਠਕਾਂ ਤੇ ਪੁਸਤਕਾਂ ਨੂੰ ਆਪਸ ਵਿਚ ਮਿਲਾਣ ਲਈ ਪੁਸਤਕਾਂ ਨੂੰ ਖੁੱਲ੍ਹੇ ਸ਼ੈਲਫ਼ਾਂ ਤੇ ਰਖਣਾ ਚਾਹੀਦਾ ਹੈ ਅਤੇ ਪਾਠਕਾਂ ਨੂੰ ਇਨ੍ਹਾਂ ਦੇ ਪ੍ਰਯੋਗ ਵਿਚ ਲਿਆਉਣ ਲਈ ਸਹਾਇਤਾ ਦੇਣੀ ਚਾਹੀਦੀ ਹੈ।

### 1.2.2.1.7. ਸ਼ੈਲਫ਼ ਤਰਤੀਬ (Shelf Arrangement)

ਖਰੀਦੀਆਂ ਪੁਸਤਕਾਂ ਨੂੰ ਲਾਇਬ੍ਰੇਰੀ ਵਿਚ ਤਰਤੀਬ ਦੇਣ ਲਈ ਕਈ ਤਰੀਕੇ ਹਨ ਜਿਵੇਂ ਵਿਸ਼ਾ, ਲੇਖਕ, ਪੁਸਤਕ ਦਾ ਸਿਰਲੇਖ, ਰੰਗ ਅਤੇ ਆਕਾਰ, ਵਜਨ ਆਦਿ। ਪਰ ਇਹ ਸਭ ਤਰੀਕੇ ਪੁਸਤਕਾਂ ਦੇ ਵੱਧ ਤੋਂ ਵੱਧ ਪ੍ਰਯੋਗ ਵਿਚ ਸਹਾਇਕ ਨਹੀਂ ਹੁੰਦੇ। ਪਾਠਕ ਆਮ ਕਰਕੇ ਪੁਸਤਕ ਅਤੇ ਉਨ੍ਹਾਂ ਵਿਚ ਦਿੱਤੀ ਸੂਚਨਾਵਾਂ ਦੀ ਮੰਗ ਵਿਸ਼ੇ ਦੇ ਅਨੁਸਾਰ ਕਰਦਾ ਹੈ ਇਸ ਕਰਕੇ ਵਿਸ਼ਾ ਅਨੁਸਾਰ ਤਰਤੀਬ ਹੀ ਜ਼ਿਆਦਾ ਲਾਭਦਾਇਕ ਹੁੰਦੀ ਹੈ ਅਤੇ ਇਹ ਸ਼ੈਲਫ਼ ਤਰਤੀਬ ਪਹਿਲੇ ਨਿਯਮ ਦੀ ਪੂਰਤੀ ਕਰਦੀ ਹੈ।

### 1.2.2.1.8. ਲਾਇਬ੍ਰੇਰੀ ਨਿਯਮ (Library Rules)

ਨਿਯਮ ਕਿਸੇ ਵੀ ਕਾਰਜ ਦੀ ਪਾਲਣਾ ਚੰਗੇ ਢੰਗ ਨਾਲ ਕਰਨ ਲਈ ਹੁੰਦੇ ਹਨ ਅਤੇ ਇਸ ਲਈ ਲਾਇਬ੍ਰੇਰੀ ਨਿਯਮ ਪਾਠਕਾਂ ਦੀਆਂ ਸੁਵਿਧਾਵਾਂ, ਲੋੜਾਂ ਨੂੰ ਧਿਆਨ ਵਿਚ ਰਖ ਕੇ ਬਣਾਏ ਜਾਣ। ਇਹ ਨਿਯਮ ਲਚਕੀਲੇ ਹੋਣੇ ਚਾਹੀਦੇ ਹਨ ਤਾਂਕਿ ਲੋੜ ਵੇਲੇ ਸਮੇਂ-ਸਮੇਂ ਸਿਰ ਇਨ੍ਹਾਂ ਵਿਚ ਸੋਧ ਕੀਤੀ ਜਾ ਸਕੇ। ਚੰਗੇ ਨਿਯਮ ਪੁਸਤਕ ਦੀ ਵੱਧ ਵਰਤੋਂ ਵਿਚ ਸਹਾਇਕ ਹੁੰਦੇ ਹਨ।

### 1.2.2.1.9. ਲਾਇਬ੍ਰੇਰੀ ਤਕਨੀਕਾਂ (Library Techniques)

ਇਸ ਸੂਚਨਾ ਦੇ ਵੱਧਦੇ ਯੁਗ ਵਿਚ ਜਦੋਂ ਪੁਸਤਕਾਂ ਅਤੇ ਦੂਜੇ ਕਿਸਮ ਦੇ ਪ੍ਰਲੇਖਾਂ ਵਿਚ ਬਹੁਤ ਵਾਧਾ ਹੋ ਰਿਹਾ ਹੈ ਇਸ ਕਾਰਣ ਲਾਇਬ੍ਰੇਰੀ ਵਿਚ ਪ੍ਰਾਪਤ ਹੋਣ ਵਾਲੀ ਪੜ੍ਹਨਯੋਗ ਪਾਠ ਸਮੱਗਰੀ ਦਾ ਸੁਨਿਯੋਜਨ ਹੋਣਾ ਜ਼ਰੂਰੀ ਹੈ ਜਿਸ ਲਈ ਵਰਗੀਕਰਣ ਅਤੇ ਸੂਚੀਕਰਣ ਹੋਣਾ ਜ਼ਰੂਰੀ ਹੈ। ਇਨ੍ਹਾਂ ਢੰਗਾਂ ਦਾ ਪ੍ਰਯੋਗ ਪਾਠਕਾਂ ਦੀ ਲੋੜਾਂ, ਉਨ੍ਹਾਂ ਦੀ ਪ੍ਰਕਾਰ ਦੇ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਇਹ ਢੰਗ ਪਾਠਕਾਂ ਨੂੰ ਔਕੜ ਦੀ ਬਜਾਏ ਸੁਵਿਧਾ ਦੇਣ ਵਾਲਾ ਹੋਣਾ ਚਾਹੀਦਾ ਹੈ।

### 1.2.2.1.10. ਪ੍ਰਚਾਰ (Publicity)

ਹਰ ਪ੍ਰਲੇਖ ਜਿਹੜਾ ਲਾਇਬ੍ਰੇਰੀ ਵਿਚ ਪ੍ਰਾਪਤ ਹੋ ਚੁੱਕਾ ਹੈ ਉਸ ਦਾ ਪ੍ਰਚਾਰ ਵਿਸਤਾਰ ਪੂਰਵਕ ਹੋਣਾ ਚਾਹੀਦਾ ਹੈ ਤਾਂ ਕਿ ਉਹ ਪਾਠਕ ਦੀ ਨਜ਼ਰ ਵਿਚ ਆ ਜਾਣ। ਨਵੀਆਂ ਪੁਸਤਕਾਂ ਨੂੰ ਲਾਇਬ੍ਰੇਰੀ ਦੇ ਦਰਵਾਜੇ ਕੋਲ ਵਿਖਾਵੇ ਲਈ ਰਖਿਆ ਜਾਵੇ। ਸੀ.ਏ.ਐਸ. (Current Awarness Service), ਐਸ.ਡੀ.ਆਈ. (S.D.I.), ਚੋਣਵੀਂ ਸਾਰ ਸੇਵਾ ਆਦਿ ਦਾ ਪ੍ਰਯੋਗ ਪੁਸਤਕਾਂ ਦੀ ਵਰਤੋਂ ਵਿਚ ਵਾਧਾ ਕਰਦਾ ਹੈ।

### 1.2.2.1.11. ਪੁਸਤਕਾਂ ਦੀ ਸੰਭਾਲ (Maintenance of Reading Material)

ਪੁਸਤਕਾਂ ਅਤੇ ਪ੍ਰਲੇਖਾਂ ਦੀ ਸਾਂਭ ਸੰਭਾਲ ਚੰਗੇ ਢੰਗ ਨਾਲ ਕੀਤੀ ਜਾਵੇ। ਪਾਠਕਾਂ ਵੱਲੋਂ ਮਿੱਟੀ ਅਤੇ ਧੂੜ ਪਈਆਂ ਪੁਸਤਾਂ ਦੀ ਵਰਤੋਂ ਘੱਟ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਸਫ਼ਾਈ ਨਿੱਤ ਹੋਣੀ ਚਾਹੀਦੀ ਹੈ। ਪੁਸਤਕਾਂ ਉੱਤੇ ਛੋਟੀ ਪਰਚੀ (Tag) ਠੀਕ ਢੰਗ ਨਾਲ ਲਗਿਆ ਹੋਵੇ। ਫਟੀਆਂ ਪੁਸਤਕਾਂ ਦੀ ਜਿਲਦ ਸਾਜ਼ੀ ਜਾਂ ਲੋੜ ਅਨੁਸਾਰ ਮੁਰੰਮੱਤ ਦਾ ਕੰਮ ਲਗਾਤਾਰ ਹੋਣਾ ਚਾਹੀਦਾ ਹੈ। ਜਿਨ੍ਹਾਂ ਪੁਸਤਕਾਂ ਦੀ ਵਰਤੋਂ ਨਹੀਂ ਹੁੰਦੀ ਉਨ੍ਹਾਂ ਨੂੰ ਸਟੈਕਾਂ ਤੋਂ ਹਟਾ ਦੇਣਾ ਚਾਹੀਦਾ ਹੈ, ਇਹ ਦੂਜੀ ਪੁਸਤਕਾਂ ਦੀ ਵਰਤੋਂ ਨੂੰ ਵਧਾਉਣ ਵਿਚ ਸਹਾਇਕ ਹੋਵੇਗਾ।

ਲਾਇਬ੍ਰੇਰੀ ਵਿਗਿਆਨ ਦੇ ਪਹਿਲੇ ਨਿਯਮ ਨੂੰ ਅਮਲੀ ਰੂਪ ਦੇਣ ਲਈ ਲਾਇਬ੍ਰੇਰੀਆਂ ਦਾ ਸਵਰੂਪ ਬਦਲ ਗਿਆ ਹੈ। ਇਸ ਨਿਯਮ ਨੇ ਤਿੰਨਾਂ ਪੁਸਤਕਾਂ, ਪਾਠਕਾਂ ਅਤੇ ਕਰਮਚਾਰੀਆਂ ਸਾਰਿਆਂ ਤੇ ਅਸਰ ਪਾਇਆ ਹੈ। ਇਸ ਨਿਯਮ ਦੇ ਸੁਨੇਹੇ ਨਾਲ ਮਨੁੱਖ ਦੇ ਸਮਾਜਕ ਜੀਵਨ ਦੀ ਭਲਾਈ ਵਾਸਤੇ ਪੁਸਤਕਾਂ ਅਤੇ ਦੂਜੇ ਪ੍ਰਲੇਖਾਂ ਵਿਚ ਅੰਕਿਤ ਸੂਚਨਾ ਦੇ ਡੂੰਘੇ ਅਰਥਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਛੋਟੀ ਤੋਂ ਛੋਟੀ, ਨਿਗੁਣੀ ਤੋਂ ਨਿਗੁਣੀ ਸੂਚਨਾ ਵੱਡੇ ਤੋਂ ਵੱਡੇ ਕੰਮ ਵਿਚ ਜ਼ਰੂਰੀ ਹੋ ਸਕਦੀ ਹੈ ਅਤੇ ਪਹਿਲੇ ਨਿਯਮ ਦਾ ਇਹ ਹੀ ਭਾਵ ਹੈ।

## 1.2.3. ਦੂਜਾ ਨਿਯਮ : ਹਰ ਪਾਠਕ ਨੂੰ ਉਸ ਦੀ ਲੋੜੀਂਦੀ ਪੁਸਤਕ ਦਿਓ(Every Reader his/her book)

ਪਾਠਕ ਵੱਲ ਵੱਧ ਝੁਕਾਅ ਵਾਲੇ ਅਤੇ ਹਰ ਪਾਠਕ ਨੂੰ ਉਸ ਦੀ ਲੋੜੀਂਦੀ ਪੁਸਤਕ ਦੇਣ ਦਾ ਹੋਕਾ ਲਗਾ, ਲਾਇਬ੍ਰੇਰੀ ਵਿਗਿਆਨ ਦਾ ਦੂਜਾ ਨਿਯਮ, ਪਹਿਲੇ ਨਿਯਮ ਦੇ ਸੁਨੇਹੇ ਰੂਪੀ ਤੱਥ ਨੂੰ ਹੋਰ ਅੱਗੇ ਲੈ ਜਾਂਦਾ ਹੈ। ਜਿੱਥੇ ਪਹਿਲਾ ਨਿਯਮ ਵਿਦਿਆ, ਸੂਚਨਾ ਅਤੇ ਗਿਆਨ ਦੇ ਸ੍ਰੋਤ ਅਤੇ ਲਾਇਬ੍ਰੇਰੀ ਦੀ ਨੀਂਹ ਪੁਸਤਕ ਨੂੰ ਅੱਗੇ ਰਖ ਉਸ ਦੀ ਉਪਯੋਗਤਾ ਸਿੱਧ ਕਰਦਾ ਹੈ, ਉੱਥੇ ਦੂਜਾ ਨਿਯਮ ਪਾਠਕਾਂ ਦੇ ਬੌਧਿਕ ਵਿਕਾਸ ਅਤੇ ਵਿਕਾਸ ਦੇ ਅਧਿਕਾਰ ਦੀ ਰਖਿਆ ਕਰਦਾ ਹੈ, ਇਸ ਲਈ ਇਹ ਹਰ ਪਾਠਕ ਨੂੰ ਪੁਸਤਕ ਦੇਣ ਦੀ ਅਪੀਲ ਕਰਦਾ ਹੈ। ਇਹ ਸਿਧਾਂਤ ਇਹ ਸੰਕੇਤ ਦਿੰਦਾ ਹੈ ਕਿ ਸਿੱਖਿਆ ਪ੍ਰਾਪਤ ਕਰਨਾ, ਕੁਝ ਇਕ ਵਿਸ਼ੇਸ਼ ਲੋਕਾਂ ਦਾ ਹੱਕ ਨਹੀਂ, ਇਹ ਸਮਾਜ ਦੇ ਹਰ ਪ੍ਰਾਣੀ ਦਾ ਹੱਕ ਹੈ, ਇਸ ਲਈ ਲਾਇਬ੍ਰੇਰੀ ਦੇ ਦਰਵਾਜੇ ਸਮਾਜ ਦੇ ਹਰ ਵਿਅਕਤੀ ਲਈ ਜਾਤ-ਪਾਤ, ਰੰਗ, ਕੌਮੀਅਤ, ਉਮਰ, ਧਰਮ, ਭਾਸ਼ਾ, ਅਹੁਦਾ ਅਤੇ ਲਿੰਗ ਦੇ ਭੇਦ-ਭਾਵ ਤੋਂ ਬਿਨਾਂ ਇਕਸਾਰ ਵਰਤੋਂ ਲਈ ਸਦਾ ਖੁੱਲ੍ਹੇ ਰਹਿਣੇ ਚਾਹੀਦੇ ਹਨ। ਇਸ ਨਿਯਮ ਦਾ ਰੂਪਾਂਤਰ ਹੈ 'ਸਭ ਲਈ ਪੁਸਤਕਾਂ' (Books for All) ਹੈ। ਇਹ ਨਿਯਮ ਜਨਤੰਤਰ ਲਈ ਡੂੰਘਾ ਹੁੰਗਾਰਾ ਭਰਦਾ ਹੈ।

ਦੂਜੇ ਨਿਯਮ ਦਾ ਉਦੇਸ਼ ਮਾਨਵ ਜਾਤੀ ਨੂੰ ਅੱਖਰ ਗਿਆਨ ਦੇ ਸਿੱਖਿਅਤ ਕਰ ਵਧੇਰੇ ਯੋਗ ਬਣਾਉਣਾ ਹੈ। ਜਦੋਂ ਤਕ ਵਿੱਦਿਆ ਅਤੇ ਗਿਆਨ ਨੂੰ ਆਮ ਵਿਅਕਤੀਆਂ ਤਕ ਨਹੀਂ ਪਹੁੰਚਾਇਆ ਜਾਂਦਾ, ਤਦ ਤਕ ਵਿਅਕਤੀ ਵਿਸ਼ੇਸ਼, ਸਮਾਜ ਅਤੇ ਦੇਸ਼ ਦੀ ਤਰੱਕੀ ਨਹੀਂ ਹੋ ਸਕਦੀ। ਦੇਸ਼ ਦੀ ਇਕਾਈ ਆਮ ਨਾਗਰਿਕ ਹੈ। ਇਹ ਜਨਤਾ ਪੜ੍ਹ-ਲਿਖ ਕੇ ਜਿਤਨਾ ਯੋਗਦਾਨ ਭਿੰਨ-ਭਿੰਨ ਕੰਮ-ਧੰਦਿਆਂ ਵਿਚ ਪਾਏਗੀ, ਦੇਸ਼ ਉਤਨੀ ਹੀ ਵਧੇਰੇ ਉੱਨਤੀ ਕਰੇਗਾ।

ਦੂਜੇ ਨਿਯਮ ਵਿਚ 'ਹਰ ਪਾਠਕ' ਅਤੇ 'ਉਸ ਦੀ ਪੁਸਤਕ' ਦੀ ਵਿਆਖਿਆ ਹੈ। 'ਹਰ ਪਾਠਕ' ਵਿਚ **ਸਮਾਜ ਦੇ ਸਾਰੇ ਹਿੱਸਿਆਂ ਦੇ ਵਿਅਕਤੀ** ਆਉਂਦੇ ਹਨ, ਉੱਥੇ 'ਉਸ ਦੀ ਪੁਸਤਕ' ਦਾ ਭਾਵ ਹੈ **'ਉਸ ਵੇਲੇ ਲੋੜੀਂਦੀ ਪੁਸਤਕ'** ਜੋ ਕਿਸੇ ਵੀ ਵਿਸ਼ਾ ਭਾਸ਼ਾ ਅਤੇ ਸਤਰ ਦੀ ਹੋ ਸਕਦੀ ਹੈ, ਸ਼ਾਮਲ ਹੈ।

### 1.2.3.1. ਕਾਰਜ ਖੇਤਰ (Scope)

#### 1.2.3.1.1. ਪੇਂਡੂ ਖੇਤਰ ਲਈ ਪੁਸਤਕਾਂ (Book for Rural Areas)

ਵਸੋਂ ਦਾ ਵੱਡਾ ਹਿੱਸਾ ਪਿੰਡਾਂ ਵਿਚ ਵੱਸਦਾ ਹੈ। ਉਨ੍ਹਾਂ ਸਭ ਤਕ ਲਾਇਬ੍ਰੇਰੀ ਦੀਆਂ ਪੁਸਤਕਾਂ ਨਹੀਂ ਪਹੁੰਚਦੀਆਂ। ਇਸ ਤੋਂ ਪਹਿਲਾਂ ਇਸ ਖੇਤਰ ਵਿਚ ਸਕੂਲਾਂ ਦਾ ਹੋਣਾ ਜ਼ਰੂਰੀ ਹੈ, ਤਾਂ ਕਿ ਪਿੰਡਵਾਸੀ ਪੜ੍ਹ-ਲਿਖ ਕੇ ਪੁਸਤਕਾਂ ਵਰਤਨਯੋਗ ਹੋ ਜਾਣ।

#### 1.2.3.1.2. ਦਿਹਾਤੀ ਲਾਇਬ੍ਰੇਰੀਆਂ (Rural Libraries)

ਦਿਹਾਤੀਆਂ ਦੀਆਂ ਲੋੜਾਂ ਨੂੰ ਅੱਖੋ ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ। ਇਸ ਲਈ ਸਭ ਤੋਂ ਪਹਿਲਾਂ ਜ਼ਿਲ੍ਹਾ ਲਾਇਬ੍ਰੇਰੀ ਦੀ ਸਥਾਪਨਾ ਜ਼ਰੂਰੀ ਹੈ ਅਤੇ ਉਸ ਦੇ ਬਾਅਦ ਦਿਹਾਤੀ ਲਾਇਬ੍ਰੇਰੀਆਂ ਦਾ ਜਾਲ ਵਿਛਾਉਣਾ ਚਾਹੀਦਾ ਹੈ। ਜਿਸ ਇਲਾਕੇ ਵਿਚ ਲਾਇਬ੍ਰੇਰੀ ਨਾ ਹੋਵੇ ਉੱਥੇ ਸਿੱਧੇ ਜ਼ਿਲ੍ਹਾ ਲਾਇਬ੍ਰੇਰੀ ਤੋਂ ਪੁਸਤਕਾਂ ਭੇਜੀਆਂ ਜਾਣ ਅਤੇ ਇਸ ਲਈ ਇਕ ਚਲਦੀ-ਫਿਰਦੀ ਲਾਇਬ੍ਰੇਰੀ (Mobile Library) ਦੀ ਲੋੜ ਹੈ। ਇਹ ਢੰਗ ਪੁਸਤਕਾਂ ਨੂੰ ਪਾਠਕਾਂ ਦੇ ਦਰਵਾਜੇ ਤਕ ਪਹੁੰਚਾ ਕੇ ਉਨ੍ਹਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰੇਗਾ।

#### 1.2.3.1.3. ਬੱਚਿਆਂ ਲਈ ਪੁਸਤਕਾਂ (Books for Children)

ਦੂਜੇ ਨਿਯਮ ਦੀ ਇਹ ਮੰਗ ਹੈ ਕਿ ਦੇਸ਼ ਦੇ ਭਵਿੱਖ ਬੱਚਿਆਂ ਨੂੰ ਉਨ੍ਹਾਂ ਦੀ ਸਮਝ, ਉਮਰ, ਪੱਧਰ ਅਨੁਸਾਰ ਪੜ੍ਹਨ ਲਈ ਵੱਧ-ਤੋਂ-ਵੱਧ ਪਾਠਨ-ਸਮੱਗਰੀ ਉਪਲੱਬਧ ਕੀਤੀ ਜਾਵੇ। ਲੋਕ ਲਾਇਬ੍ਰੇਰੀਆਂ ਵਿਚ ਬੱਚਿਆਂ ਦੇ ਵਿਭਾਗ ਦੀ ਲੋੜ ਦੀ ਇਹ ਨਿਯਮ ਮੰਗ ਕਰਦਾ ਹੈ। ਇਸ ਵਿਭਾਗ ਵਿਚ ਮੋਟੀ ਛਪਾਈ, ਤਸਵੀਰਾਂ ਵਾਲਾ ਦਿਲਚਸਪ ਸਾਹਿਤ ਰਖਿਆ ਜਾਵੇ। ਵੱਡੇ ਹੋ ਕੇ ਲਾਇਬ੍ਰੇਰੀ ਦੇ ਪੱਕੇ ਪਾਠਕ ਅਤੇ ਚੰਗੇ ਨਾਗਰਿਕ ਬਣਾਉਣ ਲਈ ਉਨ੍ਹਾਂ ਵਿਚ ਬਚਪਨ ਵਿਚ ਚੇਤਨਾ ਜਗਾਉਣਾ ਜ਼ਰੂਰੀ ਹੈ।

#### 1.2.3.1.4. ਮਜ਼ਦੂਰ ਵਰਗ ਲਈ ਪੁਸਤਕਾਂ (Books for Workers)

ਮਿਲ, ਫੈਕਟਰੀਆਂ ਅਤੇ ਦੂਜੇ ਸਨਤੀਅਦਾਰੇ ਕਿਸੇ ਦੇਸ਼ ਦੀ ਉੱਨਤੀ ਦੇ ਸਾਧਨ ਹੁੰਦੇ ਹਨ। ਇਨ੍ਹਾਂ ਖੇਤਰਾਂ ਵਿਚ ਕ੍ਰਾਂਤੀ ਲਿਆਉਣ ਲਈ ਮਜ਼ਦੂਰ ਵਰਗ ਦਾ ਜਾਗਰੂਕ ਅਤੇ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ ਹੈ। ਉਨ੍ਹਾਂ ਲਾਇਬ੍ਰੇਰੀ ਅਤੇ ਪੁਸਤਕਾਂ ਦੇ ਲਾਭ ਅਤੇ ਉਪਯੋਗ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ।

ਉਦਯੋਗਾਂ ਵਾਲੇ ਇਲਾਕਿਆਂ ਵਿਚ ਲੋਕ ਲਾਇਬ੍ਰੇਰੀਆਂ ਦੀ ਸਥਾਪਨਾ ਜ਼ਰੂਰੀ ਹੈ ਜਿਨ੍ਹਾਂ ਵਿਚ ਮਜ਼ਦੂਰਾਂ ਨਾਲ ਸੰਬੰਧੀ ਰੁਚੀਆਂ ਅਨੁਸਾਰ ਪੁਸਤਕਾਂ ਹੋਣੀਆਂ ਜ਼ਰੂਰੀ ਹਨ। ਮਸ਼ੀਨਾਂ ਲਗਾਉਣ, ਚਲਾਉਣ ਅਤੇ ਸਾਂਭ-ਸੰਭਾਲ ਕਰਨ ਦੀ ਜਾਣਕਾਰੀ, ਉਤਪਾਦਨ ਵਧਾਉਣ ਦੇ ਤਰੀਕੇ ਦੱਸਣ ਵਾਲੀ ਸਮੱਗਰੀ, ਸਮਾਜਕ ਸੁਧਾਰਾਂ, ਮਜਦੂਰਾਂ ਦੇ ਹੱਕਾਂ ਬਾਰੇ ਜਾਣਕਾਰੀ ਦਿੰਦੀਆਂ ਪੁਸਤਕਾਂ ਉਨ੍ਹਾਂ ਨੂੰ ਆਪਣੇ ਵੱਲ ਖਿੱਚਣ ਵਿਚ ਸਮਰਥ ਹਨ।

#### 1.2.3.1.5. ਅਸਮਰਥਾਂ ਲਈ ਪੁਸਤਕਾਂ (Books for Disabled)

ਦੂਜੇ ਨਿਯਮ ਦੀ ਮੰਗ ਆਮ ਪਾਠਕਾਂ ਤਕ ਸੀਮਿਤ ਨਹੀਂ ਹੈ, ਇਹ ਸਮਾਜ ਦੇ ਅੰਗਹੀਣ, ਨੇਤਰਹੀਣ, ਬੀਮਾਰਾਂ, ਕੈਦੀਆਂ ਆਦਿ ਨੂੰ ਪੁਸਤਕਾਂ ਉਪਲੱਬਧ ਕਰਾਉਣ ਤੇ ਜ਼ੋਰ ਦਿੰਦਾ ਹੈ। ਇਨ੍ਹਾਂ ਵਿਚ ਪ੍ਰੇਰਨਾ ਦੇਣ ਅਤੇ ਮਨੋਰੰਜਨ ਆਦਿ ਦੇ ਸੰਬੰਧ ਵਿਚ ਪੁਸਤਕਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

#### 1.2.3.1.6. ਦਸਤਕਾਰਾਂ ਲਈ ਪੁਸਤਕਾਂ (Books for Artisan)

ਦਸਤਕਾਰਾਂ, ਸ਼ਿਲਪਕਾਰਾਂ ਅਤੇ ਹੋਰ ਕਾਰੀਗਰਾਂ ਨੂੰ ਉਨ੍ਹਾਂ ਦੀ ਮੁਹਾਰਤ ਅਨੁਸਾਰ ਪੁਸਤਕਾਂ ਉਪਲੱਬਧ ਕਰਾਉਣੀਆਂ ਚਾਹੀਦੀਆਂ ਹਨ। ਇਸ ਨਾਲ ਉਨ੍ਹਾਂ ਦੇ ਸੰਬੰਧਤ ਗਿਆਨ ਵਿਚ ਵਾਧਾ ਹੋਵੇਗਾ ਅਤੇ ਉਹ ਆਪਣੇ ਖੇਤਰ ਵਿਚ ਨਿਪੁੰਨ ਬਣ ਜਾਣਗੇ। ਉਤਪਾਦਨ ਵਿਚ ਵਾਧੇ ਨਾਲ ਉਨ੍ਹਾਂ ਦਾ ਆਰਥਕ ਪੱਧਰ ਵੀ ਪ੍ਰਭਾਵਤ ਹੋਵੇਗਾ। ਉਨ੍ਹਾਂ ਦਾ ਸਮਾਜ ਭਲਾਈ ਵਿਚ ਯੋਗਦਾਨ ਵੱਧ ਜਾਵੇਗਾ।

ਇਨ੍ਹਾਂ ਵਿਚਾਰਾਂ ਨਾਲ ਚਾਰ ਤੱਥ ਨਿੱਖੜ ਕੇ ਸਾਹਮਣੇ ਆਉਂਦੇ ਹਨ :

(1) ਸਮਾਜ ਦੇ ਹਰ ਵਰਗ ਲਈ ਪੁਸਤਕਾਂ ਦੀ ਲੋੜ ਨੂੰ ਪੂਰਾ ਕਰਨ ਲਈ ਬਹੁਤ ਵੱਡੀ ਰਾਸ਼ੀ ਦੀ ਲੋੜ ਹੈ। ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਜਾਂ ਸਮੂਹ ਲਈ ਜੁਟਾ ਪਾਣੀ ਸੰਭਵ ਨਹੀਂ ਹੈ;

(2) ਹਰ ਪਾਠਕ ਤਕ ਪੁਸਤਕਾਂ ਪਹੁੰਚਾਉਣ ਲਈ ਸਾਰੀਆਂ ਲਾਇਬ੍ਰੇਰੀਆਂ ਵਿਚ ਆਪਸੀ ਸਹਿਯੋਗ ਦੀ ਲੋੜ ਹੈ;

(3) ਇਸ ਕਾਰਜ ਨੂੰ ਪੂਰਾ ਕਰਨ ਲਈ ਇਕ ਲਾਇਬ੍ਰੇਰੀ ਪ੍ਰਣਾਲੀ ਦੀ ਸਥਾਪਨਾ ਜ਼ਰੂਰੀ ਹੈ ਜਿਸ ਨਾਲ ਲਾਇਬ੍ਰੇਰੀਆਂ ਦਾ ਜਾਲ ਬੁਣਿਆ ਜਾ ਸਕੇ; ਅਤੇ

(4) ਇਸ ਸਭ ਕੁੱਝ ਵਾਸਤੇ ਰਾਜ ਅਤੇ ਕੇਂਦਰੀ ਸਰਕਾਰ ਸਹਿਯੋਗ ਅਤੇ ਅਨੁਦਾਨ ਦੇਵੇ ਕਿਉਂਕਿ ਇਕ ਕਲਿਆਣਕਾਰੀ ਰਾਜ ਲਈ ਸਮਾਜ ਵਿਚ

ਆਪਣੇ ਨਾਗਰਿਕਾਂ ਨੂੰ ਮੁਫਤ ਲਾਇਬ੍ਰੇਰੀ ਸੇਵਾ ਦੀ ਜ਼ਿੰਮੇਵਾਰੀ ਬਣਦੀ ਹੈ।

### 1.2.3.2. ਦੂਜੇ ਨਿਯਮ ਦੇ ਸੰਕੇਤ (Implications of the Second Law)

ਦੂਜੇ ਨਿਯਮ ਦੀ ਸਫ਼ਲਤਾ ਲਈ ਡਾ. ਰੰਗਾਨਾਥਨ ਨੇ ਨਿਮਨਲਿਖਤ ਸੁਝਾਅ ਦਿੱਤੇ ਹਨ :

### 1.2.3.2.1. ਰਾਜ ਸਰਕਾਰ ਦੀ ਜ਼ਿੰਮੇਵਾਰੀ (Obligations of State)

ਦੂਜੇ ਨਿਯਮ ਦੇ ਟਿੱਚੇ ਪ੍ਰਾਪਤ ਕਰਨ ਲਈ ਰਾਜ ਸਰਕਾਰ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਇਸ ਨਿਯਮ ਦੇ ਅਨੁਸਾਰ ਰਾਜ ਸਰਕਾਰ ਦੀਆਂ ਤਿੰਨ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਹਨ :

(1) ਵਿੱਤ, (2) ਲਾਇਬ੍ਰੇਰੀ ਕਾਨੂੰਨ, ਅਤੇ (3) ਤਾਲਮੇਲ ਸੰਬੰਧੀ।

### 1.2.3.2.1.1. ਵਿੱਤ (Finance)

ਵਿੱਤ ਲਾਇਬ੍ਰੇਰੀ ਸਿਸਟਮ ਦੀ ਸਥਾਪਨਾ, ਵਿਕਾਸ ਅਤੇ ਦੇਖਭਾਲ ਲਈ ਜ਼ਰੂਰੀ ਹੈ। ਜੇਕਰ ਸਰਕਾਰ ਲਗਾਤਾਰ ਅਤੇ ਬਕਾਇਦਾ ਤੌਰ ਤੇ ਵਿੱਤ ਉਪਲੱਬਧ ਕਰਾਉਂਦੀ ਹੈ ਤਾਂ ਲਾਇਬ੍ਰੇਰੀ ਸੇਵਾ ਸੰਤੋਖਜਨਕ ਢੰਗ ਨਾਲ ਪ੍ਰਦਾਨ ਕੀਤੀ ਜਾ ਸਕਦੀ ਹੈ। ਇਸ ਦੇ ਮੁੱਖ ਸਰੋਤ ਨਿਮਨਲਿਖਿਤ ਹੋ ਸਕਦੇ ਹਨ :

#### (1) ਸਰਕਾਰੀ ਅਨੁਦਾਨ (Government Grant)

ਸਰਕਾਰੀ ਅਨੁਦਾਨ ਦੁਆਰਾ ਸਰਕਾਰ ਰਾਜ ਦੀਆਂ ਲੋਕ ਲਾਇਬ੍ਰੇਰੀਆਂ ਦੇ ਖਰਚ ਲਈ ਵਿੱਤ ਪ੍ਰਦਾਨ ਕਰਦੀ ਹੈ। ਸਰਕਾਰ ਨੂੰ ਹਰ ਸਾਲ ਆਪਣੇ ਬਜਟ ਵਿਚ ਅਨੁਪਾਤ ਦੇ ਆਧਾਰ ਤੇ ਅਨੁਦਾਨ ਦਾ ਇੰਤਜਾਮ ਕਰਨਾ ਚਾਹੀਦਾ ਹੈ। ਕਲਿਆਣਕਾਰੀ ਕੰਮਾਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ।

#### (2) ਲਾਇਬ੍ਰੇਰੀ ਉਪ-ਕਰ (Library Cess)

ਸਰਕਾਰ ਤੋਂ ਇਲਾਵਾ ਹਰ ਸਮਾਜ ਅਤੇ ਸਮਾਜਕ ਭਾਈਚਾਰੇ ਦਾ ਫ਼ਰਜ਼ ਬਣ ਜਾਂਦਾ ਹੈ ਕਿ ਉਹ ਆਪਣੇ ਵਿੱਤੀ ਸਾਧਨਾ ਵਿਚੋਂ ਕੁਝ-ਨਾ-ਕੁਝ ਉਪਹਾਰ ਦੇ ਰੂਪ ਵਿਚ ਲਾਇਬ੍ਰੇਰੀਆਂ ਦੀ ਸਥਾਪਨਾ, ਵਿਕਾਸ ਅਤੇ ਦੇਖਭਾਲ ਲਈ ਯੋਗਦਾਨ ਦੇਣ। ਸਰਕਾਰ ਅਜਿਹੇ ਉਪ-ਕਰ ਦੀ ਦਰ ਨਿਸ਼ਚਿਤ ਕਰਦੀ ਹੈ, ਲਾਗੂ ਕਰਕੇ, ਕਰ ਵਸੂਲ ਕੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾ ਕਰਵਾਉਂਦੀ ਹੈ। ਇਸ ਧਨਰਾਸ਼ੀ ਨੂੰ ਲਾਇਬ੍ਰੇਰੀ ਦੀ ਸਥਾਪਨਾ ਅਤੇ ਵਿਕਾਸਸ਼ੀਲ ਕੰਮਾਂ ਤੇ ਖ਼ਰਚ ਕੀਤਾ ਜਾ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਹੋਰ ਅਨੁਦਾਨ, ਤਦਅਰਥ ਅਨੁਦਾਨ (Adhoc Grant) ਜਾਂ ਦਾਨ ਮਿਲੇ ਤਾਂ ਉਸ ਨੂੰ ਲਾਇਬ੍ਰੇਰੀ ਦੇ ਖ਼ਜ਼ਾਨੇ ਵਿਚ ਜਮ੍ਹਾ ਕਰਾ ਲਿਆ ਜਾਂਦਾ ਹੈ।

### 1.2.3.2.1.2. ਲਾਇਬ੍ਰੇਰੀ ਕਾਨੂੰਨ (Library Law)

ਲੋੜੀਂਦੇ ਵਿੱਤੀ ਸਰੋਤ ਤੋਂ ਬਾਅਦ ਹਰ ਪਾਠਕ ਨੂੰ ਮੁਫ਼ਤ ਲਾਇਬ੍ਰੇਰੀ ਸੇਵਾ ਦੇਣ ਲਈ ਲਾਇਬ੍ਰੇਰੀ ਕਾਨੂੰਨ ਦੀ ਵਿਵਸਥਾ ਦਾ ਹੋਣਾ ਜ਼ਰੂਰੀ ਹੈ। ਇਸ ਕਾਨੂੰਨ ਦੇ ਅਧੀਨ ਰਾਜ ਵਿਚ ਇਕ ਪ੍ਰਣਾਲੀ ਦੇ ਅੰਦਰ ਲਾਇਬ੍ਰੇਰੀਆਂ ਦਾ ਇਕ ਜਾਲ ਵਿਛਾਇਆ ਜਾ ਸਕਦਾ ਹੈ ਜਿਸ ਰਾਹੀਂ ਹਰ ਪਾਠਕ ਨੂੰ ਬਿਨਾ ਕਿਸੇ ਉਮਰ, ਲਿੰਗ, ਧਰਮ, ਜਾਤ-ਪਾਤ, ਅਹੁਦੇ ਆਦਿ ਤੋਂ ਪਰ੍ਹੇ ਪੁਸਤਕਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਲਾਇਬ੍ਰੇਰੀ ਕਾਨੂੰਨ ਵਿਚ ਹਰ ਕੰਮ ਦੀ ਪਰਿਭਾਸ਼ਾ ਸਪਸ਼ਟ ਕੀਤੀ ਜਾਂਦੀ ਹੈ ਜਿਸ ਦੇ ਬਾਅਦ ਸੇਵਾ ਦੀ ਯੋਗ ਵਿਵਸਥਾ ਕੀਤੀ ਜਾਂਦੀ ਹੈ। ਸਮਾਜ ਦੇ ਬੌਧਿਕ ਵਿਕਾਸ ਹਿਤ ਯਤਨਸ਼ੀਲ ਹੋਣ ਕਰਕੇ ਲਾਇਬ੍ਰੇਰੀ ਇਕ ਬੌਧਿਕ ਵਿਕਾਸ ਦਾ ਕੇਂਦਰ ਬਣ ਜਾਂਦੀ ਹੈ।

### 1.2.3.2.1.3. ਤਾਲਮੇਲ (Co-ordination)

ਕਿਸੇ ਪ੍ਰਣਾਲੀ ਹੇਠ ਲਾਇਬਰੇਰੀ ਦੀ ਸਥਾਪਨਾ ਕਰਨਾ ਆਸਾਨ ਹੈ ਪਰ ਉਨ੍ਹਾਂ ਵਿਚ ਅੰਗਾਂ ਵਿਚ ਤਾਲ-ਮੇਲ ਰਖਣਾ ਬਹੁਤ ਹੀ ਜ਼ਿੰਮੇਵਾਰੀ ਅਤੇ ਮਹੱਤਵਪੂਰਨ ਕੰਮ ਹੈ। ਆਪਸੀ ਤਾਲ-ਮੇਲ ਨਾਲ ਸੀਮਿਤ ਸਾਧਨਾਂ ਨਾਲ ਕਾਫ਼ੀ ਫ਼ਰਜ਼ ਪੂਰੇ ਕੀਤੇ ਜਾ ਸਕਦੇ ਹਨ, ਖਰਚ ਵਿਚ ਬਚਤ ਕੀਤੀ ਜਾ ਸਕਦੀ ਹੈ। ਲਾਇਬ੍ਰੇਰੀ ਕਾਨੂੰਨ ਹੋਣ ਤੇ ਇਸ ਵਿਚ ਸੌਖ ਆ ਜਾਂਦੀ ਹੈ ਕਿਉਂਕਿ ਪੂਰੀ ਵਿਵਸਥਾ ਨੂੰ ਇਕ ਲੜੀ ਵਿਚ ਰਖਿਆ ਜਾ ਸਕਦਾ ਹੈ ਜਿਸ ਦੇ ਤਿੰਨ ਪੱਧਰ ਬਣਦੇ ਹਨ–ਕੌਮੀ ਪੱਧਰ; ਰਾਜ ਪੱਧਰ ਅਤੇ ਸਥਾਨਕ ਪੱਧਰ। ਲੋਕ ਕਾਨੂੰਨ ਵਿਚ ਕੀਤੀ ਵਿਵਸਥਾ ਦੇ ਆਧਾਰ ਤੇ ਰਾਜ ਦੀਆਂ ਸਾਰੀਆਂ ਲੋਕ ਲਾਇਬ੍ਰੇਰੀਆਂ ਪਿੰਡ, ਬਲਾਕ, ਜ਼ਿਲਾ ਆਦਿ ਨੂੰ ਰਾਜ ਕੇਂਦਰੀ ਲਾਇਬ੍ਰੇਰੀ ਨਾਲ ਜੋੜਿਆ ਜਾ ਸਕਦਾ ਹੈ।

### 1.2.3.2.2. ਲਾਇਬ੍ਰੇਰੀ ਪ੍ਰਾਧਿਕਾਰੀ ਜਾਂ ਲਾਇਬ੍ਰੇਰੀ ਅਥਾਰਿਟੀ ਦੀ ਜ਼ਿੰਮੇਵਾਰੀ (Obligations of the Library Authority)

ਸਰਕਾਰ ਦੁਆਰਾ ਕੀਤੇ ਜਾ ਰਹੇ ਲਾਇਬ੍ਰੇਰੀ ਦੇ ਕਾਰਜ ਕਾਫ਼ੀ ਨਹੀਂ ਹਨ। ਇਨ੍ਹਾਂ ਸਾਰੇ ਕਾਰਜਾਂ ਵਿਚ ਜਾਨ ਪਾਉਣ ਲਈ ਲਾਇਬ੍ਰੇਰੀ ਅਥਾਰਟੀ ਜਾਂ ਅਧਿਕ੍ਰਿਤਤਾ ਜ਼ਰੂਰੀ ਹੈ ਕਿਉਂਕਿ ਇਸ ਦੁਆਰਾ ਲਾਇਬ੍ਰੇਰੀ ਵਿਕਾਸ ਅਤੇ ਪ੍ਰਬੰਧਾਂ ਨੂੰ ਉਲੀਕੇ ਗਏ ਪ੍ਰੋਗਰਾਮਾਂ ਦੇ ਆਧਾਰ ਤੇ ਚਲਾਇਆ ਜਾ ਸਕਦਾ ਹੈ। ਲਾਇਬ੍ਰੇਰੀ ਪ੍ਰਾਧਿਕਾਰੀ ਦੀ ਨਿਮਨਲਿਖਿਤ ਜ਼ਿੰਮੇਵਾਰੀਆਂ ਹਨ :

(1) ਪੁਸਤਕ ਚੋਣ;

(2) ਕਰਮਚਾਰੀਆਂ ਦੀ ਨਿਯੁਕਤੀ;

(3) ਲਾਇਬ੍ਰੇਰੀ ਦੇ ਦਰਵਾਜ਼ੇ ਸਭ ਲਈ ਖੋਲ੍ਹਣੇ;

(4) ਲਾਇਬ੍ਰੇਰੀ ਨਿਯਮ।

### 1.2.3.2.3. ਲਾਇਬ੍ਰੇਰੀ ਕਰਮਚਾਰੀਆਂ ਦੀ ਜ਼ਿੰਮੇਵਾਰੀ (Obligations of Library Staff)

ਦੂਜੇ ਨਿਯਮ ਦੀ ਪੂਰਤੀ ਲਾਇਬ੍ਰੇਰੀ ਕਰਮਚਾਰੀਆਂ ਦੀ ਸਹਾਇਤਾ ਬਿਨਾ ਨਹੀਂ ਹੋ ਸਕਦੀ। ਇਸ ਲਈ ਲਾਇਬ੍ਰੇਰੀ ਪ੍ਰਬੰਧ ਅਤੇ ਕਾਰਜਾਂ ਵਿਚ ਲਾਇਬ੍ਰੇਰੀ ਅਮਲੇ ਦਾ ਬਹੁਤ ਮਹੱਤਵ ਹੈ। ਲਾਇਬ੍ਰੇਰੀ ਵਿਚ ਪਾਠਕ ਨੂੰ ਉਸਦੀ ਮਨਚਾਹੀ ਪਾਠ ਸਮੱਗਰੀ ਉਪਲੱਬਧ ਕਰਾਉਣ ਲਈ ਕਰਮਚਾਰੀ ਅਨੇਕ ਜ਼ਿੰਮੇਵਾਰੀਆਂ ਨਿਭਾਉਂਦੇ ਹਨ।

ਕਰਮਚਾਰੀਆਂ ਦਾ ਪਹਿਲਾ ਫ਼ਰਜ਼ ਪਾਠਕਾਂ ਅਤੇ ਪੁਸਤਕਾਂ ਨਾਲ ਵਾਕਫੀ ਅਤੇ ਅਪਣੱਤ ਦਾ ਭਾਵ ਪੈਦਾ ਕਰਨਾ ਹੈ। ਪਾਠਕਾਂ ਦੀਆਂ ਲੋੜਾਂ ਨੂੰ ਪੂਰਨ ਰੂਪ ਵਿਚ ਜਾਣਨਾ ਜ਼ਰੂਰੀ ਹੈ, ਜਿਸ ਲਈ ਪਰਸਪਰ ਸਬੰਧ ਜ਼ਰੂਰੀ ਹਨ। ਇਸ ਲਈ ਨਿਜੀ ਸੇਵਾ ਕਰਮਚਾਰੀਆਂ ਵੱਲੋਂ ਜ਼ਰੂਰੀ ਹੈ।

ਗਿਆਨ ਨਿਰੰਤਰ ਵੱਧ ਰਿਹਾ ਹੈ। ਸੂਚਨਾ ਯੁੱਗ ਵਿਚ ਨਿਤ ਨਵੀਆਂ ਸੂਚਨਾਵਾਂ ਅਤੇ ਉਨ੍ਹਾਂ ਦੇ ਪ੍ਰਚਾਰ ਦੇ ਸਾਧਨ ਆ ਰਹੇ ਹਨ। ਇਸ ਲਈ ਕਰਮਚਾਰੀਆਂ ਨੂੰ ਆਪਣੇ ਗਿਆਨ, ਕੁਸ਼ਲਤਾ ਅਤੇ ਮਹਾਰਤ ਵਿਚ ਲਗਾਤਾਰ ਵਾਧਾ ਕਰਨਾ ਚਾਹੀਦਾ ਹੈ।

'ਹਰ ਪਾਠਕ ਨੂੰ ਉਸ ਦੀ ਪੁਸਤਕ ਦਿਓ' ਦੇ ਸ਼ਬਦ 'ਉਸ ਦੀ' ਵਿਚ ਪੁਸਤਕਾਂ ਦੇ ਨਾਲ ਉਹ ਸਾਰੇ ਸੂਖਮ ਪ੍ਰਲੇਖ (Micro Deocuments) ਵੀ ਆਉਂਦੇ ਹਨ ਜਿਨ੍ਹਾਂ ਵਿਚ ਰਸਾਲੇ, ਉਨ੍ਹਾਂ ਵਿਚ ਛਪੇ ਲੇਖ, ਪੁਸਤਕਾਂ ਵਿਚ ਦਿੱਤੇ ਕੁੱਝ ਪੰਨੇ, ਜਿਨ੍ਹਾਂ ਵੱਲ ਪਾਠਕ ਦਾ ਧਿਆਨ ਖਿੱਚਣਾ ਜ਼ਰੂਰੀ ਹੁੰਦਾ ਹੈ। ਇਸ ਲਈ ਵਿਸ਼ੇ-ਸੂਚੀਆਂ, ਕ੍ਰਮ-ਸੂਚੀਆਂ ਅਤੇ ਸਾਰਾਂਸ਼ ਸੇਵਾ ਦੇ ਨਾਲ-ਨਾਲ ਪੁਸਤਕਾਲਾ ਸੂਚੀ (Library Catalogue) ਵਿਚ ਵਿਸ਼ਲੇਸ਼ਕ ਸੁਲੇਖ (Analytical Entries) ਬਣਾਉਣੇ ਚਾਹੀਦੇ ਹਨ।

### 1.2.3.2.4. ਪਾਠਕਾਂ ਦੀਆਂ ਜ਼ਿੰਮੇਵਾਰੀਆਂ (Obligations of the Readers)

ਦੂਜੇ ਨਿਯਮ ਦੇ ਸਦਕੇ ਲਾਇਬ੍ਰੇਰੀ ਦੇ ਦਰਵਾਜ਼ੇ ਸਭ ਲਈ ਖੁੱਲ੍ਹ ਜਾਣ ਕਰਕੇ ਪਾਠਕਾਂ ਦੁਆਰਾ ਪੁਸਤਕਾਂ ਦੀ ਮੰਗ ਵੱਧ ਗਈ ਹੈ, ਪਰ ਪੁਸਤਕਾਂ ਦੀ ਗਿਣਤੀ ਵਿਚ ਸੀਮਿਤ ਧਨ ਰਾਸ਼ੀ ਦੇ ਕਾਰਨ ਵਾਧਾ ਕਰਨਾ ਸੰਭਵ ਨਹੀਂ ਹੈ। ਇਸ ਲਈ 'ਹਰ ਪਾਠਕ ਨੂੰ ਉਸ ਦੀ ਪੁਸਤਕ' ਦੇਣ ਲਈ ਪਾਠਕਾਂ ਦਾ ਸਹਿਯੋਗ ਜ਼ਰੂਰੀ ਹੈ। ਪਾਠਕਾਂ ਨੂੰ ਇਹ ਅਹਿਸਾਸ ਕਰਾਉਣ ਦੀ ਲੋੜ ਹੈ ਕਿ ਉਹ ਇਕੱਲਾ ਹੀ ਪਾਠਕ ਨਹੀਂ ਸਗੋਂ ਉਸ ਵਰਗੇ ਅਨੇਕ ਹਨ ਅਤੇ ਸਭ ਦਾ ਬਰਾਬਰ ਦਾ ਹੱਕ ਬਣਦਾ ਹੈ। ਦੂਜਾ ਨਿਯਮ ਕੇਵਲ ਇਕ ਪਾਠਕ ਦੇ ਹੱਕ ਦੀ ਗੱਲ ਨਹੀਂ ਕਰਦਾ ਸਗੋਂ ਸਭ ਦੇ ਹੱਕ ਦੀ ਗੱਲ ਕਰਦਾ ਹੈ ਜਿੱਥੇ ਇਹ ਨਿਯਮ ਉਨ੍ਹਾਂ ਨੂੰ ਹੱਕ ਦਿੰਦਾ ਹੈ ਉੱਥੇ ਜ਼ਿੰਮੇਵਾਰੀਆਂ ਵੀ ਦਿੰਦਾ ਹੈ। ਇਸ ਨਿਯਮ ਦਾ ਪਾਠਕਾਂ ਨੂੰ ਸੁਨੇਹਾ ਹੈ 'ਪੜ੍ਹੋ ਤੇ ਪੜ੍ਹਣ ਦਿਓ' (Read and Let Read) ਇਸ ਲਈ ਉਹ ਖੁੱਲ੍ਹੀ ਪਹੁੰਚ ਵਿਚ ਪੁਸਤਕਾਂ ਨੂੰ ਰੈਕਾਂ ਵਿਚ ਇੱਧਰ-ਉੱਧਰ ਛੁਪਾਉਣ ਦੀ ਕੋਸ਼ਿਸ਼ ਨਾ ਕਰਨ।

### 1.2.3.3. ਲਾਇਬ੍ਰੇਰੀ ਸਹਿਯੋਗ (Library Cooperation)

ਸਾਰੀਆਂ ਉਪਲਬਧ ਕੋਸ਼ਿਸ਼ਾਂ ਨਾਲ ਵੀ ਕੋਈ ਲਾਇਬ੍ਰੇਰੀ ਸਵੈ-ਨਿਰਭਰ ਨਹੀਂ ਬਣ ਸਕਦੀ। ਅੱਜ ਦੇ ਸੂਚਨਾ ਯੁੱਗ ਵਿਚ ਪੁਸਤਕਾਂ, ਸੂਚਨਾ ਸ੍ਰੋਤਾਂ ਅਤੇ ਪਾਠਕਾਂ ਦੀਆਂ ਸੰਖਿਆਵਾਂ ਵਿਚ ਵਾਧਾ ਹੋਣ ਕਰਕੇ ਕਿਸੇ ਵੀ ਲਾਇਬ੍ਰੇਰੀ ਨੂੰ 'ਹਰ ਪਾਠਕ ਨੂੰ ਉਸ ਦੀ ਪੁਸਤਕ' ਦੇਣ ਵਿਚ ਕਠਿਨਾਈ ਆ ਰਹੀ ਹੈ, ਇਸ ਕਰਕੇ ਸੰਸਾਰ ਦੀਆਂ ਵੱਡੀਆਂ ਲਾਇਬ੍ਰੇਰੀਆਂ ਜਿਵੇਂ ਲਾਇਬ੍ਰੇਰੀ ਆਫ਼ ਕਾਂਗਰਸ, ਬ੍ਰਿਟਿਸ਼ ਲਾਇਬ੍ਰੇਰੀ ਅਤੇ ਲੈਨਿਨ ਸਟੇਟ ਲਾਇਬ੍ਰੇਰੀ ਆਦਿ ਵੀ ਆਪਣੇ ਆਪ ਨੂੰ ਕਈ ਵਾਰ ਅਧੂਰਾ ਸਮਝਦੀਆਂ ਹਨ। ਇਸ ਘਾਟ ਨੂੰ ਲਾਇਬ੍ਰੇਰੀਆਂ ਦੀ ਸਮੱਗਰੀ ਦੀ ਸਾਂਝ ਨਾਲ ਪੂਰਾ ਕੀਤਾ ਜਾ ਸਕਦਾ ਹੈ ਇਸ ਲਈ ਲਾਇਬ੍ਰੇਰੀ ਸਹਿਯੋਗ ਨਾਲ ਇਕ ਲਾਇਬ੍ਰੇਰੀ ਦੀ ਪਾਠ-ਸਮੱਗਰੀ ਦੂਜੀ ਲਾਇਬ੍ਰੇਰੀ ਦੇ ਪਾਠਕਾਂ ਦੀ ਵਰਤੋਂ ਲਈ ਉਪਲੱਬਧ ਹੋਣੀ ਚਾਹੀਦੀ ਹੈ। ਇਹ ਕਾਰਜ ਸਥਾਨਕ, ਰਾਜ, ਖੇਤਰ, ਰਾਸ਼ਟਰ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਹੋਣਾ ਚਾਹੀਦਾ ਹੈ। ਇਸ ਸਹਿਯੋਗ ਨਾਲ ਦੂਜੇ ਨਿਯਮ ਦੀ ਪੂਰਤੀ ਵਿਚ ਸਹਾਇਤਾ ਮਿਲ ਸਕਦੀ ਹੈ।

ਅੱਜ ਦੇ ਯੁੱਗ ਵਿਚ ਕੰਪਿਊਟਰ ਅਤੇ ਪ੍ਰਸਾਰ ਤਕਨਾਲੋਜੀ ਦੇ ਵਿਕਾਸ ਦੇ ਕਾਰਣ ਲਾਇਬ੍ਰੇਰੀ ਨੈੱਟਵਰਕ (Library Network) ਲਾਇਬ੍ਰੇਰੀ ਸਹਿਯੋਗ ਦਾ ਅਗਾਂਹ ਵਧਿਆ ਰੂਪ ਹੀ ਹੈ। ਅੱਜ ਸੰਸਾਰ ਵਿਚ ਸਮਾਂ ਅਤੇ ਭੂਗੋਲਿਕ ਸੀਮਾਵਾਂ ਖ਼ਤਮ ਹੁੰਦੀਆਂ ਨਜ਼ਰ ਆ ਰਹੀਆਂ ਹਨ। ਨੈੱਟਵਰਕ ਦੇ ਦੁਆਰਾ ਲਾਇਬ੍ਰੇਰੀਆਂ ਇਕ ਦੂਜ ਨਾਲ ਜੁੜ ਗਈਆਂ ਹਨ ਅਤੇ ਇਕ ਸੀਮਾ-ਰਹਿਤ ਲਾਇਬ੍ਰੇਰੀ (Wall-less Library) ਦੀ ਧਾਰਨਾ ਉਭਰ ਕੇ ਸਾਹਮਣੇ ਆ ਗਈ ਹੈ। ਇਹ ਸਾਰਾ ਕੁਝ ਡਾ. ਰੰਗਾਨਾਥਨ ਦੇ ਇਸ ਨਿਯਮ ਦੀ ਪਾਲਣਾ ਦਾ ਉਦਾਹਰਣ ਹੀ ਹੈ।

### 1.2.4. ਤੀਜਾ ਨਿਯਮ : ਹਰ ਪੁਸਤਕ ਨੂੰ ਉਸ ਦਾ ਪਾਠਕ ਮਿਲੇ (Every Book its Reader)

ਤੀਜਾ ਨਿਯਮ ਪੁਸਤਕ ਨੂੰ ਕੇਂਦਰਬਿੰਦੂ ਮੰਨ ਕੇ ਰਚਿਆ ਗਿਆ ਹੈ। ਇਹ ਨਿਯਮ ਮੰਗ ਕਰਦਾ ਹੈ ਕਿ ਜਿਹੜੀ ਵੀ ਪੁਸਤਕ ਲਾਇਬ੍ਰੇਰੀ ਵਿਚ ਆ ਗਈ ਹੈ ਉਸ ਨੂੰ ਉਸ ਦਾ ਪਾਠਕ ਮਿਲਣਾ ਜ਼ਰੂਰੀ ਹੈ, ਜੋ ਕਿ ਉਸ ਦਾ ਪ੍ਰਯੋਗ ਕਰ ਸਕੇ। ਇਸਦਾ ਭਾਵ ਹੈ ਕਿ ਲਾਇਬ੍ਰੇਰੀ ਵਿਚ ਕੋਈ ਵੀ ਪੁਸਤਕ ਬਿਨਾ ਵਰਤੋਂ ਨਾ ਰਹੇ, ਉਨ੍ਹਾਂ ਦੀ ਹੋਂਦ ਹੀ ਲਾਇਬ੍ਰੇਰੀ ਲਈ ਕਾਫ਼ੀ ਨਹੀਂ ਕਿਉਂਕਿ ਇਕ ਨਾ ਵਰਤਣ ਵਾਲੀ ਪੁਸਤਕ 'ਤੇ ਖਰਚ ਇਕ ਫ਼ਜ਼ੂਲ ਦਾ ਖ਼ਰਚ ਹੈ ਜਿਸ ਤੋਂ ਬਚਣਾ ਚਾਹੀਦਾ ਹੈ।

ਪੁਸਤਕਾਂ ਦਾ ਪੱਖ ਰਖਣ ਕਰਕੇ ਜਿੱਥੇ ਪਹਿਲਾ ਨਿਯਮ ਲਾਇਬ੍ਰੇਰੀਆਂ ਦੇ ਪ੍ਰਤੀ ਵਿਚਾਰਧਾਰਾ ਵਿਚ ਕ੍ਰਾਂਤੀ ਲਿਆਉਂਦਾ ਹੈ, ਉੱਥੇ ਤੀਜਾ ਨਿਯਮ ਲਾਇਬ੍ਰੇਰੀ ਦੇ ਆਰੰਭਿਕ ਢਾਂਚੇ ਦੀ ਬਣਤਰ 'ਤੇ ਜ਼ੋਰ ਪਾਉਂਦਾ ਹੈ ਜਿਸ ਵਿਚ ਹਰ ਪੁਸਤਕ ਆਪਣਾ ਪਾਠਕ ਲੱਭ ਸਕੇ। ਪੁਸਤਕਾਂ ਚੱਲ ਨਹੀਂ ਸਕਦੀਆਂ, ਨਾ ਹੀ ਬੋਲ ਸਕਦੀਆਂ ਹਨ, ਇਸ ਲਈ ਲਾਇਬ੍ਰੇਰੀ ਦੀ ਆਂਤਰਿਕ ਪ੍ਰਣਾਲੀ ਉਨ੍ਹਾਂ ਦੀ ਮਦਦ ਪਾਠਕ ਲੱਭਣ ਵਿਚ ਕਰ ਸਕਦੀ ਹੈ।

ਤੀਜਾ ਨਿਯਮ ਦੂਜੇ ਨਿਯਮ ਦਾ ਪੂਰਕ ਹੈ। ਦੂਜਾ ਨਿਯਮ ਹਰ ਪਾਠਕ ਵਾਸਤੇ ਉਸ ਦੀ ਪੁਸਤਕ ਚਾਹੁੰਦਾ ਹੈ ਅਤੇ ਤੀਜਾ ਨਿਯਮ ਹਰ ਪੁਸਤਕ ਪਾਸਤੇ ਉਸ ਦੇ ਪਾਠਕ

ਦੀ ਮੰਗ ਕਰਦਾ ਹੈ। ਜੇਕਰ ਪਾਠਕਾਂ ਦਾ ਪੁਸਤਕਾਂ ਉੱਪਰ ਸਮਾਜਕ ਅਤੇ ਬੌਧਿਕ ਅਧਿਕਾਰ ਹੈ ਤਾਂ ਪੁਸਤਕਾਂ ਦਾ ਵੀ ਪਾਠਕਾਂ ਉੱਤੇ ਮੌਲਿਕ ਅਧਿਕਾਰ ਹੈ ਕਿ ਉਹ ਉਨ੍ਹਾਂ ਦੀ ਵਰਤੋਂ ਕਰਨ।

ਲਾਇਬ੍ਰੇਰੀਆਂ ਨੂੰ ਗਿਆਨ ਦੀ ਜੜ੍ਹ ਅਤੇ ਫਲ (Roots and Fruits of Knowledge) ਕਿਹਾ ਜਾਂਦਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਲੇਖਕਾਂ, ਵਿਦਵਾਨਾਂ ਦੁਆਰਾ ਰਚਿਤ ਪੁਸਤਕਾਂ ਅਤੇ ਦੂਜੇ ਦਸਤਾਵੇਜਾਂ ਦਾ ਸਦਉਪਯੋਗ ਕਰਿਆ ਜਾਵੇ। ਗਿਆਨ ਦੇ ਆਦਾਨ-ਪ੍ਰਦਾਨ ਨਾਲ ਹੀ ਗਿਆਨ ਦਾ ਵਿਸਤਾਰ ਸੰਭਵ ਹੋ ਸਕਦਾ ਹੈ। ਪਾਠਕ ਹੀ ਕਿਸੇ ਪਾਠ-ਸਮੱਗਰੀ ਨੂੰ ਲਾਭਦਾਇਕ ਅਤੇ ਉਪਯੋਗੀ ਸਿੱਧ ਕਰ ਸਕਦੇ ਹਨ, ਵਰਤੋਂ ਕਰਕੇ ਉਸ ਦੀ ਉਮਰ ਵਿਚ ਵਾਧਾ ਕਰ ਸਕਦੇ ਹਨ। ਤੀਜਾ ਨਿਯਮ ਇਹ ਮੰਗ ਕਰਦਾ ਹੈ ਕਿ ਲਾਇਬ੍ਰੇਰੀ ਦੀ ਹਰ ਪੁਸਤਕ ਨੂੰ ਉਸ ਦੇ ਪਾਠਕ ਤਕ ਪਹੁੰਚਾਇਆ ਜਾਵੇ ਅਤੇ ਇਸ ਵਿਚ ਵਿਚੋਲੇ ਦਾ ਕੰਮ ਲਾਇਬ੍ਰੇਰੀ ਦੇ ਕਰਮਚਾਰੀਆਂ ਕਰਦੇ ਹਨ ਕਿਉਂਕਿ ਉਹ ਪੁਸਤਕ ਅਤੇ ਪਾਠਕ ਦੋਹਾਂ ਤੋਂ ਜਾਣੂ ਹੁੰਦੇ ਹਨ ਅਤੇ ਉਹ ਪਾਣੀ ਨੂੰ ਪਿਆਸੇ ਤਕ ਅਤੇ ਪਿਆਸੇ ਨੂੰ ਪਾਣੀ ਤਕ ਪਹੁੰਚਾ ਸਕਦੇ ਹਨ।

### 1.2.4.1. ਤੀਜੇ ਨਿਯਮ ਦੇ ਸੰਕੇਤ (Implications of the Third Law)

ਤੀਜੇ ਨਿਯਮ ਦੀ ਪੂਰਤੀ ਲਈ ਨਿਮਨਲਿਖਿਤ ਜੁਗਤਾਂ ਜ਼ਰੂਰੀ ਹਨ :

### 1.2.4.1.1. ਪੁਸਤਕ ਚੋਣ (Book Selection)

ਲਾਇਬ੍ਰੇਰੀ ਦਾ ਆਧਾਰ ਪੁਸਤਕਾਂ ਹੁੰਦੀਆਂ ਹਨ। ਸਾਰੀਆਂ ਸੇਵਾਵਾਂ ਇਨ੍ਹਾਂ ਦੇ ਆਲੇ-ਦੁਆਲੇ ਘੁੰਮਦੀਆਂ ਹਨ ਅਤੇ ਇਹ ਪੁਸਤਕਾਂ ਹੀ ਪਾਠਕਾਂ ਦੀਆਂ ਬੌਧਿਕ ਖੋਜ ਦਾ ਪੜ੍ਹਾ ਹੁੰਦੀਆਂ ਹਨ। ਇਸ ਲਈ ਪੁਸਤਕ ਚੋਣ ਇਕ ਮਹੱਤਵਪੂਰਨ ਕਾਰਜ ਹੈ ਕਿਉਂਕਿ ਵਿੱਤੀ ਸਾਧਨਾਂ ਦੀ ਕਮੀ ਕਰਕੇ ਇਕ ਮਾੜੀ ਪੁਸਤਕ, ਇਕ ਚੰਗੀ ਪੁਸਤਕ ਅਤੇ ਇਕ ਨਾ ਵਰਤਣ ਵਾਲੀ ਪੁਸਤਕ, ਇਕ ਵਰਤਣ ਵਾਲੀ ਪੁਸਤਕ ਨੂੰ ਲਾਇਬ੍ਰੇਰੀ ਵਿਚ ਆਉਣ ਤੋਂ ਰੋਕ ਸਕਦੀ ਹੈ। ਪੁਸਤਕਾਂ ਦੀ ਚੋਣ ਪਾਠਕਾਂ ਦੀਆਂ ਲੋੜਾਂ ਅਤੇ ਰੁਚੀਆਂ ਅਨੁਸਾਰ ਕਰਨੀ ਚਾਹੀਦੀ ਹੈ। ਲੋੜ ਪੈਣ ਤੇ ਕਦੇ ਕਦਾਈਂ ਵਰਤੋਂ ਵਿਚ ਆਉਣ ਵਾਲੀ ਪੁਸਤਕਾਂ ਨੂੰ ਅੰਤਰ-ਲਾਇਬ੍ਰੇਰੀ ਉਧਾਰ ਅਧੀਨ ਮੰਗਵਾ ਕੇ ਪਾਠਕ ਨੂੰ ਉਪਲੱਬਧ ਕਰਵਾ ਦੇਣਾ ਉਚਿਤ ਹੈ।

### 1.2.4.1.2. ਖੁੱਲ੍ਹੀ ਪਹੁੰਚ (Open Access)

ਖੁੱਲ੍ਹੀ ਪਹੁੰਚ ਦਾ ਅਰਥ ਪੁਸਤਕਾਂ ਨੂੰ ਅਲਮਾਰੀਆਂ/ਸ਼ੈਲਫ਼ਾਂ ਉੱਤੇ ਖੁੱਲ੍ਹਾ ਰਖਣਾ ਹੁੰਦਾ ਹੈ ਅਤੇ ਇਸ ਵਿਧੀ ਵਿਚ ਪਾਠਕ ਬਿਨਾ ਕਿਸੇ ਰੋਕ ਟੋਕ ਤੇ ਸਿੱਧੇ ਹੀ ਸ਼ੈਲਫ਼ਾਂ ਤਕ ਜਾ ਸਕਦੇ ਹਨ ਅਤੇ ਉਹ ਉੱਥੇ ਆਪਣੀ ਇੱਛਾ ਅਨੁਸਾਰ ਪੁਸਤਕ ਨੂੰ ਵੇਖ ਕੇ ਜਾਂ ਪੜ੍ਹ ਕੇ ਚੁਣ ਸਕਦੇ ਹਨ। ਖੁੱਲ੍ਹੀ ਪਹੁੰਚ ਵਿਚ ਪਾਠਕਾਂ ਨੂੰ ਵਿਸ਼ੇ ਤੋਂ ਉਪਲੱਬਧ ਸਾਰੀਆਂ ਪੁਸਤਕਾਂ ਤੇ ਸਰਸਰੀ ਨਜ਼ਰ (Browsing) ਮਾਰਨ ਦਾ ਮੌਕਾ ਮਿਲਣ ਕਰਕੇ ਉਹ ਉਪਲੱਬਧ ਪੁਸਤਕਾਂ ਦੀ ਤੁਲਨਾ ਕਰਕੇ ਢੁਕਵੀਂ ਪੁਸਤਕ ਪ੍ਰਾਪਤ ਕਰਨ ਦੇ ਜ਼ਿਆਦਾ ਅਵਸਰ ਮਿਲਦੇ ਹਨ ਜਦੋਂ ਕਿ ਬੰਦ ਪਹੁੰਚ (Closed Access) ਵਿਚ ਇਹ ਸੁਵਿਧਾ ਨਹੀਂ ਮਿਲਦੀ ਜਿਸ ਕਰਕੇ ਪੁਸਤਕਾਂ ਦਾ ਸੀਮਤ ਪ੍ਰਯੋਗ ਹੀ ਹੋ ਸਕਦਾ ਹੈ। ਖੁੱਲ੍ਹੀ ਪਹੁੰਚ ਵਿਚ ਇਕ ਵਿਸ਼ੇਸ਼ ਪੁਸਤਕ ਨੂੰ ਲੱਭਦਾ ਲੱਭਦਾ ਪਾਠਕ ਇਕ ਅੱਛੀ ਪੁਸਤਕ ਤਕ ਜਾ ਪਹੁੰਚਦਾ ਹੈ, ਜਿਸ ਦਾ ਪਹਿਲੇ ਉਸ ਨੂੰ ਪਤਾ ਤਕ ਨਹੀਂ ਹੁੰਦਾ।

### 1.2.4.1.3. ਸ਼ੈਲਫ਼ ਤਰਤੀਬ (Shelf Arrangement)

ਸ਼ੈਲਫ਼ਾਂ ਤੇ ਪੁਸਤਕਾਂ ਰਖਣ ਦੀ ਤਰਤੀਬ ਇਸ ਨਿਯਮ ਵਿਚ ਜਾਨ ਪਾ ਸਕਦੀ ਹੈ। ਚੰਗੀ ਤਰਤੀਬ ਪਾਠਕ ਨੂੰ ਆਪਣੀ ਪੁਸਤਕ ਅਤੇ ਪੁਸਤਕ ਨੂੰ ਆਪਣਾ ਪਾਠਕ ਲੱਭਣ ਵਿਚ ਸਹਾਇਕ ਹੁੰਦੀ ਹੈ। ਵਰਗੀਕ੍ਰਿਤ ਤਰਤੀਬ ਦੂਜੀਆਂ ਤਰਤੀਬਾਂ ਜਿਵੇਂ ਆਕਾਰ, ਅੱਖਰਕ੍ਰਮ, ਜਿਲਦ ਦਾ ਰੰਗ, ਪ੍ਰਕਾਸ਼ਨ ਸਾਲ ਆਦਿ ਤੋਂ ਜ਼ਿਆਦਾ ਸਹਾਇਕ ਹੈ। ਇਸ ਵਿਚ ਪਾਠਕ ਨੂੰ ਪੁਸਤਕਾਂ ਵਿਸ਼ੇ ਦੇ ਸਹਾਇਕ ਕ੍ਰਮ ਵਿਚ ਰਖੀਆਂ ਮਿਲਦੀਆਂ ਹਨ। ਇਸ ਲਈ ਤੀਜਾ ਨਿਯਮ ਵੀ ਵਰਗੀਕ੍ਰਿਤ ਤਰਤੀਬ ਦੀ ਮੰਗ ਕਰਦਾ ਹੈ। ਹਰ ਪੁਸਤਕ ਨੂੰ ਉਸ ਦਾ ਪਾਠਕ ਦੇਣ ਲਈ ਪੁਸਤਕਾਂ ਨੂੰ ਇਸੇ ਤਰਤੀਬ ਵਿਚ ਰੱਖਿਆ ਜਾਵੇ। ਨਿਮਨਲਿਖਿਤ ਗੱਲਾਂ ਧਿਆਨ ਦੇਣਯੋਗ ਹਨ।

### 2.4.1.4. ਸ਼ੈਲਫ਼ ਦੀ ਪਹੁੰਚ ਯੋਗਤਾ (Accessibility of Shelf)

ਸ਼ੈਲਫ਼ ਦੀ ਉਚਾਈ ਆਮ ਪਾਠਕ ਦੀ ਪਹੁੰਚ ਅਨੁਸਾਰ ਹੋਣੀ ਚਾਹੀਦੀ ਹੈ, ਤਾਂ ਕਿ ਉਹ ਉਪਰਲੇ ਸ਼ੈਲਫ਼ ਤੇ ਰਖੀਆਂ ਪੁਸਤਕਾਂ ਨੂੰ ਆਸਾਨੀ ਨਾਲ ਚੁੱਕ ਸਕੇ। ਕਈ ਵਾਰੀ ਸ਼ੈਲਫ਼ਾਂ ਦੀ ਉਚਾਈ ਵੱਧ ਹੋਣ ਕਰਕੇ ਪਾਠਕਾਂ ਲਈ ਸਟੂਲ ਜਾਂ ਪਾਏਦਾਨ ਰਖੇ ਹੁੰਦੇ ਹਨ ਪਰ ਆਧੁਨਿਕ ਲਾਇਬ੍ਰੇਰੀ ਵਿਚ ਇਸ ਨੂੰ ਤੀਜੇ ਨਿਯਮ ਦੀ ਪਾਲਣਾ ਵਿਚ ਅੜਿੱਕਾ ਮੰਨਿਆ ਜਾਂਦਾ ਹੈ। ਇਸ ਲਈ ਸ਼ੈਲਫ਼ਾਂ ਦੀ ਉਚਾਈ ਮਾਨਤਾ ਪ੍ਰਾਪਤ ਸਟੈਂਡਰਡ ਅਨੁਸਾਰ ਹੋਣੀ ਚਾਹੀਦੀ ਹੈ।

### 2.4.1.5. ਨਵੀਨ ਪੁਸਤਕ ਸ਼ੈਲਫ਼ (New Arrival Shelf)

ਲਾਇਬ੍ਰੇਰੀ ਇਕ ਵਿਕਾਸਸ਼ੀਲ ਸੰਸਥਾ ਹੈ। ਲਗਾਤਾਰ ਨਵੀਆਂ ਪੁਸਤਕਾਂ ਲਾਇਬ੍ਰੇਰੀ ਵਿਚ ਆਉਂਦੀਆਂ ਰਹਿੰਦੀਆਂ ਹਨ। ਹਰ ਪੁਸਤਕ ਨੂੰ ਪਾਠਕ ਤਕ ਪਹੁੰਚਾਉਣ ਦਾ ਇਹ ਇਕ ਅੱਛਾ ਸਾਧਨ ਹੈ ਕਿ ਨਵੀਆਂ ਪ੍ਰਾਪਤ ਪੁਸਤਕਾਂ ਲਈ ਇਕ ਵੱਖਰਾ ਸ਼ੈਲਫ਼ ਰੱਖਿਆ ਜਾਵੇ ਅਤੇ ਇਸ ਨੂੰ ਦਰਵਾਜੇ ਦੇ ਨਜ਼ਦੀਕ ਪ੍ਰਦਰਸ਼ਿਤ ਕੀਤਾ ਜਾਵੇ, ਤਾਂ ਕਿ ਨਵੀਆਂ ਪੁਸਤਕਾਂ ਪਾਠਕ ਦੀ ਨਜ਼ਰ ਵਿਚ ਆ ਜਾਣ। ਨਵੀਨ ਪੁਸਤਕਾਂ ਦੀ ਪ੍ਰਦਰਸ਼ਨੀ ਵਿਚ ਢੁੱਕਵੇਂ ਸਿਰਲੇਖਾਂ ਦਾ ਹੋਣਾ ਸੋਨੇ ਤੇ ਸੁਹਾਗੇ ਦਾ ਕੰਮ ਕਰਦਾ ਹੈ।

### 1.2.4.1.6. ਪੁਸਤਕ ਪ੍ਰਦਰਸ਼ਨੀ (Book Exhibition)

ਸਮੇਂ ਸਮੇਂ ਸਿਰ ਸਥਾਨਕ ਅਤੇ ਕੌਮੀ ਮਹੱਤਵ ਦੀਆਂ ਘਟਨਾਵਾਂ, ਕਾਨਫਰੰਸਾਂ ਤੇ ਸੈਮੀਨਾਰਾਂ ਦੇ ਸਮੇਂ ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਲਾਉਣੀ

ਚਾਹੀਦੀ ਹੈ। ਇਹ ਗੱਲ ਮੰਨਣਯੋਗ ਹੈ ਕਿ ਪੁਸਤਕ ਚੋਣ ਕਰਦੇ ਸਮੇਂ ਪਾਠਕ ਦੀ ਲੋੜਾਂ, ਰੁਚੀਆਂ ਦਾ ਕਿੰਨਾ ਵੀ ਧਿਆਨ ਰੱਖਿਆ, ਜਾਵੇ ਪਰ ਫਿਰ ਵੀ ਕੁਝ ਅਜਿਹੀਆਂ ਪੁਸਤਕਾਂ ਖਰੀਦੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਪਾਠਕ ਨਹੀਂ ਪੜ੍ਹਦੇ।

ਇਸ ਪ੍ਰਦਰਸ਼ਨੀ ਦੇ ਸਦਕੇ ਇਨ੍ਹਾਂ ਅਣਪਛਾਤੀ ਪੁਸਤਕਾਂ ਨੂੰ ਵੀ ਪਾਠਕ ਲੱਭ ਸਕਦੇ ਹਨ।

### 1.2.4.1.7. ਲਾਇਬ੍ਰੇਰੀ ਪੁਸਤਕ ਸੂਚੀ (Library Catalogue)

ਲਾਇਬ੍ਰੇਰੀ ਪੁਸਤਕ ਸੂਚੀ ਨੂੰ ਲਾਇਬ੍ਰੇਰੀ ਦਾ ਨਕਸ਼ਾ (Map of the Library) ਕਿਹਾ ਜਾਂਦਾ ਹੈ। ਲਾਇਬ੍ਰੇਰੀ ਵਿਚ ਉਪਲੱਬਧ ਪਾਠ-ਸਮੱਗਰੀ ਦੇ ਸੰਬੰਧ ਵਿਚ ਪੂਰੀ ਜਾਣਕਾਰੀ ਦੇਣ ਲਈ ਲਾਇਬ੍ਰੇਰੀ ਸੂਚੀ ਦਾ ਨਿਰਮਾਣ ਕੀਤਾ ਜਾਂਦਾ ਹੈ। ਇਹ ਸੂਚੀ ਲਾਇਬ੍ਰੇਰੀ ਵਿਚ ਵਿਸ਼ੇਸ਼ ਪੁਸਤਕ ਦਾ ਸਥਾਨ ਦੱਸਣ ਦੇ ਨਾਲ-ਨਾਲ ਵਿਸ਼ਾ ਤੇ ਸੰਬੰਧਿਤ ਸਾਰੀਆਂ ਪੁਸਤਕਾਂ ਦੀ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ, ਜਿਨ੍ਹਾਂ ਦਾ ਗਿਆਨ ਪਾਠਕ ਨੂੰ ਨਹੀਂ ਹੁੰਦਾ।

### 1.2.4.1.8. ਸੰਦਰਭ ਸੇਵਾ (Reference Service)

ਲਾਇਬ੍ਰੇਰੀ ਵਿਚ ਪਾਠਕ ਦੀ ਮਦਦ ਕਰਨ ਵਾਲੀਆਂ ਅਨੇਕਾਂ ਵਿਗਿਆਨਿਕ ਵਿਧੀਆਂ–ਵਰਗੀਕਰਣ, ਸੂਚੀਕਰਣ, ਖੁੱਲ੍ਹੀ ਪਹੁੰਚ–ਦੇ ਹੁੰਦੇ ਹੋਏ ਵੀ ਸਾਧਾਰਣ ਪਾਠਕ ਖ਼ਾਸ ਕਰਕੇ ਨਵਾਂ ਪਾਠਕ ਖ਼ੁਦ ਲਾਇਬ੍ਰੇਰੀ ਦੀ ਵਰਤੋਂ ਪੂਰਨ ਰੂਪ ਵਿਚ ਨਹੀਂ ਕਰ ਸਕਦਾ, ਉਨ੍ਹਾਂ ਨੂੰ ਕਿਤੇ ਨਾ ਕਿਤੇ ਔਖ ਆਉਂਦੀ ਹੀ ਹੈ ਅਤੇ ਉਸ ਵੇਲੇ ਉਹ ਇਨ੍ਹਾਂ ਭੌਤਿਕ ਸਾਧਨਾਂ ਦੇ ਹੁੰਦੇ ਹੋਏ ਇਕ ਮਨੁੱਖੀ ਸਹਾਇਤਾ ਦੀ ਘਾਟ ਮਹਿਸੂਸ ਕਰਦਾ ਹੈ। ਇਹ ਮਨੁੱਖੀ ਸਹਾਇਤਾ ਨਿਜੀ ਤੌਰ ਤੇ ਸੰਦਰਭ ਸੇਵਾ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ। ਸੰਦਰਭ ਸੇਵਾ ਵਿਚ ਮਨੁੱਖੀ ਨਿਜੀ ਸਹਾਇਤਾ ਰਾਹੀਂ ਹਰ ਪਾਠਕ ਦੀ ਬੌਧਿਕ ਲੋੜ ਅਤੇ ਮਾਨਸਿਕ ਰੁਚੀ ਨੂੰ ਜਾਣ ਕੇ, ਹਰ ਪੁਸਤਕ ਦੇ ਆਂਤਰਿਕ ਵਿਸ਼ਾ ਸਵਰੂਪ ਨੂੰ ਸਮਝ ਕੇ ਉਨ੍ਹਾਂ ਦਾ ਆਪਸੀ ਉਚਿਤ ਮੇਲ ਕਰਵਾਇਆ ਜਾ ਸਕਦਾ ਹੈ ਜਿਸ ਨਾਲ ਠੀਕ ਪਾਠਕ ਨੂੰ ਠੀਕ ਸਮੇਂ ਠੀਕ ਪੁਸਤਕ ਮਿਲ ਜਾਂਦੀ ਹੈ।

ਸੰਦਰਭ ਸੇਵਾ ਰਾਹੀਂ ਲਾਇਬ੍ਰੇਰੀਅਨ ਗੂੰਗੀ ਅਤੇ ਸ਼ਿਥਿਲ ਜੜ੍ਹ (Mute and Inert) ਪੁਸਤਕਾਂ ਨੂੰ ਜਬਾਨ ਅਤੇ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਉਹ ਉਨ੍ਹਾਂ ਦਾ ਏਜੈਂਟ ਬਣ, ਪੁਸਤਕ ਵਿਚ ਅੰਕਿਤ ਗਿਆਨ ਅਤੇ ਸੂਚਨਾ ਦੇ ਪ੍ਰਸਾਰ ਲਈ ਪਾਠਕ ਜਗਤ ਵਿਚ ਆਪਣੀ ਵਾਕਫੀਅਤ ਦੇ ਆਧਾਰ ਤੇ ਬਰਾਬਰ ਦਾ ਪਾਠਕ ਲੱਭਦਾ ਹੈ।

ਉੱਤਮ ਸੰਦਰਭ ਸੇਵਾ ਲਈ ਪਾਠਕਾਂ ਦੀਆਂ ਰੁਚੀਆਂ ਬੌਧਿਕ ਪੱਧਰ ਅਤੇ ਲੋੜਾਂ ਨੂੰ ਜਾਣਨ ਲਈ ਜਿੱਥੇ ਉਨ੍ਹਾਂ ਨਾਲ ਸਿੱਧੇ ਨਿਜੀ ਸੰਪਰਕ ਦੀ ਲੋੜ ਹੈ, ਉੱਥੇ ਪੁਸਤਕ ਰੂਪੀ ਸਾਗਰ ਵਿਚ ਵੀ ਹੀਰੇ ਲੱਭਣ ਲਈ ਨਿਰੰਤਰ ਡੂੰਘੀਆਂ ਡੁਬਕੀਆਂ ਲਾਉਣ ਦੀ ਵੀ ਵੱਧ ਲੋੜ ਹੈ। ਇਸ ਲਈ ਵਿਹਲ ਦੇ ਸਮੇਂ ਸ਼ੈਲਫ਼ ਅਧਿਐਨ (Shelf Study) ਕਰਦੇ ਰਹਿਣਾ ਚਾਹੀਦਾ ਹੈ। ਨਵੀਆਂ ਪ੍ਰਾਪਤ ਪੁਸਤਕਾਂ ਦਾ ਸਰਸਰੀ ਅਧਿਐਨ ਕਰਨਾ ਜ਼ਰੂਰੀ ਹੈ ਕਿਉਂਕਿ ਕੋਈ ਵੀ ਦੀਪਕ ਆਪ ਜਲੇ ਬਿਨਾ ਰੋਸ਼ਨੀ ਨਹੀਂ ਕਰ ਸਕਦਾ। ਚੰਗੀ ਪਾਠਕ ਸੇਵਾ ਲਈ ਖ਼ੁਦ ਚੰਗਾ ਪਾਠਕ ਹੋਣ ਦੀ ਜ਼ਰੂਰਤ ਹੈ।

### 1.2.4.1.9. ਹਰਮਨ-ਪਿਆਰਾ ਵਿਭਾਗ (Popular Departments)

ਆਧੁਨਿਕ ਲਾਇਬ੍ਰੇਰੀ ਨੂੰ ਅਸਰਦਾਇਕ ਭਾਈਚਾਰਕ, ਬੌਧਿਕ ਕੇਂਦਰ ਅਤੇ ਸੂਚਨਾ ਦਾ ਸਾਗਰ ਬਣਾਉਣ ਲਈ ਕਈ ਪ੍ਰਕਾਰ ਦੀਆਂ ਆਧੁਨਿਕ ਸੇਵਾਵਾਂ ਦੀ ਲੋੜ ਹੈ; ਜਿਨ੍ਹਾਂ ਦੀ ਵਰਤੋਂ ਨਾਲ ਪਾਠਕ ਲਾਇਬ੍ਰੇਰੀ ਨੂੰ ਆਪਣਾ ਸੱਚਾ ਸਾਥੀ ਅਤੇ ਕੰਮ ਵੇਲੇ ਸਹਾਇਤਾ ਕਰਨ ਵਾਲਾ ਦੋਸਤ ਅਤੇ ਵਿਹਲ ਵੇਲੇ ਮਨੋਰੰਜਨ ਦਾ ਸਾਧਨ ਸਮਝ ਸਕੇ। ਇਨ੍ਹਾਂ ਵਿਭਾਗਾਂ ਨੂੰ ਲੋਕਪ੍ਰਿਯ ਵਿਭਾਗ ਕਿਹਾ ਜਾਂਦਾ ਹੈ।

### 1.2.4.1.10. ਸੂਚਨਾ ਡੈਸਕ (Information Desk)

ਵੱਡੀਆਂ ਲਾਇਬ੍ਰੇਰੀਆਂ ਵਿਚ ਪ੍ਰਵੇਸ਼ ਦੁਆਰ ਕੋਲ ਇਕ ਸੂਚਨਾ ਡੈਸਕ ਹੁੰਦਾ ਹੈ, ਜੋ ਕਿ ਪਾਠਕਾਂ ਦਾ ਸਵਾਗਤ ਕਰ ਉਨ੍ਹਾਂ ਨੂੰ ਉਨ੍ਹਾਂ ਦੀ ਲੋੜ ਨੂੰ ਸਮਝ ਕੇ, ਸੰਬੰਧਿਤ ਵਿਭਾਗ ਵੱਲ ਜਾਣ ਵਿਚ ਸਹਾਇਤਾ ਕਰਦਾ ਹੈ। ਇਹ ਡੈਸਕ ਨਵੇਂ ਆਏ ਪਾਠਕਾਂ ਦੀ ਝਿਜਕ ਨੂੰ ਦੂਰ ਕਰਕੇ ਉਨ੍ਹਾਂ ਨੂੰ ਲਗਾਤਾਰ ਲਾਇਬ੍ਰੇਰੀ ਵਿਚ ਆਉਣ ਦਾ ਸੱਦਾ ਦਿੰਦਾ ਹੈ।

### 1.2.4.1.11. ਸਮਾਚਾਰ-ਪੱਤਰ ਅਤੇ ਰਸਾਲਾ ਵਿਭਾਗ (Periodical Section)

ਨਵੀਨ ਸੂਚਨਾ ਪ੍ਰਦਾਨ ਕਰਨ ਲਈ ਅਖ਼ਬਾਰ, ਰਸਾਲੇ, ਮੈਗ਼ਜੀਨ ਆਦਿ ਉੱਤਮ ਸਾਧਨ ਹਨ। ਇਹ ਨਵੀਆਂ ਘਟਨਾਵਾਂ ਬਾਰੇ ਸੂਚਨਾ ਪ੍ਰਦਾਨ ਕਰਦੇ ਹਨ। ਇਸ ਵਿਭਾਗ ਵਿਚ ਲੋਕਲ, ਖੇਤਰੀ, ਕੌਮੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਪਾਠ ਸਮੱਗਰੀ ਮੰਗਵਾਣੀ ਚਾਹੀਦੀ ਹੈ।

### 1.2.4.1.12. ਪਾਠਕ ਆਰਾਮਗਾਹ (Reader's Lounge)

ਲਾਇਬ੍ਰੇਰੀ ਦੀ ਉਪਯੋਗਤਾ ਤੇ ਵਰਤੋਂ ਵਧਾਉਣ ਲਈ, ਪਾਠਕਾਂ ਨੂੰ ਪ੍ਰੇਰਿਤ ਕਰਨ ਲਈ ਇਕ ਅਜਿਹਾ ਸਥਾਨ ਹੋਣਾ ਚਾਹੀਦਾ ਹੈ ਜਿੱਥੇ ਬੈਠ ਕੇ ਪਾਠਕ ਗਹਿਨ ਅਧਿਐਨ ਤੋਂ ਰਾਹਤ ਪਾਉਣ ਲਈ ਆਰਾਮਦਾਇਕ ਸੋਫ਼ਿਆਂ ਤੇ ਬੈਠ ਕੇ ਸੁਸਤਾ ਸਕਣ। ਇੱਥੇ ਛੋਟੇ-ਛੋਟੇ ਰੈਕਾਂ ਜਾਂ ਸਾਈਡ ਟੇਬਲਾਂ ਤੇ ਰੱਖਿਆ ਹਲਕਾ-ਫੁਲਕਾ ਸਾਹਿਤ ਪਾਠਕਾਂ ਦਾ ਥਕੇਵਾਂ ਅਤੇ ਤਨਾਓ (Fatique and Stress) ਨੂੰ ਘਟਾਉਣ ਦਾ ਕੰਮ ਕਰ ਸਕਦਾ ਹੈ।

ਇਸ ਦੇ ਨਾਲ ਲੱਗਦੇ ਸਥਾਨ ਤੇ ਪੁਸਤਕ ਪ੍ਰਦਰਸ਼ਨੀ ਲਗਾਈ ਜਾ ਸਕਦੀ ਹੈ।

### 1.2.4.1.13. ਸ੍ਰਵਣ-ਦਰਸ਼ੀ ਸਾਧਨ ਕਮਰਾ (Audio Visual Aids Room)

ਇਸ ਸਥਾਨ ਦੇ ਨੇਤਾਵਾਂ, ਧਾਰਮਿਕ ਪੁਰਖਾਂ ਦੇ ਭਾਸ਼ਣਾਂ ਦੇ ਟੇਪ, ਸੰਗੀਤ, ਮਹੱਤਵਪੂਰਨ ਲਘੂ ਫਿਲਮਾਂ ਆਦਿ ਦੇ ਸ੍ਰਵਣ-ਦਰਸ਼ੀ ਟੇਪ ਆਦਿ ਰਖੇ ਜਾ ਸਕਦੇ ਹਨ। ਪਾਠਕ ਇੱਥੇ ਮਨਪਰਚਾਵੇ ਦੇ ਨਾਲ-ਨਾਲ ਸੰਗ੍ਰਹਿ ਦਾ ਲਾਭ ਵੀ ਉਠਾ ਸਕਦੇ ਹਨ।

### 1.2.4.1.14. ਪ੍ਰਚਾਰ (Publicity)

ਪ੍ਰਚਾਰ ਲੋਕ ਰਾਏ ਨੂੰ ਪ੍ਰਭਾਵਿਤ ਕਰਨ ਦੀ ਕਲਾ ਹੈ। ਇਸ ਵਿਚ ਭਿੰਨ-ਭਿੰਨ ਸਾਧਨਾਂ ਦੀ ਮਦਦ ਦੀ ਲੋੜ ਪੈਂਦੀ ਹੈ। ਤੀਜਾ ਨਿਯਮ ਇਹ ਕਹਿੰਦਾ ਹੈ ਕਿ ਲੋਕਾਂ ਨੂੰ ਲਾਇਬ੍ਰੇਰੀ ਬਾਰੇ ਘੱਟ ਜਾਣਕਾਰੀ ਹੁੰਦੀ ਹੈ। ਇਸ ਲਈ ਲਾਇਬ੍ਰੇਰੀ ਦੀ ਹੋਂਦ ਅਤੇ ਇਸ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਵਪਾਰਕ ਅਦਾਰਿਆਂ ਜਾਂ ਫਰਮਾਂ ਵਾਂਗ ਪ੍ਰਚਾਰ ਕਰਨਾ ਜ਼ਰੂਰੀ ਹੈ। ਅੱਜ ਦੇ ਰੁਝੇਵਿਆਂ ਭਰੇ ਜੀਵਨ ਵਿਚ ਪ੍ਰਚਾਰ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ।

### 1.2.4.1.15. ਪ੍ਰਸਾਰ ਸੇਵਾਵਾਂ (Extension Services)

ਪ੍ਰਸਾਰ ਸੇਵਾਵਾਂ ਦੁਆਰਾ ਪਾਠਕ ਨੂੰ ਸਿੱਧੇ ਤੌਰ ਤੇ ਜਾਗਰੂਕ ਕੀਤਾ ਜਾਂਦਾ ਹੈ; ਜਿਸ ਕਾਰਣ ਪੜ੍ਹਣ ਦੀਆਂ ਆਦਤਾਂ ਵਿਚ ਵਾਧਾ ਕੀਤਾ ਜਾ ਸਕਦਾ ਹੈ। ਇਸ ਦੁਆਰਾ ਲਾਇਬ੍ਰੇਰੀ ਇਕ ਸਮਾਜਕ ਕੇਂਦਰ ਬਣ ਜਾਂਦੀ ਹੈ ਅਤੇ ਇਨ੍ਹਾਂ ਸੇਵਾਵਾਂ ਦਾ ਉੱਦੇਸ਼ ਵਿਚ ਨਵੇਂ ਪਾਠਕ ਬਣਾਉਣੇ, ਚੰਗੀਆਂ ਪੁਸਤਕਾਂ ਪੜ੍ਹਣ ਦੀ ਇੱਛਾ ਪੈਦਾ ਕਰਨੀ ਅਤੇ ਪਾਠਕ ਪੁਸਤਕ ਮੇਲ ਕਰਾਉਣਾ ਆਉਂਦੇ ਹਨ।

### 1.2.4.1.16. ਪਾਠਕ ਸਿੱਖਿਆ (User's Education)

ਲਾਇਬ੍ਰੇਰੀ ਵਿਚ ਆਉਣ ਵਾਲੇ ਪਾਠਕਾਂ ਨੂੰ ਕਈ ਵਾਰੀ ਲਾਇਬ੍ਰੇਰੀ ਦਾ ਸਦਉਪਯੋਗ ਕਰਨਾ ਨਹੀਂ ਆਉਂਦਾ। ਇਹ ਜ਼ਰੂਰੀ ਹੈ ਕਿ ਲਾਇਬ੍ਰੇਰੀ ਵਿਚ ਆਉਣ ਵਾਲੇ ਵਿਅਕਤੀਆਂ ਨੂੰ ਲਾਇਬ੍ਰੇਰੀ ਬਾਰੇ, ਸਮੱਗਰੀ ਬਾਰੇ, ਸੇਵਾਵਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ। ਇਹ ਕੰਮ ਯੋਗਤਾ ਪ੍ਰਾਪਤ ਪੇਸ਼ੇਵਰ ਲਾਇਬ੍ਰੇਰੀਅਨ ਹੀ ਨਿਜੀ ਤੌਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਦਾ ਹੈ।

ਵਰਤੋਂ ਕਰਨ ਵਾਲਿਆਂ ਨੂੰ ਇਸ ਸਿੱਖਿਆ ਰਾਹੀਂ ਉਨ੍ਹਾਂ ਨੂੰ ਆਪਣੀ ਸਹਾਇਤਾ ਆਪ ਕਰਨੀ ਸਿਖਾਈ ਜਾਂਦੀ ਹੈ ਤਾਂ ਕਿ ਉਹ ਇਕ ਚੰਗੇ ਪਾਠਕ ਬਣ ਕੇ ਪੁਸਤਕਾਂ ਦੀ ਵੱਧ-ਤੋਂ-ਵੱਧ ਵਰਤੋਂ ਕਰਨ ਅਤੇ ਉਨ੍ਹਾਂ ਨੂੰ ਲਾਇਬ੍ਰੇਰੀ ਕਰਮਚਾਰੀਆਂ ਤੇ ਨਿਰਭਰ ਹੋਣ ਦੀ ਜ਼ਰੂਰਤ ਨਾ ਪਵੇ।

ਇਨ੍ਹਾਂ ਸਾਧਨਾਂ ਨਾਲ ਤੀਜੇ ਨਿਯਮ ਦੀ ਪਾਲਣਾ ਕੀਤੀ ਜਾ ਸਕਦੀ ਹੈ ਅਤੇ ਲਾਇਬ੍ਰੇਰੀ ਆਈ ਹਰ ਇਕ ਪੁਸਤਕ ਨੂੰ ਉਸ ਦਾ ਪੜ੍ਹਣ ਵਾਲਾ ਪ੍ਰਦਾਨ ਕੀਤਾ ਜਾ ਸਕਦਾ ਹੈ।

## 1.2.5. ਚੌਥਾ ਨਿਯਮ : ਪਾਠਕ ਦਾ ਸਮਾਂ ਬਚਾਓ (Save the time of the Reader)

'ਪਾਠਕ ਦਾ ਸਮਾਂ ਬਚਾਉ' ਚੌਥੇ ਨਿਯਮ ਦਾ ਕੇਂਦਰ ਬਿੰਦੂ ਹੈ। ਦੂਜੇ ਨਿਯਮ ਦਾ ਨਾਇਕ ਪਾਠਕ ਹੀ ਹੈ ਅਤੇ ਇਹ ਨਿਯਮ ਉਸ ਦੇ ਸਮੇਂ ਦੀ ਬਚਤ ਤੇ ਜ਼ੋਰ ਦਿੰਦਾ ਹੈ, ਕਿਉਂਕਿ ਅੱਜ ਦੇ ਤੇਜ਼ ਯੁੱਗ ਵਿਚ ਕੋਈ ਵੀ ਕਿਸੇ ਵੀ ਕੰਮ ਲਈ ਇੰਤਜ਼ਾਰ ਨਹੀਂ ਕਰ ਸਕਦਾ। ਦੂਜਾ ਸਮਾਂ ਬਚਾਉਣ ਦਾ ਕਾਰਨ ਬੌਧਿਕ ਰੁਚੀ ਦਾ ਘਟਣਾ ਜਾਂ ਆਰਜ਼ੀ (shortlived) ਹੋਣਾ ਹੈ। ਜੇਕਰ ਇਸ ਦੀ ਪੂਰਤੀ ਤਤਕਾਲ ਨਾ ਕੀਤੀ ਜਾਵੇ ਤਾਂ ਇਹ ਆਪਣੇ ਆਪ ਲੋਪ ਹੋ ਜਾਂਦੀ ਹੈ। ਇਹ ਭੌਤਿਕ ਘਾਟ ਦੀ ਤਰ੍ਹਾਂ ਵੱਧਦੀ ਨਹੀਂ। ਇਸ ਲਈ ਇਹ ਨਿਯਮ ਪਾਠਕ ਦੇ ਲਾਇਬ੍ਰੇਰੀ ਵਿਚ ਦਾਖ਼ਲ ਹੋਣ ਤੋਂ ਲੋੜੀਂਦੀ ਪੁਸਤਕ ਜਾਂ ਸੂਚਨਾ ਪ੍ਰਾਪਤ ਕਰਨ ਦੇ ਸਮੇਂ ਵਿਚ ਕਰਮਚਾਰੀਆਂ ਵੱਲੋਂ ਤਤਪਰਤਾ ਨਾਲ ਸੇਵਾ ਪ੍ਰਦਾਨ ਕਰਨ ਦੀ ਲੋੜ ਤੇ ਜ਼ੋਰ ਦਿੰਦਾ ਹੈ। ਇਸ ਨਿਯਮ ਦਾ ਮਨੋਰਥ ਲਾਇਬ੍ਰੇਰੀ ਪ੍ਰਬੰਧ ਅਤੇ ਸੰਗਠਨ ਵਿਚ ਸੁਧਾਰ ਲਿਆਕੇ ਪਾਠਕਾਂ ਲਈ ਵੱਧ ਤੋਂ ਵੱਧ ਸਹੂਲਤਾਂ ਘੱਟੋ-ਘੱਟ ਸਮੇਂ ਵਿਚ ਪ੍ਰਦਾਨ ਕਰਨਾ ਹੈ।

ਇਸ ਨਿਯਮ ਦਾ ਵਿਸਤਾਰ ਸਮੇਂ ਦੇ ਦੋਹਾਂ ਪੱਖਾਂ–ਵਾਸਤਵਿਕ (Objective) ਅਤੇ ਅੰਤਰੀਵ (Subjective)–ਤੱਕ ਹੈ। ਇਸ ਲਈ ਕਰਮਚਾਰੀਆਂ ਨੂੰ ਅਧਿਕ ਚੇਤਨ ਰਹਿਣ ਦੀ ਲੋੜ ਹੈ। ਨਿਯਮ ਦੇ ਅਨੁਸਾਰ ਪਾਠਕ ਦਾ ਵਾਸਤਵਿਕ ਸਮਾਂ ਤਾਂ ਬਚਾਉਣਾ ਹੀ ਹੈ ਨਾਲ ਹੀ ਉਸ ਦੇ ਅੰਤਰੀਵ ਸਮੇਂ ਨੂੰ ਬਚਾਉਣ ਦੀ ਲੋੜ ਅਧਿਕ ਹੈ ਕਿਉਂਕਿ ਇੰਤਜਾਰ ਦੀ ਘੜੀਆਂ ਲੰਬੀਆਂ ਹੁੰਦੀਆਂ ਹਨ, ਇਸ ਲਈ ਪਾਠਕ ਦੀ ਲੋੜੀਂਦੀ ਪੁਸਤਕ ਜਾਂ ਸੂਚਨਾ ਲੱਭਣ ਵਿਚ ਜੇਕਰ ਸਮਾਂ ਲੱਗਣ ਦੀ ਸੰਭਾਵਨਾ ਹੋਵੇ ਤਾਂ ਉਸ ਨੂੰ ਲੋੜੀਂਦੇ ਵਿਸ਼ੇ ਤੇ ਸੰਬੰਧਿਤ ਕੋਈ ਆਮ ਪੁਸਤਕ ਜਿਵੇਂ ਵਿਸ਼ਵਕੋਸ਼ (Encyclopeadia) ਜਾਂ ਹੱਥ ਪੁਸਤਕ (Hand book) ਦੇ ਕੇ ਵਿਸ਼ੇ ਦੀ ਆਮ ਜਾਣਕਾਰੀ ਵਿਚ ਰੁਝਾ ਦੇਣਾ ਚਾਹੀਦਾ ਹੈ ਅਤੇ ਇੰਨੇ ਵਿਚ ਵਿਸ਼ੇ ਬਾਰੇ ਸੂਖ਼ਮ ਜਾਣਕਾਰੀ (Micro Information) ਲੱਭ ਲੈਣੀ ਚਾਹੀਦੀ ਹੈ। ਇਸ ਨਾਲ ਪਾਠਕ ਦਾ ਆਂਤਰਿਕ ਸਮਾਂ ਬਚ ਜਾਂਦਾ ਹੈ ਅਤੇ ਕਰਮਚਾਰੀ ਵੀ ਬਿਨਾ ਪਾਠਕ ਦੀ ਰੋਕ ਟੋਕ ਤੇ ਲੋੜੀਂਦੀ ਸੂਚਨਾ ਲੱਭ ਸਕਦਾ ਹੈ।

### 1.2.5.1. ਚੌਥੇ ਨਿਯਮ ਦੇ ਸੰਕੇਤ (Implications of Fourth Law)

ਇਸ ਨਿਯਮ ਦੀ ਪੂਰਤੀ ਲਈ ਨਿਮਨਲਿਖਿਤ ਪ੍ਰਣਾਲੀਆਂ ਹਨ :

### 1.2.5.1.1. ਲਾਇਬ੍ਰੇਰੀ ਸਥਾਨ (Location of the Library)

ਸੰਸਥਾ ਦੇ ਕੇਂਦਰ ਵਿਚ ਸਥਿਤ ਲਾਇਬ੍ਰੇਰੀ ਪਾਠਕਾਂ ਦਾ ਸਮਾਂ ਬਚਾਉਂਦੀ ਹੈ। ਇਸ ਲਈ ਲੋਕ ਲਾਇਬ੍ਰੇਰੀਆਂ ਸ਼ਹਿਰ ਦੇ ਅਤੇ ਅਕਾਦਮਿਕ ਲਾਇਬ੍ਰੇਰੀ ਸਿੱਖਿਆ ਸੰਸਥਾ ਦੇ ਵਿਚਕਾਰ ਹੋਣੀਆਂ ਚਾਹੀਦੀਆਂ ਹਨ। ਯੂਨੀਵਰਸਿਟੀ ਜਿਸ ਵਿਚ ਵਿਭਾਗ ਬਿਖਰੇ ਹੋਣ ਉੱਥੇ ਯੂਨੀਵਰਸਿਟੀ ਲਾਇਬ੍ਰੇਰੀ ਦੇ ਨਾਲ ਨਾਲ ਵਿਭਾਗੀ ਲਾਇਬ੍ਰੇਰੀਆਂ (Departmental Libraries) ਅਤੇ ਵੱਡੇ ਸ਼ਹਿਰਾਂ ਵਿਚ ਲੋਕ ਲਾਇਬ੍ਰੇਰੀ ਦੀਆਂ ਸ਼ਾਖਾ ਲਾਇਬ੍ਰੇਰੀਆਂ (Branch Libraries), ਚਲਦੀ-ਫਿਰਦੀਆਂ ਲਾਇਬ੍ਰੇਰੀਆਂ (Mobile Libraries) ਸਥਾਪਤ ਕਰਨੀਆਂ ਚਾਹੀਦੀਆਂ ਹਨ।

### 1.2.5.1.2. ਖੁੱਲ੍ਹੀ ਤੇ ਬੰਦ ਪਹੁੰਚ (Open Access v/s closed Access)

ਇਹ ਨਿਯਮ ਖੁੱਲ੍ਹੀ ਪਹੁੰਚ ਦੀ ਭਰਪੂਰ ਮੰਗ ਕਰਦਾ ਹੈ, ਕਿਉਂਕਿ ਪਹੁੰਚ ਖੁੱਲ੍ਹੀ ਹੋਣ ਤੇ ਪਾਠਕ ਦੇ ਦੋਵੇਂ ਸਮੇਂ ਵਾਸਤਵਿਕ (Objective) ਅਤੇ ਅੰਤਰੀਵ ਬਚਦੇ ਹਨ। ਖੁੱਲ੍ਹੀ ਪਹੁੰਚ ਵਿਚ ਪਾਠਕ ਬਿਨਾ ਰੋਕ ਤੋਂ ਸ਼ੈਲਫ਼ਾਂ ਤੇ ਪਈਆਂ ਪੁਸਤਕਾਂ ਤੱਕ ਪਹੁੰਚ ਕੇ ਆਪ ਸਰਸਰੀ ਨਜ਼ਰ ਮਾਰ ਪੁਸਤਕ ਦੀ ਚੋਣ ਕਰ ਸਕਦਾ ਹੈ। ਬੰਦ ਪਹੁੰਚ (Closed Access) ਵਿਚ ਪਾਠਕ ਨੂੰ ਮੰਗ ਪਰਚੀ ਦੇ ਕੇ ਬਾਹਰ ਇੰਤਜਾਰ ਕਰਨਾ ਪੈਂਦਾ ਹੈ। ਇੰਤਜਾਰ ਕਰਨਾ ਔਖਾ ਹੈ ਅਤੇ ਕਈ ਵਾਰੀ ਇੰਤਜ਼ਾਰ ਤੋਂ ਬਾਅਦ ਵੀ ਪੁਸਤਕ ਉਪਲੱਬਧ ਨਹੀਂ ਹੁੰਦੀ ਅਤੇ ਉਸ ਦਾ ਵਾਸਤਵਿਕ ਸਮਾਂ ਵੀ ਬਰਬਾਦ ਹੋ ਜਾਂਦਾ ਹੈ।

ਖੁੱਲ੍ਹੀ ਪਹੁੰਚ ਵਿਚ ਪੁਸਤਕ ਵਿਸ਼ੇਸ਼ ਲਈ ਸਰਸਰੀ ਨਜ਼ਰ ਮਾਰਦੇ ਸਮੇਂ ਪਾਠਕ ਨੂੰ ਉਹ ਪੁਸਤਕ ਉਪਲੱਬਧ ਨਾ ਹੋਣ ਦੀ ਸੂਰਤ ਵਿਚ ਇਕ ਉਸ ਤੋਂ ਵਧੀਆ ਪੁਸਤਕ ਲੱਭ ਜਾਂਦੀ ਹੈ ਜਿਸ ਦਾ ਉਸ ਨੂੰ ਗਿਆਨ ਹੀ ਨਹੀਂ ਹੁੰਦਾ। ਇਹ ਸੰਭਾਵਨਾ ਬੰਦ ਪਹੁੰਚ ਵਿਚ ਨਹੀਂ ਹੋ ਸਕਦੀ।

ਖੁੱਲ੍ਹੀ ਪਹੁੰਚ ਪਾਠਕ ਦਾ ਸਮਾਂ ਬਚਾਉਣ ਵਿਚ ਸਮਰੱਥ ਹੈ।

### 1.2.5.1.3. ਪੁਸਤਕ ਸੂਚੀ (Library Catalogue)

ਇਕ ਵਿਗਿਆਨਕ ਢੰਗ ਨਾਲ ਬਣਾਈ ਗਈ ਸੂਚੀ ਪਾਠਕਾਂ ਅਤੇ ਲਾਇਬ੍ਰੇਰੀ ਕਰਮਚਾਰੀਆਂ ਦੇ ਸਮੇਂ ਦੀ ਵੱਡੀ ਹੱਦ ਤੱਕ ਬਚਤ ਕਰਦੀ ਹੈ। ਪਾਠਕਾਂ ਦੀ ਵਿਭਿੰਨ ਸੰਭਾਵਿਤ ਪਹੁੰਚਾਂ ਜਿਵੇਂ ਲੇਖਕ, ਸਿਰਲੇਖ, ਵਿਸ਼ਾ, ਸਹਿਕਾਰਕ, ਸੰਪਾਦਕ, ਲੜੀ ਆਦਿ ਦੇ ਅਨੁਰੂਪ ਤਿਆਰ ਕੀਤੀਆਂ ਗਈਆਂ ਸੂਲੇਖਾਂ ਵਾਲੀ ਸੂਚੀ ਪਾਠਕ ਦਾ ਸਮਾਂ ਬਚਾ ਸਕਦੀ ਹੈ। ਖੋਜ ਕਰਨ ਵਾਲਿਆਂ, ਅਧਿਆਪਕਾਂ ਅਤੇ ਗੰਭੀਰ ਪਾਠਕਾਂ ਵਾਸਤੇ ਅੰਤਰ ਵਿਸ਼ਾ ਸੂਲੇਖਾਂ ਵਾਲੀਆਂ ਸੂਚੀਆਂ ਲਾਭਦਾਇਕ ਹਨ।

### 1.2.5.1.4. ਸ਼ੈਲਫ਼ ਤਰਤੀਬ (Shelf Arrangement)

ਖੁੱਲ੍ਹੀ ਪਹੁੰਚ ਪ੍ਰਣਾਲੀ ਦੇ ਨਾਲ ਪੁਸਤਕਾਂ ਦੀ ਸ਼ੈਲਫ਼ਾਂ ਤੇ ਤਰਤੀਬ ਇਕ ਮਹੱਤਵਪੂਰਨ ਸਾਧਨ ਹੈ। ਅਖ਼ਰਵਾਰ ਤਰਤੀਬ ਵਿਚ A to Z ਤਕ ਪੁਸਤਕ ਲੱਭਣ ਵਿਚ ਵਾਧੂ ਸਮਾਂ ਲਗਦਾ ਹੈ ਕਿਉਂਕਿ ਇਸ ਵਿਚ ਇਕ ਵਿਸ਼ੇ ਦੀਆਂ ਪੁਸਤਕਾਂ ਬਿਖ਼ਰ ਜਾਂਦੀਆਂ ਹਨ। ਪੁਤਸਕ ਵਿਗਿਆਨੀਆਂ ਅਤੇ ਲਾਇਬ੍ਰੇਰੀਆਂ ਦੇ ਅਨੁਭਵ ਦੇ ਆਧਾਰ ਤੇ ਪੁਸਤਕਾਂ ਦੀ ਸ਼ੈਲਫ਼ਾਂ ਦੇ ਤਰਤੀਬ ਵਿਸ਼ੇ ਅਨੁਸਾਰ ਪ੍ਰਮਾਣਿਤ ਅਤੇ ਮਾਨਤਾ ਪ੍ਰਾਪਤ ਵਰਗੀਕਰਣ ਪ੍ਰਣਾਲੀ ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਵਰਗੀਕ੍ਰਿਤ ਤਰਤੀਬ ਵਿਚ ਪੁਸਤਕਾਂ ਵਿਚ ਆਪਸੀ ਨੇੜੇ ਦੇ ਸੰਬੰਧ (Filiatory Sequence) ਸਥਾਪਤ ਹੋ ਜਾਂਦੇ ਹਨ ਅਤੇ ਅਜਿਹਾ ਕਰਨ ਤੇ ਪਾਠਕਾਂ ਦੇ ਸਮੇਂ ਵਿਚ ਬਹੁਤ ਬਚਤ ਕੀਤੀ ਜਾ ਸਕਦੀ ਹੈ।

ਇਹ ਨਿਯਮ ਇਹ ਵੀ ਮੰਗ ਕਰਦਾ ਹੈ ਕਿ ਵੱਧ ਵਰਤੋਂ ਵਿਚ ਆਉਣ ਵਾਲੀਆਂ ਪੁਸਤਕਾਂ ਨੇੜੇ ਰਖੀਆਂ ਜਾਣ। ਹਵਾਲਾ ਪੁਸਤਕਾਂ (Reference Books) ਰੀਡਿੰਗ ਰੂਮ ਦੇ ਨੇੜੇ ਹੋਣੀਆਂ ਚਾਹੀਦੀਆਂ ਹਨ।

### 1.2.5.1.5. ਵਿਸ਼ਿਆਂ ਦੀ ਸੰਬੰਧਿਤ ਸਥਿਤੀ (Filiatory Sequence)

ਜਿਨ੍ਹਾਂ ਵਿਸ਼ਿਆਂ ਦਾ ਆਪਸੀ ਸੰਬੰਧ ਹੁੰਦਾ ਹੈ ਜਿਵੇਂ ਦਰਸ਼ਨ ਵਿਸ਼ੇ ਦਾ ਮਨੋਵਿਗਿਆਨ ਅਤੇ ਧਰਮ ਨਾਲ, ਇਨ੍ਹਾਂ ਨੂੰ ਨੇੜੇ-ਨੇੜੇ ਰਖਣਾ ਚਾਹੀਦਾ ਹੈ। ਇਸ ਤਰਤੀਬ ਨੂੰ ਅਪੂਪਾ (APUPA) ਪੈਟਰਨ ਕਿਹਾ ਜਾਂਦਾ ਹੈ। ਇਸ ਵਿਧੀ ਵਿਚ ਪਾਠਕ ਦੀ ਰੁਚੀ ਦੇ ਮੁੱਖ ਵਿਸ਼ੇ ਦੇ ਆਲੇ-ਦੁਆਲੇ ਮੁੱਖ ਵਿਸ਼ਾ ਤੇ ਮਿਲਦੀਆਂ ਜੁਲਦੀਆਂ ਪੁਸਤਕਾਂ ਅਤੇ ਉਸ ਤੋਂ ਬਾਅਦ ਉਹ ਪੁਸਤਕਾਂ ਰਖੀਆਂ ਜਾਣ ਜੋ ਪਾਠਕ ਲਈ ਉਪਯੋਗੀ ਨਹੀਂ ਹਨ।

ਕਈ ਵਾਰੀ ਅਪੂਪਾ ਪੈਟਰਨ ਵਿਚ ਰਖਣ ਲਈ ਲਾਗੂ ਵਰਗੀਕਰਣ ਦੀ ਵਿਧੀ ਦੀ ਯੋਜਨਾਬੰਦੀ ਨੂੰ ਤੋੜਨਾ ਵੀ ਪੈ ਸਕਦਾ ਹੈ। ਡੀ.ਡੀ.ਸੀ. ਦੇ ਅਨੁਸਾਰ ਭਾਸ਼ਾ ਅਤੇ ਸਾਹਿਤ, ਰਾਜਨੀਤੀ ਵਿਗਿਆਨ ਅਤੇ ਇਤਿਹਾਸ ਆਦਿ ਨਾਲ ਨਹੀਂ ਆਉਂਦੇ। ਅਪੂਪਾ ਪੈਟਰਨ ਦੀ ਤਰਤੀਬ ਪਾਠਕ ਦਾ ਸਮਾਂ ਬਚਾਉਂਦੀ ਹੈ।

### 1.2.5.1.6. ਪੱਥ ਪ੍ਰਦਰਸ਼ਕ (Guides)

ਪਾਠਕਾਂ ਦਾ ਸਮਾਂ ਬਚਾਉਣ ਲਈ ਸੰਕੇਤ ਗਾਈਡ ਲਿਖ ਕੇ ਲਗਾਣੇ ਚਾਹੀਦੇ ਹਨ। ਲਾਇਬ੍ਰੇਰੀ ਪੁਸਤਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ; ਉਨ੍ਹਾਂ ਦੀ ਵਰਗੀਕ੍ਰਿਤ ਤਰਤੀਬ ਤੋਂ ਵੀ ਪਾਠਕਾਂ ਨੂੰ ਲੱਭਣ ਵਿਚ ਔਖ ਆਉਂਦੀ ਹੈ। ਇਸ ਲਈ ਵੱਖ ਵੱਖ ਪੱਥ ਪ੍ਰਦਰਸ਼ਕ ਲਗਾਏ ਜਾਣ

ਉਪਰੋਕਤ ਉਪਰਾਲਾ ਕਰਨ ਤੇ ਪਾਠਕ ਪੁਸਤਕ ਦੀ ਖੋਜ ਵਿਚ ਆਸਾਨੀ ਮਹਿਸੂਸ ਕਰਦੇ ਹਨ ਅਤੇ ਆਪਣਾ ਸਮਾਂ ਬਚਾ ਸਕਦੇ ਹਨ।

### 1.2.5.1.7. ਸੰਦਰਭ ਸੇਵਾ (Reference Service)

ਪਾਠਕਾਂ ਦੇ ਸਮੇਂ ਦੀ ਬਚਤ ਦਾ ਮਹੱਤਵਪੂਰਨ ਸਾਧਨ ਸੰਦਰਭ ਸੇਵਾ ਹੈ। ਲਾਇਬ੍ਰੇਰੀ ਕਰਮਚਾਰੀ ਇਸ ਨਿਜੀ ਸੇਵਾ ਰਾਹੀਂ ਪਾਠਕ ਦੇਂ ਵਾਸਤਵਿਕ ਅਤੇ ਅੰਤਰੀਵ ਸਮੇਂ ਦੀ ਬੱਚਤ ਕਰ ਸਕਦੇ ਹਨ। ਸੰਦਰਭ ਸੇਵਾ ਵਿਚ ਨਿਮਨਲਿਖਿਤ ਕਦਮ ਚੁੱਕੇ ਜਾਣ :

(1) ਨਵੇਂ ਪਾਠਕਾਂ ਨੂੰ ਲਾਇਬ੍ਰੇਰੀ ਦੀਆਂ ਸੇਵਾਵਾਂ, ਵੱਖ-ਵੱਖ ਵਿਭਾਗਾਂ, ਪੁਸਤਕਾਂ ਦੀ ਤਰਤੀਬ ਆਦਿ ਦੀ ਜਾਣਕਾਰੀ ਦਿੱਤੀ ਜਾਵੇ;

(2) ਸੰਦਰਭ ਸੇਵਾ ਨੂੰ ਦੋ ਹਿੱਸਿਆਂ ਤੁਰੰਤ ਸੰਦਰਭ ਸੇਵਾ (Ready Reference Service) ਅਤੇ ਦੀਰਘ ਕਾਲੀਨ ਸੰਦਰਭ ਸੇਵਾ (Long Range Reference Service) ਵਿਚ ਵੰਡ ਕੇ, ਅਨੁਭਵੀ ਅਤੇ ਯੋਗ ਕਰਮਚਾਰੀ ਸੇਵਾ ਲਈ ਲਾਉਣੇ ਚਾਹੀਦੇ ਹਨ।

### 1.2.5.1.8. ਪੁਸਤਕਾਂ ਜਾਰੀ ਕਰਨ ਦਾ ਢੰਗ (Issue Systems)

ਪਾਠਕ ਕੋਲ ਇੰਨਾ ਸਮਾਂ ਨਹੀਂ ਹੁੰਦਾ ਕਿ ਉਹ ਪੁਸਤਕਾਂ ਲਾਇਬ੍ਰੇਰੀ ਵਿਚ ਹੀ ਪੜ੍ਹਨ ਇਸ ਲਈ ਪੁਸਤਕਾਂ ਬਾਹਰ ਵਿਹਲ ਦੇ ਸਮੇਂ ਪੜ੍ਹਨ ਲਈ ਜਾਰੀ (Issue) ਕੀਤੀਆਂ ਜਾਂਦੀਆਂ ਹਨ। ਜਾਰੀ ਕਰਨ ਲਈ ਕਈ ਢੰਗ ਅਪਣਾਏ ਜਾਂਦੇ ਹਨ। ਢੰਗ ਅਪਣਾਉਣ ਸਮੇਂ ਵਿਧੀ ਵਿਚ ਨਿਮਨਲਿਖਿਤ ਵਿਸ਼ੇਸ਼ਤਾਵਾਂ ਦੀ ਪੜਤਾਲ

ਕਰਨੀ ਜ਼ਰੂਰੀ ਹੈ :

(1) ਕੁਸ਼ਲਤਾ; (2) ਕਿਫਾਇਤ; (3) ਤੁਰੰਤ ਸੇਵਾ; ਅਤੇ (4) ਪੁਸਤਕ ਸੰਬੰਧੀ ਠੀਕ ਰਿਕਾਰਡ ।

ਜਾਰੀ ਕਰਨ ਦੀਆਂ ਵਿਧੀਆਂ ਨੂੰ ਨਿਮਨਲਿਖਿਤ ਲੋੜਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:

(1) ਪਾਠਕ ਨੂੰ ਜਾਰੀ ਕੀਤੀ ਪੁਸਤਕ ਦਾ ਵਰਨਣ;

(2) ਪੁਸਤਕ ਉਧਾਰ ਲੈ ਜਾਣ ਵਾਲੇ ਪਾਠਕ ਦਾ ਵੇਰਵਾ-ਨਾਮ ਅਤੇ ਪਤਾ;

(3) ਪੁਸਤਕ ਵਾਪਸ ਆਉਣ ਦੀ ਮਿਤੀ ਅਤੇ ਮੰਗ ਉੱਤੇ ਪੁਸਤਕ ਨੂੰ ਰਾਖਵੀਂ ਰਖਣ ਦਾ ਢੁੱਕਵਾਂ ਉਪਰਾਲਾ; ਅਤੇ

(4) ਪੁਸਤਕ ਜਾਰੀ ਕਰਾਉਣ ਅਤੇ ਵਾਪਸ ਕਰਦੇ ਸਮੇਂ ਪਾਠਕ ਦਾ ਘੱਟੋ-ਘੱਟ ਸਮਾਂ ਲੱਗੇ ।

ਅੱਜ ਦੇ ਵਿਗਿਆਨਿਕ ਅਤੇ ਤਕਨੀਕੀ ਯੁੱਗ ਵਿਚ ਹਰ ਕੰਮ ਲਈ ਮਸ਼ੀਨਾਂ ਦਾ ਉਪਯੋਗ ਹੋ ਰਿਹਾ ਹੈ ਅਤੇ ਲਾਇਬ੍ਰੇਰੀਆਂ ਵਿਚ ਵੀ ਇਨ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਹੈ । ਅੱਜ ਕਈ ਲਾਇਬ੍ਰੇਰੀਆਂ ਵਿਚ ਫੋਟੋ ਪ੍ਰਣਾਲੀ (Photo Charging System) ਅਤੇ ਕੰਪਿਊਟਰ ਪ੍ਰਣਾਲੀ (Compurter Charging System) ਦੀ ਵਰਤੋਂ ਕਰਕੇ ਪਾਠਕ ਦਾ ਬਹੁਤ ਸਾਰਾ ਸਮਾਂ ਬਚਾ ਲਿਆ ਜਾਂਦਾ ਹੈ ।

### 1.2.5.1.9. ਲਾਇਬ੍ਰੇਰੀ ਕਰਮਚਾਰੀ (Library Staff)

ਲਾਇਬ੍ਰੇਰੀ ਪ੍ਰਬੰਧ ਅਤੇ ਸੰਗਠਨ ਦੀ ਸਫ਼ਲਤਾ ਲਈ, ਲਾਇਬ੍ਰੇਰੀ ਵਿਚ ਨਵੀਨ ਉਪਕਰਣਾਂ ਨਾਲ ਨਵੀਨ ਸੇਵਾਵਾਂ ਪ੍ਰਦਾਨ ਕਰਨ ਲਈ, ਪਾਠਕ ਨੂੰ ਮਿਤੱਰਤਾਪੂਰਨ ਨਿਜੀ ਸੇਵਾ ਦੇਣ ਲਈ ਅਤੇ ਪੁਸਤਕਾਲਾ ਵਿਗਿਆਨ ਦੇ ਪੰਜ ਨਿਯਮਾਂ ਦੀ ਪੂਰਤੀ ਲਈ ਝੁਝਾਰੂ, ਯੋਗ, ਪੇਸ਼ੇਵਰ, ਸੇਵਾ ਭਾਵਨਾ, ਵਾਲੇ, ਤਤਪਰ ਤਿਆਰ ਰਹਿਣ ਵਾਲੇ ਕਰਮਚਾਰੀਆਂ ਦੀ ਲੋੜ ਹੈ । ਮਸ਼ੀਨ, ਮਾਲ ਅਤੇ ਮਾਨਵ ਵਿਚ ਮਾਨਵ ਅੰਸ਼ ਕਿਸੇ ਵੀ ਸੰਸਥਾ ਨੂੰ ਬਣਾ ਜਾਂ ਵਿਗਾੜ ਸਕਦਾ ਹੈ । ਪਾਠਕ ਦਾ ਸਮਾਂ ਬਚਾਉਣ ਵਿਚ ਕਰਮਚਾਰੀਆਂ ਦੇ ਸਹਿਯੋਗ ਦੀ ਆਸ ਇਹ ਨਿਯਮ ਕਰਦਾ ਹੈ ।

### 1.2.5.1.10. ਬਿਬਲਿਉਗ੍ਰਾਫੀਆਂ (Bibliographies)

ਚੌਥਾ ਨਿਯਮ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਉੱਤੇ ਬਿਬਲਿਉਗ੍ਰਾਫੀਆਂ ਅਤੇ ਰਸਾਲਿਆਂ ਦੇ ਸਿਰਲੇਖਾਂ ਦੀ ਸੂਚੀ ਤਿਆਰ ਕਰਕੇ ਪਾਠਕ ਦਾ ਸਮਾਂ ਬਚਾਉਣ ਦੀ ਮੰਗ ਕਰਦਾ ਹੈ । ਇਨ੍ਹਾਂ ਦੇ ਸਦਕੇ ਪਾਠਕਾਂ ਨੂੰ ਸਮਾਂ ਬਰਬਾਦ ਕੀਤੇ ਬਿਨਾ ਹੀ ਆਪਣੇ ਖੇਤਰ ਵਿਚ ਉਪਲਬਧ ਸਾਹਿਤ ਦਾ ਪਤਾ ਚੱਲ ਜਾਂਦਾ ਹੈ । ਕੇਂਦਰੀ ਸੂਚੀ (Union Catalogue) ਵੀ ਪਾਠਕ ਦਾ ਸਮਾਂ ਬਚਾ ਸਕਦੀ ਹੈ ।

### 1.2.5.1.11. ਕੇਂਦਰੀਕ੍ਰਿਤ ਅਤੇ ਸਹਿਕਾਰੀ ਸੂਚੀਕਰਣ (Centeralized and Cooperative Cataloguing)

ਪਾਠਕਾਂ ਦੇ ਸਮੇਂ ਦੀ ਬਚਤ ਕਰਨ ਦੇ ਨਾਲ-ਨਾਲ ਕਰਮਚਾਰੀਆਂ ਦੇ ਸਮੇਂ ਦੀ ਵੀ ਬਚਤ ਕੀਤੀ ਜਾਵੇ ਤਾਂ ਕਿ ਉਹ ਬਚਿਆ ਸਮਾਂ ਪਾਠਕਾਂ ਦੀਆਂ ਸੇਵਾਵਾਂ ਅਤੇ ਲਾਇਬ੍ਰੇਰੀ ਦੇ ਦੂਜੇ ਕੰਮਾਂ ਵਿਚ ਲਗਾ ਸਕਣ । ਲਾਇਬ੍ਰੇਰੀਆਂ ਵਿਚ ਇਕੋ ਜਿਹੀਆਂ ਪੁਸਤਕਾਂ ਜਾਂ ਇਕ ਹੀ ਪੁਸਤਕ ਦੀਆਂ ਅਨੇਕ ਪ੍ਰਤੀਆਂ ਦਾ ਵਰਗੀਕਰਨ ਅਤੇ ਸੂਚੀਕਰਨ ਕੀਤਾ ਜਾਂਦਾ ਹੈ । ਲਾਇਬ੍ਰੇਰੀ ਪ੍ਰਣਾਲੀ ਵਿਚ ਕੇਂਦਰੀਕ੍ਰਿਤ ਅਤੇ ਸਹਿਕਾਰੀ ਸੂਚੀਕਰਨ ਨਾਲ ਵਿੱਤ ਅਤੇ ਮਨੁੱਖੀ ਸ਼ਕਤੀ ਦੀ ਬਚਤ ਕੀਤੀ ਜਾ ਸਕਦੀ ਹੈ । ਡਾ. ਰੰਗਾਨਾਥਨ ਨੇ ਇਸ ਕੰਮ ਲਈ ਪੁਸਤਕ ਛਪਣ ਤੋਂ ਪਹਿਲਾਂ ਸੂਚੀਕਰਣ (Prenatal Cataloguing) ਕਰਦ ਦਾ ਵਿਚਾਰ ਵੀ ਦਿੱਤਾ ਹੈ ਜੋ ਕਿ ਬਹੁਤ ਸਮੇਂ ਦੀ ਬਚਤ ਕਰ ਸਕਦਾ ਹੈ ।

### 1.2.5.1.12. ਸਰਲੀਕਰਣ ਅਤੇ ਪ੍ਰਮਾਣੀਕਰਣ (Simplification and Stantardization)

ਲਾਇਬ੍ਰੇਰੀ ਰੀਕਾਰਡ ਨੂੰ ਸਰਲਤਾ, ਕਿਫਾਇਤ ਅਤੇ ਵਿਵਸਥਿਤ ਵਿਧੀਆਂ ਨਾਲ ਰਖਣਾ ਜ਼ਰੂਰੀ ਹੈ, ਇਸ ਲਈ ਇਸ ਦਾ ਸੰਗਠਨ ਅਤੇ ਪ੍ਰਬੰਧ ਵਿਗਿਆਨਿਕ ਸਿਧਾਂਤਾਂ ਦੇ ਆਧਾਰ ਤੇ ਕੀਤਾ ਜਾਵੇ । ਲਾਇਬ੍ਰੇਰੀ ਨੂੰ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਲਾਇਬ੍ਰੇਰੀ ਦੇ ਕਾਰਜਾਂ ਦਾ ਸਰਲੀਕਰਣ ਅਤੇ ਪ੍ਰਮਾਣੀਕਰਣ ਜ਼ਰੂਰੀ ਹੈ । ਸਾਰੇ ਕਾਰਜਾਂ ਦਾ ਨਿਪਟਾਰਾ ਪ੍ਰਵਾਨਿਤ ਨਿਯਮਾਂ ਅਤੇ ਸਿਧਾਂਤਾਂ ਅਨੁਸਾਰ ਕੀਤਾ ਜਾਵੇ ।

### 1.2.5.1.13. ਲਾਇਬ੍ਰੇਰੀ ਮਸ਼ੀਨੀਕਰਣ (Library Automation)

ਤਕਨਾਲੋਜੀ ਦੇ ਯੁੱਗ ਵਿਚ ਮਸ਼ੀਨਾਂ ਹੀ ਜੀਵਨ ਦਾ ਆਧਾਰ ਬਣਦੀਆਂ ਜਾ ਰਹੀਆਂ ਹਨ । ਸਾਲਾਂ ਦਾ ਕੰਮ ਮਹੀਨਿਆਂ, ਮਹੀਨਿਆਂ ਦਾ ਕੰਮ ਦਿਨਾਂ, ਦਿਨਾਂ ਦਾ ਕੰਮ ਘੰਟਿਆਂ, ਘੰਟਿਆਂ ਦਾ ਕੰਮ ਮਿੰਟਾਂ ਅਤੇ ਮਿੰਟਾਂ ਦਾ ਕੰਮ ਸਕਿੰਟਾਂ ਵਿਚ ਕੀਤਾ ਜਾ ਸਕਦਾ ਹੈ । ਮਸ਼ੀਨਾਂ ਦਾ ਪ੍ਰਯੋਗ ਹੁਣ ਲਾਇਬ੍ਰੇਰੀਆਂ ਵਿਚ ਹੋਣ ਲੱਗ ਪਿਆ ਹੈ । ਕੰਪਿਊਟਰ ਨਾਲ ਲਾਇਬ੍ਰੇਰੀ ਦੇ ਸਾਰੇ ਕੰਮ ਵਧੇਰੇ ਸਫ਼ਲਤਾ, ਰਫ਼ਤਾਰ ਅਤੇ ਦਰੁੱਸਤੀ ਨਾਲ ਕੀਤੇ ਜਾ ਸਕਦੇ ਹਨ । ਲਾਇਬ੍ਰੇਰੀ ਵਿਚ ਪੁਸਤਕ ਚੋਣ, ਪੁਸਤਕ ਪ੍ਰਾਪਤੀ, ਰਸਾਲਿਆਂ ਦਾ ਪ੍ਰਬੰਧ, ਸੂਚੀਕਰਣ, ਪੁਸਤਕਾਂ ਜਾਰੀ ਕਰਨ ਅਤੇ ਵਾਪਸ ਕਰਨ, ਸੂਚਨਾ ਭੰਡਾਰਣ ਅਤੇ ਵੰਡ ਆਦਿ ਦੇ ਸਾਰੇ ਕਾਰਜ ਕੰਪਿਊਟਰ ਰਾਹੀਂ ਕੀਤੇ ਜਾ ਸਕਦੇ ਹਨ ।

## 1.2.6. ਪੰਜਵਾਂ ਨਿਯਮ : ਲਾਇਬ੍ਰੇਰੀ ਵਿਕਾਸਸ਼ੀਲ ਜੀਵ ਹੈ (Library is a Growing Organism)

ਪੰਜਵੇਂ ਨਿਯਮ ਵਿਚ ਲਾਇਬ੍ਰੇਰੀ ਨੂੰ ਇਕ ਵਿਕਾਸਸ਼ੀਲ ਜੀਵ ਮੰਨ ਕੇ ਇਸ ਉੱਤੇ ਵਿਚਾਰ ਕੀਤਾ ਗਿਆ ਹੈ । ਇਸ ਨਿਯਮ ਵਿਚ ਲਾਇਬ੍ਰੇਰੀ ਨੂੰ ਵਿਕਾਸਸ਼ੀਲ (Growing) ਮੰਨਣ ਦੇ ਨਾਲ ਜੀਵ (Organism) ਕਿਹਾ ਹੈ ਇਸ ਨੂੰ ਵਿਕਾਸਸ਼ੀਲ ਸੰਸਥਾ (Organization) ਨਹੀਂ ਕਿਹਾ ਗਿਆ । ਅੰਗ੍ਰੇਜ਼ੀ ਦੇ ਸ਼ਬਦ ਆਰਗੇਨਾਈਜੇਸ਼ਨ ਦਾ ਅਰਥ ਜਿੱਥੇ 'ਸੰਸਥਾ' ਹੈ ਉੱਥੇ ਆਰਗੇਨਿਜ਼ਮ ਦਾ ਅਰਥ 'ਜੀਵਤ ਪ੍ਰਾਣੀ ਵਾਂਗ ਅੰਗਯੁਕਤ ਸੰਪੂਰਨ ਰਚਨਾ' । ਡਾ. ਰੰਗਾਨਾਥਨ

ਨੇ ਨਿਯਮ ਵਿਚ ਲਾਇਬ੍ਰੇਰੀ ਨੂੰ ਇਕ ਆਰਗੇਨੀਜ਼ਮ ਮੰਨਿਆ ਹੈ ਨਾ ਕਿ 'ਸੰਸਥਾ' ਜਾਂ 'ਵਿਵਸਥਾ'। ਇਸ ਸ਼ਬਦ ਦਾ ਪ੍ਰਯੋਗ ਲਾਇਬ੍ਰੇਰੀ ਨੂੰ ਇਕ 'ਜੀਵਤ ਪ੍ਰਾਣੀ ਵਾਂਗ ਅੰਗਯੁਕਤ ਸੰਪੂਰਨ' ਰਚਨਾ ਮੰਨਦਾ ਹੈ ਜੋ ਕਿ ਵਿਕਾਸਸ਼ੀਲ ਹੈ। ਇਸ ਸ਼ਬਦ ਆਰਗੇਨਿਜ਼ਮ (Organism) ਨਾਲ ਲਾਇਬ੍ਰੇਰੀ ਦੇ ਲੁਕੇ ਹੋਏ ਗੁਣ ਪ੍ਰਗਟ ਹੋ ਜਾਂਦੇ ਹਨ।

ਇਕ ਜੀਵਤ 'ਜੀਵ' (Organism) ਦਾ ਵਿਕਾਸ ਦੋ ਪ੍ਰਕਾਰ ਦਾ ਹੈ :

1. ਬਾਲ ਵਿਕਾਸ (Child Growth); ਅਤੇ
2. ਬਾਲਗ ਵਿਕਾਸ (Adult Growth)

ਬਾਲ ਵਿਕਾਸ ਵਿਚ ਸ਼ਾਰੀਰਿਕ ਬਢੋਤਰੀ ਜਾਂ ਬਦਲਾਵ ਹੁੰਦਾ ਹੈ ਜੋ ਕਿ ਆਸਾਨੀ ਨਾਲ ਨਜ਼ਰ ਆ ਸਕਦੀ ਹੈ। ਪਰ ਬਾਲਗ ਵਿਕਾਸ ਵਿਚ ਬਦਲਾਵ ਕੋਸ਼ਾਣੂਆਂ ਦਾ ਹੁੰਦਾ ਹੈ, ਇਹ ਇਕ ਆਂਤਰਿਕ ਗੁਣਾਤਮਕ ਬਦਲਾਵ ਹੁੰਦਾ ਹੈ ਜੋ ਨਜ਼ਰ ਨਹੀਂ ਆਉਂਦਾ। ਇਸ ਵਿਚ ਸ਼ਰੀਰ (ਮਨੁੱਖ) ਦਾ ਬੌਧਿਕ, ਚਿੰਤਾਤਮਕ, ਨਵੀਨ ਕ੍ਰਿਆਸ਼ੀਲ ਕਿਸਮ ਦਾ ਵਿਕਾਸ ਹੁੰਦਾ ਹੈ। ਸ਼ਰੀਰ ਨਵੀਂ ਕ੍ਰਿਆ ਕਰਕੇ ਜੀਵਨ ਨੂੰ ਵੱਧ ਪ੍ਰਭਾਵਸ਼ਾਲੀ, ਸੁਖਾਵਾਂ ਅਤੇ ਸਮੇਂ ਦੀ ਲੋੜ ਅਨੁਸਾਰ ਬਣਾਉਂਦਾ ਹੈ। ਇਸ ਲਈ ਲਾਇਬ੍ਰੇਰੀ ਨੂੰ ਇਕ ਬੇਜਾਨ ਸੰਸਥਾ ਨਾ ਮੰਨ ਕੇ ਇਕ ਵਿਕਾਸਸ਼ੀਲ ਜੀਵਿਤ ਸੰਸਥਾ ਕਿਹਾ ਗਿਆ ਹੈ। ਜਿਸ ਕਰਕੇ ਇਸ ਨਿਯਮ ਦੀਆਂ ਵਿਸ਼ੇਸ਼ਤਾਵਾਂ ਨੂੰ ਠੀਕ ਢੰਗ ਨਾਲ ਸਮਝਿਆ ਜਾ ਸਕਦਾ ਹੈ। ਲਾਇਬ੍ਰੇਰੀ ਦੀ ਸਥਾਪਨਾ ਦੇ ਸਮੇਂ ਸ਼ੁਰੂ ਵਿਚ ਯੋਜਨਾਬੰਦੀ ਅਤੇ ਦੂਜੇ ਸਾਧਨਾਂ ਦੀ ਕਮੀ ਨਹੀਂ ਹੋਣੀ ਚਾਹੀਦੀ। ਇਸ ਵੇਲੇ ਲਾਇਬ੍ਰੇਰੀ ਨੂੰ ਉਸ ਦੇਖਭਾਲ ਦੀ ਲੋੜ ਹੈ ਜੋ ਕਿ ਇਕ ਬਾਲ (child) ਨੂੰ ਹੁੰਦੀ ਹੈ ਅਤੇ ਜਦ ਲਾਇਬ੍ਰੇਰੀ ਵਿਕਸਤ ਹੋ ਜਾਵੇ ਤਾਂ ਇਸ ਵਿਚ ਲੋੜ ਅਨੁਸਾਰ ਆਂਤਰਿਕ ਬਦਲਾਵਾਂ ਦੀ ਜ਼ਰੂਰਤ ਹੈ ਤਾਂ ਕਿ ਪਾਠਕ ਸੇਵਾ ਪ੍ਰਭਾਵੀ ਢੰਗ ਨਾਲ ਦਿੱਤੀ ਜਾ ਸਕੇ।

ਪਹਿਲੇ ਚਾਰ ਨਿਯਮ ਲਾਇਬ੍ਰੇਰੀ ਪ੍ਰਬੰਧ ਅਤੇ ਪ੍ਰਸ਼ਾਸ਼ਨ ਦੇ ਗੁਣਾਂ ਬਾਰੇ ਦੱਸਦੇ ਹਨ, ਪਰ ਪੰਜਵਾਂ ਨਿਯਮ ਲਾਇਬ੍ਰੇਰੀ ਦੀ ਯੋਜਨਾ ਅਤੇ ਸੰਗਠਨ ਨੂੰ ਚਲਾਉਣ ਲਈ ਮੁੱਢਲਾ ਨਿਯਮ ਪ੍ਰਦਾਨ ਕਰਦਾ ਹੈ।

ਪੰਜਵੇਂ ਨਿਯਮ ਦੇ ਅਨੁਸਾਰ ਵਿਕਾਸਸ਼ੀਲ ਹੋਣ ਕਰਕੇ ਲਾਇਬ੍ਰੇਰੀ ਚਿਰੰਜੀਵੀ ਸੰਸਥਾ ਹੈ। ਇਸ ਲਈ ਮਨੁੱਖੀ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਵਿਕਾਸ ਦੇ ਸਮਾਨਾਂਤਰ ਲਾਇਬ੍ਰੇਰੀ ਦਾ ਵੀ ਵਿਕਾਸ ਹੁੰਦਾ ਰਿਹਾ ਹੈ ਅਤੇ ਇਹ ਪ੍ਰਕ੍ਰਿਆ ਨਿਰੰਤਰ ਚਲਦੀ ਰਹੇਗੀ।

ਸ਼ਬਦ ਆਰਗੇਨਿਜ਼ਮ (Organism) ਦੇ ਅਰਥ ਦੇ ਅਨੁਸਾਰ 'ਜੀਵਤ ਪ੍ਰਾਣੀ ਵਾਂਗ ਅੰਗ ਸੰਪੂਰਨ ਰਚਨਾ' ਹੈ, ਅਤੇ ਲਾਇਬ੍ਰੇਰੀ ਦੀ ਸੰਪੂਰਨ ਰਚਨਾ ਵਿਚ ਇਸ ਦੇ ਨਿਮਨਲਿਖਿਤ ਅੰਗ ਹਨ :

(i) ਪੁਸਤਕ; (ii) ਪਾਠਕ; ਅਤੇ (iii) ਕਰਮਚਾਰੀ

ਇਨ੍ਹਾਂ ਤਿੰਨਾਂ ਅੰਗਾਂ ਦੇ ਵਿਕਾਸ ਨਾਲ ਲਾਇਬ੍ਰੇਰੀ ਦਾ ਵਿਕਾਸ ਹੁੰਦਾ ਹੈ ਅਤੇ ਲਾਇਬ੍ਰੇਰੀ ਸੰਸਥਾ ਜੀਵਤ ਰਹਿ ਕੇ ਅਨੇਕ ਸੇਵਾਵਾਂ ਪ੍ਰਦਾਨ ਕਰਦੀ ਹੈ। ਲਾਇਬ੍ਰੇਰੀ ਵਿਚ ਵਧਣ ਵਾਲੇ ਜੀਵ ਦੇ ਸਾਰੇ ਗੁਣ ਹਨ।

ਡਾ. ਰੰਗਾਨਾਥਨ ਅਨੁਸਾਰ, "ਵਿਕਾਸਸ਼ੀਲ ਸੰਸਥਾ ਨਵੀਂ ਸਮੱਗਰੀ ਸੰਮਲਿਤ ਕਰਦੀ ਹੈ ਅਤੇ ਪੁਰਾਣੀ ਸਮੱਗਰੀ ਦਾ ਤਿਆਗ ਕਰਦੀ ਹੈ। ਆਕਾਰ ਬਦਲ ਲੈਂਦੀ ਹੈ ਅਤੇ ਨਵੀਂ ਸ਼ਕਲ ਅਤੇ ਆਕਾਰ ਗ੍ਰਹਿਣ ਕਰਦੀ ਹੈ।"

### 1.2.6.1. ਪੰਜਵੇਂ ਨਿਯਮ ਦੇ ਸੰਕੇਤ (Implications of Fifth Law)

ਇਸ ਨਿਯਮ ਬਾਰੇ ਨਿਮਨਲਿਖਿਤ ਸੁਝਾਅ ਹਨ :

### 1.2.6.1.1. ਪਾਠਕ-ਸਮੱਗਰੀ (Reading Material)

ਸੱਭਿਅਤਾ ਦੇ ਵਿਕਾਸ ਨਾਲ ਮਨੁੱਖੀ ਪ੍ਰਾਪਤੀਆਂ ਅਤੇ ਗਿਆਨ ਦਾ ਵਾਧਾ ਵੀ ਹੁੰਦਾ ਹੈ। ਇਹ ਵਿਕਾਸ ਅਨੇਕ ਰੂਪਾਂ ਵਿਚ ਪ੍ਰਗਟ ਹੁੰਦਾ ਹੈ ਜਿਸ ਵਿਚੋਂ ਇਕ ਹੈ ਪਾਠ-ਸਮੱਗਰੀ। ਪੁਸਤਕਾਂ, ਰਸਾਲੇ, ਅਤੇ ਦੂਜੀ ਸਮੱਗਰੀ ਦੀ ਉਤਪੱਤੀ ਦਿਨ ਪ੍ਰਤੀ ਦਿਨ ਵੱਧਦੀ ਜਾਂਦੀ ਹੈ ਅਤੇ ਇਹ ਸਮੱਗਰੀ ਹਰ ਦੱਸ ਸਾਲ ਬਾਅਦ ਲਗਭਗ ਦੁਗਣੀ ਹੋ ਜਾਂਦੀ ਹੈ।

ਲਾਇਬ੍ਰੇਰੀ ਵਿਚ ਵੀ ਸਮੇਂ ਅਨੁਸਾਰ ਇਹ ਸਮੱਗਰੀ ਵਧਦੀ ਜਾਂਦੀ ਹੈ ਕਿਉਂਕਿ ਭਰਪੂਰ ਅਤੇ ਪ੍ਰਭਾਵਸ਼ਾਲੀ ਸੇਵਾ ਦੇਣ ਲਈ ਨਵੀਂ ਪਾਠ-ਸਮੱਗਰੀ ਦੀ ਲੋੜ ਹੈ। ਇਸ ਲਈ ਇਸ ਨਿਯਮ ਦੇ ਅਨੁਸਾਰ ਪਾਠ-ਸਮੱਗਰੀ ਵਿਚ ਵਾਧਾ ਜ਼ਰੂਰੀ ਹੈ ਅਤੇ ਇਸ ਨੂੰ ਰੋਕਿਆ ਨਹੀਂ ਜਾ ਸਕਦਾ।

### 1.2.6.1.1.1. ਲਾਇਬ੍ਰੇਰੀ ਇਮਾਰਤ (Library Building)

ਪਾਠ-ਸਮੱਗਰੀ ਦਾ ਵਿਕਾਸ ਲਾਇਬ੍ਰੇਰੀ ਦਾ ਸੁਭਾਅ ਹੈ, ਇਸ ਵਿਕਾਸ ਨਾਲ ਪਾਠਕਾਂ ਅਤੇ ਕਰਚਾਰੀਆਂ ਦਾ ਵਿਕਾਸ ਵੀ ਹੁੰਦਾ ਹੈ। ਲਾਇਬ੍ਰੇਰੀ ਇਮਾਰਤ ਦੀ ਯੋਜਨਾ ਬਣਾਉਣ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਭਵਿੱਖ ਵਿਚ ਲਾਇਬ੍ਰੇਰੀ ਦਾ ਤਿੰਨ-ਮੁਖੀ ਵਿਕਾਸ ਹੋਣਾ ਹੈ। ਇਸ ਲਈ ਪਹਿਲਾਂ ਹੀ ਆਉਣ ਵਾਲੇ 50 ਸਾਲਾਂ ਦੇ ਵਿਕਾਸ ਨੂੰ ਨਜ਼ਰ ਵਿਚ ਰਖ ਕੇ ਲਾਇਬ੍ਰੇਰੀ ਇਮਾਰਤ ਦੀ ਯੋਜਨਾ ਤਿਆਰ ਕਰਨੀ ਚਾਹੀਦੀ ਹੈ। ਇਸ ਯੋਜਨਾ ਵਿਚ ਭਵਿੱਖ ਵਿਚ ਹੋਣ ਵਾਲੇ ਵਿਕਾਸ ਵਾਸਤੇ ਲੋੜੀਂਦੀ ਵਿਵਸਥਾ ਦੀ ਜਗ੍ਹਾ ਰਖਣੀ ਚਾਹੀਦੀ ਹੈ।

ਲਾਇਬ੍ਰੇਰੀ ਇਮਾਰਤ 'ਮਾਡਿਊਲ' ਦੇ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ। ਹਰ ਇਕਾਈ ਸੁਤੰਤਰ ਹੋਣ ਕਰਕੇ ਲਾਇਬ੍ਰੇਰੀ ਇਮਾਰਤ ਵਿਚ ਭਵਿੱਖ ਦੀ ਲੋੜ

ਅਨੁਸਾਰ ਅੰਦਰ ਕੋਈ ਵੀ ਤਬਦੀਲੀ ਕਰਕੇ ਖੇਤਰ ਨੂੰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ। ਇਮਾਰਤ ਮਜ਼ਬੂਤ ਹੋਣੀ ਚਾਹੀਦੀ ਹੈ ਤਾਂ ਕਿ ਉਹ ਵੱਧਦੀ ਸਮੱਗਰੀ, ਉਪਕਰਣਾਂ, ਸਾਜੋ ਸਮਾਨ ਦਾ ਭਾਰ ਸਹਿ ਸਕੇ।

### 1.2.6.1.1.2. ਸਾਜ਼-ਸਮਾਨ (Equipments)

ਲਾਇਬ੍ਰੇਰੀ ਵਿਚ ਆਕਾਰ ਵਿਚ ਵਾਧਾ ਹੋਣ ਕਰਕੇ ਵਧੇਰੇ ਸਾਜ਼-ਸਮਾਨ ਦੀ ਲੋੜ ਹੁੰਦੀ ਹੈ। ਪੁਸਤਕਾਂ ਲਈ ਸ਼ੈਲਫ਼ਾਂ, ਸੂਚੀ ਕੈਬੀਨੇਟ, ਪਾਠਕਾਂ ਲਈ ਬੈਠ ਕੇ ਪੜ੍ਹਣ ਲਈ ਲੋੜੀਂਦਾ ਫਰਨੀਚਰ, ਕਰਮਚਾਰੀਆਂ ਲਈ ਫਰਨੀਚਰ ਅਤੇ ਦੂਜੇ ਉਪਕਰਣ ਲੋੜ ਅਨੁਸਾਰ ਵਧਦੇ ਰਹਿਣੇ ਚਾਹੀਦੇ ਹਨ।

ਬੁਕ ਸ਼ੈਲਫ਼ਾਂ ਵਿਚ ਪੁਸਤਕ ਦੇ ਸਮਾਉਣ ਲਈ ਕਾਫ਼ੀ ਸਥਾਨ ਛੱਡਣਾ ਚਾਹੀਦਾ ਹੈ। ਸਾਜ਼-ਸਮਾਨ ਪ੍ਰਮਾਣਿਤ ਕਿਸਮ ਦਾ ਹੀ ਖਰੀਦਿਆ ਜਾਵੇ।

### 1.2.6.1.1.3. ਪੁਸਤਕ ਸੂਚੀ ਖੇਤਰ (Catalogue Area)

ਲਾਇਬ੍ਰੇਰੀ ਸੂਚੀ ਲਾਇਬ੍ਰੇਰੀ ਦਾ ਸ਼ੀਸ਼ਾ ਹੋਣ ਕਰਕੇ ਇਕ ਮਹੱਤਵਪੂਰਣ ਉਪਕਰਣ ਹੈ, ਇਹ ਲਾਇਬ੍ਰੇਰੀ ਲਈ 'ਪਲਾਨ ਗਾਈਡ' ਦਾ ਕੰਮ ਕਰਦਾ ਹੈ। ਲਾਇਬ੍ਰੇਰੀ ਦੀ ਕੁੰਜੀ ਹੋਣ ਕਰਕੇ, ਲਾਇਬ੍ਰੇਰੀ ਵਿਚ ਇਸ ਦੇ ਰਖਣ ਦੇ ਸਥਾਨ ਦੀ ਚੋਣ ਧਿਆਨ ਨਾਲ ਕਰਨੀ ਚਾਹੀਦੀ ਹੈ ਤਾਂ ਕਿ ਪਾਠਕ ਪੁਸਤਕ ਸੂਚੀ ਅਤੇ ਪੁਸਤਕ ਸ਼ੈਲਫ਼ਾਂ ਵਿਚ ਤਾਲ ਮੇਲ ਸਥਾਪਿਤ ਕਰ ਸਕਣ। ਇਹ ਸਥਾਨ ਮੁੱਖ-ਦੁਆਰ ਅਤੇ ਸਟੈਕ ਖੇਤਰ ਦੇ ਨੇੜੇ ਹੋਣਾ ਜ਼ਰੂਰੀ ਹੈ।

### 1.2.6.1.1.4. ਵਰਗੀਕਰਨ ਪ੍ਰਣਾਲੀ (Classification Scheme)

ਲਾਇਬ੍ਰੇਰੀ ਵਰਗੀਕਰਨ ਦਾ ਆਧਾਰ ਪੁਸਤਕ ਦਾ ਵਿਸ਼ਾ ਹੁੰਦਾ ਹੈ ਅਤੇ ਵਰਗੀਕਰਣ ਕਰਕੇ ਪੁਸਤਕ ਦੇ ਵਿਸ਼ੇ ਨੂੰ ਕ੍ਰਮਿਕ ਸੰਖਿਆਵਾਂ ਵਿਚ ਬਦਲ ਦਿੱਤਾ ਜਾਂਦਾ ਹੈ। ਇਸ ਵਿਧੀ ਨਾਲ ਇਕ ਵਿਸ਼ੇ ਦੀਆਂ ਸਾਰੀਆਂ ਪੁਸਤਕਾਂ ਸ਼ੈਲਫ਼ਾਂ ਵਿਚ ਇਕ ਸਥਾਨ ਤੇ ਰਖੀਆਂ ਜਾ ਸਕਦੀਆਂ ਹਨ। ਇਹ ਵਰਗੀਕ੍ਰਿਤ ਪ੍ਰਣਾਲੀ ਪਾਠਕਾਂ ਲਈ ਸਹਾਇਕ ਹੁੰਦੀ ਹੈ।

ਇਕ ਵਾਰ ਅਪਣਾਈ ਵਰਗੀਕਰਣ ਵਿਧੀ ਨੂੰ ਅਸਾਨੀ ਨਾਲ ਬਦਲਿਆ ਨਹੀਂ ਜਾ ਸਕਦਾ। ਇਸ ਲਈ ਨਵੇਂ-ਨਵੇਂ ਵਿਸ਼ਿਆਂ, ਉਪ ਵਿਸ਼ਿਆਂ ਨੂੰ ਵਰਗੀਕਰਣ ਵਾਲੀ ਸਮਰਥ ਵਿਆਪਕ ਅਤੇ ਪ੍ਰਾਹਣਚਾਰੀ (Hospitable) ਪ੍ਰਣਾਲੀ ਹੀ ਅਪਣਾਈ ਜਾਵੇ।

### 1.2.6.1.2. ਪਾਠਕ (Readers)

ਲਾਇਬ੍ਰੇਰੀ ਵਿਕਾਸਸ਼ੀਲ ਜੀਵਤ ਸੰਸਥਾ ਹੈ ਅਤੇ ਇਸ ਦੇ ਅੰਗ-ਪਾਠਕਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ। ਗਿਣਤੀ ਵਿਚ ਵਧਦੇ ਪਾਠਕਾਂ ਅਤੇ ਉਨ੍ਹਾਂ ਦੀਆਂ ਵਧਦੀਆਂ ਸੂਚਨਾ-ਲੋੜਾਂ ਦਾ ਧਿਆਨ ਰਖਣ ਦੀ ਲੋੜ ਹੈ। ਮਨੁੱਖ ਨੂੰ ਜ਼ਿੰਦਗੀ ਵਿਚਕਾਰ ਸਾਧਾਰਣੀਕਰਨ (Simplicity) ਦੇ ਨਾਲ-ਨਾਲ ਵਿਸ਼ਿਸ਼ਟੀਕਰਣ (Specialization) ਦੀ ਲੋੜ ਪੈਂਦੀ ਹੈ। ਗਿਆਨ ਅਤੇ ਤਕਨੀਕੀ ਖੇਤਰ ਵਿਚ ਵਿਸ਼ਿਸ਼ਟੀਕਰਣ ਦੇ ਵਿਕਾਸ ਦੀ ਗਤੀ ਬਹੁਤ ਤੇਜ਼ ਹੈ। ਇਸ ਝੁਕਾਵ ਦਾ ਪ੍ਰਭਾਵ ਪਾਠਕਾਂ ਦੀਆਂ ਬੌਧਿਕ ਲੋੜਾਂ ਅਤੇ ਰੁਚੀਆਂ ਤੇ ਪੈਂਦਾ ਹੈ। ਵਿਕਾਸ ਦੇ ਸਦਕੇ ਅੱਜ ਦੇ ਪਾਠਕ ਅਤੇ ਪੁਰਾਣੇ ਪਾਠਕ ਵਿਚ ਜ਼ਮੀਨ ਅਸਮਾਨ ਦਾ ਅੰਤਰ ਆ ਗਿਆ ਹੈ। ਉਨ੍ਹਾਂ ਦੀਆਂ ਲੋੜਾਂ ਅਤੇ ਰੁਚੀਆਂ ਬਹੁਮੁੱਖੀ ਹੋ ਗਈਆਂ ਹਨ। ਇਸ ਗੱਲ ਦਾ ਧਿਆਨ ਚੰਗੀ ਪ੍ਰਭਾਵਸ਼ਾਲੀ ਲਾਇਬ੍ਰੇਰੀ ਸੇਵਾ ਲਈ ਰਖਣਾ ਜ਼ਰੂਰੀ ਹੈ।

### 1.2.6.1.3. ਲਾਇਬ੍ਰੇਰੀ ਕਰਮਚਾਰੀ (Library Staff)

ਲਾਇਬ੍ਰੇਰੀ ਪਾਠਕਾਂ, ਪੁਸਤਕਾਂ ਅਤੇ ਕਰਮਚਾਰੀਆਂ ਦੀ ਤਿਕੜੀ ਹੈ। ਪਾਠਕਾਂ ਅਤੇ ਪੁਸਤਕਾਂ ਦੇ ਵਾਧੇ ਦਾ ਅਸਰ ਕਰਮਚਾਰੀਆਂ ਤੇ ਪੈਣਾ ਸੰਭਵ ਹੈ। ਪਾਠਕਾਂ ਅਤੇ ਪੁਸਤਕਾਂ ਦੀ ਗਿਣਤੀ ਵਿਚ ਵਾਧੇ ਦੇ ਕਾਰਣ ਸਾਰੇ ਪੱਧਰਾਂ ਉੱਤੇ ਉਚਿਤ ਅਨੁਪਾਤ ਵਿਚ ਲਾਇਬ੍ਰੇਰੀ ਕਮਰਚਾਰੀਆਂ ਦੀ ਗਿਣਤੀ ਵਿਚ ਵਾਧਾ ਸੁਭਾਵਿਕ ਹੈ। ਇਸ ਲਈ ਪ੍ਰਭਾਵੀ ਸੇਵਾ ਦੇਣ ਲਈ ਯੋਗਤਾ ਪ੍ਰਾਪਤ, ਪੇਸ਼ੇਵਰ ਅਤੇ ਗੈਰ ਪੇਸ਼ੇਵਰ ਜਾਂ ਨੀਮ ਪੇਸ਼ੇਵਰ ਕਰਮਚਾਰੀਆਂ ਦੀ ਜ਼ਰੂਰਤ ਹੈ।

### 1.2.6.1.4. ਸੁਰੱਖਿਆ (Security)

ਸਮੇਂ ਨਾਲ ਲਾਇਬ੍ਰੇਰੀ ਦੇ ਹਰ ਹਿੱਸੇ ਦਾ ਵਿਕਾਸ ਸੁਭਾਵਿਕ ਹੈ। ਪਾਠਕਾਂ ਅਤੇ ਪੁਸਤਕਾਂ ਵਿਚ ਵਾਧਾ ਹੋਣ ਕਰਕੇ ਸੁਰੱਖਿਆ ਦੀ ਲੋੜ ਵੀ ਵੱਧ ਗਈ ਹੈ। ਚਰਿੱਤਰਹੀਨ ਪਾਠਕਾਂ ਤੇ ਜ਼ਿਆਦਾ ਧਿਆਨ ਦੇਣ ਦੀ ਲੋੜ ਪੈ ਗਈ ਹੈ।

### 1.2.6.1.5. ਮਸ਼ੀਨੀਕਰਣ (Automation)

ਤਕਨੋਲੋਜੀ ਦੇ ਯੁੱਗ ਵਿਚ ਲਾਇਬ੍ਰੇਰੀਆਂ ਨੇ ਜੋ ਕਿ ਵਿਕਾਸਸ਼ੀਲ ਜੀਵ ਹਨ ਲੋੜ ਅਨੁਸਾਰ ਮਸ਼ੀਨਾਂ ਦੀ ਵਰਤੋਂ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਫੋਟੋਸਟੈਟ ਮਸ਼ੀਨ, ਕੰਪਿਊਟਰ ਜਿਲਦਸਾਜੀ ਦੀ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਲਾਇਬ੍ਰੇਰੀ ਵਿਚ ਮਸ਼ੀਨੀਕਰਨ ਨਾਲ ਪਾਠਕਾਂ ਨੂੰ ਪੁਸਤਕ ਅਤੇ ਸੂਚਨਾ ਸੇਵਾਵਾਂ ਜਲਦੀ ਤੋਂ ਜਲਦੀ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

ਅੱਜ ਦੀਆਂ ਆਧੁਨਿਕ ਸੇਵਾਵਾਂ ਜਿਵੇਂ ਨਵੀਨ ਚੇਤਨਤਾ ਆਦਿ ਮਸ਼ੀਨਾਂ ਦੀ ਮਦਦ ਨਾਲ ਪਾਠਕਾਂ ਨੂੰ ਪ੍ਰਦਾਨ ਕਰਨ ਵਿਚ ਲਾਇਬ੍ਰੇਰੀ ਪ੍ਰਭਾਵਸ਼ਾਲੀ ਢੰਗ ਅਪਣਾ ਕੇ ਨਿਯਮ ਦੀ ਪਾਲਣਾ ਕਰਦੀ ਹੋਈ ਸੇਵਾ ਵਿਸਤਾਰ ਕਰ ਸਕਦੀ ਹੈ।

### 1.2.6.1.6. ਪ੍ਰਸ਼ਾਸ਼ਨ (Administration)

ਵਿਕਾਸਸ਼ੀਲ ਸੰਸਥਾ ਲਈ ਜ਼ਰੂਰੀ ਹੈ ਕਿ ਉਸ ਦਾ ਸੰਗਠਨ ਅਤੇ ਪ੍ਰਸ਼ਾਸ਼ਨ ਯੋਜਨਾਬੱਧ ਤਰੀਕਿਆਂ ਤੇ ਆਧਾਰਿਤ ਹੋਵੇ। ਵਿਕਾਸ ਨਾਲ ਲਾਇਬ੍ਰੇਰੀ ਦਾ ਆਕਾਰ

ਵੱਧਦਾ ਜਾਂਦਾ ਹੈ ਅਤੇ ਬਾਲਗ ਹੋਣ ਤੇ ਪੁਰਾਣੇ ਘਿਸੇ-ਪਿਟੇ ਢੰਗਾਂ ਨੂੰ, ਪੁਰਾਣੀਆਂ ਪੁਸਤਕਾਂ ਅਤੇ ਨਕਾਰਾ ਸੂਚਨਾ ਸੋਮਿਆਂ ਨੂੰ ਛੱਡ ਕੇ ਨਵੇਂ ਢੰਗ ਅਤੇ ਸਾਧਨ ਅਪਣਾਉਣ ਦੀ ਲੋੜ ਹੈ, ਇਸ ਲਈ ਯੋਜਨਾਵਾਂ ਅਤੇ ਪ੍ਰਬੰਧ ਲਈ ਪ੍ਰਮਾਣਿਕ ਪ੍ਰਸ਼ਾਸ਼ਨ ਵਿਧੀਆਂ ਦੀ ਲੋੜ ਹੈ।

### 1.2.7. ਸਿੱਟਾ (Conclusion) :

ਲਾਇਬ੍ਰੇਰੀ ਵਿਗਿਆਨ ਦੇ ਪੰਜ ਨਿਯਮ ਇਕ ਅਜਿਹਾ ਸੋਮਾ ਹਨ ਜਿਥੋਂ ਲਾਇਬ੍ਰੇਰੀ ਦੀਆਂ ਸਾਰੀਆਂ ਪ੍ਰਕਿਰਿਆਵਾਂ ਦਾ ਜਨਮ ਹੁੰਦਾ ਹੈ। ਇਹ ਲਾਇਬ੍ਰੇਰੀ ਫਿਲਾਸਫੀ ਦਾ ਮੁੱਢਲਾ ਆਧਾਰ ਹਨ। ਇਨ੍ਹਾਂ ਦੀ ਰਚਨਾ ਕਰਕੇ ਡਾ. ਰੰਗਾਨਾਥਨ ਨੇ ਪੁਰਾਣੇ ਲਾਇਬ੍ਰੇਰੀ ਵਿਗਿਆਨ ਵਿਚ ਨਵੀਂ ਜਾਨ ਫੂੰਕ ਕੇ ਇਸ ਨੂੰ ਸਹੀ ਸ਼ਬਦਾਂ ਵਿਚ –ਵਿਗਿਆਨ' ਦਾ ਰੂਪ ਪ੍ਰਦਾਨ ਕੀਤਾ। ਇਹ ਨਿਯਮ ਸਾਨੂੰ ਸਦਾ ਨਵੇਂ ਬਦਲਾਵਾਂ, ਚੁਨੌਤੀਆਂ ਲਈ ਤਿਆਰ ਕਰਦੇ ਹਨ। ਇਨ੍ਹਾਂ ਦੁਆਰਾ ਲਾਇਬ੍ਰੇਰੀ ਦੀ ਸਾਰੀਆਂ ਪ੍ਰਕ੍ਰਿਆਵਾਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਲਾਇਬ੍ਰੇਰੀ ਵਿਗਿਆਨ ਦੇ ਪੰਜ ਨਿਯਮ ਆਧੁਨਿਕ ਸੂਚਨਾ ਸਮਾਜ ਦੇ ਢਾਂਚੇ ਵਿਚ ਖਰੇ ਉਤਰਦੇ ਹਨ।

### 1.2.8. ਸਵੈ–ਨਿਰਿਖਣ ਅਭਿਆਸ :

ਪ੍ਰ. ਸ. (1) ਦੂਜੇ ਨਿਯਮ ਅਨੁਸਾਰ ਲਾਇਬ੍ਰੇਰੀ ਅਸਿਕ੍ਰਿਤਤਾ ਜਾਂ ਅਥਾਰਟੀ (Authority) ਦੀਆਂ ਜਿੰਮੇਵਾਰੀਆਂ ਦਸੋ।

### 1.2.9. ਅੱਗੇ ਪੜ੍ਹਨ ਲਈ ਸੰਦਰਭ :


1. Ranganathan, S. R. : The Five Laws of Library Science Madras : MALA, 1957.
2. Khanna, J. K. : Library and Society. Ed2. Ess Ess Pub., New Delhi, 1994.
3. Vyas, S. D. : Library and Society. Jaipur : Panchsheel, 1993.

**ਪੰਜਾਬੀ**

(i) ਅਜੀਤ ਸਿੰਘ ਅਤੇ ਸਹਿਗਲ, ਪੀ. ਸੀ. : ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਆਧਾਰ, ਪਟਿਆਲਾ : ਮਦਾਨ ਪਬਲਿਕੇਸ਼ਨ, 2005.

(ii) ਸੇਵਾ ਸਿੰਘ : ਲਾਇਬ੍ਰੇਰੀ ਅਤੇ ਸਮਾਜ, ਪਟਿਆਲਾ : ਪੰਜਾਬੀ ਯੂਨੀਵਰਸਿਟੀ ਪਬਲਿਕੇਸ਼ਨ ਬਿਉਰੋ।


### 1.2.10. ਸਵੈ–ਨਿਰੀਖਣ ਅਭਿਆਸ ਦੇ ਉੱਤਰ

(1) ਲਾਇਬ੍ਰੇਰੀ ਅਥਾਰਟੀ ਦੀਆਂ ਜਿੰਮੇਵਾਰੀਆਂ :

- (i) ਪੁਸਤਕ ਚੋਣ :
- (ii) ਕਰਮਚਾਰੀਆਂ ਦੀ ਨਿਯੁਕਤੀ ;
- (iii) ਲਾਇਬ੍ਰੇਰੀ ਦੇ ਦਰਵਾਜੇ ਸਭ ਲਈ ਖੋਲਣੇ ; ਅਤੇ
- (iv) ਲਾਇਬ੍ਰੇਰੀ ਨਿਯਮ।

**ਪਾਠ ਨੰ. : 1.3** **ਲੇਖਕ : ਡਾ. ਅਜੀਤ ਸਿੰਘ**

# ਸਮਾਜ ਵਿਚ ਲਾਇਬ੍ਰੇਰੀ : ਸੂਚਨਾ ਪ੍ਰਸਾਰ ਵਿਚ ਲਾਇਬ੍ਰੇਰੀ ਦਾ ਸਥਾਨ; ਸਮਾਜਕ – ਆਰਥਕ ਵਿਕਾਸ, ਸਿੱਖਿਆ ਅਤੇ ਮਨੋਰੰਜਨ ਵਿਚ ਲਾਇਬ੍ਰੇਰੀ ਦੀ ਬਦਲਦੀ ਭੂਮਿਕਾ

# (Library in Society : Place of Library in Dissemination of Information, Changing Role of Library in Socio-Economic Development, Education and Recreation)

ਕਿਸੇ ਵੀ ਸਥਾਨ ਜਾਂ ਕਿਸੇ ਵੀ ਸਮੇਂ ਵਿਚ ਲਾਇਬ੍ਰੇਰੀ ਮੁੱਖ ਰੂਪ ਵਿਚ ਚਾਰ ਮੁੱਢਲੇ ਕਾਰਜ-ਪਾਠ ਸਮਗਰੀ ਦਾ ਸੰਗ੍ਰਹਿ, ਸੁਨਿਯੋਜਨ, ਸੰਭਾਲ ਅਤੇ ਲੋੜ ਪੈਣ ਤੇ ਘੱਟ ਤੋਂ ਘੱਟ ਸਮੇਂ ਵਿਚ ਉਸ ਸਮਗਰੀ ਨੂੰ ਪਾਠਕ ਨੂੰ ਪ੍ਰਦਾਨ ਕਰਦੀ ਹੈ। ਪਰ ਅੱਜ ਦੀ ਲਾਇਬ੍ਰੇਰੀ ਇਸ ਸੂਚਨਾ ਯੁਗ ਵਿਚ ਆਪਣੇ ਕਾਰਜ ਇਨ੍ਹਾਂ ਚਾਰ ਮੁੱਢਲੇ ਕਾਰਜਾਂ ਤੱਕ ਹੀ ਸੀਮਿਤ ਨਹੀਂ ਰੱਖ ਸਕਦੀ। ਉਪਰੋਕਤ ਕਥਨ ਵਿਚ ਵਿਉਂਤਪਨ (Derivative) ਰਿਵਾਇਤੀ (Traditional) ਅਤੇ ਰੂੜੀਵਾਦੀ (Consentrative) ਲਾਇਬਰੇਰੀ ਦੀ ਧਾਰਣਾ ਦਾ ਸੰਕਲਪ ਮੌਜੂਦ ਹੈ। ਜਿੱਥੇ ਪਹਿਲਾਂ ਲਾਇਬ੍ਰੇਰੀ ਨੇ ਆਪਣੇ ਦਰਵਾਜੇ ਸਾਰੇ ਜਹਾਨ ਦੇ ਪਾਠਕਾਂ ਲਈ ਖੋਲੇ, ਉਥੇ ਅੱਜ ਦੀ ਲਾਇਬ੍ਰੇਰੀ ਆਪਣੀ ਚਾਰ ਦੀਵਾਰਾਂ ਤੋਂ ਬਾਹਰ ਨਿਕਲ ਕੇ, ਗਿਆਨ ਦੇ ਪਿਆਸਿਆਂ ਦੇ ਘਰ ਤਕ ਪਹੁੰਚ ਰਹੀ ਹੈ।

## ਉਦੇਸ਼ :

ਇਹ ਪਾਠ ਅੱਜ ਦੀ ਲੋੜ ਅਨੁਸਾਰ ਸੂਚਨਾ ਪ੍ਰਸਾਰ ਵਿਚ ਲਾਇਬ੍ਰੇਰੀ ਦੇ ਬਦਲਦੇ ਸਰੂਪ ਅਤੇ ਉਸਦੇ ਵਧਦੇ ਕਾਰਜਾਂ ਵੱਲ ਇਸ਼ਾਰਾ ਕਰਦਾ ਹੈ।

ਇਸ ਪਾਠ ਦੇ ਅਧਿਐਨ ਤੋਂ ਬਾਦ ਤੁਸੀਂ ਨਿਮਨ ਲਿਖਤ ਲਈ ਚਰਚਾ ਕਰਨ ਲਈ ਸਮਰਥ ਹੋ ਜਾਵੋਗੇ :

1. ਅੱਜ ਦੇ ਸਮਾਜ ਵਿਚ ਆਮ ਵਿਅਕਤੀ ਦੀ ਵੱਖ ਵੱਖ ਮੰਗਾਂ ਨੂੰ ਪੂਰਾ ਕਰਨ ਲਈ ਲਾਇਬ੍ਰੇਰੀ ਦੀ ਲੋੜ ਬਾਰੇ ; ਅਤੇ
2. ਬਦਲਦੇ ਸਮਾਜ ਵਿਚ ਲਾਇਬ੍ਰੇਰੀ ਦੀਆਂ ਨਵੀਆਂ ਭੂਮਿਕਾਵਾਂ ਬਾਰੇ।

ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਪਾਠ ਦੀ ਵਿਸ਼ਾ ਵਸਤੂ ਇਸ ਪ੍ਰਕਾਰ ਹੈ :

**ਵਿਸ਼ਾ ਵਸਤੂ**

1.3.1. ਭੂਮਿਕਾ
1.3.2. ਆਧੁਨਿਕ ਸਮਾਜ ਦੀ ਲੋੜ
1.3.3. ਸਮਾਜਕ ਸੰਸਥਾ
1.3.4. ਸੂਚਨਾ ਪ੍ਰਸਾਰ ਅਤੇ ਲਾਇਬ੍ਰੇਰੀ
1.3.4.1. ਸੂਚਨਾ ਵਿਸਫੋਟ
1.3.5. ਸਮਾਜਕ,ਵਿਦਿਅਕ ਅਤੇ ਆਰਥਕ ਵਿਕਾਸ ਅਤੇ ਲਾਇਬ੍ਰੇਰੀ
1..5.1. ਰਸਮੀ ਸਿੱਖਿਆ
1.3.5.2. ਗੈਰ ਰਸਮੀ ਸਿੱਖਿਆ
1.3.5.3. ਅਨਪੜ੍ਹਾਂ ਲਈ ਸਿੱਖਿਆ
1.3.5.4. ਕਿਰਤੀਆਂ ਲਈ ਸਿੱਖਿਆ
1.3.5.5. ਅਪੰਗਾਂ ਲਈ ਸਿੱਖਿਆ
1.3.5.6. ਅਨੁਸੰਧਾਨ ਅਤੇ ਲਾਇਬ੍ਰੇਰੀ
1.3.6. ਮਨੋਰੰਜਨ ਲਈ ਲਾਇਬ੍ਰੇਰੀ
1.3.7. ਲਾਇਬ੍ਰੇਰੀਆਂ ਦੀਆਂ ਬਦਲਦੀਆਂ ਭੂਮਿਕਾਵਾਂ
1.3.8. ਸਿੱਟਾ
1.3.9. ਸਵੈ–ਨਿਰੀਖਣ ਅਭਿਆਸ

1.3.10. ਅਗੇ ਪੜਨ ਲਈ

1.3.11. ਸਵੈ–ਨਰਿਖਣ ਅਭਿਆਸ ਦੇ ਉਤਰ

### 1.3.1 ਭੂਮਿਕਾ

ਮਨੁੱਖ ਇਕ ਸਮਾਜਕ ਪ੍ਰਾਣੀ ਹੈ, ਅਤੇ ਸਮਾਜ ਸੰਬੰਧਾਂ ਦਾ ਇਕ ਤਾਣਾ-ਬਾਣਾ ਹੈ। ਇਸ ਲਈ ਆਧੁਨਿਕ ਸਮਾਜ ਦਾ ਆਧਾਰ ਇਸ ਦੀ ਸੱਭਿਅਤਾ, ਸੰਸਕ੍ਰਿਤੀ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਤੇ ਉਸਾਰਿਆ ਜਾਂਦਾ ਹੈ। ਸਮਾਜ ਦਾ ਵਿਕਾਸ, ਸਥਿਰਤਾ ਇਨ੍ਹਾਂ ਤੱਤਾਂ ਤੇ ਟਿਕੀ ਰਹਿੰਦੀ ਹੈ ਅਤੇ ਸਮਾਜ ਇਕ ਮਨੁੱਖੀ ਇਕਾਈ ਤੋਂ ਚੱਲ ਕੇ ਸਮਾਜ, ਰਾਸ਼ਟਰ ਅਤੇ ਅੰਤਰ-ਰਾਸ਼ਟਰ ਦੇ ਰੂਪ ਵਿਚ ਨਿਰੰਤਰ ਵਿਕਸਤ ਹੁੰਦਾ ਰਹਿੰਦਾ ਹੈ। ਇਸ ਚੌਹ-ਮੁੱਖੇ ਵਿਕਾਸ ਲਈ ਸਮਾਜ ਵਿਚ ਸਿੱਖਿਆ, ਗਿਆਨ, ਅਤੇ ਸੂਚਨਾ ਦਾ ਪ੍ਰਸਾਰ ਹੋਣਾ ਜ਼ਰੂਰੀ ਹੈ। ਸਮਾਜ ਆਪਣੇ ਵਿਕਾਸ ਲਈ ਸੰਸਥਾਵਾਂ ਨੂੰ ਜਨਮ ਦਿੰਦਾ ਹੈ, ਅਤੇ ਇਕ ਵਿਵਸਥਿਤ ਸਮਾਜ ਵਿਚ ਸੰਸਥਾਵਾਂ ਦੀ ਭਰਮਾਰ ਹੁੰਦੀ ਹੈ। ਸਮਾਜ ਦੇ ਵਿਕਾਸ ਲਈ ਲੋੜੀਂਦੇ ਸਾਧਨਾਂ–ਸਿੱਖਿਆ, ਗਿਆਨ ਅਤੇ ਸਚਨਾ–ਦੇ ਪ੍ਰਸਾਰ ਲਈ ਅਨੇਕ ਸੰਸਥਾਵਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਵਿਚ ਲਾਇਬ੍ਰੇਰੀ ਦੀ ਵਿਸ਼ੇਸ਼ ਭੂਮਿਕਾ ਹੈ। ਲਾਇਬ੍ਰੇਰੀ ਇਕ ਸਮਾਜਕ ਸੰਸਥਾ ਹੋਣ ਕਰਕੇ ਸਦਾ-ਸਮਾਜ ਭਲਾਈ ਦੇ ਕੰਮ ਵਿਚ ਰੁੱਝੀ ਰਹਿੰਦੀ ਹੈ, ਕਿਉਂਕਿ ਚਹੁ-ਮੁਖੀ ਵਿਕਾਸ ਲਈ ਸੂਚਨਾ ਅਤੇ ਗਿਆਨ ਆਧਾਰ ਹੈ ਅਤੇ ਲਾਇਬ੍ਰੇਰੀ ਸੂਚਨਾ ਅਤੇ ਗਿਆਨ ਦੀ ਪ੍ਰਾਪਤੀ, ਵਿਵਸਥਾ, ਭੰਡਾਰਣ ਅਤੇ ਸੰਚਾਰ ਲਈ ਜ਼ਰੂਰੀ ਹੈ।

### 1.3.2. ਆਧੁਨਿਕ ਸਮਾਜ ਦੀ ਲੋੜ (Need of Modern Society)

ਸੂਚਨਾ ਤਕਨੀਕ ਵਿਚ ਵਿਕਾਸ ਅਤੇ ਸੂਚਨਾ ਦੇ ਪ੍ਰਯੋਗ ਕਰਨ ਵਾਲੀਆਂ ਦੇ ਗਿਣਾਤਮਕ ਅਤੇ ਗੁਣਾਤਮਕ ਵਾਧੇ ਕਾਰਣ ਆਧੁਨਿਕ ਸਮਾਜ 'ਸੂਚਨਾ ਸਮਾਜ' ਬਣ ਗਿਆ ਹੈ। ਸਮਾਜ ਦੀ ਲੋੜਾਂ ਵਿਚ ਸਿੱਖਿਆ ਦਾ ਸਥਾਨ ਪ੍ਰਮੁੱਖ ਹੈ ਕਿਉਂਕਿ ਇਕ ਪੜ੍ਹਿਆ, ਗਿਆਨੀ ਵਿਅਕਤੀ ਹੀ ਸਮਾਜ ਦੀ ਉੱਨਤੀ ਵਿਚ ਯੋਗਦਾਨ ਪਾ ਸਕਦਾ ਹੈ। ਸਮਾਜ ਦੀ ਦੂਜੀ ਮਹੱਤਵਪੂਰਨ ਲੋੜ ਆਰਥਕ ਵਿਕਾਸ ਹੈ ਜਿਸ ਲਈ ਤਕਨੀਕੀ ਵਿਕਾਸ ਦੇ ਨਾਲ-ਨਾਲ ਨਵੀਆਂ ਖੋਜਾਂ ਅਤੇ ਸੂਚਨਾਵਾਂ ਦੀ ਲੋੜ ਹੈ। ਪਰ ਮਨੁੱਖ ਕੇਵਲ ਰੋਟੀ ਤੇ ਹੀ ਨਹੀਂ ਜਿਉਂਦਾ (Man does not live by bread alone)। ਉਸ ਵਿਚ ਡੂੰਘੀ ਅਧਿਆਤਮਕ ਅਤੇ ਆਦਰਸ਼ਕ ਪ੍ਰਵਿਰਤੀ, ਸੰਸਕ੍ਰਿਤਿਕ ਅਤੇ ਸੁਹਜਾਤਮਕ ਅਹਿਸਾਸ ਆਦਿ ਵੀ ਹੁੰਦੀਆਂ ਹਨ, ਜਿਹੜੀਆਂ ਉਸ ਨੂੰ ਸਵੈ-ਸੰਪੂਰਨਤਾ ਵੱਲ ਲਿਜਾਂਦੀਆਂ ਹਨ। ਇਸ ਤੋਂ ਇਲਾਵਾ ਮਨੁੱਖ ਇਕ ਮਸ਼ੀਨ ਨਹੀਂ ਹੈ ਉਸ ਨੂੰ ਕੰਮ ਤੋਂ ਬਾਅਦ ਵਿਹਲ ਦੀ ਵੀ ਉਨੀ ਲੋੜ ਹੈ ਜਿੰਨੀ ਕੰਮ ਦੀ। ਇਸ ਵਿਹਲ ਦੇ ਰਚਨਾਤਮਕ ਉਪਯੋਗ ਬਿਨਾ, ਮਨੁੱਖ ਉਸ ਦੇ ਦੁਰਉਪਯੋਗ ਵਿਚ ਪੈ ਸਕਦਾ ਹੈ, ਅਤੇ ਸਮਾਜ ਦੇ ਨਿਰਮਾਣ ਦੀ ਬਜਾਏ ਵਿਨਾਸ਼ ਵੱਲ ਵੱਧ ਸਕਦਾ ਹੈ। ਸਮਾਜ ਦੀਆਂ ਇਨ੍ਹਾਂ ਲੋੜਾਂ ਦੀ ਪੂਰਤੀ ਵਿਚ ਲਾਇਬ੍ਰੇਰੀ ਦਾ ਆਪਣਾ ਹੀ ਸਥਾਨ ਹੈ। ਲਾਇਬ੍ਰੇਰੀ ਸਮਾਜ ਦੀਆਂ ਦੂਜੀਆਂ ਸੰਸਥਾਵਾਂ ਵਾਂਗ ਕੇਵਲ ਇਕ ਹੀ ਲੋੜ ਦੀ ਪੂਰਤੀ ਵੱਲ ਧਿਆਨ ਨਾ ਦੇ ਕੇ ਲਗਭਗ ਸਮਾਜ ਦੀਆਂ ਉਪਰੋਕਤ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਦਾ ਉਪਰਾਲਾ ਕਰਦੀ ਹੈ। ਲਾਇਬ੍ਰੇਰੀ ਸਮਾਜ ਦੀ ਸਭਿਆਚਾਰਕ ਪਰਿਪਕਤਾ (Cultural Maturation) ਦੀ ਉਪਜ ਹੈ, ਇਸ ਲਈ ਇਸ ਨੂੰ ਸਮਾਜਕ ਸੰਸਥਾ ਕਿਹਾ ਜਾਂਦਾ ਹੈ।

### 1.3.3. ਸਮਾਜਕ ਸੰਸਥਾ (Social Institution)

ਲਾਇਬ੍ਰੇਰੀ ਦੀ ਹੋਂਦ ਸਮਾਜਕ ਜ਼ਰੂਰਤ ਕਰਕੇ ਹੋਈ ਹੈ ਅਤੇ ਅੱਜ ਦੇ ਸੰਦਰਭ ਵਿਚ ਇਹ ਸਮਾਜਕ ਢਾਂਚੇ ਦਾ ਤਾਣਾ-ਬਾਣਾ ਹੈ। ਇਹ ਸਮਾਜਕ ਅਤੇ ਸੱਭਿਆਚਾਰਕ ਵਿਕਾਸ ਦਾ ਫ਼ਲ ਹੈ। ਸਮਾਜ ਦਾ ਆਪਣੇ ਵਿਰਸੇ ਨੂੰ ਜਿੰਦਾ ਰਖਣਾ ਮੁੱਢਲਾ ਕਾਰਜ ਹੈ ਜਿਸ ਲਈ ਉਸ ਨੂੰ ਆਪਣੇ ਪਿਛੋਕੜ ਦੀ ਸੰਭਾਲ ਕਰਨੀ ਜ਼ਰੂਰੀ ਹੈ। ਲਾਇਬ੍ਰੇਰੀਆਂ ਕੇਵਲ ਪਿਛਲੀਆਂ ਬੋਧਕ ਪ੍ਰਾਪਤੀਆਂ ਦੀ ਸੰਭਾਲ ਹੀ ਨਹੀਂ ਕਰਦੀਆਂ ਬਲਕਿ ਇਸ ਵਡਮੁੱਲੇ ਵਿਰਸੇ ਦਾ ਸੰਚਾਰ ਕਰਕੇ, ਨਵੀਂ ਬੋਧਕ ਪ੍ਰਾਪਤੀਆਂ ਦਾ ਰਾਹ ਖੋਲ੍ਹਦੀਆਂ ਹਨ। ਇਸ ਲਈ ਲਾਇਬ੍ਰੇਰੀਆਂ ਨੂੰ ਸਮਾਜ ਦੀ 'ਜੜ੍ਹ ਅਤੇ ਫ਼ਲ' (Roots and Fruits) ਕਿਹਾ ਜਾਂਦਾ ਹੈ ਅਤੇ ਇਹ ਸਮਾਜ ਦਾ ਵਾਸਤਵਿਕ ਦਿਮਾਗ (Mind of Society) ਹਨ। ਅੱਜ ਦੇ ਸਮਾਜ ਨੂੰ ਆਤਮ-ਨਿਰਭਰ, ਸੱਚੇ, ਸੂਝਵਾਨ, ਦਿਆਲੂ, ਸਹਨਸ਼ੀਲ ਵਿਕਾਸ ਲਈ ਤਿਆਰ ਮਨੁੱਖਾਂ ਦੀ ਲੋੜ ਹੈ। ਇਹ ਕਾਰਜ ਲਾਇਬ੍ਰੇਰੀ ਹੀ ਕਰ ਸਕਦੀ ਹੈ ਅਤੇ ਸਮਾਜ ਨੂੰ ਉੱਨਤੀ ਵੱਲ ਵਧਣ ਲਈ ਮੁੱਖ ਦੁਆਰ ਖੋਲ੍ਹ ਸਕਦੀ ਹੈ। ਇਸ ਕਾਰਨ ਅੱਜ ਲਾਇਬ੍ਰੇਰੀ ਨੂੰ 'ਸਮਾਜ ਦਾ ਦਿਮਾਗ' (Mind of Society); 'ਸਿਆਣਪਤਾ ਦਾ ਘਰ' (House of Wisdom); 'ਇਲਮ ਦਾ ਘਰ' (House of Learning); 'ਭਾਈਚਾਰਕ ਬੌਧਕ ਕੇਂਦਰ' (Community's Intellectual Centre); 'ਗਣਤੰਤਰ ਦਾ ਸਕੂਲ' (Training School of Democracy) ਦਾ ਦਰਜਾ ਦਿੱਤਾ ਜਾਂਦਾ ਹੈ। ਇਹ ਸਮਾਜਕ ਉੱਨਤੀ ਦਾ ਵਾਹਨ (Vehicle of Development) ਹੈ।

ਸਮਾਜ ਵਿਚ ਲਾਇਬ੍ਰੇਰੀ ਦੀਆਂ ਨਿਮਨਲਿਖਿਤ ਭੂਮਿਕਾਵਾਂ ਹਨ :

(1) ਸੂਚਨਾ ਪ੍ਰਸਾਰ ਵਿਚ ਲਾਇਬ੍ਰੇਰੀ ਦੀ ਭੂਮਿਕਾ;

(2) ਸਮਾਜਕ, ਵਿਦਿਅਕ ਅਤੇ ਆਰਥਿਕ ਵਿਕਾਸ ਵਿਚ ਲਾਇਬ੍ਰੇਰੀ ਦੀ ਭੂਮਿਕਾ; ਅਤੇ

(3) ਮਨੋਰੰਜਨ ਵਿਚ ਲਾਇਬ੍ਰੇਰੀ ਦੀ ਭੂਮਿਕਾ।

### 1.3.4. ਸੂਚਨਾ ਪ੍ਰਸਾਰ ਅਤੇ ਲਾਇਬ੍ਰੇਰੀ (Library in Dissemination of Information)

ਪੱਥਰ ਯੁੱਗ ਤੋਂ ਸੂਚਨਾ ਯੁੱਗ, ਕੰਦਰਾਵਾਂ ਤੋਂ ਪੁਲਾੜ ਤਕ ਦੀ ਮਨੁੱਖੀ ਸਮਾਜ ਦੀ ਯਾਤਰਾ ਵਿਚ ਸੂਚਨਾ ਦੀ ਅਹਿਮ ਭੂਮਿਕਾ ਰਹੀ ਹੈ। ਅੱਜ ਦਾ ਸਮਾਜ ਸੂਚਨਾ ਦੇ ਆਧਾਰ ਤੇ ਖੜ੍ਹਿਆ ਹੈ, ਅਤੇ ਸੂਚਨਾ ਦਾ ਵਿਕਾਸ ਅਤੇ ਪ੍ਰਸਾਰ ਪ੍ਰਬਲ ਗਤੀ ਨਾਲ ਹੋ ਰਿਹਾ ਹੈ। ਲਾਇਬ੍ਰੇਰੀਆਂ ਪੁਸਤਕਾਂ ਜਾਂ ਪ੍ਰਲੇਖਾਂ ਦੇ ਮਾਧਿਅਮ ਤੇ ਸੂਚਨਾ

ਅਤੇ ਗਿਆਨ ਦੇ ਭੰਡਾਰ ਹਨ ਅਤੇ ਇਹ ਭੰਡਾਰ ਸਮਾਜ ਦੇ ਵਿਕਾਸ ਲਈ ਮਨੁੱਖੀ ਉਪਰਾਲੇ ਲਈ ਜ਼ਰੂਰੀ ਹਨ। ਲਾਇਬ੍ਰੇਰੀ ਦਾ ਇਹ ਸਮਾਜਕ ਕਰਤੱਵ ਹੈ ਕਿ ਉਹ ਸਮਾਜ ਦੇ ਪ੍ਰਕਾਸ਼ਿਤ ਸਾਹਿਤ ਅਤੇ ਸੂਚਨਾ ਨੂੰ ਇਕੱਤਰ ਕਰਕੇ, ਸੰਗ੍ਰਹਿਤ ਕਰਨ ਲਈ ਉਨ੍ਹਾਂ ਨੂੰ ਵਿਗਿਆਨਕ ਢੰਗ ਨਾਲ ਤਰਤੀਬ ਦੇਵੇ ਅਤੇ ਲੋੜ ਪੈਣ ਤੇ ਪ੍ਰਸਾਰ ਕਰੇ। ਲਾਇਬ੍ਰੇਰੀ ਦੀ ਇਹ ਪ੍ਰਕ੍ਰਿਆ ਮਨੁੱਖੀ ਸੱਭਿਅਤਾ ਅਤੇ ਸਭਿਆਚਾਰ ਲਈ ਜ਼ਰੂਰੀ ਹੈ। ਮੁੱਢਲੇ ਪੱਧਰ ਤੇ ਗਿਆਨ ਪ੍ਰਾਪਤੀ ਨਾਲ ਹੀ ਅਗੇਤਰੀ ਖੋਜ ਦੇ ਕਾਰਜ ਚਲਦੇ ਹਨ ਅਤੇ ਨਵੀਆਂ-ਨਵੀਆਂ ਕਾਢਾਂ ਆਉਂਦੀਆਂ ਹਨ, ਜਿਸ ਨਾਲ ਮੁੜ ਗਿਆਨ ਦੀ ਰਚਨਾ ਹੁੰਦੀ ਹੈ।

ਪੁਸਤਕਾਂ ਅਤੇ ਹੋਰ ਪ੍ਰਲੇਖਾਂ ਵਿਚ ਅੰਕਿਤ ਸੂਚਨਾ ਰਾਸ਼ਟਰੀ ਪੱਧਰ ਤੇ ਵਿਕਾਸ ਦਾ ਵੱਡਾ ਸ੍ਰੋਤ ਹੈ ਅਤੇ ਇਹ ਸ੍ਰੋਤ ਦੂਜੇ ਸ੍ਰੋਤਾਂ ਵਿੱਤ, ਪਦਾਰਥਾਂ ਅਤੇ ਮਨੁੱਖੀ ਮਸ਼ੀਨਾਂ ਵਾਂਗ ਜ਼ਰੂਰੀ ਹੈ। ਇਕ ਖੋਜੀ, ਅਧਿਆਪਕ, ਵਿਦਿਆਰਥੀ, ਪ੍ਰਬੰਧਕ, ਉਦਯੋਗਪਤੀ, ਵਿਉਪਾਰੀ, ਕਾਸ਼ਤਕਾਰ, ਕਿਸਾਨ, ਕਾਮਾ ਆਦਿ ਸਾਰਿਆਂ ਨੂੰ ਆਪਣੇ-ਆਪਣੇ ਕਾਰਜਾਂ ਨੂੰ ਕਰਨ ਲਈ ਸੂਚਨਾਵਾਂ ਦੀ ਲੋੜ ਪੈਂਦੀ ਹੈ। ਪਿਛਲੇ ਕੁਝ ਸਮੇਂ ਤੋਂ ਵਿਗਿਆਨ, ਤਕਨਾਲੋਜੀ, ਚਿਕਿਤਸਾ, ਖੇਤੀਬਾੜੀ, ਸੰਚਾਰ ਦੇ ਖੇਤਰਾਂ ਵਿਚ ਸੂਚਨਾ ਦੇ ਅਸੀਮਿਤ ਪ੍ਰਸਾਰ ਕਰਕੇ ਕੋਈ ਵੱਡੀ ਤੋਂ ਵੱਡੀ ਲਾਇਬ੍ਰੇਰੀ ਵੀ ਸਾਰੀ ਪ੍ਰਕਾਸ਼ਿਤ ਸਮੱਗਰੀ ਪ੍ਰਾਪਤ ਨਹੀਂ ਕਰ ਸਕਦੀ। ਉਸ ਨੂੰ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਦੂਜੇ ਸ੍ਰੋਤਾਂ ਦਾ ਸਹਾਰਾ ਲੈਣਾ ਪੈਂਦਾ ਹੈ।

### 1.3.4.1. ਸੂਚਨਾ ਵਿਸਫੋਟ (Information Explosion)

ਉਪਰੋਕਤ ਕਾਰਣਾਂ ਕਰਕੇ ਅੱਜ ਆਬਾਦੀ ਵਿਸਫੋਟ (Population Explosion) ਤੋਂ ਵੱਧ ਸਮੱਸਿਆ ਸੂਚਨਾ ਵਿਸਫੋਟ ਦੀ ਆ ਰਹੀ ਹੈ, ਜਿਸ ਦੇ ਕਾਰਣ ਲਾਇਬ੍ਰੇਰੀ ਦੀ ਭੂਮਿਕਾ ਵਿਚ ਬਦਲਾਅ ਆਇਆ ਹੈ, ਜਿਸ ਦੇ ਪ੍ਰਭਾਵ ਕਾਰਣ ਲਾਇਬ੍ਰੇਰੀ ਦੀ ਪਾਠ ਸਮੱਗਰੀ, ਸੰਗ੍ਰਹਿ, ਕਾਰਜਾਂ, ਪ੍ਰਕ੍ਰਿਆ, ਵਿਸ਼ਿਆਂ ਆਦਿ ਵਿਚ ਬਦਲਾ ਆ ਗਏ ਹਨ। ਹੁਣ ਲਾਇਬ੍ਰੇਰੀਆਂ ਸੂਚਨਾ ਦੇ ਪ੍ਰਸਾਰ ਕੇਂਦਰ (Transmitting Centre of Information) ਬਣ ਗਈਆਂ ਹਨ। ਖੋਜ ਦੀ ਪ੍ਰਕ੍ਰਿਆ ਹੁਣ ਦੋ ਭਾਗਾਂ ਵਿਚ ਵੰਡੀ ਗਈ ਹੈ–ਘੋਖ ਅਤੇ ਤਲਾਸ਼ ਅਤੇ ਇਸ ਨੂੰ ਕਰਨ ਦਾ ਬੀੜਾ ਵੀ ਸਮਾਜ ਦੇ ਵੱਖ-ਵੱਖ ਵਿਅਕਤੀਆਂ ਨੇ ਚੁੱਕ ਲਿੱਤਾ ਹੈ। ਹੁਣ ਅਨੁਸੰਧਾਨ ਦੀ ਪ੍ਰਕ੍ਰਿਆ ਦੋ ਥਾਵਾਂ ਲੈਬੋਰਟਰੀ ਅਤੇ ਸੂਚਨਾ ਕੇਂਦਰਾਂ ਵਿਚ ਚਲਦੀ ਹੈ। ਵਿਗਿਆਨੀ ਲੈਬੋਰਟਰੀ ਵਿਚ ਬੈਠ ਕੇ ਖੋਜ (Research) ਦੇ ਕਾਰਜ ਕਰਦੇ ਹਨ, ਅਤੇ ਉਨ੍ਹਾਂ ਲਈ ਨਵੀਨ ਅਤੇ ਲੋੜੀਂਦੀ (Nascent and pertinent) ਸੂਚਨਾ ਦੀ ਤਲਾਸ਼ (Search) ਲਾਇਬ੍ਰੇਰੀਅਨ ਜਾਂ ਸੂਚਨਾ ਅਧਿਕਾਰੀ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿਚ ਬੈਠ ਕੇ ਕਰਦੇ ਹਨ ਅਤੇ ਅਨੁਸੰਧਾਨ ਪ੍ਰਕ੍ਰਿਆ ਵਿਚ ਆਪਣਾ ਯੋਗਦਾਨ ਪਾਉਂਦੇ ਹਨ।

ਸੰਚਾਰ ਮਾਧਿਅਮ ਵਿਚ ਕ੍ਰਾਂਤੀ ਦੇ ਕਾਰਨ ਬਦਲੇ ਸਰੂਪਾਂ ਵਿਚ ਪੁਸਤਕਾਂ, ਰਸਾਲਿਆਂ, ਵੀਡੀਓ ਕੈਸਟ, ਟੇਪਾਂ, ਸੀ.ਡੀ., ਲਘੂ ਫਿਲਮਾਂ, ਕੰਪਿਊਟਰ, ਕੰਪਿਊਟਰ ਫਲਾਪੀ ਡਿਸਕ ਆਦਿ ਦਾ ਉਪਯੋਗ ਕਰਦੇ ਹਨ ਅਤੇ ਲਾਇਬ੍ਰੇਰੀ ਵਿਚ ਸੰਗ੍ਰਹਿਤ ਸੂਚਨਾ ਨੂੰ ਨਵੇਂ ਰੂਪ, ਨਵੀਂ ਸ਼ਕਲ ਵਿਚ ਢਾਲ ਕੇ ਵਿਗਿਆਨੀ ਅਤੇ ਹੋਰ ਵਿਗਿਆਨੀਆਂ ਨੂੰ ਸਮੇਂ ਸਿਰ ਪ੍ਰਦਾਨ ਕਰਕੇ ਉਨ੍ਹਾਂ ਦਾ ਕੀਮਤੀ ਸਮਾਂ ਬਚਾਉਂਦੇ ਹਨ ਅਤੇ ਖੋਜ ਵਿਚ ਦੋਹਰੇਪਣ (Duplication) ਨੂੰ ਰੋਕ ਕੇ ਸਮਾਜ ਅਤੇ ਦੇਸ਼ ਦੇ ਵੱਡਮੁਲੇ ਸ੍ਰੋਤਾਂ ਨੂੰ ਵਿਅਰਥ ਨਹੀਂ ਜਾਣ ਦਿੰਦੇ। ਇਸ ਕਾਰਜ ਲਈ ਪ੍ਰਲੇਖ ਸੂਚੀਆਂ, ਪੁਸਤਕ ਸੂਚੀਆ, ਸਰਾਂਸ਼ ਸੇਵਾਵਾਂ, ਅਨੁਕ੍ਰਮਣੀਕਰਨ ਸੇਵਾਵਾਂ, ਅਨੁਵਾਦ ਸੇਵਾਵਾਂ ਆਦਿ ਦਾ ਸਹਾਰਾ ਲੈਂਦੇ ਹਨ। ਸੂਚਨਾਂ ਵਿਚ ਵੱਧਦੀ ਮੰਗ ਅਤੇ ਸਮੇਂ ਦੀ ਵਰਤੋਂ ਲਈ ਸੂਚਨਾ ਪੁਲੰਦਾ (Information of Package) ਦਾ ਪ੍ਰਚਲਨ ਸ਼ੁਰੂ ਹੋ ਗਿਆ ਹੈ। ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰ ਹੁਣ ਸਹੀ ਰੂਪ ਵਿਚ ਗਿਆਨ ਦੇ ਆਧਾਰ (Fountain of Knowledge) ਅਤੇ ਸੂਚਨਾ ਦੇ ਪ੍ਰਸਾਰ ਕੇਂਦਰ (Transmitting Centre of Information) ਬਣ ਗਏ ਹਨ।

### 1.3.5. ਸਮਾਜਕ, ਵਿਦਿਅਕ ਅਤੇ ਆਰਥਕ ਵਿਕਾਸ ਅਤੇ ਲਾਇਬ੍ਰੇਰੀ (Social, Educational and Economic Development and Library)

ਪੁਸਤਕਾਂ ਅਤੇ ਪਾਠ ਪ੍ਰਕ੍ਰਿਆਵਾਂ ਦਾ ਸਮਾਜ ਤੇ ਅਸਰ ਪੈਂਦਾ ਹੈ। ਪੁਸਤਕਾਂ ਸਿੱਖਿਆ ਪ੍ਰਕ੍ਰਿਆਂ ਦੀ ਰੀੜ ਦੀ ਹੱਡੀ ਹਨ। ਇਸ ਤੋਂ ਸਮਾਜਕ ਵਿਕਾਸ ਦੇ ਕੰਮ ਵਿਚ ਪੁਸਤਕਾਂ ਦੀ ਮਹੱਤਤਾ ਬਹੁਤ ਵੱਧ ਗਈ ਹੈ। ਸਮਾਜ ਦੇ ਸਭਿਆਚਾਰਕ, ਵਿਦਿਅਕ ਅਤੇ ਆਰਥਕ ਵਿਕਾਸ ਵਿਚ ਲਾਇਬ੍ਰੇਰੀ ਦੀ ਭੂਮਿਕਾ ਅਹਿਮ ਹੋ ਗਈ ਹੈ। ਲਾਇਬ੍ਰੇਰੀ ਤੋਂ ਲਾਭ ਉਠਾਉਣ ਲਈ ਨਾਗਰਿਕਾਂ ਦਾ ਸਿੱਖਿਅਤ ਹੋਣਾ ਜ਼ਰੂਰੀ ਹੈ। ਇਕ ਸਿੱਖਿਅਤ ਨਾਗਰਿਕ ਹੀ ਆਪਣੀ, ਸਮਾਜ, ਦੇਸ਼ ਅਤੇ ਵਿਸ਼ਵ ਦੀ ਉੱਨਤੀ ਵਿਚ ਯੋਗਦਾਨ ਪਾ ਸਕਦਾ ਹੈ। ਲਾਇਬ੍ਰੇਰੀ ਗਿਆਨ ਅਤੇ ਸੂਚਨਾ ਪ੍ਰਸਾਰ ਨਾਲ ਸਮਾਜਕ ਉੱਨਤੀ ਨੂੰ ਗਤੀ ਪ੍ਰਦਾਨ ਕਰਦੀ ਹੈ। ਜੇਕਰ ਹਰ ਵਿਅਕਤੀ ਸਿਖਿਅਤ ਹੋ ਜਾਵੇ ਤਾਂ ਸਮਾਜ ਤੋਂ ਗ਼ਰੀਬੀ, ਬਿਮਾਰੀਆਂ, ਜ਼ੁਰਮਾਂ ਆਦਿ ਦਾ ਨਾਮ ਮਿਟਾਇਆ ਜਾ ਸਕਦਾ ਹੈ ਅਤੇ ਇਸ ਲਈ ਲਾਇਬ੍ਰੇਰੀ ਵਿਚ ਨਾਗਰਿਕਾਂ ਨੂੰ ਪ੍ਰਭਾਵਿਤ ਕਰਨ ਲਈ ਚੰਗੀਆਂ ਪੁਸਤਕਾਂ ਦਾ ਹੋਣਾ ਜ਼ਰੂਰੀ ਹੈ ਅਤੇ ਲੋੜ ਵੇਲੇ ਪ੍ਰਭਾਵਸ਼ਾਲੀ ਢੰਗਾਂ ਨਾਲ ਜਾਣਕਾਰੀ ਦਾ ਪ੍ਰਸਾਰ ਕੀਤਾ ਜਾਵੇ।

ਵਿੱਦਿਆ ਦੇ ਤਿੰਨ ਮੁੱਖ ਉਦੇਸ਼ ਹਨ :

(1) ਗਿਆਨ ਅਤੇ ਮੁਹਾਰਤਾ ਪ੍ਰਦਾਨ ਕਰਨਾ;
(2) ਭਾਵਾਤਮਕ ਗੁਣਾਂ ਨੂੰ ਗ੍ਰਹਿਣ ਕਰਾਉਣਾ; ਅਤੇ
(3) ਕਿਰਤਾਤਮਕ ਮਹਾਰਤ ਪ੍ਰਦਾਨ ਕਰਨਾ।

ਇਸ ਕਾਰਜ ਦੀ ਪੂਰਤੀ ਸਦਕਾ ਰਸਮੀ ਅਤੇ ਗੈਰ-ਰਸਮੀ (Formal and Non-formal) ਸਿੱਖਿਆ ਪੱਧਤੀਆਂ ਹਨ। ਰਸਮੀ ਸਿੱਖਿਆ ਲਈ ਸਕੂਲ, ਕਾਲਜ ਜਾਂ ਯੂਨੀਵਰਸਿਟੀਆਂ ਦੀ ਸਹਾਇਤਾ ਲੈਣਾ ਜ਼ਰੂਰੀ ਹੈ ਅਤੇ ਇਸ ਵਿਚ ਵਿਦਿਆਰਥੀ ਅਤੇ ਸਿੱਖਿਅਕ ਦਾ ਸਿੱਧਾ ਸੰਬੰਧ ਹੁੰਦਾ ਹੈ। ਗੈਰ-ਰਸਮੀ ਸਿੱਖਿਆ ਵਿਚ ਵਿਦਿਆਰਥੀ ਕਿਸੇ ਸਕੂਲ ਆਦਿ ਵਿਚ ਦਾਖ਼ਲ ਨਹੀਂ ਹੁੰਦੇ ਬਲਕਿ ਆਪਣੇ ਆਪ, ਪੁਸਤਕਾਂ ਜਾਂ ਸੁਦੂਰ ਸਿੱਖਿਆ (Distance Education) ਰਾਹੀਂ

ਸਿੱਖਿਆ ਪ੍ਰਾਪਤ ਕਰਦੇ ਹਨ। ਲਾਇਬ੍ਰੇਰੀਆਂ ਦਾ ਯੋਗਦਾਨ ਇਨ੍ਹਾਂ ਦੋਹਾ ਪ੍ਰਕਾਰ ਦੀਆਂ ਸਿੱਖਿਆ ਪ੍ਰਣਾਲੀਆਂ ਵਿਚ ਹੈ।

### 1.3.5.1. ਰਸਮੀ ਸਿੱਖਿਆ (Formal Education)

ਸਿੱਖਿਆ ਦੇ ਸਾਰੇ ਰਸਮੀ ਅਦਾਰਿਆਂ ਵਿਚ ਲਾਇਬ੍ਰੇਰੀਆਂ ਦਾ ਹੋਣਾ ਜ਼ਰੂਰੀ ਹੈ, ਜਿਨ੍ਹਾਂ ਵਿਚ ਪੜ੍ਹਾਈ ਵਿਸ਼ਿਆਂ ਬਾਰੇ ਪੁਸਤਕਾਂ ਦਾ ਹੋਣਾ ਜ਼ਰੂਰੀ ਹੈ। ਵਿਦਿਆਰਥੀ ਕਲਾਸਾਂ ਦੀ ਰਸਮੀ ਸਿੱਖਿਆ ਤੋਂ ਇਲਾਵਾ, ਪੁਸਤਕਾਂ ਰਾਹੀਂ ਵਾਧੂ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਸਕੂਲਾਂ ਵਿਚ ਸਥਾਪਿਤ ਆਦਤ ਦੇ ਨਾਲ ਨਾਲ ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਾ ਕੇਂਦਰ ਕਲਾਸਾਂ ਅਤੇ ਲਾਇਬ੍ਰੇਰੀਆਂ ਬਣ ਜਾਂਦੀਆਂ ਹਨ ਜਿੱਥੇ ਬੈਠ ਕੇ ਵਿਦਿਆਰਥੀ ਵਿਸ਼ਿਆਂ ਦਾ ਡੂੰਘਾ ਅਧਿਅਨ ਕਰਦੇ ਹਨ। ਇਕ ਵਿਸ਼ੇ ਬਾਰੇ ਵੱਖ-ਵੱਖ ਲੇਖਕਾਂ ਦੇ ਵਿਚਾਰਾਂ ਦੇ ਅਧਿਐਨ ਨਾਲ ਸਿਖਿਆਰਥੀਆਂ ਵਿਚ ਵਿਸ਼ਲੇਸ਼ਣਾਤਮਕ ਅਤੇ ਆਲੋਚਨਾਤਮਕ ਕੁਸ਼ਲਤਾ ਦਾ ਵਿਕਾਸ ਹੁੰਦਾ ਹੈ। ਇਸ ਕੁਸ਼ਲਤਾ ਰਾਹੀਂ ਉਹ ਆਪਣੀ ਸੁਤੰਤਰ ਰਾਇ ਕਾਇਮ ਕਰਨ ਦੇ ਸਮਰੱਥ ਹੋ ਜਾਂਦੇ ਹਨ। ਵਿਦਿਆਰਥੀਆਂ ਦੇ ਇਸ ਵਿਕਾਸ ਵਿਚ ਲਾਇਬ੍ਰੇਰੀਆਂ ਦੀ ਭੂਮਿਕਾ ਨੂੰ ਅਣਦੇਖਾ ਨਹੀਂ ਕੀਤਾ ਜਾ ਸਕਦਾ।

ਅਕਾਦਮਿਕ ਲਾਇਬ੍ਰੇਰੀਆਂ ਤੋਂ ਇਲਾਵਾ, ਲੋਕ ਲਾਇਬ੍ਰੇਰੀਆਂ ਵੀ ਰਸਮੀ ਸਿੱਖਿਆ ਵਿਚ ਆਪਣਾ ਯੋਗਦਾਨ ਪਾਉਂਦੀਆਂ ਹਨ। ਇਸ ਲਈ ਲੋਕ ਲਾਇਬ੍ਰੇਰੀਆਂ ਵਿਚ ਖੇਤਰ ਦੇ ਸਿੱਖਿਆ ਅਦਾਰਿਆਂ ਵਿਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ ਤੇ ਸਾਹਿਤ ਦਾ ਹੋਣਾ ਜ਼ਰੂਰੀ ਹੈ। ਲੋਕ ਲਾਇਬ੍ਰੇਰੀਆਂ ਸਮਾਜ ਲਈ ਹਨ ਇਸ ਕਰਕੇ ਇਨ੍ਹਾਂ ਨੂੰ ਸਮਾਜ ਦੇ ਵੱਡੇ ਪ੍ਰਮੁੱਖ ਅੰਗ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਲੋੜਾਂ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ।

### 1.3.5.2. ਗ਼ੈਰ-ਰਸਮੀ ਸਿੱਖਿਆ (Non-Formal Education)

ਗੈਰ-ਰਸਮੀ ਸਿੱਖਿਆ ਵਿਚ ਸਿਖਿਆਰਥੀਆਂ ਨੂੰ ਅਧਿਆਪਕ ਦੀ ਸਹਾਇਤਾ ਨਹੀਂ ਮਿਲਦੀ। ਉਹ ਸ੍ਵੈ-ਸਿੱਖਿਆ ਲਈ ਕੇਵਲ ਪਾਠ ਸਮੱਗਰੀ ਤੇ ਹੀ ਨਿਰਭਰ ਕਰਦਾ ਹੈ। ਲਾਇਬ੍ਰੇਰੀਆਂ ਹੀ ਉਸ ਲਈ 'ਗਿਆਨ ਪੁੰਜ' (Lamp of Knowledge) ਦਾ ਕੰਮ ਕਰਦੀਆਂ ਹਨ। ਰਸਮੀ ਸਿੱਖਿਆ ਵਿਚ ਵੀ ਗੈਰ-ਰਸਮੀ ਅਤੇ ਸਵੈ-ਸਿੱਖਿਆ ਦਾ ਮਹੱਤਵਪੂਰਨ ਸਥਾਨ ਹੈ।

ਗੈਰ-ਰਸਮੀ ਸਿੱਖਿਆ ਵਿਚ ਅਕਾਦਮਿਕ ਲਾਇਬ੍ਰੇਰੀਆਂ ਤੋਂ ਇਲਾਵਾ ਲੋਕ ਲਾਇਬ੍ਰੇਰੀਆਂ ਦੀ ਵੀ ਮਹੱਤਤਾ ਹੈ। ਲੋਕ ਲਾਇਬ੍ਰੇਰੀ ਵਿਚ ਸਭ ਨੂੰ ਸਾਹਿਤ (Literature) ਤਕ ਪਹੁੰਚਣ ਦੀ ਖੁੱਲ੍ਹ ਹੁੰਦੀ ਹੈ ਅਤੇ ਲੋਕ ਲਾਇਬ੍ਰੇਰੀ ਵਿਚ ਲੋੜ ਅਨੁਸਾਰ ਪੁਸਤਕਾਂ, ਰਸਾਲਿਆਂ ਦਾ ਹੋਣਾ ਜ਼ਰੂਰੀ ਹੈ।

### 1.3.5.3. ਅਨਪੜ੍ਹਾਂ ਦੀ ਸਿੱਖਿਆ (Education of Illiterates)

ਸਾਖਰਤਾ, ਸਿੱਖਿਆ ਨਹੀਂ, ਬਲਕਿ ਸਿੱਖਿਆ ਦਾ ਮਾਧਿਅਮ ਹੈ ਅਤੇ ਇਹ ਇਕ ਵਡਮੁੱਲਾ ਸਾਧਨ ਹੈ। ਪਰ ਅੱਜ ਨਵੀਂ ਤਕਨਾਲੋਜੀ ਦੇ ਦੂਜੇ ਕਈ ਅਜਿਹੇ ਸਾਧਨ, ਜਿਵੇਂ ਸ੍ਰਵਣ-ਦਰਸ਼ੀ ਹਨ ਜਿਨ੍ਹਾਂ ਨਾਲ ਨਿਰਖਰਾਂ ਨੂੰ ਵੀ ਸਿੱਖਿਅਤ ਕਰਕੇ ਕੁਸ਼ਲ ਬਣਾਇਆ ਜਾ ਸਕਦਾ ਹੈ। ਲੋਕ ਲਾਇਬ੍ਰੇਰੀਆਂ ਦੇ ਉਦੇਸ਼ਾਂ ਵਿਚ ਨਿਰਖਰਾਂ ਲਈ ਸਿੱਖਿਆ ਪ੍ਰਦਾਨ ਕਰਨ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਲੋਕ ਲਾਇਬ੍ਰੇਰੀਆਂ ਸਿੱਖਿਆ ਸਮੂਹਾਂ (Learning Clubs) ਦੁਆਰਾ ਵੀ ਮੌਖਿਕ ਸਾਧਨਾਂ (Oral) ਸਿੱਖਿਆ ਪ੍ਰਦਾਨ ਕਰ ਸਕਦੀਆਂ ਹਨ।

### 1.3.5.4. ਕਿਰਤੀਆਂ ਲਈ ਸਿੱਖਿਆ (Education for Working Groups)

ਸਿੱਖਿਆ ਦੇ ਖੇਤਰ ਵਿਚ ਇਹ ਲਾਇਬ੍ਰੇਰੀਆਂ ਦਾ ਇਕ ਹੋਰ ਯੋਗਦਾਨ ਹੈ। ਲੋਕ ਲਾਇਬ੍ਰੇਰੀਆਂ ਜਾਂ ਵਿਸ਼ੇਸ਼ ਲਾਇਬ੍ਰੇਰੀਆਂ ਵਿਚ ਅਜਿਹਾ ਸਾਹਿਤ ਹੁੰਦਾ ਹੈ ਜਿਸ ਦੇ ਉਪਯੋਗ ਨਾਲ ਉਸ ਖੇਤਰ ਦੇ ਕਿਰਤੀ, ਗਿਆਨ ਅਤੇ ਸੂਚਨਾਵਾਂ ਦੇ ਆਧਾਰ ਤੇ ਆਪਣੇ-ਆਪਣੇ ਪੇਸ਼ੇ ਵਿਚ ਨਿਪੁੰਨਤਾ ਪ੍ਰਾਪਤ ਕਰ ਸਕਦੇ ਹਨ। ਕਰਮਚਾਰੀਆਂ ਦੀ ਕੁਸ਼ਲਤਾ/ਨਿਪੁੰਨਤਾ ਕਰਕੇ ਉਤਪਾਦਕਤਾ ਵਿਚ ਵਾਧਾ ਹੋ ਜਾਵੇਗਾ, ਜਿਸ ਨਾਲ ਸਮਾਜਕ ਵਿਕਾਸ ਨਾਲ ਵਿਅਕਤੀ ਵਿਸ਼ੇਸ਼ ਵੀ ਅੱਗੇ ਵਧੇਗਾ।

### 1.3.5.5. ਅਪੰਗਾਂ ਲਈ ਸਿੱਖਿਆ (Education for Physically Handicapped)

ਅਪੰਗਾਂ ਲਈ ਸਿੱਖਿਆ ਦਾ ਪ੍ਰਬੰਧ ਕਰਨਾ ਸਮਾਜ ਅਤੇ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਸੰਸਥਾਵਾਂ ਨਾਲ ਜੁੜਿਆ ਲਾਇਬ੍ਰੇਰੀਆਂ ਵਿਚ ਉਪਯੁਕਤ ਪਾਠ ਸਮੱਗਰੀ ਅਤੇ ਪੜ੍ਹਾਉਣ ਲਈ ਸਹਾਇਕ ਉਪਕਰਣ (Teaching aids) ਪ੍ਰਾਪਤ ਕਰਨੇ ਜ਼ਰੂਰੀ ਹਨ। ਅਪੰਗਾਂ ਨੂੰ ਸਿੱਖਿਅਤ ਕਰਕੇ ਸਮਾਜ ਉਨ੍ਹਾਂ ਨੂੰ ਸ੍ਵੈ-ਨਿਰਭਰ ਬਣਾ ਸਕਦਾ ਹੈ।

### 1.3.5.6. ਅਨੁਸੰਧਾਨ ਅਤੇ ਲਾਇਬ੍ਰੇਰੀ (Research and Library)

ਖੋਜਾਰਥੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਉਪਲੱਬਧ ਸੂਚਨਾਵਾਂ ਨੂੰ ਲੱਭ ਕੇ ਉਪਲੱਬਧ ਕਰਾਉਣਾ ਲਾਇਬ੍ਰੇਰੀ ਦੀ ਇਕ ਮਹੱਤਵਪੂਰਨ ਭੂਮਿਕਾ ਹੈ। ਨਵਾਂ ਗਿਆਨ ਰਸਾਲਿਆਂ, ਖੋਜ ਰਿਪੋਰਟਾਂ ਅਤੇ ਦੂਜੇ ਅਜਿਹੇ ਮਾਧਿਅਮਾਂ ਦੁਆਰਾ ਲਾਇਬ੍ਰੇਰੀ ਵਿਚ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਨੂੰ ਨਿਯੋਜਤ ਕਰਕੇ ਉਨ੍ਹਾਂ ਵਿਚ ਦਿੱਤੀ ਗਈ ਨਵੀਂ ਸੂਚਨਾਵਾਂ ਨੂੰ ਖੋਜਾਰਥੀਆਂ ਤੱਕ ਪਹੁੰਚਾਉਣਾ ਲਾਇਬ੍ਰੇਰੀ ਦਾ ਮੁੱਖ ਕਾਰਜ ਹੈ।

ਸਮਾਜਕ-ਆਰਥਕ ਵਿਕਾਸ ਤੋਂ ਭਾਵ ਇਕ ਪੱਧਰੀ ਤੇਜ਼ ਰਫ਼ਤਾਰ ਨਾਲ ਹੋਣ ਵਾਲੀ ਉੱਨਤੀ ਹੈ, ਜਿਸ ਦਾ ਆਧਾਰ ਪ੍ਰਤੀ ਵਿਅਕਤੀ ਆਮਦਨ (Per capita income) ਵਿਚ ਵਾਧਾ ਹੈ। ਇਹ ਉੱਨਤੀ ਸਮਾਜ ਵਿਚ ਤਕਨਾਲੋਜੀ, ਆਰਥਕ, ਵਿਦਿਅਕ, ਰਾਜਸੀ, ਸਮਾਜਕ ਅਤੇ ਸਭਿਆਚਾਰਕ ਗੁਣਾਂ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਅਤੇ ਇਹ ਹੀ ਸਮਾਜ ਦਾ ਆਧੁਨਿਕੀਕਰਣ ਹੈ। ਇਸ ਨਾਲ ਸਮਾਜ, ਦੇਸ਼, ਕੌਮ ਦੀ ਚਹੁੰਮੁਖੀ ਅਤੇ ਸੰਪੂਰਨ ਤਰੱਕੀ ਹੁੰਦੀ ਹੈ ਅਤੇ ਸਮਾਜ ਦੇ ਸਾਰੇ ਵਰਗਾਂ, ਇਕਾਈਆਂ ਦਾ ਸੰਤੁਲਿਤ ਅਤੇ ਸਰਵਪੱਖੀ ਵਿਕਾਸ ਹੁੰਦਾ ਹੈ। ਕੌਮ ਦਾ ਧਨ, ਉਪਜ ਅਤੇ ਸਰਮਾਇਆ, ਗਿਆਨ ਰੂਪੀ ਧਨ ਆਦਿ ਕੁਝ ਚੋਣਵੇਂ ਹੱਥਾਂ ਵਿਚ ਨਾ ਰਹਿਕੇ, ਸਮਾਜ ਦੇ ਸਾਰੇ ਵਿਅਕਤੀਆਂ, ਇਕਾਈਆਂ ਵਿਚ ਪਹੁੰਚਣਾ ਜ਼ਰੂਰੀ ਹੈ। ਲਾਇਬ੍ਰੇਰੀ ਹੀ ਇਸ ਉਦੇਸ਼ ਦੀ ਪੂਰਤੀ ਦਾ ਕਾਰਣ ਹੈ।

ਗ਼ਰੀਬ ਅਤੇ ਅਮੀਰ ਵਿਚ ਵਧਦੀ ਆਰਥਕ ਦੂਰੀ, ਪੜ੍ਹੇ-ਲਿਖੇ ਅਤੇ ਅਨਪੜ੍ਹਾਂ ਵਿਚ ਵਿੱਥ, ਪ੍ਰਬੰਧਕਾਂ ਅਤੇ ਕਰਮਚਾਰੀਆਂ ਦੇ ਵਿਚਕਾਰ ਨਫ਼ਰਤ, ਸ਼ਹਿਰੀ ਅਤੇ ਪੇਂਡੂਆਂ ਵਿਚ ਅੰਤਰ ਆਦਿ ਕੁਝ ਸਮਾਜ ਦੇ ਸੰਕਰਾਮਕ ਰੋਗ ਹਨ। ਇਸ ਨਾਲ ਸਮਾਜ ਦਾ ਸੰਤੁਲਨ ਵਿਗੜਦਾ ਹੈ, ਨਫਰਤ ਵੱਧਦੀ ਹੈ। ਆਪਸੀ ਸੰਚਾਰ ਦੁਆਰਾ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਦੂਜੇ ਵਸੀਲਿਆਂ ਨਾਲ ਲਾਇਬ੍ਰੇਰੀ ਵੀ ਇਨ੍ਹਾਂ ਬੁਰਾਈਆਂ ਤੋਂ ਬਚਣ ਦਾ ਇਕ ਕੇਂਦਰ ਬਿੰਦੂ ਹੈ, ਇਹ ਸੂਚਨਾ ਦੇ ਖਲੋਤੇ ਅਤੇ ਲੇਟਵੇਂ ਪ੍ਰਸਾਰ ਨਾਲ ਇਨ੍ਹਾਂ ਬੁਰਾਈਆਂ ਨੂੰ ਘੱਟ ਕਰਦੀ ਹੈ। ਇਸ ਲਈ ਲਾਇਬ੍ਰੇਰੀ ਨੂੰ ਵਧੇਰੇ ਜਾਗਰੂਕ ਅਤੇ ਕ੍ਰਿਆਸ਼ੀਲ ਭੂਮਿਕਾ ਨਿਭਾਉਣ ਦੀ ਲੋੜ ਹੈ।
ਸਮਾਜਕ ਬਣਤਰ ਦੀ ਜਟਿਲਤਾ, ਸਮਾਜਕ ਸੱਭਿਅਤਾ ਅਤੇ ਸੁਖਮਤਾ ਨਾਲ ਵੱਧਦੀ ਹੈ। ਬਣਤਰ ਦੀ ਇਸ ਜਟਿਲਤਾ ਨੂੰ ਸਮਝਣ ਲਈ ਵਧੇਰੀ ਸੂਚਨਾ ਅਤੇ ਗਿਆਨ ਦੀ ਲੋੜ ਪਏਗੀ। ਲਾਇਬ੍ਰੇਰੀ ਸਮਾਜਕ ਸੰਸਥਾ ਹੋਣ ਕਰਕੇ ਆਪਣੇ ਇਸ ਫ਼ਰਜ਼ ਨੂੰ ਪੂਰਾ ਕਰਦੀ ਹੈ।
ਇਸ ਤਰ੍ਹਾਂ ਲਾਇਬ੍ਰੇਰੀ ਸਮਾਜਕ, ਆਰਥਿਕ ਅਤੇ ਵਿਦਿਅਕ ਵਿਕਾਸ ਲਈ ਜ਼ਰੂਰੀ ਹੈ। ਇਸ ਲਈ ਲਾਇਬ੍ਰੇਰੀ ਦੇ ਉਦੇਸ਼ ਅਤੇ ਕਾਰਜ ਸਮੇਂ-ਸਮੇਂ ਸਿਰ ਲੋੜ ਅਨੁਸਾਰ ਬਦਲਦੇ ਰਹਿੰਦੇ ਹਨ ਅਤੇ ਨਵੀਆਂ ਤਕਨੀਕਾਂ, ਨਵੀਆਂ ਸੇਵਾਵਾਂ ਨਾਲ ਸਮਾਜ ਦੀਆਂ ਬੌਧਿਕ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ।

### 1.3.6. ਮਨੋਰੰਜਨ ਲਈ ਲਾਇਬ੍ਰੇਰੀ (Library in Recreation and Leisure)

ਮਨੋਰੰਜਨ ਅਤੇ ਵਿਹਲ ਤੋਂ ਭਾਵ ਇਸ ਦੇ ਸਦਉਪਯੋਗ ਨਾਲ ਹੈ। ਇਸ ਵਿਚ ਲਾਇਬ੍ਰੇਰੀ ਦੀ ਸਮੱਗਰੀ ਦੀ ਵਰਤੋਂ ਨਾਲ ਨਿਜੀ ਖ਼ੁਸ਼ੀ ਪ੍ਰਾਪਤ ਕਰਕੇ ਸਮਾਜ ਕਲਿਆਣ ਵੱਲ ਵੱਧਦਾ ਹੈ। ਵਿਹਲ ਦਾ ਸਦਉਪਯੋਗ ਸਮਾਜਕ ਜਿੰਦਗੀ ਲਈ ਜ਼ਰੂਰੀ ਹੈ ਨਹੀਂ ਤਾਂ ਇਹ ਸਮਾਜਕ ਕੁਰੀਤੀਆਂ ਵੱਲ ਵੱਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਵਿਅਕਤੀ ਸਮਾਜ ਨੂੰ ਉੱਪਰ ਨੂੰ ਲਿਜਾਉਣ ਦੀ ਥਾਂ ਹੇਠਾਂ ਨੂੰ ਲਿਜਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਲਈ ਲਾਇਬ੍ਰੇਰੀ ਵਿਚ ਹਲਕਾ-ਫੁਲਕਾ ਸਾਹਿਤ, ਕਲਾ ਦੀਆਂ ਪੁਸਤਕਾਂ, ਰਸਾਲੇ, ਅਖ਼ਬਾਰ ਆਦਿ ਹੋਣ। ਲਾਇਬ੍ਰੇਰੀ ਦਾ ਵਾਤਾਵਰਨ ਵੀ ਸੁਖਾਵਾਂ ਅਤੇ ਦਿਲਖਿਚਵਾਂ ਹੋਣਾ ਚਾਹੀਦਾ ਹੈ।
ਸੂਚਨਾ ਸੰਚਾਰ ਦੇ ਨਵੀਨ ਸਾਧਨਾਂ ਦੀ ਵਰਤੋਂ ਵੀ ਮਨੋਰੰਜਨ ਪ੍ਰਦਾਨ ਕਰਨ ਲਈ ਕੀਤੀ ਜਾ ਸਕਦੀ ਹੈ। ਇਸ ਵਿਚ ਕੰਪਿਊਟਰ ਅਤੇ ਸ੍ਰਵਣ-ਦਰਸ਼ੀ ਸਾਧਨਾਂ ਦਾ ਯੋਗਦਾਨ ਹੋ ਸਕਦਾ ਹੈ।
ਪੁਸਤਕਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ–ਸੂਚਨਾ ਪ੍ਰਦਾਨ ਕਰਨ ਵਾਲੀਆਂ, ਮਨੋਰੰਜਨ ਪ੍ਰਦਾਨ ਕਰਨ ਵਾਲੀਆਂ ਅਤੇ ਪਰੇਰਨਾ ਦੇਣ ਵਾਲੀਆਂ। ਰੁਹਾਨੀ ਅਤੇ ਧਾਰਮਿਕ ਪੁਸਤਕਾਂ ਸਦਾ ਬਹਾਰ ਪੁਸਤਕਾਂ ਹਨ, ਜਿਹੜੀਆਂ ਮਨੋਰੰਜਨ ਦੇ ਨਾਲ-ਨਾਲ ਪ੍ਰੇਰਨਾ ਵੀ ਪ੍ਰਦਾਨ ਕਰਦੀਆਂ ਹਨ। ਵਿਅਕਤੀ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਵਿਅਕਤੀਗਤ ਸੰਪੂਰਨਤਾ ਵੱਲ ਵੱਧਦਾ ਹੈ।

### 1.3.7. ਲਾਇਬ੍ਰੇਰੀ ਦੀਆਂ ਬਦਲਦੀਆਂ ਭੂਮਿਕਾਵਾਂ (Change Roles of the Library)

ਉਪਰੋਕਤ ਤੱਤਾਂ ਦੇ ਨਾਲ–ਨਾਲ ਵਿਗਿਆਨ, ਤਕਨਾਲੋਜੀ, ਕੰਪਿਊਟਰ ਵਿਗਿਆਨ ਅਤੇ ਪ੍ਰਸਾਰ ਵਿਚ ਹੋ ਰਿਹੇ ਵਿਕਾਸ ਨੇ ਲਾਇਬ੍ਰੇਰੀ ਦੀ ਪਰੰਪਰਾਗਤ ਭੂਮਿਕਾ ਨੂੰ ਬਦਲ ਕੇ ਰੱਖ ਦਿੱਤਾ ਹੈ। ਅੱਜ ਪਾਠਕ ਦੀਆਂ ਲੋੜਾ ਦੀ ਪੂਰਤੀ ਲਈ ਲਾਇਬ੍ਰੇਰੀ ਨੂੰ ਪ੍ਰਲੇਖਨ, ਸੂਚਨਾ ਵਿਗਿਆਨ ਅਤੇ ਕੰਪਿਊਟਰ ਤੇ ਅਧਾਰਤ ਸੂਚਨਾ ਸਿਸਟਮ (Information System) ਦਾ ਸਹਾਰਾ ਲੈਣਾ ਪੈਂਦਾ ਹੈ। ਲੋੜੀਂਦੀ ਸੂਚਨਾ ਕੱਢ ਕੇ ਉਸ ਨੂੰ ਪਾਠਕਾਂ ਦੀ ਸਮਰਥਾ ਅਨੁਸਾਰ ਨਵਾਂ ਸਵਰੂਪ (Repackaging) ਦੇਣ ਦੀ ਲੋੜ ਹੈ। ਇਹ ਨਵੇਂ ਉਪਰਾਲੇ ਵਿਗਿਆਨ ਅਤੇ ਕੰਪਿਊਟਰ ਵਿਚ ਵਿਕਾਸ (advancement) ਦੇ ਕਾਰਣ ਸੰਭਵ ਹਨ। ਅੱਜ ਸੂਚਨਾ ਸੇਵਾਵਾਂ ਅਤੇ ਵਸਤੂਆਂ ਦਾ ਵਿਆਪਾਰੀਕਰਣ (Commercialization) ਦਾ ਰਾਹ ਖੁਲ੍ਹਣ ਕਾਰਨ ਇਕ ਨਵਾਂ ਉਦਯੋਗ ਸੂਚਨਾ ਉਦਯੋਗ (Information Industry) ਹੋਂਦ ਵਿਚ ਆ ਚੁੱਕੀ ਹੈ ਅਤੇ ਅੱਜ ਇਹ ਉਦਯੋਗ ਦਿਨ ਰਾਤ ਉੱਨਤੀ ਕਰ ਰਿਹਾ ਹੈ। ਹੁਣ ਲਾਇਬ੍ਰੇਰੀ ਦਾ ਆਧਾਰ ਪੁਸਤਕ ਨਾ ਰਹਿਕੇ ਸੂਚਨਾ ਮਹੱਤਵਪੂਰਣ ਬਣ ਗਈ ਹੈ ਅਤੇ ਸੂਚਨਾ ਉਪਭੋਗਗਤਾ ਹੀ ਇਨ੍ਹਾਂ ਸਾਰੀਆਂ ਦਾ ਕੇਂਦਰ ਬਿੰਦੂ, ਜਿਸ ਦੀਆਂ ਲੋੜਾਂ ਦੀ ਪੂਰਤੀ ਲਾਇਬ੍ਰੇਰੀ ਦਾ ਉਦੇਸ਼ ਬਣ ਗਿਆ ਹੈ।

### 1.3.8. ਸਿੱਟਾ (Conclusion) :

ਡਾ. ਰੰਗਾਨਾਥਨ ਅਨੁਸਾਰ ਲਾਇਬ੍ਰੇਰਿਆਂ ਖੁਸ਼ਹਾਲੀ, ਮਾਨਸਿਕ ਖੁਸ਼ੀ ਅਤੇ ਅਧਿਆਤਮਕ ਤੁਸਟੀ ਦਾ ਕ੍ਰੇਨਰ ਹੋਣ ਕਰਕੇ ਸਮਾਜਕ ਸੰਸਥਾ ਹੈ। ਇਸ ਦਾ ਉਦੇਸ਼ ਸਾਰੇ ਵਿਅਕਤੀਆਂ ਨੂੰ ਸਿੱਖਿਅਤ ਕਰਨਾ ਹੈ, ਤਾਂ ਜੋ ਉਹ ਉਚਿਤ ਅਤੇ ਅਨੁਚਿਤ, ਠੀਕ ਗਲਤ, ਨਿਆਂ ਅਤੇ ਅਨਿਆਂ ਵਿਚ ਫਰਕ ਕਰ ਸਕਣ। ਲਾਇਬ੍ਰੇਰੀ ਬਿਨ੍ਹਾਂ ਸਮਾਜ ਦਾ ਵਿਕਾਸ ਨਹੀਂ ਹੋ ਸਕਦਾ। ਨਾਗਰਿਕ ਚੰਗੇ ਸ਼ਹਿਰੀ ਨਹੀਂ ਬਦ ਸਕਦੇ। ਲਾਇਬ੍ਰੇਰੀ ਸਮਾਜ ਦੀ ਉਨਤੀ ਦੇ ਬੀਜ ਅਤੇ ਫਲ (Roots and fruits) ਹਨ। ਇਸ ਲਈ ਸਮਾਜ ਨੂੰ ਲਾਇਬ੍ਰੇਰੀ ਦਾ ਸਦਾ ਖਿਆਲ ਰੱਖਣਾ ਚਾਹੀਦਾ ਹੈ।

### 1.3.9. ਸਵੈ ਪਰੀਖਣ ਅਭਿਆਸ

(1) ਲਾਇਬ੍ਰੇਰੀ ਦੀ ਸਮਾਜਕ ਸੰਸਥਾ ਦੇ ਰੂਪ ਵਿਚ ਭੂਮਿਕਾਵਾਂ ਬਿਆਨ ਕਰੋ।

(2) ਵਿਦਿਆ ਦੇ ਕਿਹੜੇ ਤਿੰਨ ਉਦੇਸ਼ ਹਨ ?

### 1.3.10. ਅੱਗੇ ਪੜ੍ਹਨ ਲਈ ਸੰਦਰਭ :

(ਪਹਿਲੇ ਪਾਠ ਵਾਲੇ)

### 1.3.11. ਸਵੈ–ਪਰੀਖਣ ਅਭਿਆਸ ਦੇ ਉੱਤਰ :

**ਪ੍ਰਸ਼ਨ : 1**

ਸਮਾਜ ਵਿਚ ਲਾਇਬ੍ਰੇਰੀ ਦੀਆਂ ਇਹ ਭੂਮਿਕਾਵਾਂ ਹਨ :

(a) ਸੂਚਨਾ ਪ੍ਰਸਾਰ ਕਰਨਾ

(b) ਸਮਾਜਕ, ਆਰਥਕ, ਵਿਦਿਅਕ ਵਿਕਾਸ ਵਿਚ ਯੋਗਦਾਨ

(c) ਮਨੋਰੰਜਨ ਲਈ ਪ੍ਰਬੰਧ ਕਰਨਾ।

**ਪ੍ਰਸ਼ਨ : 2**

ਵਿਦਿਆ ਦੇ ਨਿਮਨਲਿਖਤ ਉਦੇਸ਼ ਹਨ :

(a) ਗਿਆਨ ਅਤੇ ਮੁਹਾਰਤ ਪ੍ਰਦਾਨ ਕਰਨਾ ;

(b) ਭਾਵਾਤਮਕ ਗੁਣਾਂ ਨੂੰ ਗ੍ਰਹਿਣ ਕਰਾਉਣਾ ; ਅਤੇ

(c) ਕਿਰਿਆਤਮਕ ਮੁਹਾਰਤ ਪ੍ਰਦਾਨ ਕਰਨਾ।

**ਅੱਗੇ ਪੜ੍ਹਨ ਲਈ ਸੰਦਰਭ :**


1. Aggarwal (BS) : Education for Librarianship, 2005.
2. Khanna, J.K. : Library and society.Ed2 Ess Ess Pub. ND. 1994
3. Shera, J.H. : Foundation of Education for Librarianship, 1972.

**ਪਾਠ ਨੰ. : 1.4** **ਪੰਜਾਬੀ ਅਨੁਵਾਦਕ : ਡਾ. ਅਜੀਤ ਸਿੰਘ**

# ਲਾਇਬ੍ਰੇਰੀ ਦੀਆਂ ਕਿਸਮਾਂ (Types of Libraries)

ਲਾਇਬ੍ਰੇਰੀ ਸ਼ਬਦ ਦੀ ਉਤਪਤੀ ਯੂਨਾਨੀ ਸ਼ਬਦ ਲਿਬਰਾ (Libra) ਤੋਂ ਹੋਈ ਹੈ। ਜਿਸਦਾ ਅਰਥ ਰੁਖ ਦੀ ਛਾਲ ਤੋਂ ਹੈ। ਉਸ ਸਮੇਂ ਪੁਸਤਕਾਂ ਰੁਖਾਂ ਦੀ ਛਾਲ ਉਤੇ ਲਿਖੀਆ ਜਾਂਦੀਆਂ ਸਨ। ਇਸ ਦੀ ਨਿਕਾਸੀ ਇਕ ਦੂਜੇ ਗ੍ਰੀਕ ਸ਼ਬਦ ਲਾਇਬ੍ਰੇਰੀਅਨ (Librarian) ਤੋਂ ਵੀ ਮੰਨੀ ਜਾਂਦੀ ਹੈ। ਜਿਸਦਾ ਅਰਥ ਪੁਸਤਕ ਅਲਮਾਰੀ (Book case) ਹੈ। ਲਾਇਬ੍ਰੇਰੀ ਸ਼ਬਦ ਦਾ ਅਰਥ ਪੁਸਤਕਾਂ ਅਤੇ ਦੂਜੀ ਪਾਠ ਸਮੱਗਰੀ ਦੇ ਸੰਗ੍ਰਿਹ ਤੋਂ ਹੈ ਜਿਹੜਾ ਕੀ ਵਰਤੋਂ ਲਈ ਤਿਆਰ ਕੀਤਾ ਗਿਆ ਹੈ। ਇਸ ਦੇ ਤਿੰਨ ਮੁੱਖ ਤੱਤ–ਪੁਸਤਕਾਂ ਪਾਠਕ ਅਤੇ ਕਰਮਚਾਰੀ ਹਨ। ਲਾਇਬ੍ਰੇਰੀਆਂ ਅੱਜ ਸਮਾਜ ਦੀ ਇਕ ਮੁੱਖ ਸੰਸਥਾ ਹੈ। ਇਨ੍ਹਾਂ ਬਿਨ੍ਹਾਂ ਸਮਾਜ ਦੀ ਹੋਂਦ ਨੂੰ ਜਿੱਥੇ ਖਤਰਾ ਹੈ, ਉਥੇ ਸਮਾਜ ਤੋਂ ਵਗੈਰ ਲਾਇਬ੍ਰੇਰੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ। ਸਮਾਜ ਦੇ ਵੱਖ ਵੱਖ ਭਾਗਾਂ ਵਿਚ ਵੱਖ ਵੱਖ ਲਾਇਬ੍ਰੇਰੀਆਂ ਹੁੰਦੀਆਂ ਹਨ। ਸਮਾਜ ਦੇ ਵੱਖ ਵੱਖ ਭਾਗਾਂ ਦੀਆਂ ਵੱਖ ਵੱਖ ਲੋੜਾਂ ਕਰਕੇ ਲਾਇਬ੍ਰੇਰੀਆਂ ਵੀ ਵੱਖ ਵੱਖ ਕਿਸਮਾਂ ਵੀ ਹਨ :

## ਉਦੇਸ਼ :

ਇਸ ਪਾਠ ਦਾ ਉਦੇਸ਼ ਇਨ੍ਹਾਂ ਵੱਖ ਵੱਖ ਲਾਇਬ੍ਰੇਰੀਆਂ ਦੀ ਪਰਿਭਾਸ਼ਾ (Definition) ਉਦੇਸ਼ ਅਤੇ ਕਾਰਜਾ ਬਾਰੇ ਚਰਚਾ ਕਰਨਾ ਹੈ। ਇਸ ਦੇ ਅਧਿਐਨ ਤੋਂ ਬਾਦ ਤੁਸੀਂ ਇਨ੍ਹਾਂ ਦੀ ਮਹੱਤਤਾ, ਅੰਤਰ ਅਤੇ ਕਾਰਜਾਂ ਬਾਰੇ ਜਾਣਕਾਰ ਹੋ ਜਾਉਗੇ।

## ਵਿਸ਼ਾ ਵਸਤੂ :


1.4.1. ਭੂਮਿਕਾ
1.4.2. ਲੋਕ ਲਾਇਬ੍ਰੇਰੀ
- 1.4.2.1. ਪਰਿਭਾਸ਼ਾ
- 1.4.2.2. ਲੋਕ ਲਾਇਬ੍ਰੇਰੀ ਅਤੇ ਦੂਜੀਆਂ ਲਾਇਬ੍ਰੇਰੀਆਂ ਵਿਚ ਅੰਤਰ
- 1.4.2.3. ਲੋਕ ਲਾਇਬ੍ਰੇਰੀ ਦੀ ਉਤਪਤੀ ਦੇ ਕਾਰਣ
  - 1.4.2.3.1. ਗਿਆਨ ਤ੍ਰੇਹ
  - 1.4.2.3.2. ਸਾਖਰਤਾ
  - 1.4.2.3.3. ਵਿਆਪਕ ਲੋਕ ਸਿਖਿਆ
  - 1.4.2.3.4. ਪ੍ਰਬੁੱਧ ਅਗਵਾਈ ਅਤੇ ਲੋਕ ਭਲਾਈ
  - 1.4.2.3.5. ਵਿਹਲ ਸਮੇਂ ਦਾ ਸਕਾਰਾਤਮਕ ਉਪਯੋਗ
- 1.4.2.4. ਉਦੇਸ਼
  - 1.4.2.4.1. ਪਾਠਕ
  - 1.4.2.4.2. ਦਸਤਾਵੇਜ਼
  - 1.4.2.4.3. ਯੁਨੇਸਕੋ ਅਤੇ ਲੋਕ ਲਾਇਬ੍ਰੇਰੀ ਦੇ ਕਾਰਜ
- 1.4.2.5. ਲੋਕ ਲਾਇਬ੍ਰੇਰੀ ਦੇ ਕਰਤੱਵ
  - 1.4.2.5.1. ਪਾਠ ਸਮੱਗਰੀ ਦਾ ਸੰਕਲਨ
  - 1.4.2.5.2. ਪਾਠ ਸਮੱਗਰੀ ਉਪਲੱਬਧ ਕਰਾਉਣਾ
  - 1.4.2.5.3. ਸੰਦਰਭ ਸੇਵਾ
  - 1.4.2.5.4. ਸੂਚਨਾ ਸੇਵਾ
  - 1.4.2.5.5. ਲਾਇਬ੍ਰੇਰੀ ਪ੍ਰਚਾਰ
  - 1.4.2.5.6. ਵਿਸ਼ੇਸ਼ ਪਾਠਕਾਂ ਦੀਆਂ ਸੇਵਾਵਾਂ
  - 1.4.2.5.7. ਵਿਸਤਾਰ ਸੇਵਾ

1.4.2.5.8. ਲਾਇਬ੍ਰੇਰੀ ਸਹਿਯੋਗ
1.4.2.5.9. ਲੋਕ ਲਾਇਬ੍ਰੇਰੀ ਦੇ ਹੋਰ ਕਰਤੱਵ
1.4.2.5.10.ਲੋਕ ਲਾਇਬ੍ਰੇਰੀ ਅਤੇ ਨਵੀਂ ਸੂਚਨਾ ਹੈ।

## 1.4.1. ਭੂਮਿਕਾ (Introduction)

ਅੱਜ ਦੇ ਆਧੁਨਿਕ ਯੁੱਗ ਵਿਚ, ਸਮਾਜ ਵਿਚ ਮਨੁੱਖੀ ਪ੍ਰਕ੍ਰਿਆਵਾਂ ਨੂੰ ਸੰਗਠਨ ਜਾਂ ਸੰਸਥਾਵਾਂ ਦੇ ਮਾਧਿਅਮ ਦੁਆਰਾ ਵਿਵਸਥਿਤ ਅਤੇ ਵਿਕਸਿਤ ਕੀਤਾ ਜਾਂਦਾ ਹੈ। ਇਸ ਲਈ ਸਮਾਜ ਵਿਚ ਸੰਸਥਾਵਾਂ ਅਤੇ ਸੰਗਠਨਾਂ ਦੀ ਬਹੁਲਤਾ ਹੈ। ਹਰੇਕ ਪ੍ਰਮੁੱਖ ਸਮਾਜਕ ਕਾਰਜ–ਆਰਥਕ ਨਿਸਪਾਦਨ ਜਾਂ ਸਿਹਤ ਚੌਕਸੀ, ਸਿੱਖਿਆ ਜਾਂ ਖੋਜ, ਵਣਜ-ਵਪਾਰ ਜਾਂ ਉਦਯੋਗ–ਦਾ ਸੰਸਥਾਪਨ ਕੀਤਾ ਗਿਆ ਹੈ। ਅੱਜ ਦੇ ਸੰਸਥਾਵਾਂ ਨਾਲ ਭਰੇ ਸਮਾਜ ਵਿਚ ਲਾਇਬ੍ਰੇਰੀ ਵੀ ਇਕ ਸੰਸਥਾ ਹੈ ਜਿਸ ਦਾ ਮੁੱਖ ਕਾਰਜ, ਲਿਖਤ ਸੂਚਨਾਵਾਂ ਜਾਂ ਗਿਆਨ ਨੂੰ ਇਕੱਤਰ ਕਰਨਾ, ਸੰਭਾਲ ਕੇ ਰਖਣਾ, ਪ੍ਰਕ੍ਰਿਆਵਾਂ ਦੁਆਰਾ ਵਿਵਸਥਿਤ ਕਰਨਾ, ਲੋੜ ਪੈਣ ਤੇ ਲਿਖਤ ਗਿਆਨ ਜਾਂ ਸੂਚਨਾਂ ਦਾ ਪ੍ਰਸਾਰ ਜਾਂ ਵੰਡ ਕਰਨਾ ਹੈ। ਅੱਜ ਦੇ ਸੂਚਨਾ ਯੁੱਗ ਵਿਚ ਜਦੋਂ ਸੂਚਨਾ ਮਨੁੱਖੀ ਵਿਕਾਸ ਦਾ ਕੇਂਦਰ-ਬਿੰਦੂ ਬਣ ਗਈ ਹੈ ਉਹ ਸੰਸਥਾਵਾਂ ਜੋ ਇਸ ਸੂਚਨਾ ਦਾ ਸੰਚਾਲਨ ਕਰਦੀਆਂ ਹਨ, ਮਹੱਤਤਾ ਵਧ ਗਈ ਹੈ। ਸਮਾਜ ਵਿਚ ਲਾਇਬ੍ਰੇਰੀ ਪੁਸਤਕਾਂ ਜਾਂ ਪ੍ਰਲੇਖਾਂ, ਪਾਠਕ ਜਾਂ ਵਰਤਣ ਵਾਲੇ ਅਤੇ ਕਰਮਚਾਰੀਆਂ ਦੀ ਤਿਕੜੀ ਹੈ। ਡਾ. ਰੰਗਾਨਾਥਨ ਦੇ ਅਨੁਸਾਰ ਲਾਇਬ੍ਰੇਰੀ ਇਕ ਵਿਕਾਸਸ਼ੀਲ ਜੀਵ ਹੈ (Library is Growing Organism)। ਸ਼ਬਦ ਆੱਰਗੇਨਿਜ਼ਮ (Organism) ਦਾ ਅਰਥ 'ਜੀਵਿਤ ਪ੍ਰਾਣੀ ਵਾਂਗ ਅੰਗਯੁਕਤ ਸੰਪੂਰਨ ਰਚਨਾ' ਹੈ ਅਤੇ ਲਾਇਬ੍ਰੇਰੀ ਦੇ ਅੰਗ ਹਨ ਪੁਸਤਕਾਂ, ਪਾਠਕ ਅਤੇ ਕਰਮਚਾਰੀ ਜੋ ਹਰ ਪ੍ਰਕਾਰ ਦੀ ਲਾਇਬ੍ਰੇਰੀ ਵਿਚ ਹੁੰਦੇ ਹਨ। ਰਚਨਾ ਅਤੇ ਪਾਠਕਾਂ ਦੇ ਆਧਾਰ ਤੇ ਲਾਇਬ੍ਰੇਰੀ ਦੀਆਂ ਨਿਮਨਲਿਖਿਤ ਕਿਸਮਾਂ ਹਨ :

**(1) ਲੋਕ ਲਾਇਬ੍ਰੇਰੀ (Public Library);**

**(2) ਅਕਾਦਮਿਕ ਲਾਇਬ੍ਰੇਰੀ (Academic Library);**

**(3) ਵਿਸ਼ੇਸ਼ ਲਾਇਬ੍ਰੇਰੀ (Special Library);**

**(4) ਕੌਮੀ ਜਾਂ ਰਾਜ ਲਾਇਬ੍ਰੇਰੀ (State or National Library)**

## 1.4.2. ਲੋਕ ਲਾਇਬ੍ਰੇਰੀ (Public Library)

ਰੋਟੀ, ਕਪੜਾ ਅਤੇ ਮਕਾਨ ਤੋਂ ਬਾਅਦ ਸੂਚਨਾ, ਵਿਚਾਰ ਅਤੇ ਵਿੱਦਿਆ ਮਨੁੱਖ ਦੀ ਮੁੱਢਲੀ ਲੋੜ ਹੈ। ਲੋਕਤੰਤਰ ਦੇ ਅਨੁਸਾਰ, ਨਸਲੀ, ਧਾਰਮਕ ਜਾਂ ਆਰਥਕ ਵਿਤਕਰੇ ਤੋਂ ਬਿਨਾ ਸਮਾਜ ਦੇ ਹਰ ਨਾਗਰਿਕ ਨੂੰ ਸੂਚਨਾ, ਵਿਚਾਰਾਂ ਅਤੇ ਵਿੱਦਿਆ ਤਕ ਖੁੱਲ੍ਹੀ ਪਹੁੰਚ ਮਿਲਣੀ ਚਾਹੀਦੀ ਹੈ। ਲੋਕ ਲਾਇਬ੍ਰੇਰੀ ਇਸ ਭੂਮਿਕਾ ਨੂੰ ਪੁਰਜੋਰ ਨਿਭਾ ਰਹੀ ਹੈ, ਜਨਤਾ ਲਈ ਇਸ ਵਿਚ ਇਕੱਤਰ ਕੀਤੀ ਸਮੱਗਰੀ ਰਾਹੀਂ ਇਹ ਲਾਇਬ੍ਰੇਰੀ ਸੰਸਕ੍ਰਿਤੀ, ਸਭਿਆਚਾਰ, ਇਤਿਹਾਸ, ਸਾਹਿਤ ਬਾਰੇ ਪੁਸਤਕਾਂ ਅਤੇ ਦੂਜੇ ਲਿਖਤ ਪ੍ਰਲੇਖਾਂ ਰਾਹੀਂ ਮਨੁੱਖੀ ਜੀਵਨ ਵਿਚ ਸੁਧਾਰ ਲਿਆ ਕੇ ਸੁਖਾਵੇਂ ਬਣਾਉਣ ਦਾ ਉਪਰਾਲਾ ਕਰਦੀ ਹੈ। ਪੁਸਤਕਾਂ ਦੀ ਸੁਚੱਜੀ ਵਰਤੋਂ ਰਾਹੀਂ ਆਮ ਨਾਗਰਿਕ ਆਪਣੇ ਕੰਮ ਕਾਰ ਜਾਂ ਪੇਸ਼ੇ ਵਿਚ ਵੀ ਉੱਨਤੀ ਕਰ ਸਕਦਾ ਹੈ।

ਲੋਕ ਲਾਇਬ੍ਰੇਰੀ ਸਮਾਜ ਦੇ ਇਕ ਚੰਗੇ ਨਾਗਰਿਕ ਲਈ ਰਾਹਨੁਮਾਈ, ਖ਼ੁਸ਼ੀ, ਸਿੱਖਿਆ, ਸ੍ਵੈ-ਪੂਰਤੀ ਅਤੇ ਸ੍ਵੈ-ਸੰਪੂਰਨਤਾ ਦਾ ਸ਼ਕਤੀਸ਼ਾਲੀ ਸ੍ਰੋਤ ਹੈ। ਇਸ ਲਈ ਆਧੁਨਿਕ ਗਣਤੰਤਰੀ ਸਰਕਾਰਾਂ ਨੇ ਆਪਣੇ ਦੇਸ਼ਾਂ ਜਾਂ ਰਾਜਾਂ ਵਿਚ ਲੋਕ ਲਾਇਬ੍ਰੇਰੀਆਂ ਸਥਾਪਿਤ ਕਰਨਾ ਆਪਣਾ ਫ਼ਰਜ਼ ਮੰਨ ਲਿਆ ਹੈ। ਲੋਕ ਲਾਇਬ੍ਰੇਰੀ ਸਮਾਜ ਵਿਚ ਸਭਿਆਚਾਰ, ਸੂਚਨਾ ਅਤੇ ਕਲਾ ਦਾ ਕੇਂਦਰ ਬਣ ਗਈ ਹੈ। ਇਹ ਲੋਕਾਂ ਦੀ ਯੂਨੀਵਰਸਿਟੀ (University of the Citizen) ਹੋਣ ਕਰਕੇ ਜਨਤਾ ਨੂੰ ਸਿੱਖਿਅਕ ਬਣਾਉਣ ਦਾ ਵਧੀਆ ਸਾਧਨ ਹੈ।

### 1.4.2.1. ਪਰਿਭਾਸ਼ਾ (Definition)

ਲੋਕ ਲਾਇਬ੍ਰੇਰੀ ਦੀ ਪਰਿਭਾਸ਼ਾ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਆਮ ਲੋਕਾਂ ਲਈ ਸਥਾਪਿਤ ਕੀਤੀ ਗਈ ਸੰਸਥਾ ਹੈ ਜੋ ਆਮ ਜਨਤਾ ਜਾਂ ਸਮੂਹ ਸਮਾਜ ਲਈ ਹੁੰਦੀ ਹੈ।

ਨਿਯੂ ਇਨਸਾਇਕਲੋਪੀਡੀਆ ਬ੍ਰੀਟੇਨਿਕਾ ਦੇ ਅਨੁਸਾਰ, "ਲਾਇਬ੍ਰੇਰੀ ਜਿਹੜੀ ਨਗਰਪਾਲਿਕਾ ਜਾਂ ਸਥਾਨਕ ਸਰਕਾਰ ਦੀਆਂ ਇਕਾਈਆਂ ਵੱਲੋਂ ਸਥਾਪਿਤ ਕੀਤੀ ਜਾਂਦੀ ਹੈ ਅਤੇ ਸਥਾਨਕ ਟੈਕਸਾਂ ਦੁਆਰਾ ਪੈਸਾ ਇਕੱਤਰ ਕਰਕੇ ਲੋਕਾਂ ਨੂੰ ਪੁਸਤਕ ਅਤੇ ਸੰਦਰਭ ਸੇਵਾਵਾਂ ਪ੍ਰਦਾਨ ਕਰਦੀ ਹੈ। ਲੋਕ ਲਾਇਬ੍ਰੇਰੀ ਕਿਹਾ ਜਾਂਦਾ ਹੈ।"

ਅਮਰੀਕਨ ਲਾਇਬ੍ਰੇਰੀ ਐਸੋਸੀਏਸ਼ਨ ਦੇ ਅਨੁਸਾਰ, "ਲੋਕ ਲਾਇਬ੍ਰੇਰੀ ਉਹ ਲਾਇਬ੍ਰੇਰੀ ਹੈ ਜੋ ਇਕ ਸਮਾਜ, ਜਿਲ੍ਹਾ, ਸ਼ਹਿਰ ਜਾਂ ਪਿੰਡ ਦੇ ਸਾਰੇ ਨਿਵਾਸੀਆਂ ਦੀ ਮੁਫ਼ਤ ਸੇਵਾ ਕਰਦੀ ਹੈ ਅਤੇ ਜੋ ਪੂਰੀ ਜਾਂ ਥੋੜ੍ਹੀ ਮਿਕਦਾਰ ਵਿਚ ਲੋਕਧਨ ਰਾਹੀਂ ਆਰਥਕ ਸਹਾਇਤਾ ਪ੍ਰਾਪਤ ਕਰਦੀ ਹੈ।"

ਬੀ. ਐਸ. ਰਸਲ ਦੇ ਅਨੁਸਾਰ, "ਲੋਕ ਲਾਇਬ੍ਰੇਰੀ ਅਸਲ ਵਿਚ ਲੋਕਾਂ ਲਈ, ਲੋਕਾਂ ਵੱਲੋਂ ਚਲਾਈ ਜਾ ਰਹੀ ਲੋਕ ਸੰਸਥਾ ਹੈ।"

ਐਲ. ਆਰ. ਮਕਾਲਵਿਨ ਦੇ ਮੱਤ ਅਨੁਸਾਰ, "ਲੋਕ ਲਾਇਬ੍ਰੇਰੀ ਉਹ ਲਾਇਬ੍ਰੇਰੀ ਹੈ, ਜਿਸ ਦੁਆਰਾ ਇਲਾਕੇ ਵਿਚ ਰਹਿ ਰਹੇ ਸਾਰੇ ਵਿਅਕਤੀਆਂ ਦੀ ਬਿਨਾ ਪੈਸੇ ਲਏ ਸੇਵਾ ਕੀਤੀ ਜਾਂਦੀ ਹੈ, ਜਿਸ ਦੀ ਸਮੱਗਰੀ ਵਿਚ ਵਿਭਿੰਨ ਪੁਸਤਕਾਂ ਹੁੰਦੀਆਂ ਹਨ। ਜਿਸ ਨੂੰ ਉਹ ਹਰ ਇਕ ਵਿਅਕਤੀ ਨੂੰ ਬਿਨਾ ਕਿਸੇ ਧਾਰਮਕ, ਰਾਜਨੀਤਿਕ ਅਤੇ ਹੋਰ ਭੇਦ-ਭਾਵ ਤੋਂ ਸੇਵਾ ਕਰਦੀਆਂ ਹਨ।"

ਲੋਕ ਲਾਇਬ੍ਰੇਰੀ ਦੀ ਪਰਿਭਾਸ਼ਾ ਯੂਨੇਸਕੋ (Unesco) ਨੇ 1949 ਵਿਚ ਆਪਣੇ ਮੈਨੀਫੈਸਟੋ ਵਿਚ ਦਿੱਤੀ ਅਤੇ ਜਿਸ ਨੂੰ 1972 ਵਿਚ ਸੋਧਿਆ ਗਿਆ। ਇਸ ਪਰਿਭਾਸ਼ਾ ਅਨੁਸਾਰ ਲੋਕ ਲਾਇਬ੍ਰੇਰੀ :

(1) ਕਾਨੂੰਨੀ ਤੌਰ ਤੇ ਸਥਾਪਿਤ ਕੀਤੀ ਜਾਣੀ ਚਾਹੀਦੀ ਹੈ;
(2) ਲੋਕਧਨ (ਜਾਂ ਸਰਕਾਰੀ ਧਨ) ਨਾਲ ਚਲਾਉਣੀ ਚਾਹੀਦੀ ਹੈ;
(3) ਆਪਣੀ ਸੇਵਾਵਾਂ ਲਈ ਪੁਸਤਕਾਂ ਪੜ੍ਹਨ ਅਤੇ ਪਾਠਕਾਂ ਤੋਂ ਕੋਈ ਫੀਸ ਨਹੀਂ ਲਿੱਤੀ ਜਾਂਦੀ; ਅਤੇ
(4) ਸਮਾਜ ਦੇ ਸਭ ਨਾਗਰਿਕਾਂ ਲਈ ਬਰਾਬਰੀ ਦੇ ਪੱਧਰ ਤੇ, ਬਿਨਾ ਕਿਸੇ ਧਰਮ, ਰੰਗ, ਜਾਤੀ, ਅਮੀਰ-ਗ਼ਰੀਬ, ਕਾਲਾ-ਗੋਰਾ, ਮਾੜਾ-ਤਕੜਾ, ਲਿੰਗ, ਕੋਸ਼ਿਅਤ, ਵਿੱਦਿਆ, ਭਾਸ਼ਾ ਦੇ ਭੇਦ ਤੋਂ ਪਰ੍ਹੇ ਰਹਿਣੀ ਚਾਹੀਦੀ ਹੈ।

ਭਾਰਤ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਸਲਾਹਕਾਰ ਕਮੇਟੀ ਦੇ ਅਨੁਸਾਰ ਲੋਕ ਲਾਇਬ੍ਰੇਰੀ ਦੀ ਪਰਿਭਾਸ਼ਾ ਨਿਮਨਲਿਖਿਤ ਹੈ :

(1) ਜਿਹੜੀ ਆਮ ਤੌਰ ਤੇ ਲੋਕ ਵਿੱਤ ਦੁਆਰਾ ਚਲਾਈ ਜਾਂਦੀ ਹੈ;
(2) ਜਿਹੜੀ ਪਾਠਕਾਂ ਤੋਂ ਕੋਈ ਫ਼ੀਸ ਨਹੀਂ ਲੈਂਦੀ ਅਤੇ ਬਿਨਾ ਕਿਸੇ ਪੱਖਪਾਤ, ਧਰਮ, ਲਿੰਗ, ਭੇਦ ਨੂੰ ਛੱਡ ਕੇ ਸਭ ਲਈ ਖੁੱਲ੍ਹੀ ਰਹਿੰਦੀ ਹੈ;
(3) ਇਹ ਸ੍ਵੈ-ਸਿੱਖਿਆ ਪ੍ਰਦਾਨ ਕਰਨ ਵਾਲੀ, ਸਹਾਇਕ ਵਿਦਿਅਕ ਅਦਾਰਾ ਸਮਝੀ ਜਾਂਦੀ ਹੈ; ਅਤੇ
(4) ਜਿਹੜੀ ਵਿਭਿੰਨ ਵਿਸ਼ਿਆਂ ਅਤੇ ਵਿਭਿੰਨ ਪਾਠਕਾਂ ਦੀਆਂ ਸੂਚਨਾ ਸੰਬੰਧੀ ਰੁਚੀਆਂ ਨੂੰ, ਸੰਤੁਸ਼ਟ ਕਰਨ ਲਈ ਬਿਨਾ ਕਿਸੀ ਰੁਕਾਵਟ ਦੇ ਸੂਚਨਾ ਪ੍ਰਦਾਨ ਕਰਦੀ ਹੈ ਅਤੇ ਵੱਖ-ਵੱਖ ਵਿਸ਼ਿਆਂ ਤੇ ਪੁਸਤਕਾਂ ਦਾ ਸੰਗ੍ਰਹਿ ਕਰਦੀ ਹੈ।

ਉਪਰੋਕਤ ਭਿੰਨ-ਭਿੰਨ ਪਰਿਭਾਸ਼ਾਵਾਂ ਵਿਚ ਕਾਫ਼ੀ ਸਮਾਨਤਾ ਹੈ। ਇਨ੍ਹਾਂ ਪਰਿਭਾਸ਼ਾਵਾਂ ਦਾ ਭਿੰਨ-ਭਿੰਨ ਦੇਸ਼ਾਂ ਜਾਂ ਸੰਸਥਾਵਾਂ ਨਾਲ ਸੰਬੰਧ ਹੋਣ ਕਰਕੇ ਲੋਕ ਲਾਇਬ੍ਰੇਰੀ ਦੀ ਅੰਤਰ-ਰਾਸ਼ਟਰੀ ਝਲਕ ਮਿਲਦੀ ਹੈ। ਇਨ੍ਹਾਂ ਪਰਿਭਾਸ਼ਾਵਾਂ ਦੀ ਪੜਚੋਲ ਕਰਨ ਤੇ ਲੋਕ ਲਾਇਬ੍ਰੇਰੀ ਦੀਆਂ ਕੁਝ ਵਿਸ਼ੇਸ਼ਤਾਵਾਂ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਇਸ ਦਾ ਸਰੂਪ ਅਤੇ ਢਾਂਚਾ ਉਘੜਦਾ ਹੈ।

(1) ਲੋਕ ਲਾਇਬ੍ਰੇਰੀ ਸਮਾਜ ਦੇ ਸਾਰੇ ਲੋਕਾਂ ਦੀ ਸੇਵਾ ਵਾਸਤੇ ਸਥਾਪਤ ਕੀਤੀ ਜਾਂਦੀ ਹੈ। ਇਸ ਲਈ ਖਰਚ ਲਈ ਧਨ ਸਰਕਾਰੀ ਖ਼ਜ਼ਾਨੇ ਤੋਂ ਆਉਣਾ ਚਾਹੀਦਾ ਹੈ;
(2) ਬਿਨਾ ਕਿਸੀ ਭੇਦ-ਭਾਵ ਤੋਂ ਇਸ ਦੁਆਰਾ ਸੇਵਾ ਮੁਫ਼ਤ ਰੂਪ ਵਿਚ ਪ੍ਰਦਾਨ ਕਰੀ ਜਾਂਦੀ ਹੈ;
(3) ਲਾਇਬ੍ਰੇਰੀ ਸੇਵਾ ਪ੍ਰਦਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ, ਇਸ ਲਈ ਇਸ ਦੀ ਸਥਾਪਨਾ ਅਤੇ ਪ੍ਰਬੰਧ ਦਾ ਕੰਮ ਸਰਕਾਰ ਦਾ ਹੈ, ਇਸ ਲਈ ਸਰਕਾਰ ਜਨਤਾ ਦੀਆਂ ਵਿਦਿਅਕ, ਸਭਿਆਚਾਰਕ, ਬੌਧਿਕ ਅਤੇ ਹੋਰ ਲੋੜਾਂ ਦੀ ਪੂਰਤੀ ਲਈ, ਹਰ ਪੱਧਰ–ਸਥਾਨਕ, ਰਾਜ ਜਾਂ ਰਾਸ਼ਟਰੀ–ਇਸ ਦੀ ਸਥਾਪਨਾ ਕਰਨ ਦੇ ਬਾਅਦ ਪ੍ਰਬੰਧ ਕਰਦੀ ਹੈ। ਲੋਕ ਲਾਇਬ੍ਰੇਰੀਆਂ ਵਿਚ ਤਾਲਮੇਲ ਪੈਦਾ ਕਰਨ ਲਈ ਕੌਮੀ ਰਾਸ਼ਟਰੀ ਲੋਕ ਲਾਇਬ੍ਰੇਰੀ ਦੀ ਸਥਾਪਨਾ ਕਰਦੀ ਹੈ; ਅਤੇ
(4) ਇਨ੍ਹਾਂ ਸਭ ਵਾਸਤੇ ਅਤੇ ਉਨ੍ਹਾਂ ਦੀ ਸਥਾਪਨਾ, ਪ੍ਰਬੰਧ ਲਈ ਕਾਨੂੰਨ ਪਾਸ ਕੀਤਾ ਜਾਣਾ ਚਾਹੀਦਾ ਹੈ।

**ਭਾਰਤ ਵਿਚ ਲੋਕ ਲਾਇਬ੍ਰੇਰੀਆਂ** (Public Libraries in India)

ਲੋਕ ਲਾਇਬ੍ਰੇਰੀ ਦਾ ਇਤਿਹਾਸ ਮਨੁੱਖੀ ਸਭਿਅਤਾ ਦੇ ਇਤਿਹਾਸ ਜਿੰਨਾ ਪੁਰਾਣਾ ਹੈ, ਪਰ ਭਾਰਤ ਵਿਚ ਇਹ ਅੰਗ੍ਰੇਜ਼ਾਂ ਦੀ ਦੇਣ ਹੈ। ਆਰਿਆ ਸਮਾਜ, ਚਰਚ, ਰਾਸ਼ਟਰੀ ਆਜਾਦੀ ਦੀ ਲਹਿਰ ਅਤੇ ਦੂਜੇ ਸਮਾਜਕ ਕਰਤਾ ਅਤੇ ਵਿਦਵਾਨਾਂ ਨੇ ਇਸ ਦੀ ਉਸਾਰੀ ਵਿਚ ਹੁੰਗਾਰਾ ਭਰਿਆ।

**ਪੁਰਾਤਨ ਲਾਇਬ੍ਰੇਰੀਆਂ** (Early Libraries)

ਗਿਆਨ ਵਿਚ ਵਾਧੇ ਅਤੇ ਸਿੱਖਿਆ ਦੇ ਪ੍ਰਸਾਰ ਦੇ ਕਾਰਣ ਪੁਸਤਕਾਂ ਦੇ ਇਕਤ੍ਰੀਕਰਣ ਅਤੇ ਸੰਭਾਲ ਦੀ ਪ੍ਰਕ੍ਰਿਆ ਸ਼ੁਰੂ ਹੋਈ। ਪੁਰਾਤਨ ਭਾਰਤ ਵਿਚ ਹੱਥ ਲਿਖਤਾਂ ਦਾ ਹੀ ਰਿਵਾਜ ਰਿਹਾ ਹੈ। ਭਾਰਤ ਵਿਚ ਕਈ ਸਿੱਖਿਆ ਕੇਂਦਰਾਂ ਜਿਵੇਂ ਨਾਲੰਦਾ, ਵਿਕਰਮਸ਼ਿਲਾ, ਉਦਾਨਤਾਪੁਰੀ, ਸੋਮਾਪੁਰੀ, ਜਾਗਾਦਲ, ਮਿਥਿਲਾ, ਵਲੱਭੀ ਆਦਿ ਵਿਚ ਵੱਡੀਆਂ ਵੱਡੀਆਂ ਲਾਇਬ੍ਰੇਰੀਆਂ ਸਨ। ਰਾਜੇ ਮਹਾਰਾਜਿਆਂ ਨੈ ਇਨ੍ਹਾਂ ਲਾਇਸਬ੍ਰੇਰੀਆਂ ਦੀ ਸਥਾਪਨਾ ਵਿਚ ਯੋਗਦਾਨ ਪਾਇਆ।

**ਉਨੀਵੀਂ ਸਦੀ ਦੀਆਂ ਲਾਇਬ੍ਰੇਰੀਆਂ** (Nineteenth century Library)

ਲੋਕ ਲਾਇਬ੍ਰੇਰੀ ਦੀ ਸਥਾਪਨਾ *1808* ਵਿਚ ਬੰਬਈ ਸਰਕਾਰ ਦੇ ਉਪਰਾਲੇ ਨਾਲ ਹੋਈ ਜਦੋਂ ਸਰਕਾਰ ਨੇ ਫੰਡਜ ਫਾਰਏਨਕਰਜਮੈਂਟ ਆਫ ਲਿਟਰੇਚਰ (Funds for Encouragement of Literature) ਦੀ ਮਦਦ ਨਾਲ ਪ੍ਰਕਾਸ਼ਤ ਹੋਈ ਪੁਸਤਕਾਂ ਪ੍ਰਾਪਤ ਕਰਨ ਵਾਲੀ ਲਾਇਬ੍ਰੇਰੀਆਂ ਨੂੰ ਪੰਜੀਕ੍ਰਿਤ ਕਰਨਾ ਸ਼ੁਰੂ ਕੀਤਾ। *1835* ਵਿਚ ਭਾਰਤ ਸਰਕਾਰ ਨੇ ਪਰੈਸ ਐਂਡ ਰਜਿਸਟਰੇਸ਼ਨ ਆਫ ਬੁਕਸ ਕਾਨੂੰਨ ਪਾਸ ਕੀਤਾ ਜਿਸ ਵਿਚ ਹਰ ਛੱਪੀ ਪੁਸਤਕ ਦੀਆਂ ਇਕ ਜਾਂ ਦੋ ਕਾਪਿਆਂ ਸਰਕਾਰ ਨੂੰ ਮੁਫਤ ਦੇਣ ਦਾ ਪ੍ਰਬੰਧ ਕੀਤਾ ਗਿਆ।

*1891* ਵਿਚ ਇੰਪੀਰਿਅਲ ਲਾਇਬ੍ਰੇਰੀ ਦੀ ਸਥਾਪਨਾ ਕਲਕੱਤਾ ਵਿਚ ਲਾਰਡ ਕਰਜਨ ਦੁਆਰਾ ਕੀਤੀ ਗਈ ਅਤੇ *1980* ਵਿਚ ਇੰਪੀਰੀਅਲ ਲਾਇਬ੍ਰੇਰੀ ਐਕਟ ਬਣਾਇਆ ਗਿਆ। ਜਿਸ ਕਲਕੱਤਾ ਲੋਕ ਲਾਇਬ੍ਰੇਰੀ ਅਤੇ ਇੰਪੀਰਿਅਲ ਲਾਇਬ੍ਰੇਰੀ ਨੂੰ ਇਕੱਠਾ ਕਰ ਰਾਸ਼ਟਰੀ ਲਾਇਬ੍ਰੇਰੀ (National

Library) ਬਣਾਈ ਗਈ।

ਉਨੀਵੀਂ ਸਦੀ ਵਿਚ ਬੰਬਈ ਕਲਕੱਤਾ, ਮਦਰਾਸ ਵਿਚ ਚੰਦਾ ਲਾਇਬ੍ਰੇਰੀਆਂ (subscription Libraries) ਸਥਾਪਤ ਹੋ ਗਈਆਂ।

**ਵੀਹਵੀਂ ਸਦੀ ਦੀਆਂ ਲਾਇਬ੍ਰੇਰੀਆਂ** (Twentieth Century Libraries)

ਆਧੁਨਿਕ ਲੋਕ ਲਾਇਬ੍ਰੇਰੀ ਦੀ ਨਵੀਂ ਬੜੋਦਾ ਦੇ ਮਹਾਰਾਜਾ ਸਾਇਆ ਜੀ ਰਾਉ ਗਾਇਕਵਾਡ ਨੇ ਪਾਈ। ਉਨ੍ਹਾਂ ਨੇ ਆਪਣੇ ਰਾਜ ਵਿਚ ਲੋਕ ਲਾਇਬ੍ਰੇਰੀਆਂ ਦੀ ਸਥਾਪਨਾ ਅਤੇ ਵਿਕਾਸ ਲਈ ਯੰਗ ਮੈਨ ਇਨਸਟੀਚਿਉਟ ਦੇ ਲਾਇਬ੍ਰੇਰੀਅਨ ਡਬਲਿਉ. ਏ. ਬਾਰਡਰ ਨੂੰ ਸੱਦਾ ਦਿੱਤਾ, ਜਿਨ੍ਹਾਂ ਨੇ ਕੇਂਦਰੀ ਲਾਇਬ੍ਰੇਰੀ ਦੀ ਸਥਾਪਨਾ ਦੇ ਨਾਲ ਨਾਲ ਲਾਇਬ੍ਰੇਰੀ ਸਿਸਟਮ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਲਾਇਬ੍ਰੇਰੀ ਸਿੱਖਿਆ 1910 ਵਿਚ ਸ਼ੁਰੂ ਕੀਤੀ।

ਅਗਲੇ ਤਿੰਨ ਦਹਾਕਿਆਂ ਵਿਚ ਰਾਜ ਲਾਇਬ੍ਰੇਰੀ ਸੰਘ (State Library Association) 1914) ਵਿਚ ਆਂਧਰਾ ਦੇਸ਼ਾਂ ਲਾਇਬ੍ਰੇਰੀ ਸੰਘ; 1925 ਵਿਚ ਪੰਜਾਬ ਲਾਇਬ੍ਰੇਰੀ ਸੰਘ ਅਤੇ 1933 ਵਿਚ ਭਾਰਤੀ ਲਾਇਬ੍ਰੇਰੀ ਸੰਘ ਸਥਾਪਤ ਕੀਤੇ ਗਏ।

1948 ਵਿਚ ਡਾ. ਰੰਗਾਨਾਥਨ ਨੇ ਭਾਰਤ ਸਰਕਾਰ ਦੁਆਰਾ ਸਥਾਪਤ ਨੇਸ਼ਨਲ ਸੈਂਟਰਲ ਲਾਇਬ੍ਰੇਰੀ ਕਮੇਟੀ ਵਿਚ ਸੰਘੀ ਲਾਇਬ੍ਰੇਰੀ ਬਿਲ (Union Library Bill) ਦਾ ਖੜਰਾ ਅਗਲੇ 30 ਸਾਲਾਂ ਲਈ ਵਿਕਾਸ ਯੋਜਨਾ ਸਹਿਤ ਪੇਸ਼ ਕੀਤਾ।

1948 ਵਿਚ ਇੰਪੀਰਿਅਲ ਲਾਇਬ੍ਰੇਰੀ ਨੂੰ ਨੇਸ਼ਨਲ ਲਾਇਬ੍ਰੇਰੀ ਬਣਾ ਦਿੱਤਾ ਗਿਆ। 1951 ਵਿਚ ਯੂਨੇਸਕੋ ਦੀ ਮਦਦ ਨਾਲ ਦਿੱਲੀ ਲਾਇਬ੍ਰੇਰੀ ਸਥਾਪਤ ਕੀਤੀ ਗਈ।

1954 ਵਿਚ ਡਿਲੀਵਰੀ ਆਫ ਬੁਕਸ ਐਕਟ ਅਤੇ 1956 ਵਿਚ ਸੋਧ ਕਰਕੇ ਇਸ ਵਿਚ ਸਮਾਇਕ (Periodicts) ਪ੍ਰਕਾਸ਼ਨ ਵੀ ਸ਼ਾਮਲ ਕਰ ਦਿੱਤੇ ਗਏ।

ਪੰਜ ਸਾਲਾ ਯੋਜਨਾਵਾਂ ਦੇ ਮਾਧਿਅਮ ਤੇ ਭਾਰਤ ਸਰਕਾਰ ਨੇ ਲੋਕ ਲਾਇਬ੍ਰੇਰੀਆਂ ਦੇ ਵਿਕਾਸ ਲਈ ਉਪਰਾਲੇ ਕੀਤੇ ਜਿਸ ਨਾਲ ਹਰ ਇਕ ਰਾਜ ਵਿਚ ਰਾਜ ਕੇਂਦਰੀ ਲਾਇਬ੍ਰੇਰੀ ਸਥਾਪਤ ਕੀਤੀ ਗਈ।

1957 ਵਿਚ ਭਾਰਤ ਸਰਕਾਰ ਨੇ ਕੇ. ਪੀ. ਸਿਨਹਾ ਦੀ ਅਗੁਆਈ ਹੇਠ ਐਡਵਾਇਜਰੀ ਕਮੇਟੀ ਲਾਇਬ੍ਰੇਰੀ ਸਥਾਪਤ ਕੀਤੀ। 1958 ਦੀ ਰਿਪੋਟ ਵਿਚ ਇਸ ਨੇ 25 ਸਾਲਾ ਯੋਜਨਾ ਦੀ ਸਿਫਾਰਸ਼ ਕੀਤੀ।

ਯੋਜਨਾ ਆਯੋਗ ਦੇ ਵਰਕਿੰਗ ਗਰੁੱਪ ਨੇ 2000 ਆਬਾਦੀ ਵਾਲੇ ਪਿੰਡਾਂ ਵਿਚ ਲਾਇਬ੍ਰੇਰੀਆ ਸਥਾਪਤ ਕਰਨ ਦੀ ਸਿਫਾਰਸ਼ ਕੀਤੀ।

1972 ਵਿਚ ਰਾਜਾ ਰਾਮ ਮੋਹਨ ਰਾਏ ਫਾਉਂਡੇਸ਼ਨ ਦੀ ਸਥਾਪਨਾ ਕੀਤੀ ਗਈ। (ਇਸ ਦੀ ਵਿਸਤਾਰ ਨਾਲ ਵਿਵੇਚਨਾ ਪਾਠ ਵਿਚ ਹੈ)

1985 ਵਿਚ ਭਾਰਤ ਸਰਕਾਰ ਨੇ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਿਸਟਮ ਉਤੇ ਨੇਸ਼ਨਲ ਪਾਲਿਸੀ ਬਣਾਉਣ ਲਈ ਇਕ ਕਮੇਟੀ ਬਣਾਈ। 1986 ਵਿਚ ਇਸ ਦੇ ਸਭਾਪਤੀ ਡੀ. ਪੀ. ਚਾਟੋਪਾਧਿਆਏ ਨੇ ਆਪਣੀ ਰਿਪੋਟ ਪੇਸ਼ ਕੀਤੀ।

**ਲੋਕ ਲਾਇਬ੍ਰੇਰੀ ਐਕਟ :**

ਹੇਠ ਲਿਖੇ 19 ਰਾਜਾਂ ਵਿਚ ਜੁਲਾਈ 2019 ਤੱਕ ਲੋਕ ਲਾਇਬ੍ਰੇਰੀ ਐਕਟ ਬਣਾਏ ਗਏ :

(1) ਕੋਲਾਹਪੁਰ ਪਬਲਿਕ ਲਾਇਬ੍ਰੇਰੀ ਐਕਟ (1945) (ਕੰਮ ਨਹੀਂ ਕਰ ਰਿਹਾ)।

(2) ਮਦਰਾਸ ਪਬਲਿਕ ਲਾਇਬ੍ਰੇਰੀ ਐਕਟ (1948) (ਹੁਣ ਤਾਮਿਲਨਾਡੂ ਪਬਲਿਕ ਲਾਇਬ੍ਰੇਰੀ ਐਕਟ)।

(3) ਹੈਦਰਾਬਾਦ ਪਬਲਿਕ ਲਾਇਬ੍ਰੇਰੀ ਐਕਟ (1955) (ਕੰਮ ਨਹੀਂ ਕਰ ਰਿਹਾ)

(4) ਆਂਧਰਾ ਪ੍ਰਦੇਸ਼ ਪਬਲਿਕ ਲਾਇਬ੍ਰੇਰੀ ਐਕਟ (1960)

(5) ਮੈਸੂਰ ਪਬਲਿਕ ਲਾਇਬ੍ਰੇਰੀ ਐਕਟ (1965) (ਹੁਣ ਕਰਨਾਟਕਾ ਪਬਲਿਕ ਲਾਇਬ੍ਰੇਰੀ ਐਕਟ)

(6) ਮਹਾਂਰਾਸ਼ਅਰਾ ਪਬਲਿਕ ਲਾਇਬ੍ਰੇਰੀ ਐਕਟ (1967)

(7) ਵੈਸਟ ਬੰਗਾਲ ਪਬਲਿਕ ਲਾਇਬ੍ਰੇਰੀ ਐਕਟ (1979)

(8) ਮਨੀਪੁਰ ਪਬਲਿਕ ਲਾਇਬ੍ਰੇਰੀ ਐਕਟ (1989)

(9) ਹਰਿਆਣਾ ਪਬਲਿਕ ਲਾਇਬ੍ਰੇਰੀ ਐਕਟ (1989)

(10) ਗੋਆ ਪਬਲਿਕ ਲਾਇਬ੍ਰੇਰੀ ਐਕਟ (1994)

(11) ਗੁਜਰਾਤ ਪਬਲਿਕ ਲਾਇਬ੍ਰੇਰੀ ਐਕਟ (2001)

(12) ਉੜੀਸਾ ਪਬਲਿਕ ਲਾਇਬ੍ਰੇਰੀ ਐਕਟ (2001)

(13) ਰਾਜਸਥਾਨ ਪਬਲਿਕ ਲਾਇਬ੍ਰੇਰੀ ਐਕਟ (2005)

(14) ਉੱਤਰ-ਪ੍ਰਦੇਸ਼ ਪਬਲਿਕ ਲਾਇਬ੍ਰੇਰੀ ਐਕਟ (2005)

(15) ਉਤਰਾਖੰਡ ਪਬਲਿਕ ਲਾਇਬ੍ਰੇਰੀ ਐਕਟ (2005)

(16) ਪੋਡੀਚਰੀ ਪਬਲਿਕ ਲਾਇਬ੍ਰੇਰੀ ਐਕਟ (2007/08)

(17) ਬਿਹਾਰ ਪਬਲਿਕ ਲਾਇਬ੍ਰੇਰੀ ਐਕਟ 2007

(18) ਛੋਤੀਸਗੜ੍ਹ ਪਬਲਿਕ ਲਾਇਬ੍ਰੇਰੀ ਐਕਟ 2007

(19) ਅਰਣਨੁਚਲ ਪ੍ਰਦੇਸ਼ ਪਬਲਿਕ ਲਾਇਬ੍ਰੇਰੀ ਐਕਟ 2009

(20) ਮੱਧਯਾ (Madhya) ਪ੍ਰਦੇਸ਼ ਪਬਲਿਕ ਲਾਇਬ੍ਰੇਰੀ ਐਕਟ 2013 (NOTE: Un der Process)

**ਲੋਕ ਲਾਇਬ੍ਰੇਰੀ ਦੀਆਂ ਕਿਸਮਾਂ (Types of Public Libraries)**

(i) ਨੇਸ਼ਨਲ ਲਾਇਬ੍ਰੇਰੀ ;

(ii) ਰਾਜ ਕੇਂਦਰੀ ਲਾਇਬ੍ਰੇਰੀ ;

(iii) ਖੇਤਰੀ ਕੇਂਦਰੀ ਲਾਇਬ੍ਰੇਰੀ ;

(iv) ਜਿਲਾ ਲਾਇਬ੍ਰੇਰੀ ;

(v) ਬਲਾਕ ਲਾਇਬ੍ਰੇਰੀ ;

(vi) ਪਿੰਡ ਲਾਇਬ੍ਰੇਰੀ ;

(vii) ਸ਼ਹਿਰ ਲਾਇਬ੍ਰੇਰੀ ; ਅਤੇ

(viii) ਮਿਉਨਸੀਪਲ ਲਾਇਬ੍ਰੇਰੀ

ਇਨ੍ਹਾਂ ਦੀ ਸਥਾਪਨਾ, ਨਿਯੰਤਰਣ, ਰੱਖਰਖਾਵ ਸੰਬੰਧਤ ਸਰਕਾਰੀ ਅਦਾਰੇ ਕਰਦੇ ਹਨ ।

### 1.4.2.2. ਲੋਕ ਲਾਇਬ੍ਰੇਰੀ ਅਤੇ ਦੂਜੀਆਂ ਲਾਇਬ੍ਰੇਰੀਆਂ ਵਿਚ ਅੰਤਰ (Difference between Public and Other Libraries)

ਲੋਕ ਲਾਇਬ੍ਰੇਰੀ ਦੀ ਪਰਿਭਾਸ਼ਾ ਅਤੇ ਰਚਨਾ ਇਸ ਨੂੰ ਲਾਇਬ੍ਰੇਰੀਆਂ ਦੀ ਦੂਜੀ ਕਿਸਮਾਂ ਤੋਂ ਅਲਗ ਕਰਦੀ ਹੈ । ਲਾਇਬ੍ਰੇਰੀ ਦੀਆਂ ਦੂਜੀਆਂ ਕਿਸਮਾਂ–ਅਕਾਦਮਿਕ ਜਾਂ ਵਿਸ਼ੇਸ਼–ਜਨਤਾ ਲਈ ਖੁੱਲ੍ਹੀਆਂ ਨਹੀਂ ਹੁੰਦੀਆਂ, ਨਾ ਹੀ ਉਨ੍ਹਾਂ ਦੀ ਪਾਠ-ਸਮੱਗਰੀ ਵਿਚ ਵਿਸਤ੍ਰਿਤ ਵਿਸ਼ਿਆਂ ਤੇ ਪੁਸਤਕਾਂ ਜਾਂ ਦੂਜੇ ਪ੍ਰਲੇਖ ਉਪਲੱਬਧ ਹੁੰਦੇ ਹਨ । ਪਾਠਕ ਅਤੇ ਪ੍ਰਲੇਖ ਦੋਨੋਂ ਸੀਮਿਤ ਹੁੰਦੇ ਹਨ, ਦੂਜੇ ਪਾਸੇ ਲੋਕ ਲਾਇਬ੍ਰੇਰੀ ਦੇ ਪਾਠਕਾਂ ਅਤੇ ਵਿਸ਼ਿਆਂ ਦੀ ਕੋਈ ਸੀਮਾ ਨਹੀਂ ਹੋ ਸਕਦੀ । ਲਾਇਬ੍ਰੇਰੀ ਕਾਨੂੰਨ ਲੋਕ ਲਾਇਬ੍ਰੇਰੀਆਂ ਦਾ ਆਧਾਰ ਹੁੰਦਾ ਹੈ, ਦੂਜੀਆਂ ਲਾਇਬ੍ਰੇਰੀਆਂ ਨੂੰ ਕਿਸੇ ਅਜਿਹੇ ਕਾਨੂੰਨ ਦੀ ਲੋੜ ਨਹੀਂ ਹੁੰਦੀ । ਸੰਗਠਨ ਅਤੇ ਪ੍ਰਬੰਧ ਦੀ ਦ੍ਰਿਸ਼ਟੀ ਤੋਂ ਇਹ ਦੂਜੀਆਂ ਨਾਲੋਂ ਵੱਖਰੀਆਂ ਹੁੰਦੀਆਂ ਹਨ ।

### 1.4.2.4. ਉਦੇਸ਼ (Objective)

ਜਨਤੰਤਰ ਸਮਾਜ ਵਿਚ ਹਰ ਵਿਅਕਤੀ ਨੂੰ ਨਿਆਂ, ਅਜ਼ਾਦੀ ਅਤੇ ਬਰਾਬਰੀ ਦਾ ਹੱਕ ਮਿਲਦਾ ਹੈ, ਜਿਸ ਲਈ ਨਵੀਂ ਸਮਾਜਕ ਪ੍ਰਥਾ ਦੀ ਸਥਾਪਨਾ ਦੀ ਲੋੜ ਹੈ, ਜਿਸ ਦਾ ਹਰ ਪ੍ਰਾਣੀ ਲੋੜ ਅਨੁਸਾਰ ਜਾਗਰੂਕ ਹੋਵੇ ਅਤੇ ਉਨ੍ਹਾਂ ਵਿਚ ਖ਼ੁਸ਼ਹਾਲੀ ਫੈਲ ਸਕੇ ।

ਡਾ. ਰੰਗਾਨਾਥਨ ਨੇ ਲੋਕ ਲਾਇਬ੍ਰੇਰੀ ਨੂੰ 'ਸਮਾਜਕ ਅਦਾਰਾ' ਅਤੇ 'ਸਮਾਜਕ ਦਿਮਾਗ' (Brain of the Society) ਮੰਨਦੇ ਹੋਏ ਨਿਮਨਲਿਖਿਤ ਉਦੇਸ਼ ਜਾਂ ਮਨੋਰਥ ਦੱਸੇ ਹਨ :

(1) ਸਮਾਜ ਦੇ ਹਰੇਕ ਵਿਅਕਤੀ ਦੀ ਜੀਵਨ ਭਰ ਸ੍ਵੈ-ਸਿੱਖਿਆ ਵਿਚ ਮਦਦ ਕਰਨੀ;

(2) ਹਰੇਕ ਵਿਅਕਤੀ ਨੂੰ ਸਾਰੇ ਵਿਸ਼ਿਆਂ ਤੇ ਤਾਜ਼ੀ ਅਤੇ ਨਵੀਨ ਸੂਚਨਾ, ਆਂਕੜੇ ਅਤੇ ਤੱਥ ਲੋੜ ਅਨੁਸਾਰ ਉਪਲੱਬਧ ਕਰਾਉਣੇ;

(3) ਬਿਨਾ ਕਿਸੇ ਪੱਖਪਾਤ ਦੇ ਹਰੇਕ ਵਿਅਕਤੀ ਨੂੰ ਸਮਾਜਕ ਅਤੇ ਰਾਜਨੀਤਕ ਕਰਤੱਵ ਨਿਭਾਉਣ ਲਈ ਹਰ ਪ੍ਰਕਾਰ ਦੇ ਵਿਚਾਰ ਜਾਂ ਚਿੰਤਨ ਸੰਤੁਲਿਤ ਢੰਗ ਨਾਲ ਵੰਡਣੇ;

(4) ਸਾਮਜ ਦੇ ਵੱਖ-ਵੱਖ ਕੰਮਾਂ (ਉੱਦਮ) ਦੀ ਉਤਪਾਦਕਤਾ ਵਧਾਉਣ ਲਈ, ਉਨ੍ਹਾਂ ਦੇ ਉੱਚ ਪ੍ਰਬੰਧਕਾਂ ਨੂੰ ਸੰਬੰਧਿਤ ਨਵੀਨ ਰੁਚੀਆਂ ਅਤੇ ਵਿਕਾਸ ਸੰਬੰਧੀ ਸੂਚਨਾਵਾਂ ਲਗਾਤਾਰ ਉਪਲੱਬਧ ਕਰਾਉਣਾ;

(5) ਹਰ ਵਿਅਕਤੀ ਨੂੰ ਵਿਹਲ ਦੇ ਸਮੇਂ ਦੀ ਉਚਿਤ ਵਰਤੋਂ ਕਰਨ ਵਿਚ ਸਹਾਇਤਾ ਦੇਣਾ;

(6) ਆਉਣ ਵਾਲੀ ਪੀੜ੍ਹੀਆਂ ਲਈ ਮਨੁੱਖੀ ਸਾਹਿਤਕ ਯਾਦਗਾਰਾਂ ਦੀ ਸੰਭਾਲ ਕਰਨੀ; ਤਾਂਕਿ ਇਹ ਪੁਰਾਤਨ ਸੱਭਿਅਤਾ ਦੀ ਖੋਜ ਲਈ ਲਾਭਦਾਇਕ ਸੋਤ੍ਰਾਂ ਦਾ ਕੰਮ ਕਰ ਸਕਣ; ਅਤੇ

(7) ਸਮਾਜਕ ਸੰਸਥਾ ਹੋਣ ਕਰਕੇ ਸਮਾਜਕ ਭਲਾਈ ਦੇ ਕੰਮ ਕਰਨੇ ।

ਲੋਕ ਲਾਇਬ੍ਰੇਰੀ ਦੇ ਵਿਦਿਅਕ, ਰਾਜਨੀਤਿਕ, ਆਰਥਕ, ਸੂਚਨਿਕ, ਸਭਿਆਚਾਰਕ, ਨਾਗਰਿਕ ਸੰਬੰਧਾਂ ਦੇ ਉਦੇਸ਼ ਹਨ ।

### 1.4.2.4.1. **ਯੂਨੈਸਕੋ ਅਤੇ ਲੋਕ ਲਾਇਬ੍ਰੇਰੀ** (Unesco and Public Library)

ਯੂਨੈਸਕੋ ਲੋਕ ਲਾਇਬ੍ਰੇਰੀ ਮਨੋਰਥ ਪੱਤਰ 1949 (Unesco Public Library Manifesto 1949) ਦੇ ਅਨੁਸਾਰ ਲੋਕ ਲਾਇਬ੍ਰੇਰੀ ਉਹ ਲਾਇਬ੍ਰੇਰੀ ਹੁੰਦੀ ਹੈ, "ਜਿਹੜੀ ਸਮਾਜ ਨੂੰ ਮੁਫ਼ਤ ਜਾਂ ਨਾਂ-ਮਾਤਰ ਫ਼ੀਸ ਲੈ ਕੇ ਸੇਵਾ ਦਿੰਦੀ ਹੈ।" ਇਸ ਦੁਆਰਾ ਲੋਕ ਲਾਇਬ੍ਰੇਰੀ ਦੇ ਹੇਠ ਲਿਖੇ ਉਦੇਸ਼ ਜਾਂ ਮਨੋਰਥ ਹਨ :

(1) ਸਰਵਵਿਆਪੀ ਵਿੱਦਿਆ ਨੂੰ ਨਿਰੰਤਰ ਜੀਵਨਭਰ ਪ੍ਰਕ੍ਰਿਆ ਦੇ ਤੌਰ ਤੇ ਪ੍ਰੋਤਸਾਹਨ ਦੇਣ;

(2) ਸ਼ੁਰੂ ਤੇ ਅੱਜ ਤੱਕ ਦੇ ਮਨੁੱਖੀ ਵਿਚਾਰਾਂ ਨੂੰ, ਸਭ ਨੂੰ ਖੁੱਲ੍ਹੇ ਰੂਪ ਵਿਚ ਉਪਲੱਬਧ ਕਰਾਉਣਾ;

(3) ਮਾਨਵ ਮਨ ਅਤੇ ਆਤਮਾ ਨੂੰ ਉਤਸਾਹਿਤ ਕਰਨ ਦੇ ਵਿਚਾਰ ਨਾਲ ਖ਼ੁਸ਼ੀ ਅਤੇ ਆਨੰਦ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਉਪਲੱਬਧ ਕਰਾਉਣਾ; ਅਤੇ

(4) ਨਵੀਨ, ਤਕਨੀਕੀ, ਵਿਗਿਆਨਿਕ ਅਤੇ ਸਮਾਜ-ਵਿਗਿਆਨਕ ਨਾਲ ਸੰਬੰਧਿਤ ਸੂਚਨਾਵਾਂ ਉਪਲੱਬਧ ਕਰਾਉਣਾ।

### 1.4.2.4.1.3. **ਯੂਨੈਸਕੋ ਅਤੇ ਲੋਕ ਲਾਇਬ੍ਰੇਰੀ ਦੇ ਕਾਰਜ** (Key Missions of Public Library)

ਯੂਨੈਸਕੋ ਨੇ ਆਪਣੇ ਲੋਕ ਲਾਇਬ੍ਰੇਰੀ ਘੋਸ਼ਣਾ-ਪੱਤਰ (ਮੈਨਿਫੈਸਟੋ) ਵਿਚ, ਪਹਿਲੀ ਬਾਰ–ਸੂਚਨਾ, ਸਾਖਰਤਾ, ਸਿੱਖਿਆ ਅਤੇ ਸਭਿਆਚਾਰ ਆਦਿ–ਲੋਕ ਲਾਇਬ੍ਰੇਰੀ ਦੇ ਮੁੱਖ ਕਾਰਜਾਂ ਨੂੰ ਉਲੀਕੀਆ ਹੈ। ਇਹ ਹਨ :

(1) ਬੱਚਿਆਂ ਵਿਚ ਛੋਟੀ ਉਮਰ ਤੋਂ ਹੀ ਪੜ੍ਹਨ ਦੀ ਆਦਤ ਅਤੇ ਕਲਾ ਦੀ ਸਿਰਜਨਾ ਅਤੇ ਵਿਕਾਸ;

(2) ਵਿਅਕਤੀ ਵਿਸ਼ੇਸ਼ ਨੂੰ ਸ੍ਵੈ-ਸਿੱਖਿਆ ਅਤੇ ਗੈਰ-ਰਸਮੀ ਸਿੱਖਿਆ ਪ੍ਰਾਪਤ ਕਰਨ ਵਿਚ ਸਹਾਇਤਾ ਪ੍ਰਦਾਨ ਕਰਨਾ;

(3) ਨਿਜੀ ਸਿਰਜਨਾ ਸ਼ਕਤੀ ਦੇ ਵਿਕਾਸ ਲਈ ਮੌਕੇ ਪ੍ਰਦਾਨ ਕਰਨਾ;

(4) ਬਾਲਕਾਂ ਅਤੇ ਨੌਜਵਾਨਾਂ ਵਿਚ ਕਲਪਨਾ ਅਤੇ ਸਿਰਜਨਾ ਸ਼ਕਤੀ ਨੂੰ ਪ੍ਰੋਹਤਸਾਹਨ ਦੇਣਾ;

(5) ਨਵੀਨਤਾ, ਵਿਗਿਆਨਕ ਪ੍ਰਾਪਤੀਆਂ, ਸਭਿਆਚਾਰਕ ਵਿਰਾਸਤ ਅਤੇ ਕਲਾ ਦੇ ਪ੍ਰਤਿ ਆਮ ਨਾਗਰਿਕ ਨੂੰ ਜਾਗਰੂਕ ਕਰਨਾ;

(6) ਕਲਾ ਪ੍ਰਦਰਸ਼ਨ ਵਿਚ ਸਭਿਆਚਾਰਕ ਅਭਿਵਿਅਕਤੀ ਨੂੰ ਪ੍ਰੋਹਤਸਾਹਨ ਦੇਣਾ;

(7) ਸਭਿਆਚਾਰਕ ਅਨੇਕਤਾਵਾਂ ਵਿਚ ਏਕਤਾ ਲਈ ਉਪਰਾਲੇ ਕਰਨੇ;

(8) ਮੌਖਿਕ ਪਰੰਪਰਾ ਦੀ ਸਹਾਇਤਾ;

(9) ਨਾਗਰਿਕਾਂ ਨੂੰ ਹਰ ਪ੍ਰਕਾਰ ਦੀ ਲੋੜੀਂਦੀ ਸਮੂਹਿਕ ਸੂਚਨਾ ਉਪਲੱਬਧ ਕਰਾਉਣਾ;

(10) ਸਥਾਨਕ ਉਦਯੋਗਪਤੀਆਂ, ਸੰਸਥਾਵਾਂ ਅਤੇ ਹੋਰ ਰੁਚੀ ਰਖਣ ਵਾਲਿਆਂ ਨੂੰ ਲੋੜੀਂਦੀ ਸੂਚਨਾ ਸੇਵਾ ਦੇਣਾ;

(11) ਹਰ ਉਮਰ, ਲਿੰਗ, ਭਾਸ਼ਾ ਵਾਲਿਆਂ ਲਈ ਸਾਖਰਤਾ ਪ੍ਰਕ੍ਰਿਆਵਾਂ ਵਿਚ ਭਾਗ ਲੈਣ ਦੇ ਨਾਲ-ਨਾਲ ਉਨ੍ਹਾਂ ਦੇ ਵਿਚ ਵਾਧਾ ਕਰਨਾ।

ਆਪਣੇ ਇਨ੍ਹਾਂ ਉਦੇਸ਼ਾਂ/ਕਾਰਜਾਂ ਨਾਲ ਲੋਕ ਲਾਇਬ੍ਰੇਰੀ ਨਗਰਿਕਾਂ ਨੂੰ ਸਿੱਖਿਅਤ ਅਤੇ ਸੂਝਵਾਨ ਬਣਾ ਕੇ ਸਮਾਜ ਵਿਚ ਆਪਣੇ ਲੋਕਤਾਂਤਰਿਕ ਹੱਕਾਂ ਦੀ ਰਾਖੀ ਕਰ ਸਕਣਗੇ।

### 1.4.2.5. **ਲੋਕ ਲਾਇਬ੍ਰੇਰੀ ਦੇ ਕਰਤੱਵ** (Functions of Public Library)

ਸਮਾਜਕ ਸੰਸਥਾ ਅਤੇ ਸਮਾਜਕ ਦਿਮਾਗ (Brain of the Society) ਹੋਣ ਕਰਕੇ ਲੋਕ ਲਾਇਬ੍ਰੇਰੀ ਨੂੰ ਅਨੇਕ ਪ੍ਰਕਾਰ ਦੇ ਕਰਤੱਵ ਨਿਭਾਉਣੇ ਪੈਂਦੇ ਹਨ; ਜਿਨ੍ਹਾਂ ਵਿਚ ਕੁਝ ਮੁੱਖ ਅਤੇ ਮਹੱਤਵਪੂਰਨ ਨਿਮਨਲਿਖਿਤ ਹਨ :

### 1.4.2.5.1. **ਪਾਠ ਸਮੱਗਰੀ ਦਾ ਸੰਕਲਨ** (Collection of Reading Material)

ਨਾਗਰਿਕਾਂ ਦੀ ਨਿੱਜੀ ਅਤੇ ਸਮੂਹਿਕ ਲੋੜਾਂ ਅਨੁਸਾਰ ਉਨ੍ਹਾਂ ਦੀ ਜ਼ਿੰਦਗੀ ਦੀ ਖ਼ੁਸ਼ਹਾਲੀ ਲਈ ਭਿੰਨ-ਭਿੰਨ ਪ੍ਰਕਾਰ ਦੀ ਪਾਠ-ਸਮੱਗਰੀ ਇਕੱਤਰ ਕਰਨੀ ਚਾਹੀਦੀ ਹੈ। ਆਮ ਜਨਤਾ ਦੀ ਦਿਲਚਸਪੀ ਨਿਮਨਲਿਖਿਤ ਵਿਸ਼ਿਆਂ ਵਿਚ ਹੋ ਸਕਦੀ ਹੈ :

(1) ਸਥਾਨਕ ਇਤਿਹਾਸ, ਭੂਗੋਲ, ਸੰਸਕ੍ਰਿਤੀ ਆਦਿ;

(2) ਉਸ ਇਲਾਕੇ ਦੇ ਵਪਾਰ ਅਤੇ ਉਦਯੋਗ-ਧੰਧੇ ਬਾਰੇ;

(3) ਵਿੱਦਿਆ, ਵਿਗਿਆਨ ਅਤੇ ਸਾਧਾਰਨ ਵਿਗਿਆਨ ਗਿਆਨ;

(4) ਦੇਸ਼ ਦੀ ਸੱਭਿਅਤਾ, ਧਰਮ, ਫਲਸਫ਼ਾ, ਇਤਿਹਾਸ, ਭੂਗੋਲ ਆਦਿ;

(5) ਜੀਵਨੀਆਂ ਨਾਲ ਸੰਬੰਧੀ ਸਾਹਿਤ;

(6) ਸੰਦਰਭ ਪੁਸਤਕਾਂ ਅਤੇ ਉਸ ਦੇ ਸਹਾਇਕ ਦੂਜੇ ਗ੍ਰੰਥ;

(7) ਬਾਲ ਸਾਹਿਤ;

(8) ਨੇਤਰਹੀਣ ਪਾਠਕਾਂ ਲਈ ਬ੍ਰੇਲ ਪੁਸਤਕਾਂ;

(9) ਸੂਚਨਾ, ਮਨੋਰੰਜਨ ਅਤੇ ਪ੍ਰੇਰਣਾ ਸੰਬੰਧੀ ਸਾਹਿਤ; ਅਤੇ

(10) ਹੋਰ ਆਧੁਨਿਕ ਸਮੱਗਰੀ।

ਹਰੇਕ ਨਾਗਰਿਕ ਲਈ ਹਰ ਵਿਸ਼ੇ ਦੀ ਹਰ ਪੱਧਰ, ਹਰ ਭਾਸ਼ਾ ਵਿਚ ਸਮੱਗਰੀ ਹੋਣੀ ਚਾਹੀਦੀ ਹੈ।

### 1.4.2.5.2. ਪਾਠ ਸਮੱਗਰੀ ਉਪਲੱਬਧ ਕਰਾਉਣਾ (Provision of Reading Material)

ਕੇਵਲ ਉਪਰੋਕਤ ਪਾਠ-ਸਮੱਗਰੀ ਦੇ ਸੰਗਲਨ ਨਾਲ ਲੋਕ ਲਾਇਬ੍ਰੇਰੀ ਦੇ ਕਰਤੱਵ ਸੀਮਤ ਨਹੀਂ ਹਨ। ਉਨ੍ਹਾਂ ਸੁਨਿਯੋਜ–ਵਰਗੀਕਰਨ ਅਤੇ ਸੂਚੀਕਰਨ–ਉਪਰਾਂਤ ਪਾਠਕਾਂ ਨੂੰ ਲੋੜਾਂ ਅਨੁਸਾਰ ਉਪਲੱਬਧ ਕਰਾਉਣਾ ਲਾਇਬ੍ਰੇਰੀ ਦਾ ਮੁੱਖ ਕਰਤੱਵ ਹੈ। ਇਹ ਪੁਸਤਕਾਂ ਪੁਸਤਕਾਲਾ ਵਿਚ ਬੈਠ ਕੇ ਪੜ੍ਹਨ ਲਈ ਜਾਂ ਨਿਯਮਾਂ ਦੇ ਅਨੁਸਾਰ ਘਰ ਲੈ ਜਾ ਕੇ ਪੜ੍ਹਣ ਲਈ ਉਪਲੱਬਧ ਹੋਣੀਆਂ ਚਾਹੀਦੀਆਂ ਹਨ।

ਬਾਲਾਂ ਲਈ ਲੋੜੀਂਦੀ ਸਮੱਗਰੀ ਉਪਲੱਬਧ ਕਰਾਉਣ ਵਾਸਤੇ ਲਾਇਬ੍ਰੇਰੀ ਅਲੱਗ-ਅਲੱਗ ਢੰਗਾਂ ਦਾ ਉਪਯੋਗ ਕਰਦੀ ਹੈ ਜਿਵੇਂ ਕਹਾਣੀਆਂ ਸੁਣਾਉਣਾ, ਪੁਸਤਕਾਂ ਬਾਰੇ ਸਮਝਾਉਣਾ, ਗਿਆਨ ਵਰਧਕ ਫ਼ਿਲਮਾਂ ਦਿਖਾਉਣੀਆਂ, ਖਿਡਾਉਣਾ ਆਦਿ ਰਾਹੀਂ ਉਨ੍ਹਾਂ ਦੀ ਰੁਚੀ ਪੁਸਤਕਾਂ ਵਿਚ ਪੈਦਾ ਕਰਨਾ।

### 1.4.2.5.3. ਸੰਦਰਭ ਸੇਵਾ (Reference Service)

ਲਾਇਬ੍ਰੇਰੀ ਪਾਠ ਸਮੱਗਰੀ ਦੀ ਵਰਤੋਂ ਵਧਾਉਣ ਲਈ ਪਾਠਕਾਂ ਦਾ ਮਾਰਗ ਦਰਸ਼ਨ ਅਤੇ ਨਿਜੀ ਸਹਾਇਤਾ ਦੀ ਲੋੜ ਹੈ। ਪਾਠ-ਸਮੱਗਰੀ ਦੇ ਵੱਧ ਪ੍ਰਯੋਗ ਨਾਲ ਹੀ ਲੋਕ ਲਾਇਬ੍ਰੇਰੀ ਦੇ ਉਦੇਸ਼ਾਂ ਦੀ ਪੂਰਤੀ ਹੋ ਸਕਦੀ ਹੈ। ਇਸ ਕੰਮ ਲਈ ਸੰਦਰਭ ਸੇਵਾ ਦੀ ਲੋੜ ਪੈਂਦੀ ਹੈ ਜਿਹੜੀ ਪਾਠਕਾਂ ਦੀ ਉਮਰ, ਬੌਧਿਕ ਅਤੇ ਵਿਦਿਅਕ ਪੱਧਰ ਨੂੰ ਮੁੱਖ ਰਖਕੇ ਉਨ੍ਹਾਂ ਦੀ ਲੋੜ ਅਨੁਸਾਰ ਹੋਣੀ ਚਾਹੀਦੀ ਹੈ।

### 1.4.2.5.4. ਸਥਾਨਕ ਸੰਗਠਨਾਂ ਅਤੇ ਸੰਸਥਾਵਾਂ ਨੂੰ ਸੂਚਨਾ ਸੇਵਾ (Information Services to the Local Institutions)

ਆਮ ਕਰਕੇ ਸਥਾਨਕ ਸੰਗਠਨਾਂ ਅਤੇ ਸੰਸਥਾਵਾਂ ਦੀਆਂ ਆਪਣੀਆਂ ਲਾਇਬ੍ਰੇਰੀਆਂ ਨਾਂ-ਮਾਤਰ ਹੀ ਹੁੰਦੀਆਂ ਹਨ ਜਾਂ ਹੁੰਦੀਆਂ ਹੀ ਨਹੀਂ। ਅੱਜ ਦੇ ਸੂਚਨਾ ਯੁੱਗ ਦੇ ਸੂਚਨਾ ਸਮਾਜ ਵਿਚ ਜਿੱਥੇ ਹਰ ਕੰਮ ਸੂਚਨਾ ਦੇ ਧੁਰੇ ਤੇ ਘੁੰਮਦਾ ਹੈ, ਇਨ੍ਹਾਂ ਸੰਸਥਾਵਾਂ ਨੂੰ ਕਾਰਜ ਯੋਜਨਾ, ਪ੍ਰੋਜੈਕਟ ਤਿਆਰ ਕਰਨ ਲਈ, ਉਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ, ਕਰਮਚਾਰੀਆਂ ਦਾ ਬੌਧਿਕ, ਪੇਸ਼ੇਵਰ ਪੱਧਰ ਉੱਚਾ ਕਰਨ ਲਈ ਅਤੇ ਉਨ੍ਹਾਂ ਦੀਆਂ ਦੂਜੀਆਂ ਸਮੱਸਿਆਵਾਂ ਦੀ ਪੂਰਤੀ ਲਈ ਦਿਨ ਪ੍ਰਤੀ ਪਦਨ ਸੂਚਨਾ ਦੀ ਲੋੜ ਪੈਂਦੀ ਹੈ। ਇਹ ਸਾਰੀਆਂ ਲੋੜਾਂ ਲੋਕ ਲਾਇਬ੍ਰੇਰੀ ਪੂਰਾ ਕਰਦੀ ਹੈ।

### 1.4.2.5.5. ਲਾਇਬ੍ਰੇਰੀ ਪ੍ਰਚਾਰ (Library Publicity)

ਆਮ ਜਨਤਾ ਵਿਚ ਲਾਇਬ੍ਰੇਰੀ ਸੇਵਾਵਾਂ ਦੀ ਜਾਣਕਾਰੀ ਵਧਾਉਣ ਲਈ ਸਮੇਂ-ਸਮੇਂ ਸਿਰ ਆਪਣੀਆਂ ਸੇਵਾਵਾਂ ਦੇ ਪ੍ਰਚਾਰ ਦਾ ਪ੍ਰਬੰਧ ਕਰਦੀ ਹੈ, ਜਿਸ ਨਾਲ ਲਾਇਬ੍ਰੇਰੀ ਦੀ ਵਰਤੋਂ ਵੱਧ ਜਾਂਦੀ ਹੈ। ਇਸ ਕੰਮ ਲਈ ਪ੍ਰਚਾਰ ਜ਼ਰੂਰੀ ਹੈ।

### 1.4.2.5.6. ਵਿਸ਼ੇਸ਼ ਪਾਠਕਾਂ ਦੀਆਂ ਸੇਵਾਵਾਂ (Service to Disabled)

ਲੋਕ ਲਾਇਬ੍ਰੇਰੀ ਦੇ ਘੇਰੇ ਵਿਚ ਸਮਾਜ ਦੇ ਹਰ ਤਬਕੇ ਦੇ ਲੋਕ ਆਉਂਦੇ ਹਨ। ਇਨ੍ਹਾਂ ਵਿਚ ਅੰਗਹੀਣ ਜਿਵੇਂ ਨੇਤਰਹੀਣ ਆਦਿ, ਉਨ੍ਹਾਂ ਦੀ ਲੋੜ ਅਨੁਸਾਰ ਪਾਠ ਸਮੱਗਰੀ (ਬ੍ਰੇਲ ਪੁਸਤਕਾਂ) ਆਦਿ ਦਾ ਪ੍ਰਬੰਧ ਕੀਤਾ ਜਾਵੇ।

### 1.4.2.5.7. ਵਿਸਤਾਰ ਸੇਵਾ (Extension Services)

ਵਿਸਤਾਰ ਸੇਵਾ ਲੋਕ ਲਾਇਬ੍ਰੇਰੀ ਦਾ ਇਕ ਮਹੱਤਵਪੂਰਨ ਕਰਤੱਵ ਹੈ। ਵਿਸਤਾਰ ਸੇਵਾਵਾਂ ਦੁਆਰਾ ਆਪਣਾ ਕਾਰਜ ਖੇਤਰ ਵਧਾ ਸਕਦੀਆਂ ਹਨ ਜਿਸ ਨਾਲ ਉਹ ਸਮਾਜ ਦੇ ਹਰ ਕੋਨੇ ਅਤੇ ਥਾਂ ਤੇ ਪਹੁੰਚ ਸਕਦੀ ਹੈ। ਇਨ੍ਹਾਂ ਸੇਵਾਵਾਂ ਵਿਚ :

(1) ਚਲਦੀ ਫਿਰਦੀ ਲਾਇਬ੍ਰੇਰੀ (Mobile Library);

(2) ਪੁਸਤਕ ਪ੍ਰਦਰਸ਼ਨੀ (Book Exhibition);

(3) ਆਮ ਭਾਸ਼ਣ (Public Lectures);

(4) ਅਨਪੜ੍ਹਾਂ ਅਤੇ ਬਜ਼ੁਰਗਾਂ ਲਈ ਲਾਇਬ੍ਰੇਰੀ ਵਿਚ ਰਾਤ ਸਕੂਲ ਦਾ ਪ੍ਰਬੰਧ ਕਰਨਾ (Night School for illitrates);

(5) ਬੱਚਿਆਂ ਨੂੰ ਕਹਾਣੀ ਸੁਣਾਉਣ ਦੀ ਵਿਉਂਤ ਕਰਨੀ (Storyhours for children);

(6) ਸਮਾਜ ਦੇ ਦੂਰ-ਦੁਰਾਡੇ ਖੇਤਰਾਂ ਵਿਚ ਸ਼ਾਖਾ ਲਾਇਬ੍ਰੇਰੀ ਅਤੇ ਪੜ੍ਹਨ-ਕਮਰੇ ਖੋਲ੍ਹਣ ਦਾ ਪ੍ਰਬੰਧ ਕਰਨਾ (Branch Libraries and Reading Rooms);

(7) ਵਿੱਦਿਆ ਅਤੇ ਗਿਆਨ ਵਿਸਤਾਰ ਵਾਲੀਆਂ ਫ਼ਿਲਮਾਂ ਪ੍ਰਦਰਸ਼ਨ ਕਰਨਾ (Educational and Informational Films);

(8) ਮਨੋਰੰਜਨ ਦੇ ਸਾਧਨ ਸੰਗੀਤ, ਲੋਕ-ਨਾਟਕ, ਨਾਟਕ ਆਦਿ ਦਾ ਆਪਣੇ ਆਡਿਟੋਰੀਅਮ ਵਿਚ ਪ੍ਰਬੰਧ ਕਰਨਾ (Music, Drama Display programmes in Auditorium).

ਉਪਰੋਕਤ ਸੇਵਾਵਾਂ ਰਾਹੀਂ ਲੋਕ ਲਾਇਬ੍ਰੇਰੀਆਂ ਆਪਣੀਆਂ ਸੇਵਾਵਾਂ ਦਾ ਪ੍ਰਚਾਰ ਕਰ ਵੱਧ-ਤੋਂ-ਵੱਧ ਪਾਠਕ ਆਪਣੇ ਵੱਲ ਖਿੱਚ ਸਕਦੀ ਹੈ।

### 1.4.2.5.8. ਲਾਇਬ੍ਰੇਰੀ ਸਹਿਯੋਗ (Library Cooperation)

ਲੋਕ ਲਾਇਬ੍ਰੇਰੀ ਵਿਚ ਪਾਠਕ ਅਤੇ ਪਾਠਕ ਸਮੱਗਰੀ ਦੀ ਲੋੜ ਵਿਚ ਵਿਭਿੰਨਤਾ ਹੋਣ ਕਰਕੇ 'ਹਰ ਪਾਠਕ ਨੂੰ ਉਸ ਦੀ ਪੁਸਤਕ ਦੇਣ' ਵਿਚ ਕਠਿਨਾਈ ਆਉਂਦੀ ਹੈ। ਸੀਮਿਤ ਵਿੱਤ ਅਤੇ ਪੁਸਤਕਾਂ ਅਤੇ ਦੂਜੇ ਪਾਠਕਾਂ ਦੀਆਂ ਵਧਦੀਆਂ ਲੋੜਾਂ ਦੇ ਅਨੁਸਾਰ, ਪੁਸਤਕਾਂ ਜਾਂ ਪਾਠ ਸਮੱਗਰੀ ਖਰੀਦੀ ਨਹੀਂ ਜਾ ਸਕਦੀ। ਇਸ ਲਈ ਲਾਇਬ੍ਰੇਰੀ ਨੂੰ ਖ਼ਰਚ ਵਿਚ ਸੰਜਮ ਦੇ ਨਾਲ ਪ੍ਰਭਾਵਸ਼ਾਲੀ ਸੇਵਾ ਦੇਣ ਲਈ ਪੜੋਸੀ ਲਾਇਬ੍ਰੇਰੀਆਂ ਨਾਲ ਸਹਿਯੋਗ ਸਥਾਪਤ ਕਰਨਾ ਚਾਹੀਦਾ ਹੈ। ਲਾਇਬ੍ਰੇਰੀ ਸਹਿਯੋਗ ਨਾਲ ਵਿਸਤ੍ਰਿਤ ਸੇਵਾ ਪ੍ਰਦਾਨ ਕਰ ਸਕਦੀ ਹੈ।

ਕਾਬਰਟ ਡੀ. ਲੇਅ, ਪ੍ਰਸਿੱਧ ਅਮੇਰੀਕਨ ਲਾਇਬ੍ਰੇਰੀਅਨ ਅਤੇ ਵਿਗਿਆਨੀ ਨੇ ਉਪਰੋਕਤ ਕਾਰਜਾਂ ਨੂੰ ਨਿਮਨਲਿਖਿਤ ਵਰਗਾਂ ਵਿਚ ਵੰਡਿਆ ਹੈ :

(1) ਆਮ ਜੀਵਨ;

(2) ਉਦਯੋਗ ਧੰਦੇ;

(3) ਸੁਹਜਾਤਮਕ ਰੁਚੀਆਂ;

(4) ਮਨੋਰੰਜਨ; ਅਤੇ

(5) ਸੂਚਨਾ।

### 1.4.2.5.9. ਲੋਕ ਲਾਇਬ੍ਰੇਰੀ ਦੇ ਹੋਰ ਕਰਤੱਵ

ਆਮ ਲੋਕਾਂ ਦੀ ਵਰਤੋਂ ਲਈ ਸੇਵਾ ਪ੍ਰਦਾਨ ਕਰਨ ਦਾ ਕੇਂਦਰ ਹੋਣ ਕਰਕੇ ਲੋਕ ਲਾਇਬ੍ਰੇਰੀ ਦੇ ਕੁਝ ਹੋਰ ਕਰਤੱਵ (Extended Objectives) ਵੀ ਹਨ, ਜਿਨ੍ਹਾਂ ਦੀ ਪੂਰਤੀ ਲਈ ਇਹ ਸਦਾ ਕ੍ਰਿਆਸ਼ੀਲ ਰਹਿੰਦੀ ਹੈ, ਕਿਉਂਕਿ ਇਨ੍ਹਾਂ ਕਰਤੱਵਾਂ ਦੇ ਸਦਕੇ ਬਾਕੀ ਕਰਤੱਵਾਂ ਦੀ ਪੂਰਤੀ ਵੀ ਆਸਾਨੀ ਨਾਲ ਹੋ ਜਾਂਦੀ ਹੈ। ਇਹ ਹਨ :

(1) ਬਾਲਕਾਂ ਵਿਚ ਪੜ੍ਹਨ ਰੁਚੀਆਂ ਵਿਕਸਤ ਕਰਨਾ;

(2) ਬਾਲਗ ਵਿੱਦਿਆ ਦੁਆਰਾ ਅਣਪੜ੍ਹਤਾ ਦੂਰ ਕਰਨਾ; ਅਤੇ

(3) ਸਮਾਜ ਵਿਚ ਬੌਧਿਕ ਚੇਤਨਾ ਅਤੇ ਜਾਗਰੂਕਤਾ ਪੈਦਾ ਕਰਨਾ;

### 1.4.2.5.10. ਲੋਕ ਲਾਇਬ੍ਰੇਰੀ ਅਤੇ ਨਵੀਂ ਸੂਚਨਾ ਟੈਕਨਾਲੋਜੀ(Public Library and Information Technology)

ਟੈਕਨਾਲੋਜੀ ਦੇ ਯੁੱਗ ਵਿਚ ਮਨੁੱਖ ਜਾਂ ਸਮਾਜ ਦਾ ਕੋਈ ਵੀ ਅਜਿਹਾ ਹਿੱਸਾ ਨਹੀਂ ਹੈ ਜਿੱਥੇ ਟੈਕਨਾਲੋਜੀ ਦਾ ਅਸਰ ਨਾ ਪਿਆ ਹੋਵੇ। ਟਕਨਾਲੋਜੀਕਲ ਸੂਚਨਾ ਅੱਜ ਮਨੁੱਖੀ ਜੀਵਨ ਦੀ ਖ਼ੁਸ਼ਹਾਲੀ ਲਈ ਇਕ ਧੁਰਾ ਹੈ, ਵਿਕਾਸ ਲਈ ਇਹ ਨੀਂਹ ਪੱਥਰ ਹੈ ਅਤੇ ਸੰਚਾਰ ਦਾ ਇਕ ਤੇਜ਼ ਸਾਧਨ ਹੈ।

ਲੋਕ ਲਾਇਬ੍ਰੇਰੀ ਦਾ ਕਾਰਜ ਘੇਰਾ ਵੱਡਾ ਹੈ ਅਤੇ ਨਵੀਂ ਟੈਕਨਾਲੋਜੀ ਦੇ ਪ੍ਰਯੋਗ ਨਾਲ ਸਮਾਜ ਪ੍ਰਤੀ ਆਪਣੇ ਕਰਤੱਵ ਨੂੰ ਹੋਰ ਵੀ ਅਸਰਦਾਰ ਅਤੇ ਬੇਹਤਰ ਬਣ ਸਕਦੀ ਹੈ। ਟੈਕਨਾਲੋਜੀ ਦੇ ਉਪਯੋਗ ਨਾਲ ਲਾਇਬ੍ਰੇਰੀ ਦੀ ਕਾਰਜ ਪ੍ਰਣਾਲੀ ਨਾਲ ਉਸ ਦਾ ਸਵਰੂਪ ਅਤੇ ਬਣਤਰ ਹੀ ਬਦਲ ਜਾਂਦੀ ਹੈ ਅਤੇ ਲਾਇਬ੍ਰੇਰੀ ਇਕ ਸੂਚਨਾ ਸੰਚਾਰ ਕੇਂਦਰ ਬਣ ਜਾਂਦੀ ਹੈ। ਪੁਸਤਕਾਂ ਦੀ ਜਗ੍ਹਾ ਸੂਚਨਾ ਸ੍ਰੋਤ ਆ ਜਾਂਦੇ ਹਨ ਅਤੇ ਕੰਪਿਊਟਰੀਕਰਨ ਦੇ ਨਾਲ ਸੂਚਨਾ ਵਿਚ ਤੇਜੀ ਅਤੇ ਉਸ ਦੀ ਵਾਸਤਵਿਕਤਾ ਵਿਚ ਵਾਧਾ ਹੁੰਦਾ ਹੈ। ਲਾਇਬ੍ਰੇਰੀ ਪ੍ਰਬੰਧ, ਸਮੱਗਰੀ ਪ੍ਰਬੰਧ ਆਦਿ ਵਿਚ ਕੰਪਿਊਟਰ ਦੇ ਪ੍ਰਯੋਗ ਨਾਲ ਲੋਕ ਲਾਇਬ੍ਰੇਰੀ ਸਮਾਜ ਦੀ ਯਾਦ ਸ਼ਕਤੀ ਅਤੇ ਸੱਭਿਅਤਾ ਦਾ ਕੇਂਦਰ ਬਣ ਸਕਦੀ ਹੈ। ਕੰਪਿਊਟਰ ਦੇ ਪ੍ਰਯੋਗ ਨਾਲ ਲਾਇਬ੍ਰੇਰੀ ਗਤੀਵਿਧੀਆਂ, ਕਾਰਜ ਪ੍ਰਣਾਲੀਆਂ ਵਿਚ ਜਿੱਥੇ ਵਾਧਾ ਹੁੰਦਾ ਹੈ ਉੱਥੇ ਇਨ੍ਹਾਂ ਵਿਚ ਲੋੜੀਂਦੀ ਤੇਜ਼ੀ ਵੀ ਆ ਜਾਂਦੀ ਹੈ। ਪੁਸਤਕਾਂ ਨੂੰ ਵਰਤੋਂ ਲਈ ਤਿਆਰ ਕਰਨ (ਵਰਗੀਕਰਨ ਅਤੇ ਸੂਚੀਕਰਨ) ਅਤੇ ਜਾਰੀ-ਸੇਵਾ ਵਿਚ, ਸੰਦਰਭ ਸੇਵਾ ਅਤੇ ਹੋਰ ਸੇਵਾਵਾਂ ਵਿਚ ਕੰਪਿਊਟਰ ਦੇ ਪ੍ਰਯੋਗ ਨਾਲ ਲਾਇਬ੍ਰੇਰੀ ਦੇ ਪੰਜਾਂ ਨਿਯਮਾਂ ਦਾ ਪਾਲਨ ਕਰਨ ਵਿਚ ਅਨਦੇਖੀ ਸਹਾਇਤਾ ਮਿਲਦੀ ਹੈ।

ਕੰਪਿਊਟਰ ਟੈਕਨਾਲੋਜੀ ਵਿਚ ਤੇਜ਼ੀ ਦੇ ਵਿਕਾਸ ਕਾਰਣ ਨਵੇਂ-ਨਵੇਂ ਸਿਸਟਮ ਆ ਰਹੇ ਹਨ ਜਿਨ੍ਹਾਂ ਵਿਚ 'ਨੈੱਟਵਰਕ' ਸਿਸਟਮ ਦੇ ਕਾਰਣ ਲਾਇਬ੍ਰੇਰੀ ਖੇਤਰ ਵਿਚ ਕ੍ਰਾਂਤੀ ਆ ਗਈ ਹੈ। ਆਨਲਾਈਨ ਸਿਸਟਮ ਦੇ ਉਪਯੋਗ ਨਾਲ ਹੁਣ ਵਾਲਲੈੱਸ ਲਾਇਬ੍ਰੇਰੀਜ਼ (Wall Less Libraries) ਦੀ ਵਿਚਾਰਧਾਰਾ ਜ਼ੋਰ ਪਕੜ ਗਈ ਹੈ। ਸੂਚਨਾ ਪ੍ਰਸਾਰਨ ਵਿਚ ਹੁਣ ਭੂਗੋਲਿਕ ਅਤੇ ਸਮੇਂ ਦੀਆਂ ਅੜਚਣਾਵਾਂ ਨਹੀਂ ਆਉਂਦੀਆਂ। ਨੈੱਟਵਰਕ ਰਾਹੀਂ ਸੰਸਾਰ ਦੇ ਕਿਸੇ ਵੀ ਦੇਸ਼ ਦੀ ਕੋਈ ਵੀ ਲਾਇਬ੍ਰੇਰੀ, ਜਿੱਥੇ ਨੈੱਟਵਰਕ ਕੰਮ ਕਰ ਰਿਹਾ ਹੋਵੇ, ਦੀ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਪੁਸਤਕਾਂ/ਪ੍ਰਲੇਖਾਂ ਦੀ ਖਰੀਦ ਕੀਤੀ ਜਾ ਸਕਦੀ ਹੈ ਅਤੇ ਦੂਰ-ਦੁਰਾਡੇ ਲਾਇਬ੍ਰੇਰੀਆਂ ਨਾਲ ਸਹਿਯੋਗ ਕੀਤਾ ਜਾ ਸਕਦਾ ਹੈ। ਭੌਤਿਕ ਪੁਸਤਕਾਂ ਦੀ ਥਾਂ ਆਪਟੀਕਲ ਡਿਸਕ (CD-ROM) ਨੇ ਲੈ ਲਿੱਤੀ ਹੈ ਜਿਸ ਨਾਲ ਈ-ਬੁਕਸ (E-Books) ਦਾ ਵਿਕਾਸ ਤੇਜ਼ੀ ਨਾਲ ਹੋ ਰਿਹਾ ਹੈ ਜਿਸ ਨੇ ਲਾਇਬ੍ਰੇਰੀ ਵਿਚ ਪਾਠ ਸਮੱਗਰੀ ਰਖਣ ਦੀ ਥਾਂ ਦੀ ਸਮੱਸਿਆ ਦੇ ਹੱਲ ਨਾਲ ਇਨ੍ਹਾਂ ਦੇ ਪ੍ਰਯੋਗ ਵਿਚ ਗਤਿ ਪ੍ਰਦਾਨ ਕੀਤੀ ਹੈ ਅਤੇ ਲਾਇਬ੍ਰੇਰੀਆਂ ਦੀ ਸੂਚਨਾ ਸੰਗ੍ਰਹਿ ਕਰਨ ਦੀ ਸਮਰਥਾ ਵੱਧ ਗਈ ਹੈ।

ਕੰਪਿਊਟਰ ਦੇ ਪ੍ਰਯੋਗ ਅਤੇ ਸੂਚਨਾ ਪ੍ਰਸਾਰ ਵਿਚ ਤੇਜ਼ੀ ਆਉਣ ਦੇ ਕਾਰਣ, ਪਾਠ-ਸਮੱਗਰੀ ਦਾ ਸਵਰੂਪ ਬਦਲਦ ਕਾਰਣ ਅਜਿਹਾ ਜਾਪਦਾ ਹੈ ਕਿ ਸਾਡਾ

ਸਮਾਜ ਬਿਨਾ ਕਾਗ਼ਜ਼ ਦੇ ਸਮਾਜ (Paper Less Society) ਵੱਲ ਵੱਧ ਰਿਹਾ ਹੈ। ਇਹ ਸੱਚ ਹੈ ਕਿ ਪਾਠਕਾਂ ਨੂੰ ਉਸ ਦੀ ਠੀਕ ਸੂਚਨਾ ਠੀਕ ਵਕਤ ਤੇ ਦੇ ਕੇ ਉਸ ਦਾ ਸਮਾਂ ਬਚਾਉਣਾ ਲਾਇਬ੍ਰੇਰੀ ਦਾ ਟਿੱਚਾ ਰਿਹਾ ਹੈ ਅਤੇ ਅੱਗੇ ਵੀ ਰਹੇਗਾ ਪਰ ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਇਸ ਪ੍ਰਣਾਲੀ ਵਿਚ ਕੇਵਲ ਡਾਟਾ ਹੀ ਡਾਟਾ ਹੁੰਦਾ ਹੈ ਮੂਰਤ ਰੂਪ ਵਿਚ ਵਿਚਾਰ ਨਹੀਂ ਹੁੰਦੇ ("Data, data everywhere, but, not a thought to think")। ਵਿਚਾਰ ਹੀ ਅੱਗੇ ਵਿਚਾਰਾਂ ਨੂੰ ਜਨਮ ਦਿੰਦੇ ਹਨ। ਵਿਚਾਰਾਂ ਦਾ ਸਹੀ ਪਰਿਪੱਖ ਵਿਚ ਵਿਸ਼ਲੇਸ਼ਣ, ਮੁਲਾਂਕਣ ਕਰਨਾ ਜ਼ਰੂਰੀ ਹੈ। ਇਹ ਕੰਮ ਕੰਪਿਊਟਰ ਨਹੀਂ ਮਨੁੱਖੀ ਤਾਕਤ ਹੀ ਕਰ ਸਕਦੀ ਹੈ। ਕੰਪਿਊਟਰ ਵਿਚਾਰਾਂ ਦੀ ਭਾਵਨਾ ਨੂੰ ਨਹੀਂ ਪੜ੍ਹ ਸਕਦਾ ਉਹ ਉਨ੍ਹਾਂ ਦੇ ਭੌਤਿਕ ਰੂਪ ਤਕ ਹੀ ਸੀਮਿਤ ਹੁੰਦਾ ਹੈ। ਮਨੁੱਖੀ ਅਨੁਭੂਤੀ ਦੀ ਛੋਅ ਉਸ ਦੇ ਕੋਲ ਨਹੀਂ ਹੁੰਦੀ। ਉਹ ਸਮਝਦਾਰ ਮੂਰਖ (Intelligent Idiot) ਹੁੰਦਾ ਹੈ। ਉਹ ਕਚਰਾ ਦਿਉ ਅਤੇ ਕਚਰਾ ਲਿਉ (Garbage in Garbage out) ਦੇ ਸਿਧਾਂਤ ਤੇ ਕੰਮ ਕਰਦਾ ਹੈ। ਇਸ ਲਈ ਕੰਪਿਊਟਰ ਦੇ ਉਪਯੋਗ ਵਿਚ ਇਸ ਦਾ ਸਮਾਜ ਦੀ ਨਾੜੀ ਦੇ ਸਪੰਦਨ ਨਾਲ ਤਾਲਮੇਲ ਰਖਣ ਦੀ ਲੋੜ ਹੈ। ਸਾਮਜਿਕ ਭਾਵਨਾ ਨਾਲ ਇਕਸੁਰ ਰਖਣ ਦੀ ਲੋੜ ਹੈ।

## 1.4.3. *0* ਅਕਾਦਮਿਕ ਲਾਇਬ੍ਰੇਰੀ (Academic Library)

- 1.4.3. ਅਕਾਦਮਿਕ ਲਾਇਬ੍ਰੇਰੀ
  - 1.4.3.1 ਭੂਮਿਕਾ
  - 1.4.3. ਸਕੂਲ ਲਾਇਬ੍ਰੇਰੀ
  - 1.4.3.1. ਮਨੋਰਥ
  - 1.4.3.2. ਆਧੁਨਿਕ ਸਿਖਿਆ ਸਿਧਾਂਤ ਅਤੇ ਸਕੂਲ ਲਾਇਬ੍ਰੇਰੀ
  - 1.4.3.3. ਕਰਤੱਵ
  - 1.4.3.4. ਸੈਕੰਡਰੀ ਸਿੱਖਿਆ ਕਮਿਸ਼ਨ
  - 1.4.3.5. ਭਾਰਤ ਵਿਚ ਸਕੂਲ ਲਾਇਬ੍ਰੇਰੀਆਂ
  - 1.4.3.6. ਸਕੂਲ ਲਾਇਬ੍ਰੇਰੀ ਦੇ ਸੁਧਾਰ ਦੇ ਉਪਰਾਲੇ

## 1.4.3.1. ਭੂਮਿਕਾ (Introduction)

ਸਿੱਖਿਆ ਮਨੁੱਖਾਂ ਵਿਚ ਉਨ੍ਹਾਂ ਦੀ ਪ੍ਰਤਿਭਾ ਨੂੰ ਵਿਕਸਿਤ ਕਰਨ ਦੀ ਇਕ ਪ੍ਰਕ੍ਰਿਆ ਹੈ। ਇਸ ਪ੍ਰਕ੍ਰਿਆ ਵਿਚ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਭਾਰਤ ਵਿਚ ਸਿੱਖਿਆ ਪ੍ਰਣਾਲੀ ਵਿਚ ਅਕਾਦਮਿਕ ਅਤੇ ਪੇਸ਼ੇਵਰ ਦੋਨੋਂ ਪ੍ਰਕਾਰ ਦੀਆਂ ਸਿੱਖਿਆ ਦਿੱਤੀਆਂ ਜਾਂਦੀਆਂ ਹਨ। ਇਹ ਪ੍ਰਾਣਲੀ ਅੰਗ੍ਰੇਜ਼ਾਂ ਦੇ ਸਮੇਂ ਤੋਂ ਚਲੀ ਆ ਰਹੀ ਹੈ ਅਤੇ ਆਜ਼ਾਦੀ ਦੇ ਬਾਅਦ ਇਸ ਵਿਚ ਦੇਸ਼ ਦੀ ਵਰਤਮਾਨ ਲੋੜਾਂ ਨੂੰ ਪੂਰਾ ਕਰਨ ਦੇ ਸਮਰੱਥ ਬਣਾਉਣ ਲਈ ਸੁਧਾਰ ਲਿਆਣ ਲਈ ਉਪਰਾਲੇ ਕੀਤੇ ਗਏ ਹਨ।

ਸਮੇਂ ਦੀ ਲੋੜ ਅਨੁਸਾਰ ਸਿੱਖਿਆ ਪ੍ਰਣਾਲੀ ਵਿਚ ਲਾਇਬ੍ਰੇਰੀ ਅਤੇ ਸ੍ਵੈ-ਸਿੱਖਿਆ ਦੇ ਮਹੱਤਵ ਨੂੰ ਸਮਝਿਆ ਗਿਆ ਅਤੇ ਇਸ ਨੂੰ ਸਿੱਖਿਆ ਦਾ ਹੀ ਮਹੱਤਵਪੂਰਨ ਅੰਗ ਮੰਨਿਆ ਗਿਆ। ਹਰੇਕ ਪੱਧਰ 'ਤੇ ਅਕਾਦਮਿਕ ਲਾਇਬ੍ਰੇਰੀ ਦੀ ਸਥਾਪਨਾ ਅਤੇ ਵਿਕਾਸ ਨੂੰ ਅਤੇ ਸ੍ਵੈ-ਸਿੱਖਿਆ ਦੇ ਵਾਧੇ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ। ਆਧੁਨਿਕ ਸਿੱਖਿਆ ਦਾ ਇਕ ਪ੍ਰਭਾਵਸ਼ਾਲੀ ਸਾਧਨ ਹੋਣ ਕਰਕੇ ਇਸ ਵਿਚ ਵਾਧੇ ਦੀ ਬਹੁਤ ਸੰਭਾਵਨਾਵਾਂ ਹਨ।

ਭਾਰਤ ਦੇ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿਚ ਅਕਾਦਮਿਕ ਲਾਇਬ੍ਰੇਰੀਆਂ ਦੀ ਮੁੱਖ ਕਿਸਮਾਂ ਨੂੰ ਨਿਮਨਲਿਖਿਤ ਚਿਤ੍ਰ ਵਿਚ ਦਿਖਾਇਆ ਗਿਆ ਹੈ।

**ਅਕਾਦਮਿਕ ਲਾਇਬ੍ਰੇਰੀਆਂ**

| ਸਕੂਲ | ਕਾਲਜ | ਯੂਨੀਵਰਸਿਟੀ |
|---|---|---|
| ਪ੍ਰਾਇਮਰੀ | ਡਿਗਰੀ | ਰਸਮੀ ਯੂਨੀਵਰਸਿਟੀਆਂ |
| ਮਿਡਲ | ਪੋਸਟਗ੍ਰੈਜੁਏਟ | ਵਿਗਿਆਨ ਅਤੇ ਟੈਕਨਾਲੋਜੀ ਦੀਆਂ ਸੰਸਥਾਵਾਂ |
| ਸੈਕੰਡਰੀ | ਪੇਸ਼ੇਵਰ | ਭਾਰਤੀ ਟੈਕਨਾਲੋਜੀ ਸੰਸਥਾਨ |
| ਹਾਇਰ ਸੈਕੰਡਰੀ | | ਖੇਤੀਬਾੜੀ ਯੂਨੀਵਰਸਿਟੀ |
| ਪੋਲੀਟੈਕਨੀਕਲ | | ਮੈਡੀਕਲ ਯੂਨੀਵਰਸਿਟੀਆਂ |
| | | ਭਾਰਤੀ ਪ੍ਰਬੰਧਨ ਸੰਸਥਾਨ |
| | | ਸੁਦੂਰ ਸਿੱਖਿਆ ਯੂਨੀਵਰਸਿਟੀ |

## 1.4.3. ਸਕੂਲ ਲਾਇਬ੍ਰੇਰੀ (School Library)

ਵਿੱਦਿਆ ਦੇ ਸੰਸਾਰ ਵਿਚ ਪ੍ਰਵੇਸ਼ ਦੁਆਰ ਸਕੂਲ ਹੀ ਹਨ। ਸਾਰੇ ਮਹਾਨ ਵਿਗਿਆਨੀ, ਸਿੱਖਿਆ ਵਿਗਿਆਨੀ, ਸਮਾਜ ਸ਼ਾਸ਼ਤਰੀ, ਭਾਸ਼ਾ ਵਿਚ, ਸਾਹਿਤਕਾਰ, ਵੱਡੇ-ਵੱਡੇ ਨੇਤਾ ਜਾਂ ਹਰ ਪ੍ਰਕਾਰ ਦੀਆਂ ਮਹਾਨ ਹਸਤੀਆਂ ਇਕ ਦਿਨ ਸਕੂਲ ਤੋਂ ਹੀ ਵਿੱਦਿਆ ਦੇ ਸਾਗਰ ਵਿਚ ਉਤਰੀਆਂ ਹੋਣਗੀਆਂ। ਸਕੂਲ ਵਿੱਦਿਆ ਦੀ ਮਹੱਤਤਾ ਅਤੇ ਵਿਦਿਅਕ ਢਾਂਚੇ ਵਿਚ ਇਸ ਦੇ ਮੁੱਢਲੇ ਸਥਾਨ ਦੀ ਮਹੱਤਾ ਕਿਸੇ ਤੋਂ ਲੁਕੀ ਨਹੀਂ ਹੈ।

ਲੋਕਤੰਤਰਿਕ ਢਾਂਚੇ ਵਿਚ ਬੱਚਿਆਂ ਦੇ ਬੌਧਿਕ ਵਿਕਾਸ ਵਾਸਤੇ ਪ੍ਰਭਾਵਸ਼ਾਲੀ ਅਤੇ ਪ੍ਰਗਤੀਸ਼ਾਲੀ ਢਾਂਚੇ ਦਾ ਹੋਣਾ ਜ਼ਰੂਰੀ ਹੈ। ਸਕੂਲੀ ਵਿੱਦਿਆ ਰਾਹੀਂ ਬੱਚਿਆਂ ਵਿਚ ਬਦਲਦੇ ਸਮਾਜ ਨੂੰ ਸਮਝਣ, ਭਾਈਚਾਰੇ ਦੀ ਭਾਵਨਾ ਪੈਦਾ ਕਰਨ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ ਜਿਸ ਨਾਲ ਉਹ ਸਮਾਜ ਦੇ ਅੱਛੇ ਨਾਗਰਿਕ ਬਣ ਸਕਣ। ਫ਼ਰਜ਼ਾਂ ਪ੍ਰਤੀ ਪਛਾਣ, ਦੂਜਿਆਂ ਨਾਲ ਸਹਿਯੋਗ ਦੀ ਭਾਵਨਾ ਅਤੇ ਮਮਤਾ ਭਰਿਆ ਵਿਵਹਾਰ ਹੀ ਬਾਲਾਂ ਨੂੰ ਮਨੁੱਖਤਾ ਦੀ ਪੂਰਨਤਾ ਅਤੇ ਮਾਨਵਤਾ ਵੱਲ ਲੈ ਜਾਂਦਾ ਹੈ।

ਜਿੱਥੇ ਤੱਕ ਸਕੂਲੀ ਸਿੱਖਿਆ ਦਾ ਸੰਬੰਧ ਹੈ ਬੱਚੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵਿਚ ਸ਼੍ਰੇਣੀਆਂ ਵਿਚ ਬੈਠ ਕੇ ਅਧਿਆਪਕਾਂ ਤੋਂ ਪਾਠਕ ਪੁਸਤਕਾਂ ਰਾਹੀਂ ਸਿੱਖਿਆ ਪ੍ਰਾਪਤ ਕਰਦੇ ਹਨ। ਸ੍ਵੈ-ਸਿੱਖਿਆ ਤਾਂ ਬਾਲਕਾਂ ਨੂੰ ਆਪ ਹੀ ਪ੍ਰਾਪਤ ਕਰਨੀ ਹੁੰਦੀ ਹੈ। ਸ੍ਵੈ-ਸਿੱਖਿਆ ਦੇ ਸਾਧਨਾਂ ਵਿਚ ਲਾਇਬ੍ਰੇਰੀ ਇਕ ਉੱਤਮ ਸਾਧਨ ਹੈ, ਜਿੱਥੇ ਹਰ ਪ੍ਰਕਾਰ ਦੀ ਪਾਠ ਸਮੱਗਰੀ ਪਾਠਕ ਦੀ ਲੋੜ ਅਤੇ ਪੱਧਰ ਅਨੁਸਾਰ ਉਪਲੱਬਧ ਹੁੰਦੀ ਹੈ। ਸਕੂਲ ਲਾਇਬ੍ਰੇਰੀ ਬੌਧਿਕ ਗਤੀਵਿਧੀਆਂ ਅਤੇ ਸ੍ਵੈ-ਸਿੱਖਿਆ ਦਾ ਚੰਗਾ ਪ੍ਰਭਾਵਸ਼ਾਲੀ ਉਸਾਰੂ ਕੇਂਦਰ ਬਣ ਸਕਦੀ ਹੈ।

### ਸੈਕੰਡਰੀ ਸਕੂਲ ਲਾਇਬ੍ਰੇਰੀ (Secondary School Library)

ਜੇਕਰ ਪ੍ਰਾਇਮਰੀ ਸਕੂਲ ਲਾਇਬ੍ਰੇਰੀ ਦੀ ਸਰੰਚਨਾ ਸਿੱਖਿਆ ਦੇ ਕਾਰਜਾਂ ਦੇ ਇਕ ਅਭਿੰਨ ਅੰਗ ਦੇ ਰੂਪ ਵਿਚ ਕੀਤੀ ਜਾਂਦੀ ਹੈ ਤਾਂ ਸੈਕੰਡਰੀ ਸਕੂਲ ਲਾਇਬ੍ਰੇਰੀ ਦੀ ਰਚਨਾ ਵਿਦਿਆਰਥੀਆਂ ਦੀ ਸਿੱਖਿਆ ਲਈ ਅਕਾਦਮਿਕ ਲੋੜਾਂ ਅਤੇ ਅਧਿਆਪਕਾਂ ਦੀ ਸਿੱਖਿਆ ਪ੍ਰਦਾਨ ਕਰਨ ਲਈ ਜ਼ਰੂਰਤਾਂ ਪੂਰਨ ਲਈ ਕੀਤੀ ਜਾਂਦੀ ਹੈ। ਵਿਦਿਅਕ ਪ੍ਰਕ੍ਰਿਆ ਵਿਚ ਸਕੂਲ ਲਾਇਬ੍ਰੇਰੀ ਇਕ ਕ੍ਰਿਆਸ਼ੀਲ ਸ਼ਕਤੀ ਹੈ। ਇਹ ਲਾਇਬ੍ਰੇਰੀ ਸਿੱਖਿਆ ਪ੍ਰਦਾਨ ਕਰਨ ਦੇ ਤਿੰਨ ਪੱਧਰਾਂ–ਮਿਡਿਲ (6ਵੀਂ ਤੋਂ 8ਵੀਂ); ਸੈਕੰਡਰੀ (9ਵੀਂ ਅਤੇ 10ਵੀਂ); ਅਤੇ ਹਾਇਰ ਸੈਕੰਡਰੀ (11ਵੀਂ ਤੋਂ 12ਵੀਂ ਤਕ)–ਤੇ ਸਕੂਲ ਸਿੱਖਿਆ ਦੇ ਕਾਰਜਾਂ ਵਿਚ ਸਹਾਇਕ ਹੁੰਦੀ ਹੈ। ਬੱਚਿਆਂ ਦੀ ਇਹ ਇਕ ਮਹੱਤਵਪੂਰਨ ਉਮਰ ਹੁੰਦੀ ਹੈ, ਜਿਸ ਵਿਚ ਬੱਚਿਆਂ ਦੀ ਰੁਚੀਆਂ ਨੂੰ ਲਾਇਬ੍ਰੇਰੀ ਵੱਲ ਮੋੜਿਆ ਜਾ ਸਕਦਾ ਹੈ। ਲਾਇਬ੍ਰੇਰੀ ਦੀ ਇਸ ਵਿਚ ਅਹਿਮ ਭੂਮਿਕਾ ਹੈ ਅਤੇ ਇਸ ਦਿਸ਼ਾ ਵਿਚ ਉਸ ਦੇ ਨਿਮਨਲਿਖਿਤ ਮਨੋਰਥ ਹਨ :

### 1.4.3.1. ਮਨੋਰਥ (Objectives)

(1) ਵਿਦਿਆਰਥੀਆਂ ਵਿਚ ਕੇਵਲ ਸਿਖਲਾਈ ਅਤੇ ਸਿੱਖਿਆ ਲਈ ਪੁਸਤਕਾਂ ਦੀ ਵਰਤੋਂ ਕਰਨ ਲਈ ਹੀ ਨਹੀਂ ਬਲਕਿ ਮਨੋਰੰਜਨ ਆਮ ਵਿਗਿਆਨ ਲਈ ਸਿੱਖਿਆਦਾਇਕ ਸੂਚਨਾਤਮਕ ਗਿਆਨਦਾਇਕ ਪੁਸਤਕਾਂ ਦੀ ਵਰਤੋਂ ਕਰਨ ਲਈ ਆਦਤਾਂ ਵਿਕਸਿਤ ਕਰਨਾ;

(2) ਸੰਦਰਭ ਸੋਮਿਆਂ ਅਤੇ ਦੂਜੀ ਪਾਠ-ਸਮੱਗਰੀ ਦੀ ਵਰਤੋਂ ਕਰਕੇ ਸੂਚਨਾ ਇਕੱਤਰ ਕਰਨ ਦੀ ਕਲਾ ਦਾ ਵਿਕਾਸ ਕਰਨਾ;

(3) ਪਾਠਕਾਂ ਨੂੰ ਦੂਜੀਆਂ ਲਾਇਬ੍ਰੇਰੀਆਂ–ਅਕਾਦਮਿਕ, ਵਿਸ਼ੇਸ਼ ਅਤੇ ਜਨਤਕ– ਵਿਦਿਆਰਥੀਆਂ ਨੂੰ ਦਿਖਾਕੇ ਉਨ੍ਹਾਂ ਨੂੰ ਲਾਇਬ੍ਰੇਰੀ ਸਿਸਟਮ ਬਾਰੇ ਜਾਣਕਾਰੀ ਪ੍ਰਦਾਨ ਕਰਨਾ, ਤਾਂ ਕਿ ਇਨ੍ਹਾਂ ਦੀ ਵਰਤੋਂ ਉਹ ਸਿਖਲਾਈ ਦੇ ਮੁੱਖ ਕੇਂਦਰਾਂ ਦੇ ਰੂਪ ਵਿਚ ਜੀਵਨ ਭਰ ਕਰ ਸਕਣ;

(4) ਅਧਿਆਪਨ ਕਲਾ ਦੇ ਵਿਕਾਸ ਵਾਸਤੇ ਸਚਿਤ੍ਰ ਅਤੇ ਉਦਾਹਰਣਾਂ ਵਾਲੀਆਂ ਪੁਸਤਕ ਸਮੱਗਰੀ ਇਕੱਤਰ ਕਰਨਾ;

(5) ਬਾਲ ਵਿਦਿਆਰਥੀਆਂ ਵਿਚ ਪੜ੍ਹਣ ਰੁਚੀਆਂ ਅਤੇ ਸਵੈ-ਅਧਿਅਨ (ਬਿਨਾ ਅਧਿਆਪਕ ਦੀ ਮਦਦ) ਸੰਬੰਧੀ ਆਦਤਾਂ ਦਾ ਵਿਕਾਸ ਕਰਨ;

(6) ਹਰੇਕ ਬਾਲ ਵਿਦਿਆਰਥੀ ਨੂੰ ਆਪਣੇ ਵਿਅਕਤਿੱਤਵ ਦੀ ਅੰਤਰੀਵੀ ਸਮਰੱਥਾ ਨੂੰ ਸਮਝਣ ਅਤੇ ਵਿਕਾਸ ਕਰਨ ਵਿਚ ਮਦਦ ਕਰਨੀ।

### 1.4.3.2. ਆਧੁਨਿਕ ਸਿੱਖਿਆ ਸਿਧਾਂਤ ਅਤੇ ਸਕੂਲ ਲਾਇਬ੍ਰੇਰੀ

(1) ਅਮਰੀਕਨ ਪ੍ਰਸਿੱਧ ਵਿਗਿਆਨੀ ਅਤੇ ਦੂਜੇ ਸਿੱਖਿਆ ਸ਼ਾਸ਼ਤਰੀਆਂ ਦੇ ਮੱਤ ਦੇ ਅਨੁਸਾਰ ਲਾਇਬ੍ਰੇਰੀ ਸੰਬੰਧੀ ਸਿੱਖਿਆ ਸਕੂਲ ਦਾ ਇਕ ਅਭਿੰਨ ਅੰਗ ਹੈ। ਪੂਰਾ ਲਾਭ ਉਠਾਉਣ ਲਈ ਵਿਦਿਆਰਥੀਆਂ ਨੂੰ ਕਲਾਸਾਂ ਵਿਚ ਵਿਸ਼ਿਆਂ ਦੇ ਮੁੱਖ ਤੱਤਾਂ ਨੂੰ ਸਮਝਣਾ ਜ਼ਰੂਰੀ ਹੈ ਅਤੇ ਇਸ ਦੀ ਵਿਆਖਿਆ ਲਾਇਬ੍ਰੇਰੀ ਵਿਚ ਲਾਇਬ੍ਰੇਰੀ ਪੀਰੀਅਡ ਵਿਚ ਕਰਾਉਣੀ ਚਾਹੀਦੀ ਹੈ। ਇਹ ਪੀਰੀਅਡ ਪ੍ਰਾਇਮਰੀ ਸਕੂਲਾਂ ਵਿਚ ਵੀ ਜ਼ਰੂਰੀ ਹੋਣਾ ਚਾਹੀਦਾ ਹੈ, ਜਿਸ ਨਾਲ ਵਿਦਿਆਰਥੀਆਂ ਦਾ ਪੁਸਤਕਾਂ ਨਾਲ ਲਗਾਅ ਪੈਦਾ ਹੋ ਜਾਏਗਾ।

(2) ਹਾਈ ਸਕੂਲ ਅਤੇ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰੋਜੈਕਟ ਅਤੇ ਅਸਾਈਨਮੈਂਟ ਦੇਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਪੂਰਤੀ ਸਕੂਲ ਲਾਇਬ੍ਰੇਰੀ ਜਾਂ ਦੂਜੀਆਂ ਲਾਇਬ੍ਰੇਰੀ ਵਿਚ ਜਾ ਕੇ ਲਾਇਬ੍ਰੇਰੀ-ਸਮੱਗਰੀ ਦੀ ਪੜਤਾਲ, ਪੁੱਣ-ਛਾਣ, ਪੜ੍ਹਣ ਤੇ ਹੀ ਹੋ ਸਕੇ। ਇਸ ਨਾਲ ਉਨ੍ਹਾਂ ਵਿਚ ਲਾਇਬ੍ਰੇਰੀ ਵਿਚ ਜਾਣ, ਪਾਠ ਸਮੱਗਰੀ ਦੀ ਪੁੱਣ-ਛਾਣ, ਵਰਤੋਂ ਦੀ ਆਦਤਾਂ ਦਾ ਵਿਕਾਸ ਹੋਵੇਗਾ; ਅਤੇ

(3) ਸਕੂਲਾਂ ਵਿਚ ਬਣਾਈਆਂ ਗਈਆਂ ਪ੍ਰਯੋਗਸ਼ਾਲਾਵਾਂ ਵਿਚ ਵੀ ਲਾਇਬ੍ਰੇਰੀ ਦੇ ਇਲਾਵਾ ਪੁਸਤਕਾਂ ਅਤੇ ਹੋਰ ਸਮੱਗਰੀ ਰੱਖੀ ਜਾਵੇ। ਪ੍ਰਯੋਗ ਕਰਨ ਵੇਲੇ ਲੋੜ ਪੈਣ 'ਤੇ ਉਹ ਇਨ੍ਹਾਂ ਦੀ ਵਰਤੋਂ ਕਰ ਸਕਣ।

### 1.4.3.3. ਕਰਤੱਵ (Functions)

ਆਧੁਨਿਕ ਸਿੱਖਿਆ ਸਿਧਾਂਤਾਂ ਅਤੇ ਸਕੂਲ ਲਾਇਬ੍ਰੇਰੀ ਦੇ ਮਨੋਰਥਾਂ ਨੂੰ ਧਿਆਨ ਵਿਚ ਰੱਖ ਕੇ ਸਕੂਲ ਲਾਇਬ੍ਰੇਰੀ ਨੂੰ ਨਿਮਨਲਿਖਿਤ ਕਰਤੱਵ ਨਿਭਾਉਣੇ ਪੈਂਦੇ ਹਨ :

### (i) ਪਾਠ ਸਮੱਗਰੀ ਦਾ ਇਕੱਤਰੀਕਰਨ (Collection of Reading Material)

ਵਿਦਿਆਰਥੀਆਂ ਅਤੇ ਪਾਠਕਾਂ ਦੀਆਂ ਪੜ੍ਹਣ ਅਤੇ ਪੜ੍ਹਾਉਣ ਦੀਆਂ ਲੋੜਾਂ ਅਨੁਸਾਰ ਪੁਸਤਕਾਂ ਅਤੇ ਸੰਬੰਧਿਤ ਸਮੱਗਰੀ ਦਾ ਇਕੱਤਰੀਕਰਨ ਸਕੂਲ ਲਾਇਬ੍ਰੇਰੀ ਦਾ ਮੁੱਖ ਟੀਚਾ ਹੈ। ਪਾਠ ਸਮੱਗਰੀ ਵਿਚ ਨਿਮਨਲਿਖਿਤ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ :

(1) ਸਿਲੇਬਸ ਤੇ ਆਧਾਰਿਤ ਪਾਠ-ਪੁਸਤਕਾਂ ਅਤੇ ਦੂਜੀਆਂ ਪੁਸਤਕਾਂ ਦਾ (ਬਹੁ ਪ੍ਰਤੀਆਂ) ਨਰੋਆ ਸੰਗ੍ਰਹਿ;

(2) ਹੋਣਹਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਾਰੇ ਵਿਸ਼ਿਆਂ ਤੇ ਵਿਕਸਿਤ ਪੁਸਤਕਾਂ;

(3) ਆਮ ਵਿਗਿਆਨ, ਮਹਾਂਪੁਰਖਾਂ ਦੀਆਂ ਜੀਵਨੀਆਂ, ਯਾਤਰਾ ਦੇ ਹਾਲ (Travellogue), ਭੂਗੋਲਿਕ ਖੋਜਾਂ, ਖੇਡਾਂ ਅਤੇ ਸਿਖਲਾਈ ਦੇ ਦੂਜੇ ਵਿਸ਼ਿਆਂ 'ਤੇ ਪੁਸਤਕਾਂ;

(4) ਬੱਚਿਆਂ ਲਈ ਉੱਚਕੋਟੀ ਦਾ ਸਾਹਿਤ, ਗਲਪ (Fiction), ਛੋਟੀ ਕਹਾਣੀਆਂ ਦੇ ਸੰਗ੍ਰਹਿ ਅਤੇ ਦੂਜਾ ਹਲਕਾ ਫੁਲਕਾ ਸਾਹਿਤ; ਅਤੇ

(5) ਚੰਗੀਆਂ ਚੋਣਵੀਆਂ ਸੰਦਰਭ ਪੁਸਤਕਾਂ ਜਿਨ੍ਹਾਂ ਵਿਚ ਛੋਟੇ ਵਿਸ਼ਵਕੋਸ਼, ਸਚਿਤ੍ਰ ਸ਼ਬਦਕੋਸ਼, ਭਿੰਨ-ਭਿੰਨ ਵਿਸ਼ੇ 'ਤੇ ਵਾਰਸ਼ਕ ਪੁਸਤਕਾਂ, ਭਿੰਨ-ਭਿੰਨ ਵਿਸ਼ਿਆਂ ਦੀਆਂ ਗਾਈਡਾਂ (ਸੰਦਰਭ ਪੁਸਤਕਾਂ), ਕੰਪਿਊਟਰ ਦੀ ਸਮੱਗਰੀ ਆਦਿ।

ਪੁਸਤਕਾਂ ਦੀ ਪ੍ਰਾਪਤੀ ਸਕੂਲ ਦੇ ਪ੍ਰਬੰਧਕ ਪ੍ਰਣਾਲੀ ਦੇ ਅਨੁਸਾਰ, ਅਧਿਕਾਰੀਆਂ, ਅਧਿਆਪਕਾਂ ਅਤੇ ਲਾਇਬ੍ਰੇਰੀਅਨ ਦੀ ਸਲਾਹ ਮਸ਼ਵਰੇ ਨਾਲ ਪ੍ਰਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਇਸ ਕਾਰਜ ਲਈ ਲਾਇਬ੍ਰੇਰੀਅਨ ਵਿਚ ਪੇਸ਼ੇਵਰ ਨਿਪੁੰਨਤਾ ਦੇ ਨਾਲ ਨਿਮਨਲਿਖਿਤ ਗੁਣ ਹੋਣੇ ਚਾਹੀਦੇ ਹਨ :

(ੳ) ਸਕੂਲ ਵਿਚ ਪੜ੍ਹਾਏ ਜਾਣ ਵਾਲੇ ਸਾਰੇ ਵਿਸ਼ਿਆਂ ਬਾਰੇ ਜਾਣਕਾਰੀ;

(ਅ) ਪੁਸਤਕ ਚੋਣ ਵਿਚ ਸਹਾਇਕ ਸੋਮਿਆਂ ਦੀ ਜਾਣਕਾਰੀ;

(ੲ) ਪੁਸਤਕ ਪ੍ਰਕਾਸ਼ਨ, ਬਾਜ਼ਾਰ ਅਤੇ ਦੂਜੀ ਸਮੱਗਰੀ ਦੇ ਬਾਰੇ ਪੂਰਨ ਜਾਣਕਾਰੀ;

(ਸ) ਪੁਸਤਕ ਪ੍ਰਾਪਤੀ ਕਾਰਜਾਂ ਦਾ ਤਜ਼ਰਬਾ; ਅਤੇ

(ਹ) ਵਿਦਿਆਰਥੀਆਂ, ਅਧਿਆਪਕਾਂ ਦੀ ਬੌਧਿਕ ਮੰਗਾਂ/ਸੂਚਨਾ ਲੋੜਾਂ ਬਾਰੇ ਡੂੰਘਾ ਗਿਆਨ ਅਤੇ ਨਿਜੀ ਜਾਣਕਾਰੀ।

ਇਕ ਸੁਚੱਜੀ ਅਤੇ ਬਹੁਮੁਖੀ ਪਾਠ ਸਮੱਗਰੀ ਸੰਗ੍ਰਹਿ, ਸਕੂਲ ਲਾਇਬ੍ਰੇਰੀ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਇਕ ਹੁੰਦਾ ਹੈ। ਕਮਜ਼ੋਰ ਅਤੇ ਘਟਿਆ ਪਾਠ ਸਮੱਗਰੀ ਸੰਗ੍ਰਹਿ ਲਾਇਬ੍ਰੇਰੀ ਨੂੰ ਉਸ ਦੇ ਟਿੱਚੇ ਤੋਂ ਦੂਰ ਕਰਦਾ ਹੈ।

### (ii) ਤਕਨੀਕੀ ਪ੍ਰਕ੍ਰਿਆ ਅਤੇ ਵਿਵਸਥਾ (Technical Processing and Organization)

ਪ੍ਰਾਪਤ ਕੀਤੀ ਗਈ ਸਮੱਗਰੀ ਦਾ ਵਰਗੀਕਰਨ ਅਤੇ ਪਾਠਕਾਂ ਦੀ ਸਹਾਇਤਾ ਲਈ ਉਨ੍ਹਾਂ ਦਾ ਸੂਚੀਕਰਨ ਜ਼ਰੂਰੀ ਹੈ। ਵਰਗੀਕਰਨ ਅਤੇ ਸੂਚੀਕਰਨ ਪ੍ਰਣਾਲੀ ਦੀ ਚੋਣ ਪਾਠਕਾਂ ਦੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਣੀ ਚਾਹੀਦੀ ਹੈ।

ਪਾਠ ਸਮੱਗਰੀ ਸੰਗ੍ਰਹਿ ਨੂੰ ਵਿਵਸਥਿਤ ਕਰਨ ਲਈ ਖੁੱਲ੍ਹੀ ਪਹੁੰਚ ਪ੍ਰਣਾਲੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਲਾਇਬ੍ਰੇਰੀ ਵਿਚ ਪਾਠਕਾਂ ਨੂੰ ਪੜ੍ਹਣ ਦੀਆਂ ਪੂਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਪੁਸਤਕਾਂ ਜਾਰੀ ਕਰਨ ਦਾ ਵੀ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ। ਸੰਦਰਭ ਪੁਸਤਕਾਂ ਦੇ ਰੱਖਣ ਦਾ ਸਥਾਨ ਅਤੇ ਲਾਇਬ੍ਰੇਰੀ ਸੂਚੀ ਢੁੱਕਵੇਂ ਸਥਾਨ 'ਤੇ ਹੋਣੀ ਚਾਹੀਦੀ ਹੈ; ਜਿੱਥੇ ਪਾਠਕ ਆਸਾਨੀ ਨਾਲ ਪਹੁੰਚ ਸਕਣ।

### (iii) ਸੇਵਾਵਾਂ (Services)

ਸੈਕੰਡਰੀ ਸਕੂਲ ਲਾਇਬ੍ਰੇਰੀ ਵਿਚ ਨਿਮਨਲਿਖਿਤ ਸੇਵਾਵਾਂ ਦਾ ਹੋਣਾ ਜ਼ਰੂਰੀ ਹੈ :

(1) ਪੁਸਤਕਾਂ ਜਾਰੀ ਅਤੇ ਵਾਪਸ ਲੈਣ ਦੀਆਂ ਸੇਵਾਵਾਂ;

(2) ਸੰਦਰਭ, ਸੂਚਨਾ ਅਤੇ ਹੋਰ ਪੁੱਛ-ਗਿੱਛ ਸੇਵਾਵਾਂ;

(3) ਵਿਦਿਆਰਥੀਆਂ ਨੂੰ ਸਲਾਹ ਅਤੇ ਨਿਰਦੇਸ਼ ਦੇਣ ਵਾਲੀ ਸੇਵਾਵਾਂ;

(4) ਲੋੜ ਪੈਣ ’ਤੇ ਪੜ੍ਹਣ ਯੋਗ ਪੁਸਤਕਾਂ ਦੀਆਂ ਸੂਚੀਆਂ ਤਿਆਰ ਕਰਵਾਉਣਾ;

(5) ਵਰਤਮਾਨ ਘਟਨਾਵਾਂ, ਪ੍ਰਕ੍ਰਿਆਵਾਂ ਅਤੇ ਦੂਜੀਆਂ ਪ੍ਰਮੁੱਖ ਘਟਨਾਵਾਂ ਬਾਰੇ ਵਿਦਿਆਰਥੀਆਂ/ਅਧਿਆਪਕਾਂ ਨੂੰ ਲਗਾਤਾਰ ਸੂਚਨਾ ਦਿੰਦੇ ਰਹਿਣਾ;

(6) ਗਿਆਨ ਦੇ ਪ੍ਰਸਾਰ ਲਈ ਖ਼ਾਸ-ਖ਼ਾਸ ਮੌਕਿਆਂ ’ਤੇ ਪੁਸਤਕ ਪ੍ਰਦਰਸ਼ਨੀ ਪੁਸਤਕ ਵਿਚਾਰ ਗੋਸ਼ਟੀ ਅਤੇ ਪੁਸਤਕਾਂ ਨਾਲ ਸੰਬੰਧੀ ਮੁਕਾਬਲੇ ਕਰਾਉਣਾ; ਅਤੇ

(7) ਦੂਜੀਆਂ ਦੈਨਿਕ ਪ੍ਰਕ੍ਰਿਆਵਾਂ।

ਲਾਇਬ੍ਰੇਰੀ ਤੋਂ ਬਾਹਰ ਪੁਸਤਕਾਂ ਦੇ ਪ੍ਰਯੋਗ ਕਰਨ ਲਈ ਉਨ੍ਹਾਂ ਦਾ ਪਾਠਕਾਂ ਨੂੰ ਨਿਯਮ ਅਨੁਸਾਰ ਜਾਰੀ ਕਰਨਾ ਜ਼ਰੂਰੀ ਹੈ।

ਪਾਠਕਾਂ ਨੂੰ ਨਿਜੀ ਸਹਾਇਤਾ ਲਈ ਸੰਦਰਭ ਸੇਵਾ ਦਾ ਹੋਣਾ ਵੀ ਜ਼ਰੂਰੀ ਹੈ; ਇਸ ਨਾਲ ਵਿਦਿਆਰਥੀਆਂ/ਅਧਿਆਪਕਾਂ ਦੇ ਸੰਬੰਧ ਲਾਇਬ੍ਰੇਰੀ ਨਾਲ ਹੋਰ ਗੂੜ੍ਹੇ ਹੋ ਜਾਂਦੇ ਹਨ। ਲੋੜ ਪੈਣ ’ਤੇ ਪਾਠਕਾਂ ਨੂੰ ਲਿਖਣ ਅਤੇ ਪੜ੍ਹਣ ਵਿਚ ਸਹਾਇਤਾ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਸਮੇਂ-ਸਮੇਂ ਸਿਰ ਚੰਗੀਆਂ ਪੁਸਤਕਾਂ ਦੀਆਂ ਸੂਚੀਆਂ ਕੱਢੀਆਂ ਜਾਣ।

### (iv) ਭੌਤਿਕ ਸੁਵਿਧਾਵਾਂ (Physical Facilities)

ਸਕੂਲ ਵਿਚ ਲਾਇਬ੍ਰੇਰੀ ਲਈ ਉਚਿਤ ਲੋੜ ਅਨੁਸਾਰ ਸਥਾਨ ਦੀ ਵਿਵਸਥਾ ਹੋਣੀ ਚਾਹੀਦੀ ਹੈ। ਵੱਖਰੀ ਇਮਾਰਤ ਹੋਵੇ ਤਾਂ ਬਹੁਤ ਹੀ ਚੰਗਾ ਹੋਵੇਗਾ ਜਿਸ ਵਿਚ ਪੁਸਤਕ ਸੰਗ੍ਰਹਿ ਦੇ ਰੱਖਣ ਦੀ ਥਾਂ ਦੇ ਨਾਲ-ਨਾਲ ਰੀਡਿੰਗ ਰੂਮ, ਸੰਦਰਭ ਪੁਸਤਕਾਂ, ਰੱਖਣ ਦੀ ਥਾਂ ਅਤੇ ਸੰਦਰਭ ਡੈਸਕ ਦੀ ਥਾਂ, ਪੁਸਤਕਾਂ ਜ਼ਾਰੀ ਕਰਨ ਲਈ ਕਾਊਂਟਰ ਆਦਿ ਦਾ ਹੋਣਾ ਜ਼ਰੂਰੀ ਹੈ।

### (v) ਵਿੱਤ ਅਤੇ ਬਜਟ (Finance and Budget)

ਸਕੂਲ ਦੇ ਬਜਟ ਦਾ ਪੰਜ ਪ੍ਰਤੀਸ਼ਤ ਲਾਇਬ੍ਰੇਰੀ ਲਈ ਹੋਣਾ ਚਾਹੀਦਾ ਹੈ। ਲਾਇਬ੍ਰੇਰੀ ਇਮਾਰਤ, ਕਰਮਚਾਰੀਆਂ ਦੀਆਂ ਤਨਖਾਵਾਂ ਲਈ ਉਚਿਤ ਪ੍ਰਬੰਧ ਹੋਣਾ ਚਾਹੀਦਾ ਹੈ। ਲਾਇਬ੍ਰੇਰੀ ਦੇ ਰੱਖ-ਰਖਾਵ ਲਈ ਲੋੜੀਂਦਾ ਵਿੱਤ ਉਪਲੱਬਧ ਹੋਣਾ ਜ਼ਰੂਰੀ ਹੈ।

### (vi) ਪੇਸ਼ੇਵਰ ਕਰਮਚਾਰੀ (Professional Staff)

ਲਾਇਬ੍ਰੇਰੀ ਦੀ ਸਫ਼ਲਤਾ/ਅਸਫ਼ਲਤਾ ਉਸ ਦੇ ਕਰਮਚਾਰੀਆਂ ਤੇ ਨਿਰਭਰ ਕਰਦੀ ਹੈ। ਪੇਸ਼ੇਵਰ ਕਰਮਚਾਰੀ ਹੀ ਸਕੂਲ ਲਾਇਬ੍ਰੇਰੀ ਵਿਚ ਜਾਨ ਪਾ ਸਕਦੇ ਹਨ। ਕਰਮਚਾਰੀਆਂ ਦੀ ਸੰਖਿਆ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸੰਖਿਆ ਦੇ ਅਨੁਪਾਤ ਵਿਚ ਹੋਣੀ ਚਾਹੀਦੀ ਹੈ। ਸਕੂਲ ਲਾਇਬ੍ਰੇਰੀ ਦੀ ਤਨਖ਼ਾਹ ਅਤੇ ਰੁਤਬਾ ਅਧਿਆਪਕਾਂ ਦੇ ਬਰਾਬਰ ਹੋਣਾ ਚਾਹੀਦਾ ਹੈ।

ਲਾਇਬ੍ਰੇਰੀਅਨ ਦੇ ਵਿਵਸਾਇਕ ਵਿਕਾਸ ਲਈ ਉਨ੍ਹਾਂ ਨੂੰ ਸਮੇਂ-ਸਮੇਂ ਸਿਰ ਨਿਰੰਤਰ ਸਿਖਲਾਈ ਵਾਸਤੇ ਆਯੋਜਿਤ ਸੈਮੀਨਾਰਾਂ, ਕਾਨਫ੍ਰੈਂਸ, ਰੀਫਰੈਸ਼ਰ ਕੋਰਸਾਂ, ਵਰਕਸ਼ਾਪ ਆਦਿ ਵਿਚ ਭੇਜਿਆ ਜਾਵੇ ਤਾਂ ਕਿ ਉਹ ਇਸ ਖੇਤਰ ਬਾਰੇ ਨਵੀਨਤਮ ਜਾਣਕਾਰੀ ਪ੍ਰਾਪਤ ਕਰ ਸਕਣ।

ਲਾਇਬ੍ਰੇਰੀਅਨ ਨੂੰ ਬਾਲ ਮਨੋਵਿਗਿਆਨ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ।

## 1.4.3.4. ਸੈਕੰਡਰੀ ਸਿੱਖਿਆ ਕਮਿਸ਼ਨ (Secondary Education Commission)

ਭਾਰਤ ਸਰਕਾਰ ਦੀ ਸਿੱਖਿਆ ਵਜ਼ਾਰਤ ਨੇ 1952 ਵਿਚ ਡਾ. ਏ. ਲਕਸ਼ਮਨਵਾਮੀ ਮੁਦਾਲਿਆਰ ਦੀ ਪ੍ਰਧਾਨਕਗੀ ਹੇਠਾਂ ਇਕ ਸੈਕੰਡਰੀ ਕਮਿਸ਼ਨ ਨਿਯੁਕਤ ਕੀਤਾ। ਇਸ ਕਮਿਸ਼ਨ ਨੇ ਸੈਕੰਡਰੀ ਸਿੱਖਿਆ ਵਿਚ ਸੁਧਾਰ ਲਿਆਉਣ ਸੰਬੰਧੀ ਸੁਝਾਆਂ ਤੋਂ ਇਲਾਵਾ ਸਕੂਲ ਲਾਇਬ੍ਰੇਰੀ ਦੀ ਲੋੜ, ਲਾਭ ਅਤੇ ਸੰਗਠਨ ਸੰਬੰਧੀ ਕਾਫ਼ੀ ਉਪਯੋਗੀ ਸੁਝਾਅ ਆਪਣੀ ਰਿਪੋਰਟ (1953) ਵਿਚ ਪੇਸ਼ ਕੀਤੇ ਹਨ। ਇਸ ਕਮਿਸ਼ਨ ਦੀਆਂ ਕੁਝ ਪ੍ਰਮੁੱਖ ਸਿਫ਼ਾਰਿਸ਼ਾਂ ਇਸ ਪ੍ਰਕਾਰ ਹਨ :

(1) ਹਰੇਕ ਵਿਦਿਅਕ ਅਦਾਰੇ ਦੇ ਪ੍ਰਭਾਵਸ਼ਾਲੀ ਕੰਮ ਵਾਸਤੇ, ਵਿਦਿਆਰਥੀਆਂ ਦੀਆਂ ਸਾਹਿਤਕ ਅਤੇ ਸਭਿਆਚਾਰਕ ਰੁਚੀਆਂ ਵਾਸਤੇ, ਇਕ ਅੱਛੇ ਸੰਗ੍ਰਹਿ ਵਾਲੀ ਸਕੂਲ ਲਾਇਬ੍ਰੇਰੀ ਅਤਿ ਆਵੱਸ਼ਕ ਹੈ। ਇਸ ਦੇ ਨਾਲ ਹੀ ਸ਼੍ਰੇਣੀ ਲਾਇਬ੍ਰੇਰੀਆਂ ਅਤੇ ਵਿਸ਼ਾ ਲਾਇਬ੍ਰੇਰੀਆਂ ਦੀ ਵਰਤੋਂ ਵੀ ਇਸੇ ਮਨੋਰਥ ਦੀ ਪ੍ਰਾਪਤੀ ਲਈ ਕਰਨੀ ਚਾਹੀਦੀ ਹੈ।

(2) ਅਜਿਹੇ ਸਿਖਲਾਈ ਪ੍ਰਾਪਤ ਲਾਇਬ੍ਰੇਰੀਅਨ, ਜਿਨ੍ਹਾਂ ਨੂੰ ਪੁਸਤਕਾਂ ਨਾਲ ਪਿਆਰ ਹੋਵੇ ਅਤੇ ਵਿਦਿਆਰਥੀਆਂ ਦੀਆਂ ਰੁਚੀਆਂ ਦੀ ਸਮਝ ਹੋਵੇ, ਸਾਰੇ ਸੈਕੰਡਰੀ ਸਕੂਲਾਂ ਵਿਚ ਨਿਯੁਕਤ ਕਰਨੇ ਚਾਹੀਦੇ ਹਨ। ਸਾਰੇ ਅਧਿਆਪਕਾਂ ਨੂੰ ਲਾਇਬ੍ਰੇਰੀ ਦੇ ਕੰਮ ਸੰਬੰਧੀ ਸਿਖਲਾਈ ਮਿਲਣੀ ਚਾਹੀਦੀ ਹੈ।

(3) ਜਿਨ੍ਹਾਂ ਅਧਿਆਪਕਾਂ ਨੂੰ ਲਾਇਬ੍ਰੇਰੀ ਸੰਬੰਧੀ ਕੋਈ ਸਿਖਲਾਈ ਨਹੀਂ ਮਿਲੀ, ਉਨ੍ਹਾਂ ਨੂੰ 4-8 ਹਫ਼ਤਿਆਂ ਦੇ ਗਰਮੀਆਂ ਵਿਚ ਹੁੰਦੇ ਕੋਰਸਾਂ ਰਾਹੀਂ ਸਿਖਲਾਈ ਦੇਣੀ ਚਾਹੀਦੀ ਹੈ। ਇਸ ਪ੍ਰਕਾਰ ਉਹ ਲਾਇਬ੍ਰੇਰੀਅਨ ਦੀ ਸਹਾਇਤਾ ਕਰ ਸਕਦੇ ਹਨ।

(4) ਜਿੱਥੇ ਕਿਤੇ ਲੋਕ ਲਾਇਬ੍ਰੇਰੀ ਸਥਾਪਤ ਨਹੀਂ ਕੀਤੀ ਗਈ, ਉੱਥੇ ਸਕੂਲ ਲਾਇਬ੍ਰੇਰੀ ਨੂੰ ਆਪਣੇ ਦਰਵਾਜ਼ੇ ਬੱਚਿਆਂ ਸਮੇਤ ਆਮ ਜਨਤਾ ਲਈ ਖੋਲ੍ਹ ਦੇਣੇ ਚਾਹੀਦੇ ਹਨ।

(5) ਲਾਇਬ੍ਰੇਰੀ ਦਾ ਫ਼ਰਨੀਚਰ ਬੱਚਿਆਂ ਦੀ ਉਮਰ ਅਤੇ ਕੱਦ ਨੂੰ ਮੁੱਖ ਰੱਖ ਕੇ ਖਰੀਦਣਾ ਚਾਹੀਦਾ ਹੈ ਤਾਂ ਕਿ ਉਹ ਠੀਕ ਤਰ੍ਹਾਂ ਬੈਠ ਕੇ ਅਧਿਅਨ ਕਰ ਸਕਣ।

(6) ਜਿਨ੍ਹਾਂ ਰਾਜਾਂ ਵਿਚ ਲਾਇਬ੍ਰੇਰੀ ਉਪ-ਕਰ ਲਗਾਇਆ ਜਾਂਦਾ ਹੈ, ਉਸ ਵਿਚੋਂ ਕੁਝ ਰਾਸ਼ੀ ਨੂੰ ਸਕੂਲ ਲਾਇਬ੍ਰੇਰੀਆਂ ਸੁਧਾਰਨ ਵਾਸਤੇ ਖ਼ਰਚ ਕਰਨਾ ਚਾਹੀਦਾ ਹੈ।

(7) ਛੋਟੀਆਂ ਥਾਵਾਂ ਤੇ ਸਕੂਲ ਲਾਇਬ੍ਰੇਰੀ ਨੂੰ ਇਸ ਢੰਗ ਨਾਲ ਬਣਾਇਆ ਜਾਵੇ ਕਿ ਉਹ ਲੋਕ ਲਾਇਬ੍ਰੇਰੀ ਦਾ ਕੰਮ ਵੀ ਕਰੇ ਤਾਂ ਇਮਾਰਤ, ਫਰਨੀਚਰ, ਸਟਾਫ਼ ਆਦਿ ਉੱਤੇ ਦੋਹਰਾ ਖ਼ਰਚ ਨਾ ਕਰਨਾ ਪਵੇ, ਸਗੋਂ ਕਿਫ਼ਾਇਤ ਨਾ ਕੰਮ ਹੋ ਸਕੇ।

### 1.4.3.5. ਭਾਰਤ ਵਿਚ ਸਕੂਲ ਲਾਇਬ੍ਰੇਰੀਆਂ (School Libraries in India)

ਉਪਰੋਕਤ ਕਮਿਸ਼ਨ ਦੀ ਸਿਫ਼ਾਰਿਸ਼ਾਂ ਨੂੰ ਅੱਜ 50 ਸਾਲਾਂ ਤੋਂ ਵੱਧ ਦਾ ਸਮਾਂ ਲੰਘ ਗਿਆ ਹੈ ਪਰ ਇਹ ਸਿਫ਼ਾਰਿਸ਼ਾਂ ਕੇਵਲ ਸਿਫ਼ਾਰਿਸ਼ਾਂ ਬਣ ਕੇ ਹੀ ਰਹਿ ਗਈਆਂ ਹਨ। ਸਕੂਲ ਲਾਇਬ੍ਰੇਰੀ ਵਿੱਦਿਆ ਦਾ ਇਕ ਅਭਿੰਨ ਅਤੇ ਅਨਿੱਖੜਵਾਂ ਅੰਗ ਹੈ। ਸਕੂਲ ਵਿੱਦਿਆ ਦੇ ਵਿਕਾਸ, ਉਸ ਦੀ ਪ੍ਰਗਤੀ, ਨਵੀਆਂ ਤਬਦੀਲੀਆਂ ਆਦਿ ਵਿਚ ਲਾਇਬ੍ਰੇਰੀ ਦੀ ਭੂਮਿਕਾ ਮਹੱਤਵਪੂਰਨ ਹੈ, ਕਿਉਂਕਿ ਉੱਥੇ ਜਾਂ ਕੇ ਬੱਚੇ ਵੱਖ-ਵੱਖ ਵਿਸ਼ਿਆਂ ਉੱਪਰ ਸਮੱਗਰੀ ਦੀ ਵਰਤੋਂ ਕਰਨਾ ਸਿੱਖਦੇ ਹਨ। ਇਸ ਕਥਨ ਨੂੰ ਮੰਨਦੇ ਹੋਏ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਭਾਰਤ ਵਿਚ ਸਕੂਲ ਲਾਇਬ੍ਰੇਰੀਆਂ ਦੀ ਹਾਲਤ ਨਾ ਕੇਵਲ ਬਹੁਤ ਪਤਲੀ ਹੈ, ਸਗੋਂ ਸਕੂਲ ਲਾਇਬ੍ਰੇਰੀ ਦੀ ਵਰਤੋਂ ਸਕੂਲ ਵਿੱਦਿਆ ਦੇ ਵਿਕਾਸ ਵਜੋਂ ਬਿਲਕੁਲ ਨਹੀਂ ਕੀਤੀ ਜਾਂਦੀ। ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦਾ ਤਾਂ ਕਹਿਣਾ ਕੀ, ਹਾਈ ਅਤੇ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ, ਕੁਝ ਇਕ ਪਬਲਿਕ ਸਕੂਲਾਂ ਜਾਂ ਕੇਂਦਰੀ ਸਕੂਲਾਂ ਨੂੰ ਛੱਡ ਕੇ, ਦੀ ਹਾਲਤ ਬਹੁਤ ਨਿੱਘਰੀ ਹੋਈ ਹੈ। ਬਹੁ-ਗਿਣਤੀ ਸਕੂਲ ਲਾਇਬ੍ਰੇਰੀਆਂ ਤਾਂ ਨਾ-ਮਾਤਰ ਹਨ।

ਜਿਥੋਂ ਤਕ ਇਨ੍ਹਾਂ ਲਾਇਬ੍ਰੇਰੀਆਂ ਦੇ ਸੰਗ੍ਰਹਿ ਦਾ ਸੰਬੰਧ ਹੈ, ਬਹੁਤੀਆਂ ਪੁਸਤਕਾਂ ਬੇਲੋੜੀਆਂ ਅਤੇ ਪੁਰਾਣੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਪੜ੍ਹਨ ਨੂੰ ਜੀਅ ਨਹੀਂ ਕਰਦਾ। ਬੱਚਿਆਂ ਦੀਆਂ ਲੋੜਾਂ ਨੂੰ ਮੁੱਖ ਰਖ ਕੇ ਸੰਗ੍ਰਹਿ ਤਿਆਰ ਨਹੀਂ ਕੀਤਾ ਜਾਂਦਾ, ਸਗੋਂ ਅਧਿਆਪਕ ਆਪਣੀ ਮਨਮਰਜ਼ੀ ਦੀਆਂ ਪੁਸਤਕਾਂ ਹੀ ਖਰੀਦਣ ਵਿਚ ਵਿਸ਼ਵਾਸ ਰਖਦੇ ਹਨ। ਜੋ ਪੁਸਤਕਾਂ ਹੁੰਦੀਆਂ ਹਨ, ਉਨ੍ਹਾਂ ਦੀ ਸਾਂਭ ਸੰਭਾਲ ਨਹੀਂ ਕੀਤੀ ਜਾਂਦੀ, ਜਾਂ ਅਜਿਹੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਹਵਾ ਵੀ ਨਹੀਂ ਲੁਆਈ ਜਾਂਦੀ ਅਤੇ ਬੱਚਿਆਂ ਨੂੰ ਉਹ ਪੁਸਤਕਾਂ ਵਿਖਾਈਆਂ ਵੀ ਨਹੀਂ ਜਾਂਦੀਆਂ।

ਆਮ ਕਰਕੇ ਪੁਸਤਕਾਂ ਦਾ ਵਰਗੀਕਰਨ ਜਾਂ ਸੂਚੀਕਰਨ ਨਹੀਂ ਕੀਤਾ ਜਾਂਦਾ। ਉਨ੍ਹਾਂ ਦੀ ਤਰਤੀਬ ਪੁਸਤਕ ਪ੍ਰਾਪਤੀ ਅੰਕ ਅਨੁਸਾਰ ਜਾਂ ਫਿਰ ਆਕਾਰ ਅਨੁਸਾਰ ਹੁੰਦੀ ਹੈ। ਇਨ੍ਹਾਂ ਪੁਸਤਕਾਂ ਦੀ ਗਿਣਤੀ ਵੀ ਸਕੂਲ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਬਿਲਕੁਲ ਨਹੀਂ ਹੁੰਦੀ ਅਤੇ ਔਸਤਨ ਇਕ ਵਿਦਿਆਰਥੀ ਦੇ ਹਿੱਸੇ ਇਕ ਪੁਸਤਕ ਵੀ ਨਹੀਂ ਆਉਂਦੀ।

ਬਹੁਤੀਆਂ ਸਕੂਲ ਲਾਇਬ੍ਰੇਰੀਆਂ ਦੀ ਆਪਣੀ ਇਮਾਰਤ ਨਹੀਂ ਹੁੰਦੀ। ਪੁਸਤਕਾਂ ਦੀਆਂ ਅਲਮਾਰੀਆਂ ਕਿਸੇ ਸ਼੍ਰੇਣੀ ਦੀ ਦੀਵਾਰ ਨਾਲ ਲਾਈਆਂ ਹੁੰਦੀਆਂ ਹਨ ਜਾਂ ਕਿਸੇ ਹਨੇਰੇ ਕਮਰੇ ਜਾਂ ਲਾਂਘੇ ਵਿਚ ਰਖੀਆਂ ਹੁੰਦੀਆਂ ਹਨ। ਇਹੋ ਹਾਲ ਫਰਨੀਚਾਰ ਦਾ ਹੁੰਦਾ ਹੈ, ਜੋ ਨਾਂ ਦਾ ਹੀ ਹੁੰਦਾ ਹੈ। ਅਜਿਹੀ 'ਲਾਇਬ੍ਰੇਰੀ' ਵਿਚ ਸ਼ਾਇਦ ਹੀ ਕੋਈ ਕੁਰਸੀ ਜਾਂ ਮੇਜ਼ ਮਿਲਣ।

ਵਿਦਿਆਰਥੀਆਂ ਨੂੰ ਪੜ੍ਹਨ ਵਾਸਤੇ ਪੁਸਤਕਾਂ ਬਾਕਾਇਦਗੀ ਨਾਲ ਨਹੀਂ ਦਿੱਤੀਆਂ ਜਾਂਦੀਆਂ। ਵਿਦਿਆਰਥੀ ਲਾਇਬ੍ਰੇਰੀ ਵਿਚ ਬਾਕਾਇਦਗੀ ਨਾਲ ਨਹੀਂ ਜਾਂਦੇ, ਕਿਉਂਕਿ ਹਰ ਸਕੂਲ ਵਿਚ ਲਾਇਬ੍ਰੇਰੀ ਪੀਰੀਅਡ ਨਹੀਂ ਲਗਾਏ ਜਾਂਦੇ। ਨਤੀਜੇ ਵਜੋਂ ਨਾ ਲਾਇਬ੍ਰੇਰੀ ਦੇ ਮਨੋਰਥਾਂ ਦੀ, ਨਾ ਹੀ ਵਿਦਿਆ ਦੇ ਮਨੋਰਥਾਂ ਦੀ ਪੂਰਤੀ ਹੁੰਦੀ ਹੈ। ਬਾਲ ਵਿਦਿਆਰਥੀਆਂ ਵਿਚ ਲਾਇਬ੍ਰੇਰੀ ਜਾਣ ਦੀ ਰੁਚੀ ਪੈਦਾ ਹੀ ਨਹੀਂ ਕੀਤੀ ਜਾਂਦੀ, ਜਿਸ ਕਰਕੇ ਉਚੇਰੀ ਵਿੱਦਿਆ ਗ੍ਰਹਿਣ ਕਰਨ ਸਮੇਂ ਉਨ੍ਹਾਂ ਨੂੰ ਲਾਇਬ੍ਰੇਰੀ ਅਤੇ ਲਾਇਬ੍ਰੇਰੀ ਸਮੱਗਰੀ ਦੀ ਵਰਤੋਂ ਸੰਬੰਧੀ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਲਾਇਬ੍ਰੇਰੀ ਦਾ ਬਹੁਤਾ ਨਿਯੰਤਰਣ ਸਕੂਲ ਲਾਇਬ੍ਰੇਰੀਅਨ ਦੇ ਹੱਥ ਵਿਚ ਨਾ ਹੋ ਕੇ ਗੈਰ-ਵਿਵਸਾਇਕ ਵਿਅਕਤੀਆਂ ਦੇ ਹੱਥ ਵਿਚ ਹੁੰਦਾ ਹੈ। ਇਸ ਲਈ ਇਹ ਸਕੂਲ ਵਿੱਦਿਆ ਦਾ ਬੁਨਿਆਦੀ ਅੰਗ ਨਹੀਂ ਬਣ ਸਕੀ। ਇਥੋਂ ਤਕ ਕਿ ਬਹੁ-ਗਿਣਤੀ ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ਵਿਚ ਲਾਇਬ੍ਰੇਰੀਅਨ ਦਾ ਅਹੁਦਾ ਹੁੰਦਾ ਹੀ ਨਹੀਂ। ਲਾਇਬ੍ਰੇਰੀ ਦਾ ਚਾਰਜ ਕਿਸੇ ਅਧਿਆਪਕ ਜਾਂ ਕਲਰਕ ਨੂੰ ਦੇ ਦਿੱਤਾ ਜਾਂਦਾ ਹੈ, ਜੋ ਲਾਇਬ੍ਰੇਰੀ ਵਿਕਾਸ ਵਿਚ ਦਿਲਚਸਪੀ ਨਹੀਂ ਲੈਂਦੇ। ਉਨ੍ਹਾਂ ਵਾਸਤੇ ਲਾਇਬ੍ਰੇਰੀ ਦਾ ਕੰਮ ਵਾਧੂ ਭਾਰ ਵਾਂਗ ਹੁੰਦਾ ਹੈ, ਜਿਸ ਨੂੰ ਕਦੇ ਖ਼ੁਸ਼ੀ ਨਾਲ ਨਹੀਂ ਢੋਂਦੇ।

ਹਜ਼ਾਰਾ ਲੱਖਾਂ ਦੀ ਗਿਣਤੀ ਵਿਚ ਸਥਾਪਤ ਸਕੂਲਾਂ ਵਿਚ ਲਾਇਬ੍ਰੇਰੀਆਂ ਨਹੀਂ ਹਨ। ਕੇਵਲ ਕੁਝ ਕੁ ਅੰਗ੍ਰੇਜ਼ੀ ਮਾਧਿਅਮ ਅਤੇ ਪਬਲਿਕ ਸਕੂਲ, ਕੇਂਦਰੀ ਸਕੂਲ ਅਤੇ ਨਵੋਦਯ ਸਕੂਲਾਂ ਵਿਚ ਅੱਛੀਆਂ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਗਈਆਂ ਹਨ। ਇਨ੍ਹਾਂ ਲਾਇਬ੍ਰੇਰੀਆਂ ਦਾ ਸੰਗ੍ਰਹਿ ਵੀ ਅੱਛਾ ਹੈ ਜੋ ਬੱਚਿਆਂ ਨੂੰ ਪਸੰਦ ਹੈ। ਪਰ ਫਿਰ ਵੀ ਇਨ੍ਹਾਂ ਵਿਚ ਸੁਧਾਰ ਦੀ ਕਾਫ਼ੀ ਗੁੰਜਾਇਸ਼ ਹੈ। ਦੇਖਣ ਵਿਚ ਆਇਆ ਹੈ ਕਿ ਇਨ੍ਹਾਂ ਵਿਚ ਵੀ ਪੁਸਤਕਾਂ ਦਾ ਵਰਗੀਕਰਨ ਅਤੇ ਸੂਚੀਕਰਨ ਨਹੀਂ ਕੀਤਾ ਜਾਦਾ, ਅਤੇ ਨਾ ਹੀ ਕੋਈ ਲਾਇਬ੍ਰੇਰੀ ਸੇਵਾ ਮੁਹੱਈਆ ਕੀਤੀ ਜਾਂਦੀ ਹੈ। ਫਿਰ ਵੀ ਇਹ ਲਾਇਬ੍ਰੇਰੀਆਂ ਰੇਗਿਸਤਾਨ ਵਿਚ ਨਖਲਿਸਤਾਨ ਦੇ ਤੌਰ ਤੇ ਹੁੰਦੀਆਂ ਹਨ, ਜੋ ਆਉਭਗਤ ਵਾਲੀ ਵਿਸ਼ੇਸ਼ਤਾ ਹੈ।

### 1.4.3.6. ਸਕੂਲ ਲਾਇਬ੍ਰੇਰੀ ਦੇ ਸੁਧਾਰ ਦੇ ਉਪਰਾਲੇ (Methods of Developments of School Libraries)

ਸੈਕੰਡਰੀ ਵਿੱਦਿਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਬਾਅਦ 1962 ਵਿਚ ਐਨ.ਸੀ.ਈ.ਆਰ.ਟੀ. ਦੇ ਡਾਇਰੈਕਟਰੇਟ ਆਫ਼ ਐਕਸਟੈਨਸ਼ਨ ਪ੍ਰੋਗਰਾਮ ਫਾਰ ਸੈਕੰਡਰੀ ਐਜੂਕੇਸ਼ਨ ਨੇ ਇਕ 'ਆਲ ਇੰਡੀਆ ਸੈਮੀਨਾਰ ਆਨ ਸਕੂਲ ਲਾਇਬ੍ਰੇਰੀਜ਼' ਦਾ ਆਯੋਜਨ ਕੀਤਾ। ਇਸ ਸੈਮੀਨਾਰ ਦਾ ਨਿਰਦੇਸ਼ਨ ਡਾ. ਰੰਗਾਨਾਥਨ ਨੇ ਕੀਤਾ ਅਤੇ ਸਕੂਲ ਲਾਇਬ੍ਰੇਰੀਆਂ ਦੀ ਹਾਲਤ ਸੁਧਾਰਨ ਲਈ ਸੁਝਾਅ ਦਿੱਤੇ। 1965 ਵਿਚ ਐਨ.ਸੀ.ਈ.ਆਰ.ਟੀ. ਹਰ ਇਕ ਸਕੂਲ ਵਿਚ ਇਕ ਲਾਇਬ੍ਰੇਰੀ

ਸਥਾਪਿਤ ਕਰਨ ਦੀਆਂ ਸਿਫ਼ਾਰਿਸ਼ਾਂ ਕੀਤੀਆਂ। ਪਰ ਇਹ ਵੀ ਸਿਫ਼ਾਰਿਸ਼ਾਂ ਹੀ ਰਹਿ ਗਈਆਂ।

ਸਭ ਤੋਂ ਪਹਿਲਾਂ ਇਨ੍ਹਾਂ ਲਾਇਬ੍ਰੇਰੀਆਂ ਦੀ ਸਥਿਤੀ ਵਿਚ ਸੁਧਾਰ ਲਿਆਉਣ ਦੀ ਲੋੜ ਹੈ ਤਾਂ ਕਿ ਇਹ ਬੌਧਿਕ, ਸਭਿਆਚਾਰਕ, ਨੈਤਿਕ, ਅਧਿਆਤਮਕ, ਸਮਾਜਕ ਅਤੇ ਲੋਕਤੰਤਰਿਕ ਕੀਮਤਾਂ ਦੀ ਸਮਝ ਆਪਣੇ ਪਾਠਕਾਂ ਵਿਚ ਪੈਦਾ ਕਰ ਸਕਣ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਵਿਅਕਤਿਤਵ ਦਾ ਬਹੁਪੱਖੀ ਵਿਕਾਸ ਕਰਨ ਵਿਚ ਰੋਲ ਅਦਾ ਕਰ ਸਕਣ।

ਸਾਰੇ ਸੈਕੰਡਰੀ ਸਕੂਲਾਂ ਵਿਚ ਲਾਇਬ੍ਰੇਰੀਆਂ ਸਥਾਪਤ ਕਰਕੇ ਉਨ੍ਹਾਂ ਦੇ ਸੰਗ੍ਰਹਿ ਨੂੰ ਸੰਤੁਲਿਤ ਬਣਾਉਣ ਦੀ ਲੋੜ ਤੇ ਬਲ ਦੇਣਾ ਚਾਹੀਦਾ ਹੈ। ਨਾਲ ਹੀ ਹਾਈ, ਮਿਡਲ ਅਤੇ ਪ੍ਰਾਇਮਰੀ ਸਕੂਲਾਂ ਵਿਚ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਲੋੜ ਹੈ। ਜਿੱਥੇ ਪਹਿਲਾਂ ਤੋਂ ਹੀ ਲਾਇਬ੍ਰੇਰੀਆਂ ਹਨ ਉਨ੍ਹਾਂ ਵਿਚ ਜਾਨ ਪਾਉਣ ਦੀ ਲੋੜ ਹੈ। ਸਰਕਾਰ ਨੂੰ, ਸਕੂਲ ਮੈਨੇਜਮੈਂਟ ਨੂੰ, ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਸਕੂਲ ਲਾਇਬ੍ਰੇਰੀ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਇਹ ਸਕੂਲ ਦੇ ਬੱਚਿਆਂ ਵਿਚ ਸਦਾਚਾਰਕ ਦ੍ਰਿੜ੍ਹਤਾ ਪੈਦਾ ਕਰ ਸਕਣ, ਪੜ੍ਹਨ ਰੁਚੀਆਂ ਪੈਦਾ ਕਰ ਸਕਣ ਅਤੇ ਬੇਹਤਰ ਨਾਗਰਕ ਬਣਨ ਵਿਚ ਉਨ੍ਹਾਂ ਦਾ ਹੱਥ ਵਟਾਉਣ ਅਤੇ ਸਮੱਗਰੀ ਮੁਹੱਈਆ ਕਰਨ।

ਸਰਕਾਰ ਨੂੰ ਸਕੂਲ ਲਾਇਬ੍ਰੇਰੀਆਂ ਦੀ ਸਥਾਪਨਾ ਅਤੇ ਵਿਕਾਸ ਵੱਲ ਵਧੇਰੇ ਅਤੇ ਨਿਸ਼ਚਿਤ ਤੌਰ ਤੇ ਧਿਆਨ ਦੇਣ ਦੀ ਲੋੜ ਹੈ। ਜੇਕਰ ਕੰਮ ਦੀ ਬਹੁਲਤਾ ਕਰਕੇ ਉਹ ਲੋੜੀਂਦਾ ਧਿਆਨ ਨਹੀਂ ਦੇ ਸਕਦੇ ਤਾਂ ਇਸ ਕੰਮ ਵਾਸਤੇ ਇਕ ਡਿਪਟੀ ਡਾਇਰੈਕਟਰ (ਸਕੂਲ ਲਾਇਬ੍ਰੇਰੀ) ਦੇ ਅਹੁਦੇ ਦੀ ਸਿਰਜਨਾ ਕਰਨੀ ਚਾਹੀਦੀ ਹੈ। ਇਸ ਅਹੁਦੇ ਤੇ ਲਾਇਬ੍ਰੇਰੀ ਵਿਗਿਆਨ ਵਿਚ ਯੋਗਤਾ ਪ੍ਰਾਪਤ ਵਿਅਕਤੀ ਨਿਯੁਕਤ ਕਰਨਾ ਚਾਹੀਦਾ ਹੈ।

ਸੈਕੰਡਰੀ ਵਿੱਦਿਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਨਾ ਕੇਵਲ ਹਰ ਸੈਕੰਡਰੀ ਸਕੂਲ ਵਿਚ ਲਾਇਬ੍ਰੇਰੀ ਹੋਣੀ ਚਾਹੀਦੀ ਹੈ ਸਗੋਂ ਯੋਗਤਾ-ਪ੍ਰਾਪਤ ਲਾਇਬ੍ਰੇਰੀਅਨ ਵੀ ਹੋਣਾ ਚਾਹੀਦਾ ਹੈ। ਕਿਸੇ ਅਧਿਆਪਕ, ਕਲਰਕ ਜਾਂ ਹੋਰ ਵਿਅਕਤੀ ਨੂੰ ਲਾਇਬ੍ਰੇਰੀ ਦੀ ਜ਼ਿੰਮੇਵਾਰੀ ਨਹੀਂ ਸੌਂਪਣੀ ਚਾਹੀਦੀ।

ਸਕੂਲ ਦੀ ਹਰ ਸ਼੍ਰੇਣੀ ਵਿਚ ਲਾਇਬ੍ਰੇਰੀ ਪੀਰੀਅਡ ਹੋਣਾ ਚਾਹੀਦਾ ਹੈ ਜਿਸ ਦੌਰਾਨ ਵਿਦਿਆਰਥੀ ਲਾਇਬ੍ਰੇਰੀ ਵਿਚ ਜਾ ਕੇ ਆਪਣੀ ਪਸੰਦ ਅਨੁਸਾਰ ਪੁਸਤਕਾਂ ਆਦਿ ਪੜ੍ਹ ਸਕਣ।

ਲਾਇਬ੍ਰੇਰੀ ਦਾ ਵਿੱਤ ਵਧਾਉਣ ਚਾਹੀਦਾ ਹੈ ਤਾਂ ਜੋ ਵੱਧ ਤੋਂ ਵੱਧ ਨਵੀਆਂ ਪੁਸਤਕਾਂ ਖਰੀਦ ਕੀਤੀਆਂ ਜਾ ਸਕਣ।

ਹਰ ਸਕੂਲ ਲਾਇਬ੍ਰੇਰੀ ਦੀ ਛੋਟੀ ਜਾਂ ਵੱਡੀ ਆਪਣੀ ਇਮਾਰਦ ਹੋਵੇ ਜਿੱਥੇ ਇਕ ਸ਼੍ਰੇਣੀ ਦੇ ਬੱਚੇ ਬੈਠ ਕੇ ਪੜ੍ਹ ਸਕਣ।

ਲਾਇਬ੍ਰੇਰੀ ਦਾ ਸੰਗ੍ਰਹਿ ਬੱਚਿਆਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਸੰਤੁਲਿਤ ਬਣਾਉਣਾ ਚਾਹੀਦਾ ਹੈ ਅਤੇ ਅਜਿਹੀਆਂ ਏਜੰਸੀਆਂ ਜਿਵੇਂ ਐਨ.ਸੀ.ਈ.ਆਰ.ਟੀ., ਚਿਲਡਰਨ ਬੁੱਕ ਟਰੱਸਟ, ਯੂਨੇਸਕੋ, ਆਦਿ ਦੀਆਂ ਰਚਨਾਵਾਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।

ਉਪਰੋਕਤ ਦਿੱਤੇ ਕੁਝ ਸੁਝਾਆਂ ਦੀ ਲੋਅ ਵਿਚ ਸਕੂਲ ਲਾਇਬ੍ਰੇਰੀ ਵਿਚ ਲੋੜੀਂਦੇ ਸੁਧਾਰ ਕਰਕੇ ਇਸ ਦੀ ਸੇਵਾ ਵਧਾਈ ਜਾ ਸਕਦੀ ਹੈ, ਅਤੇ ਇਸ ਨੂੰ ਸਕੂਲ ਵਿੱਦਿਆ ਦਾ ਅਨਿੱਖੜਵਾਂ ਅੰਗ ਬਣਾਉਣ ਦੇ ਨਾਲ-ਨਾਲ ਬੌਧਿਕ ਅਤੇ ਸੱਭਿਆਚਾਰਕ ਚਰਚਾ ਦਾ ਧੁਰਾ ਬਣਾਇਆ ਜਾ ਸਕਦਾ ਹੈ ਜਿਥੋਂ ਅੱਜ ਦੇ ਬੱਚੇ ਕੱਲ੍ਹ ਦੇ ਅੱਛੇ ਨਾਗਰਿਕ ਬਣ ਕੇ ਬਾਹਰ ਨਿਕਲਣਗੇ। ਸ਼ਾਇਦ ਇਸੇ ਵਾਸਤੇ ਪੰਡਿਤ ਨਹਿਰੂ ਨੇ ਪਿੰਡ-ਪਿੰਡ ਲਾਇਬ੍ਰੇਰੀ ਸਥਾਪਤ ਕਰਨ ਦਾ ਸੁਝਾਅ ਦਿੱਤਾ ਸੀ।

## 1.4.4. ਕਾਲਜ ਲਾਇਬ੍ਰੇਰੀ (College Library)

1.4.4.1. ਕਾਲਜ ਲਾਇਬ੍ਰੇਰੀ ਦੇ ਮਨੋਰਥ
1.4.4.2. ਕਾਲਜ ਲਾਇਬ੍ਰੇਰੀ ਨੀਂਹ ਪੱਥਰ
1.4.4.3. ਕਾਲਜ ਲਾਇਬ੍ਰੇਰੀ ਦੀਆਂ ਕਿਸਮਾਂ
1.4.4.4. ਕਾਲਜ ਲਾਇਬ੍ਰੇਰੀ ਬਣਤਰ ਅਤੇ ਸਵਰੂਪ
1.4.4.5. ਕਰਤਵ
1.4.4.6. ਲਾਇਬ੍ਰੇਰੀ ਸੇਵਾ ਅਤੇ ਵਰਤੋਂ ਕਰਨ ਵਾਲਾ ਸਮੂਹ
1.4.4.7. ਭੌਤਿਕ ਸੁਵਿਧਾਵਾਂ
1.4.4.8. ਪੇਸ਼ੇਵਰ ਕਰਮਚਾਰੀ
1.4.4.9. ਕਾਲਜ ਪ੍ਰਬੰਧ
1.4.4.10. ਵਿੱਤ ਅਤੇ ਬਜਟ
1.4.4.11. ਕਾਲਜ ਲਾਇਬ੍ਰੇਰੀ ਦੀ ਵਰਤਮਾਨ ਸਥਿਤੀ
1.4.4.12. ਭਵਿੱਖ ਵਿਚ ਆਸ

## 1.4.4. ਕਾਲਜ ਲਾਇਬ੍ਰੇਰੀ

### ਭੂਮਿਕਾ (Introduction)

ਸਿੱਖਿਆ ਪ੍ਰਕ੍ਰਿਆ ਵਿਚ ਕਾਲਜਾਂ ਦੀ ਇਕ ਅਹਿਮ ਭੂਮਿਕਾ ਹੈ। ਕਾਲਜਾਂ ਵਿਚ ਉਨ੍ਹਾਂ ਵਿਦਿਆਰਥੀਆਂ ਨੂੰ ਇਕ ਵੱਖਰਾ ਮਾਹੌਲ ਮਿਲਦਾ ਹੈ ਜਿਹੜੇ

ਸੈਕੰਡਰੀ ਸਕੂਲਾਂ ਤੋਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਅੱਗੇ ਜਾਂਦੇ ਹਨ। ਇੱਥੇ ਉਨ੍ਹਾਂ ਨੂੰ ਸਕੂਲਾਂ ਵਾਂਗ ਅਧਿਆਪਕਾਂ ਦੀ ਨਿੱਜੀ ਤਵਜੋ ਨਹੀਂ ਮਿਲਦੀ। ਕਾਲਜ ਵਿਦਿਆਰਥੀਆਂ ਨੂੰ ਅਧਿਆਪਕ ਇਕ ਰਾਹ ਦਿਖਾਂਦੇ ਹਨ। ਸ੍ਵੈ-ਸਿੱਖਿਆ ਤੇ ਹੀ ਉਨ੍ਹਾਂ ਨੂੰ ਆਪਣੇ ਵਿਸ਼ੇ ਦਾ ਕੋਰਸ ਪੂਰਾ ਕਰਨਾ ਪੈਂਦਾ ਹੈ। ਇਸ ਲਈ ਕਲਾਸਾਂ ਵਿਚ ਲੈਕਚਰਾਂ ਰਾਹੀਂ ਪ੍ਰਾਪਤ ਸਿੱਖਿਆ ਨੂੰ ਪੂਰਾ ਕਰਨ ਲਈ ਪੁਸਤਕਾਂ ਅਤੇ ਲਾਇਬ੍ਰੇਰੀ ਹੀ ਇਕ ਸਹਾਰਾ ਬਣ ਜਾਂਦੀ ਹੈ। ਕਾਲੇਜ ਲਾਇਬ੍ਰੇਰੀ ਦੀ ਅਹਿਮ ਭੂਮਿਕਾ ਕਾਲਜ ਦੇ ਮਨੋਰਥਾਂ ਨੂੰ ਪੂਰਾ ਕਰਨ ਲਈ, ਇਕ ਸਿੱਖਿਆ ਸਹਾਇਕ ਦੇ ਰੂਪ ਵਿਚ ਆਪਣਾ ਯੋਗਦਾਨ ਪਾਉਣ ਤੇ ਹੈ।

### 1.4.4.1. ਕਾਲਜ ਲਾਇਬ੍ਰੇਰੀ ਦੇ ਮਨੋਰਥ (Objectives of College Library)

ਕਾਲਜ ਲਾਇਬ੍ਰੇਰੀ ਦੇ ਅਨੇਕ ਮਨੋਰਥਾਂ ਅਤੇ ਕਰਤੱਵਾਂ ਵਿਚ ਕੁਝ ਪ੍ਰਮੁੱਖ ਨਿਮਨਲਿਖਿਤ ਹਨ :

(1) ਗਿਆਨ ਦੇ ਸਾਗਰ ਦੇ ਵੱਖ-ਵੱਖ ਵਿਸ਼ਿਆਂ ਬਾਰੇ ਜਵਾਨਾਂ ਨੂੰ ਵਿਆਪਕ ਅਤੇ ਡੂੰਘੀ ਜਾਣਕਾਰੀ ਪ੍ਰਦਾਨ ਕਰਨੀ;

(2) ਵੱਖ-ਵੱਖ ਵਿਸ਼ਿਆਂ ਵਿਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਬਹੁਮੁੱਲੇ ਵਿਦਿਆਰਥੀਆਂ ਨੂੰ ਤਿਆਰ ਕਰਨਾ;

(3) ਦੇਸ਼ ਦੇ ਜਵਾਨ ਲੜਕਿਆਂ ਅਤੇ ਲੜਕੀਆਂ ਨੂੰ ਸਮਾਜ ਦੀਆਂ ਵਿਭਿੰਨ ਸੰਸਥਾਵਾਂ–ਸਕੂਲ, ਸਰਕਾਰੀ ਵਿਭਾਗ, ਨਾਗਰਿਕ ਅਦਾਰੇ, ਵਿਉਪਾਰ ਸੰਗਠਨ, ਉਪਯੋਗ ਆਦਿ–ਵਿਚ ਹਰੇਕ ਪੱਧਰ ਦੇ ਕੰਮਾਂ ਦੀ ਜ਼ਿੰਮੇਵਾਰੀ ਸੰਭਾਲਲ ਲਈ ਤਿਆਰ ਕਰਨਾ;

(4) ਪੜ੍ਹਨ ਲਈ ਆਰਾਮਦਾਇਕ ਉਚਿਤ ਭੌਤਿਕ ਸੁਵਿਧਾਵਾਂ ਉਪਲੱਬਧ ਕਰਾਉਣਾ;

(5) ਖੋਜੀਆਂ ਅਤੇ ਅਧਿਆਪਨ ਕਾਰਜਾਂ ਲਈ ਗ੍ਰੰਥਾਤਮਕ ਸੂਚਨਾਵਾਂ ਅਤੇ ਵਿਸ਼ੇਸ਼ ਸਮੱਗਰੀ ਉਪਲੱਬਧ ਕਰਾਉਣਾ

(6) ਯੁਵਕਾਂ ਨੂੰ ਵਿਭਿੰਨ ਪੇਸ਼ਿਆਂ–ਕਾਨੂੰਨ, ਡਾਕਟਰੀ, ਇੰਜੀਨੀਅਰੀ ਆਦਿ–ਲਈ ਤਿਆਰ ਕਰਨਾ; ਅਤੇ

(7) ਸਮਾਜ ਲਈ ਵਧੇਰੇ ਪੜ੍ਹੇ-ਲਿਖੇ ਜ਼ਿੰਮੇਵਾਰ ਨਾਗਰਿਕ ਤਿਆਰ ਕਰਨਾ।

ਇਨ੍ਹਾਂ ਸਾਰੇ ਮਨੋਰਥਾਂ ਦੀ ਪੂਰਤੀ ਵਿਚ ਲਾਇਬ੍ਰੇਰੀ ਆਪਣਾ ਵੱਡਮੁੱਲਾ ਯੋਗਦਾਨ ਪਾਉਂਦੀ ਹੈ।

### 1.4.4.2. ਕਾਲਜ ਢਾਂਚੇ ਦਾ ਨੀਂਹ ਪੱਥਰ : ਲਾਇਬ੍ਰੇਰੀ (Library : Arch of College Education)

ਨਵਯੁਵਕ ਵਿਦਿਆਰਥੀਆਂ ਨੂੰ ਕਾਲਜ ਸਿੱਖਿਆ ਵਿਚ ਆਉਂਦੀਆਂ ਔਕੜਾਂ ਨੂੰ ਸੁਲਝਾਉਣ ਲਈ, ਲਾਇਬ੍ਰੇਰੀ ਦੀ ਸਖ਼ਤ ਲੋੜ ਹੈ। ਕਾਲਜ ਲਾਇਬ੍ਰੇਰੀ ਵਿਚ ਬੈਠ ਕੇ ਉਹ ਆਪਣੇ ਖ਼ਾਲੀ ਸਮੇਂ ਵਿਚ ਲਾਭਦਾਇਕ ਮਨੋਰੰਜਨ ਕਰਨ ਦੇ ਨਾਲ-ਨਾਲ ਆਪਣੀ ਲੁਕੀ ਪ੍ਰਤੀਭਾ ਨੂੰ ਪਹਿਚਾਨ, ਚੰਗੀਆਂ ਆਦਤਾਂ ਦਾ ਨਿਰਮਾਣ ਕਰ, ਵਿਦਿਆਰਥੀ-ਭਵਿੱਖ ਦੇ ਇਕ ਜ਼ਿੰਮੇਵਾਰ ਵਿਅਕਤਿੱਤਵ ਵੱਲ ਵੱਧਦਾ ਹੈ। ਇਸ ਕੰਮ ਵਿਚ ਲਾਇਬ੍ਰੇਰੀ ਦੀ ਭੂਮਿਕਾ ਕਲਾਸ ਰੂਮ ਤੋਂ ਕਿਸੇ ਵੀ ਪੱਧਰ ਤੇ ਘੱਟ ਨਹੀਂ ਹੈ। ਲਾਇਬ੍ਰੇਰੀ ਵਿਦਿਆਰਥੀਆਂ ਦਾ ਕਾਰਜ ਸਥਲ (Workshop) ਹੈ। ਇਸ ਲਈ ਕਾਲਜ ਲਾਇਬ੍ਰੇਰੀ ਪਾਠਕਾਂ ਦੀਆਂ ਅਕਾਦਮਿਕ ਲੋੜਾਂ ਨੂੰ ਪੂਰਾ ਕਰਨ ਵਿਚ ਆਪਣਾ ਵੱਡਮੁੱਲਾ ਯੋਗਦਾਨ ਦੇ ਸਕਦੀ ਹੈ।

ਉੱਚੇਰੀ ਵਿੱਦਿਆ ਵਿਚ ਲਾਇਬ੍ਰੇਰੀ ਦੀ ਮਹੱਤਵਪੂਰਨ ਭੂਮਿਕਾ ਬਾਰੇ ਰਾਧਾਕ੍ਰਿਸ਼ਨ ਕਮਿਸ਼ਨ ਨੇ ਆਪਣੀ ਰਾਇ ਵਿਚ ਕਿਹਾ ਹੈ :

"ਅਧਿਆਪਨ ਇਕ ਸਹਿਕਾਰੀ ਉੱਦਮ ਹੈ। ਅਧਿਆਪਕਾਂ ਕੋਲ ਅਧਿਆਪਨ ਕਾਰਜਾਂ ਵਾਸਤੇ ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਯੋਗ ਵਿਦਿਆਰਥੀਆਂ ਦੇ ਰੂਪ ਵਿਚ ਲੋੜੀਂਦੇ ਸਾਧਨਾ ਦਾ ਹੋਣਾ ਜ਼ਰੂਰੀ ਹੈ।"

ਕਮਿਸ਼ਨ ਨੇ ਇਹ ਸ਼ਬਦ ਕਾਲਜ ਲਾਇਬ੍ਰੇਰੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।

### 1.4.4.3. ਕਾਲਜ ਲਾਇਬ੍ਰੇਰੀ : ਕਿਸਮਾਂ (Types of College Libraries)

ਕਾਲਜਾਂ ਦੀ ਵੱਖ-ਵੱਖ ਕਿਸਮਾਂ ਹੋਣ ਕਰਕੇ ਉਨ੍ਹਾਂ ਦੀ ਲਾਇਬ੍ਰੇਰੀਆਂ ਵਿਚ ਵੀ ਅੰਤਰ ਹੋਣਾ ਜ਼ਰੂਰੀ ਹੈ ਕਿਉਂਕਿ ਲਾਇਬ੍ਰੇਰੀ ਦੀ ਬਣਤਰ ਪਾਠ-ਸਮੱਗਰੀ ਆਦਿ ਪਾਠਕਾਂ ਦੀਆਂ ਲੋੜਾਂ ਅਨੁਸਾਰ ਹੀ ਹੁੰਦੀਆਂ ਹਨ। ਇਹ ਕਿਸਮਾਂ ਹਨ :

(1) ਐਮ.ਏ./ਐਮ.ਐਸ.ਸੀ./ਐਮ.ਕਾਮ. ਦੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਪੋਸਟ-ਗਰੈਜੂਏਟ ਲਾਇਬ੍ਰੇਰੀ;

(2) ਬੀ.ਏ./ਬੀ.ਐਸ.ਸੀ./ਬੀ.ਕਾਮ. ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਗਰੈਜੂਏਟ ਕਾਲਜ ਲਾਇਬ੍ਰੇਰੀ;

(3) ਤਕਨੀਕੀ ਕਾਲਜ ਲਾਇਬ੍ਰੇਰੀ, ਇਸ ਵਿਚ ਇੰਜੀਨੀਅਰਿੰਗ, ਖੇਤੀਬਾੜੀ, ਗ੍ਰਹਿ ਵਿਗਿਆਨ, ਸ਼ਿਲਪ ਕਲਾ ਆਦਿ ਆਉਂਦੇ ਹਨ;

(4) ਮੈਡੀਕਲ ਕਾਲਜ ਲਾਇਬ੍ਰੇਰੀ;

(5) ਸਿਖਲਾਈ ਕਾਲਜ ਲਾਇਬ੍ਰੇਰੀਆਂ ਵਿਚ ਬੀ.ਐਡ., ਬੀ.ਪੀ.ਐਡ. ਆਦਿ ਕਾਲਜ ਆਉਂਦੇ ਹਨ; ਅਤੇ

(6) ਬਹੁ-ਤਕਨੀਕੀ (ਪਾਲੀਟੈਕਨਿਕ) ਲਾਇਬ੍ਰੇਰੀ

### 1.4.4.4. ਕਾਲਜ ਲਾਇਬ੍ਰੇਰੀ ਬਣਤਰ ਅਤੇ ਸਰੂਪ (Structure)

ਆਧੁਨਿਕ ਕਾਲਜ ਲਾਇਬ੍ਰੇਰੀ ਵਿਚ ਹੇਠ ਲਿਖੇ ਅੰਸ਼ ਹੋਣੇ ਚਾਹੀਦੇ ਹਨ :

(1) ਉਪਯੋਗੀ ਸੁਵਿਧਾਪੂਰਨ ਅਤੇ ਚੰਗੀ ਇਮਾਰਤ;

(2) ਸਾਰੀਆਂ ਭੌਤਿਕ ਸੁਵਿਧਾਵਾਂ ਵਾਲੇ ਸਾਫ਼-ਸੁਥਰੇ ਆਧੁਨਿਕ ਪੜ੍ਹਨ-ਹਾਲ;

(3) ਪ੍ਰਭਾਵਸ਼ਾਲੀ ਨਿਜੀ ਸੰਦਰਭ/ਸੂਚਨਾ ਸੇਵਾ ਅਤੇ ਨਵੇਂ ਪਾਠਕਾਂ ਨੂੰ ਲਾਇਬ੍ਰੇਰੀ ਨਾਲ ਜਾਣੂ ਕਰਾਉਣ ਦਾ ਪ੍ਰਬੰਧ; ਅਤੇ

(4) ਪਾਠਕਾਂ/ਅਧਿਆਪਕਾਂ ਵਿਚ ਲੋੜਾਂ ਅਨੁਸਾਰ ਲਾਇਬ੍ਰੇਰੀ ਦੇ ਵੱਖ-ਵੱਖ ਵਿਭਾਗਾਂ ਵਿਚ ਵੰਡ ਅਤੇ ਉਨ੍ਹਾਂ ਵਿਚ ਪੂਰਾ ਤਾਲਮੇਲ।

### 1.4.4.5. ਕਰਤੱਵ (Functions)

ਕਾਲਜ ਲਾਇਬ੍ਰੇਰੀ ਦੇ ਮਨੋਰਥਾਂ ਨੂੰ ਪੂਰਾ ਕਰਨ ਲਈ ਕੁਝ ਕਰਤੱਵ ਨਿਭਾਉਣੇ ਪੈਂਦੇ ਹਨ। ਜਿਨ੍ਹਾਂ ਵਿਚ ਪ੍ਰਮੁੱਖ ਹਨ :

### 1.4.4.5.1. ਪਾਠ-ਸਮੱਗਰੀ ਦਾ ਇਕੱਤਰੀਕਰਨ (Collection of Reading Material)

ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਬਹੁਮੁਖੀ ਅਕਾਦਮਿਕ ਅਤੇ ਦੂਜੀਆਂ ਬੌਧਿਕ ਲੋੜਾਂ ਦੀ ਪੂਰਤੀ ਲਈ ਇਕ ਵਿਆਪਕ ਪੱਧਰ ਤੇ ਪਾਠ-ਸਮੱਗਰੀ ਅਤੇ ਦੂਜਾ ਸਾਜ-ਸਮਾਨ ਪ੍ਰਾਪਤ ਕਰਨਾ ਜ਼ਰੂਰੀ ਹੈ। ਇਸ ਸਮੱਗਰੀ ਦੀਆਂ ਨਿਮਨਲਿਖਿਤ ਕਿਸਮਾਂ ਹਨ :

(1) ਟੈਕਸਟ ਬੁਕਸ ਅਤੇ ਦੂਜੀਆਂ ਯੋਗ ਪੁਸਤਕਾਂ ਦਾ ਇਕ ਕਾਪੀ ਪ੍ਰਤੀ ਦਸ ਪਾਠਕਾਂ ਦੇ ਹਿਸਾਬ ਨਾਲ ਚੰਗਾ ਸੰਗ੍ਰਹਿ;

(2) ਅਧਿਆਪਕਾਂ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਲਈ ਵਿਸ਼ਾ ਦੀ ਉਚੇਰੀ ਪੁਸਤਕਾਂ;

(3) ਸੰਦਰਭ ਪੁਸਤਕਾਂ ਦਾ ਇਕ ਵਧੀਆ ਸੰਗ੍ਰਹਿ ਜਿਸ ਵਿਚ ਵਿਸ਼ਵਕੋਸ਼ (ਆਮ ਅਤੇ ਵਿਸ਼ੇ ਅਨੁਸਾਰ) ਭਾਸ਼ਾ ਅਤੇ ਵਿਸ਼ਾ ਸ਼ਬਦ ਕੋਸ਼, ਹੱਥ ਪੁਸਤਕਾਂ, ਜੀਵਨੀਆਂ ਅਤੇ ਭੂਗੋਲਿਕ ਸੂਚਨਾ ਦੇਣ ਵਾਲੀਆਂ ਪੁਸਤਕਾਂ ਹੋਣ। ਆਮ ਗਿਆਨ, ਕੰਪੀਟੀਸ਼ਨ ਅਤੇ ਦੂਜੀਆਂ ਆਮ-ਪੁਸਤਕਾਂ;

(4) ਮਨੋਰੰਜਨ ਅਤੇ ਨੀਮ ਪਾਠ ਲਈ ਹਲਕਾ-ਫੁਲਕਾ ਸਾਹਿਤ–ਯਾਤਰਾਵਾਂ ਦੇ ਵੇਰਵੇ, ਹਾਸੀ-ਮਜ਼ਾਕ, ਕਲਾ ਦੀਆਂ ਪੁਸਤਕਾਂ ਆਦਿ;

(5) ਚੁਣੇ ਰਸਾਲੇ ਅਤੇ ਵਿਸ਼ੇ ਦੀਆਂ ਪਤ੍ਰਿਕਾਵਾਂ;

(6) ਅਧਿਆਪਨ ਸਹਾਇਕ ਸਮੱਗਰੀ ਜਿਸ ਵਿਚ ਫ਼ਿਲਮਾਂ, ਫ਼ੋਟੋ, ਸੁਣਨ ਕੈਸਟਾਂ ਆਦਿ ਸ੍ਰਵਣ-ਦਰਸ਼ੀ ਵਸਤਾਂ ਹੋਣ; ਅਤੇ

(7) ਕੰਪਿਊਟਰ ਸੰਬੰਧੀ ਅਧਿਆਪਨ ਅਤੇ ਸਿੱਖਿਆ ਦਾ ਸਾਹਿਤ।

### 1.4.4.5.2. ਸੰਗ੍ਰਹਿ ਨੀਤੀ (Collection Policy)

ਪੁਸਤਕਾਂ ਦੀ ਪ੍ਰਾਪਤੀ ਇਕ ਠੋਸ ਸੰਗ੍ਰਹਿ ਨੀਤੀ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਇਸ ਵਿਚ 'ਪੁਸਤਕਾਲਾ ਸਲਾਹਾਕਾਰ ਸਮਿਤੀ' ਦੀ ਅਹਿਮ ਭੂਮਿਕਾ ਹੋਣੀ ਚਾਹੀਦੀ ਹੈ ਜਿਸ ਵਿਚ ਵੱਖ-ਵੱਖ ਵਿਸ਼ਿਆਂ ਦੇ ਮਾਹਿਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਪੇਸ਼ੇਵਰ ਲਾਇਬ੍ਰੇਰੀਅਨ ਨੂੰ ਪੁਸਤਕ ਚੋਣ ਸਾਧਨਾਂ ਦੀ ਸਹਾਇਤਾ ਨਾਲ ਮਾਹਿਰਾਂ ਦੀ ਮਦਦ ਕਰਨੀ ਚਾਹੀਦੀ ਹੈ। ਚੋਣ ਸੰਬੰਧੀ ਅਧਿਕਾਰੀਆਂ ਨੂੰ ਪ੍ਰਕਾਸ਼ਨ ਅਤੇ ਪ੍ਰਕਾਸ਼ਿਤ ਪੁਸਤਕਾਂ ਬਾਰੇ ਪੂਰਾ ਗਿਆਨ ਜ਼ਰੂਰੀ ਹੈ।

ਪੁਸਤਕ ਸਮੱਗਰੀ ਨਵੀਨ ਹੋਣੀ ਚਾਹੀਦੀ ਹੈ। ਪਾਠ ਪੁਸਤਕਾਂ ਦੇ ਪੁਰਾਣੇ ਅੰਕ ਜਾਂ ਦੂਜੀਆਂ ਪੁਸਤਕਾਂ ਜਿਹੜੀਆਂ ਵਰਤੋਂ ਵਿਚ ਨਹੀਂ ਆ ਰਹੀਆਂ ਉਨ੍ਹਾਂ ਨੂੰ ਖਾਰਜ਼ ਕਰਨ ਦੀ ਨੀਤੀ ਵੀ ਹੋਣੀ ਚਾਹੀਦੀ ਹੈ। ਇਸ ਨਾਲ ਸਥਾਨ ਦੀ ਸਮੱਸਿਆ (Space problem) ਹੱਲ ਹੋ ਸਕਦੀ ਹੈ।

ਵਿੱਤ ਦੀ ਕਮੀ ਦੀ ਮਾਰ ਤੋਂ ਬਚਣ ਲਈ ਅਤੇ ਚੰਗੀ ਸੇਵਾ ਲਈ ਲਾਇਬ੍ਰੇਰੀਆਂ ਵਿਚ ਸਹਿਯੋਗ (Cooperation) ਹੋਣਾ ਜ਼ਰੂਰੀ ਹੈ।

### 1.4.4.5.3. ਤਕਨੀਕੀ ਪ੍ਰਕ੍ਰਿਆ ਅਤੇ ਵਿਵਸਥਾ (Technical Processing and Organization)

ਕਾਲਜ ਲਾਇਬ੍ਰੇਰੀ ਵਿਚ ਪਾਠ-ਸਮੱਗਰੀ ਦੀ ਤਕਨੀਕੀ ਪ੍ਰਕ੍ਰਿਆ ਅਤੇ ਵਿਵਸਥਾ ਤੇ ਪੂਰਾ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਸਮੱਗਰੀ ਤਰਤੀਬ ਅਤੇ ਪ੍ਰਦਰਸ਼ਨ ਵਿਚ ਸਹਾਇਤਾ ਮਿਲ ਸਕੇ। ਵਰਗੀਕਰਨ ਦੀ ਵਿਧੀ ਦੀ ਚੋਣ ਲਈ ਜ਼ਰੂਰੀ ਹੈ ਕਿ :

(1) ਪ੍ਰਣਾਲੀ ਦਾ ਪ੍ਰਯੋਗ ਪਾਠਕਾਂ ਨੂੰ ਮਨਜ਼ੂਰ ਹੋਵੇ;

(2) ਪ੍ਰਣਾਲੀ ਦਾ ਇਕ ਕੇਂਦਰੀ ਆਧਾਰ ਹੋਣਾ ਚਾਹੀਦਾ ਹੈ ਜਿੱਥੇ ਪ੍ਰਣਾਲੀ ਦੀ ਸਮੇਂ-ਸਮੇਂ ਸਿਰ ਸੋਧ ਅਤੇ ਨਵੀਨੀਕਰਨ ਕੀਤਾ ਜਾ ਸਕੇ; ਅਤੇ

(3) ਪ੍ਰਣਾਲੀ ਵਿਚ ਆਤੰਰਿਕ ਗੁਣ ਹੋਣਾ ਚਾਹੀਦਾ ਹੈ ਜਿਸ ਦੀ ਸਹਾਇਤਾ ਨਾਲ ਕੀਤੀ ਤਰਤੀਬ ਨੂੰ ਹਿਲਾਏ ਬਿਨਾ ਨਵੇਂ ਵਿਸ਼ਿਆਂ ਨੂੰ ਵੀ ਸੰਜੋਆ ਜਾ ਸਕੇ। ਭਾਰਤ ਵਿਚ ਡੀ.ਡੀ.ਸੀ.; ਸੀ.ਸੀ. ਅਤੇ ਯੂ.ਡੀ.ਸੀ. ਪ੍ਰਣਾਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਕਾਲਜ ਲਾਇਬ੍ਰੇਰੀ ਦੀ ਸੂਚੀ ਵੀ ਅੰਤਰ-ਰਾਸ਼ਟਰੀ ਪੱਧਰ ਤੇ ਮਨਜ਼ੂਰ ਵਿਧੀ ਤੇ ਬਣਾਉਣੀ ਚਾਹੀਦੀ ਹੈ। ਭਾਰਤ ਵਿਚ ਏ.ਏ.ਸੀ.ਆਰ.-II ਅਤੇ ਸੀ.ਸੀ.ਸੀ. ਦੀ ਵਰਤੋਂ ਹੋ ਰਹੀ ਹੈ।

ਕਈ ਲਾਇਬ੍ਰੇਰੀਆਂ ਵਿਚ ਕੰਪਿਊਟਰ ਸਿਸਟਮ ਦਾ ਪ੍ਰਯੋਗ ਵੀ ਚੋਣਵੀਆਂ ਲਾਇਬ੍ਰੇਰੀਆਂ ਵਿਚ ਸ਼ੁਰੂ ਕੀਤਾ ਗਿਆ ਹੈ।

### 1.4.4.6. ਲਾਇਬ੍ਰੇਰੀ ਸੇਵਾ ਅਤੇ ਵਰਤੋਂ ਕਰਨ ਵਾਲਾ ਸਮੂਹ (Library Service and User Community)

ਕਾਲਜ ਲਾਇਬ੍ਰੇਰੀ ਦਾ ਦੂਜਾ ਥੰਮ੍ਹ, ਇਸ ਦੀ ਸਮੱਗਰੀ ਦੀ ਵਰਤੋਂ ਕਰਨ ਵਾਲਾ ਸਮੂਹ ਹੈ। ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਤੋਂ ਇਲਾਵਾ ਜਿਸ ਵਿਚ ਲੇਖਕ, ਲਿਖਾਰੀ, ਵਕੀਲ ਅਤੇ ਸਮਾਜ ਦੇ ਦੂਜੇ ਤਬਕੇ ਦੇ ਲੋਕ ਵੀ ਆ ਸਕਦੇ ਹਨ। ਲਾਇਬ੍ਰੇਰੀ ਨੂੰ ਨਿਯਮਾਂ ਅਨੁਸਾਰ ਵਰਤੋਂ ਕਰਨ ਵਾਲਿਆਂ ਦੀ ਭਰਪੂਰ ਸੇਵਾ ਕਰਨੀ ਚਾਹੀਦੀ ਹੈ। ਕਾਲਜ ਲਾਇਬ੍ਰੇਰੀ ਤੋਂ ਨਿਮਨਲਿਖਿਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ :

(1) ਪਾਠ-ਪੁਸਤਕਾਂ ਦੀ ਸੇਵਾਵਾਂ (Text-Book Service);

(2) ਪੁਸਤਕਾਂ ਉਧਾਰ ਦੇਣਾ ਅਤੇ ਵਾਪਸ ਲੈਣਾ ਅਤੇ ਅੰਤਰ-ਲਾਇਬ੍ਰੇਰੀ ਸੇਵਾਵਾਂ (Inter Library Loan);

(3) ਪੜ੍ਹਣ-ਹਾਲ ਸੇਵਾਵਾਂ (Reading Room Services);

(4) ਸੂਚਨਾ ਅਤੇ ਸੰਦਰਭ ਸੇਵਾਵਾਂ;

(5) ਨਵੀਆਂ ਪ੍ਰਾਪਤ ਪੁਸਤਕਾਂ ਦੀ ਪ੍ਰਦਰਸ਼ਨੀ ਅਤੇ ਉਨ੍ਹਾਂ ਦੀ ਸੂਚੀ ਜ਼ਾਰੀ ਕਰਨਾ;

(6) ਵਿਸ਼ੇਸ਼ ਰੁਚੀ ਅਤੇ ਮੰਗ ਤੇ ਪ੍ਰਲੇਖਣ ਸੇਵਾ;

(7) ਫੋਟੋਸਟੈਟ ਸੇਵਾਵਾਂ;

(8) ਸ੍ਰਵਣ-ਦਰਸ਼ੀ ਸੇਵਾਵਾਂ (Audio Visual Aids)–ਫਿਲਮਾਂ ਦਿਖਾਣਾ, ਟੇਪਜ਼ ਆਦਿ ਦੀ ਸੇਵਾਵਾਂ;

(9) ਪ੍ਰਦਰਸ਼ਨੀ ਅਤੇ ਪੁਸਤਕਾਂ ਦਾ ਪ੍ਰਗਟਾਵਾ; ਅਤੇ

(10) ਪਾਠਕਾਂ ਨੂੰ ਲਾਇਬ੍ਰੇਰੀ ਪ੍ਰਯੋਗ ਵਿਚ ਸਹਾਇਤਾ ਪ੍ਰਦਾਨ ਕਰਨਾ।

ਇਨ੍ਹਾਂ ਵਿਚ ਪਾਠ-ਪੁਸਤਕ (Text-Book) ਸੇਵਾ ਤੇ ਜ਼ੋਰ ਦੇਣਾ ਚਾਹੀਦਾ ਹੈ। ਵਿਦਿਆਰਥੀਆਂ ਲਈ ਇਹ ਇਕ ਅਹਿਮ ਸੇਵਾ ਹੈ। ਪਾਠ-ਪੁਸਤਕਾਂ ਨੂੰ ਰਾਖਵੀਆਂ ਕਰਨ ਦੇ ਵੀ ਨਿਯਮ ਹੋਣੇ ਚਾਹੀਦੇ ਹਨ, ਨਹੀਂ ਤਾਂ ਕੁੱਝ ਵਿਦਿਆਰਥੀ ਹੀ ਲਾਭ ਉਠਾ ਸਕਣਗੇ।

### 1.4.4.7. ਭੌਤਿਕ ਸੁਵਿਧਾਵਾਂ (Physical Facilities)

ਵਿਦਿਆਰਥੀਆਂ ਨੂੰ ਪੜ੍ਹਣ ਦੀ ਸੁਵਿਧਾਵਾਂ ਪ੍ਰਦਾਨ ਕਰਨ ਲਈ ਕਾਲਜ ਲਾਇਬ੍ਰੇਰੀ ਨੂੰ ਇਕ ਕ੍ਰਿਆਸ਼ੀਲ, ਮਨ-ਭਾਵਨੀ ਅਲੱਗ ਇਮਾਰਤ ਵਿਚ ਹੋਣਾ ਜ਼ਰੂਰੀ ਹੈ। ਅਲੱਗ ਇਮਾਰਤ ਦੀ ਧਾਰਣਾ ਨੂੰ ਯੂ.ਜੀ.ਯੀ. ਨੇ ਵੀ ਆਪਣੀ ਪ੍ਰਵਾਨਗੀ ਦਿੱਤੀ ਹੈ। ਕਾਲਜ ਇਮਾਰਤ ਦੀ ਥਾਂ ਕਾਲਜ ਪਰਿਸਪਰ ਦੇ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਭਵਿੱਖ ਵਿਚ ਲੋੜ ਅਨੁਸਾਰ ਵਧਾਉਣ ਲਈ ਲੋੜੀਂਦੀ ਖਾਲੀ ਥਾਂ ਵੀ ਹੋਣੀ ਚਾਹੀਦੀ ਹੈ। ਇਮਾਰਤ ਵਿਚ ਸਟੈਕ ਏਰੀਆ, ਸੰਦਰਭ ਪੁਸਤਕਾਂ ਲਈ ਵੱਖ ਸਥਾਨ, ਪੜ੍ਹਣ ਦਾ ਕਮਰਾ, ਅਤੇ ਦੂਜੇ ਕਾਰਜਾਂ ਲਈ ਖੁੱਲ੍ਹੀ ਥਾਂ ਹੋਣੀ ਚਾਹੀਦੀ ਹੈ।

ਇਮਾਰਤ ਦੇ ਅੰਦਰ ਦੀ ਸਜਾਵਟ ਹਲਕੇ ਰੰਗਾਂ, ਫੁੱਲਾਂ, ਚਿੱਤਰਾਂ ਆਦਿ ਨਾਲ ਢੁੱਕਵੇਂ ਢੰਗ ਨਾਲ ਕੀਤੀ ਹੋਣੀ ਚਾਹੀਦੀ ਹੈ, ਪਾਠਕਾਂ ਲਈ ਆਰਾਮਦਾਇਕ ਫਰਨੀਚਰ, ਫੋਟੋਸਟੈਟ ਮਸ਼ੀਨ, ਸ੍ਰਵਣ-ਦਰਸ਼ੀ ਸਮੱਗਰੀ ਅਤੇ ਉਨ੍ਹਾਂ ਦੇ ਉਪਕਰਣਾਂ ਨੂੰ ਰਖਣ ਲਈ ਥਾਂ, ਕੰਪਿਊਟਰ ਦਾ ਕਮਰਾ ਆਦਿ ਸਭ ਕੁਝ ਇਮਾਰਤ ਵਿਚ ਹੋਣੇ ਚਾਹੀਦੇ ਹਨ।

### 1.4.4.8. ਪੇਸ਼ੇਵਰ ਕਰਮਚਾਰੀ (Professional Staff)

ਕਾਲਜ ਲਾਇਬ੍ਰੇਰੀ ਦਾ ਮੁਖੀ ਪੇਸ਼ੇਵਰ ਉੱਚ-ਸਿੱਖਿਆ ਪ੍ਰਾਪਤ ਤਜਰਬੇਕਾਰ ਮਿਹਨਤੀ ਵਿਅਕਤੀ ਹੋਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਲਾਇਬ੍ਰੇਰੀਅਨ ਦਾ ਅਹੁਦਾ ਅਤੇ ਤਨਖ਼ਾਹ ਆਦਿ ਕਾਲਜ ਅਧਿਆਪਕਾਂ ਦੇ ਬਰਾਬਰ ਹੋਣੀ ਚਾਹੀਦੀ ਹੈ। ਬਾਕੀ ਕਰਮਚਾਰੀਆਂ ਦੀਆਂ ਨਿਯੁਕਤੀਆਂ ਲਾਇਬ੍ਰੇਰੀ ਦੇ ਆਕਾਰ, ਪਾਠਕਾਂ ਦੀ ਸੰਖਿਆ ਅਤੇ ਲਾਇਬ੍ਰੇਰੀ ਦੁਆਰਾ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ। ਇਸ ਬਾਰੇ ਯੂ.ਜੀ.ਸੀ. ਦੁਆਰਾ ਮਾਨਤਾ ਪ੍ਰਾਪਤ ਇਕ ਕਸਵੱਟੀ ਵੀ ਉਪਲੱਬਧ ਹੈ। ਕਾਲਜ ਲਾਇਬ੍ਰੇਰੀ ਦੀ ਸਫ਼ਲਤਾ ਪੇਸ਼ੇਵਰ ਕਰਮਚਾਰੀਆਂ ਦੀ ਯੋਗਤਾ ਤੇ ਆਧਾਰਿਤ ਹੁੰਦੀ ਹੈ।

### 1.4.4.9. ਕਾਲਜ ਪ੍ਰਬੰਧ (College Management)

ਕਾਲਜ ਪ੍ਰਬੰਧ ਦੁਆਰਾ ਲਾਇਬ੍ਰੇਰੀ ਨੂੰ ਇਕ ਪ੍ਰਕਾਸ਼-ਪੁੰਜ (Light House); ਇਕ ਸ਼ਕਤੀ ਦਾ ਕੇਂਦਰ ਅਤੇ ਸਿੱਖਿਆ ਦਾ ਮੰਦਰ ਮੰਨਣਾ ਚਾਹੀਦਾ ਹੈ। ਅਜਿਹਾ ਪ੍ਰਬੰਧ ਲਾਇਬ੍ਰੇਰੀ ਨੂੰ ਵੱਧ ਤੋਂ ਵੱਧ ਵਿੱਤ ਆਦਿ ਦਾ ਪ੍ਰਬੰਧ ਕਰੇਗਾ। ਇਸ ਲਈ ਇਕ ਲਾਇਬ੍ਰੇਰੀ ਸਲਾਹਕਾਰ ਕਮੇਟੀ ਬਣਾਉਣ ਦੀ ਜ਼ਰੂਰਤ ਹੈ।

### 1.4.4.10. ਵਿੱਤ ਅਤੇ ਬਜਟ (Finance and Budget)

ਡਾ. ਰਾਧਾਕ੍ਰਿਸ਼ਨਨ ਕਮਿਸ਼ਨ ਨੇ ਸਿਫ਼ਾਰਿਸ਼ ਕੀਤੀ ਕਿ ਕਾਲਜ ਦੇ ਬਜਟ ਦਾ 6% ਹਿੱਸਾ ਲਾਇਬ੍ਰੇਰੀਆਂ ਦੇ ਵਿਕਾਸ ਤੇ ਖ਼ਰਚ ਕੀਤਾ ਜਾਵੇ। ਇਸ ਰਾਸ਼ੀ ਨੂੰ ਕੋਠਾਰੀ ਕਮਿਸ਼ਨ ਨੇ ਵਧਾ ਕੇ 10% ਕਰ ਦਿੱਤਾ। ਕਰਨਾਟਕ ਸਟੇਟ ਯੂਨੀਵਰਸਿਟੀ ਰਿਵਿਊ ਕਮੇਟੀ ਨੇ ਕਾਲਜ ਲਾਇਬ੍ਰੇਰੀ ਦੇ ਮਹੱਤਵ ਨੂੰ ਸਮਝਦੇ ਹੋਏ ਬਜਟ ਨੂੰ 20% ਕਰ ਦਿੱਤਾ, ਜਿਹੜਾ ਵਾਧਾ ਸਿੱਖਿਆ ਅਤੇ ਖੋਜ਼ ਦੇ ਕੰਮ ਵਿਚ ਲਾਇਬ੍ਰੇਰੀ ਦੀ ਭੂਮਿਕਾ ਨੂੰ ਵੇਖਦੇ ਹੋਏ ਉਚਿਤ ਹੀ ਹੈ।

ਪੁਸਤਕਾਂ ਅਤੇ ਹੋਰ ਪਾਠ-ਸਮੱਗਰੀ ਦੀਆਂ ਕੀਮਤਾਂ ਵਿਚ ਵਾਧੇ ਨੂੰ ਦੇਖਦੇ ਹੋਏ ਲਾਇਬ੍ਰੇਰੀ ਬਜਟ ਜਿਹੜਾ ਹੁਣ ਆਮ ਕਰਕੇ 3% ਤੋਂ 5% ਹੈ, ਵਧਾ ਕੇ ਘੱਟੋ-ਘੱਟ 15% ਕਰ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਤੋਂ 'ਲਾਇਬ੍ਰੇਰੀ ਡਿਵੈਲਪਮੈਂਟ ਫ਼ੀਸ' ਦਾ ਪ੍ਰਵਧਾਨ ਕੀਤਾ ਜਾ ਸਕਦਾ ਹੈ ਪਰ ਇਸ ਲਈ ਚੰਗੀ ਸੇਵਾ ਦਾ ਭਰੋਸਾ ਦੇਣਾ ਜ਼ਰੂਰੀ ਹੈ।

ਕਾਲਜ ਲਾਇਬ੍ਰੇਰੀ ਦਾ ਬਜਟ ਬਣਾਉਂਦੇ ਸਮੇਂ ਨਿਮਨਲਿਖਿਤ ਤੱਥਾਂ ਨੂੰ ਧਿਆਨ ਵਿਚ ਰਖਿਆ ਜਾਵੇ :

(1) ਕਾਲਜ ਦੀ ਸਿੱਖਿਆ ਪਾਠਕ੍ਰਮ ਦੀ ਕਿਸਮ, ਵਿਸਤਾਰ ਅਤੇ ਪੱਧਰ;

(2) ਸਿੱਖਿਆ ਪ੍ਰਦਾਨ ਕਰਨ ਦੇ ਤਰੀਕੇ;

(3) ਪਾਠਕ੍ਰਮ ਲਈ ਮੌਜੂਦਾ ਉਪਲੱਬਧ ਪਾਠ ਸਮੱਗਰੀ ਅਤੇ ਪਾਠਕ੍ਰਮ ਦੇ ਸੰਬੰਧ ਵਿਚ ਪ੍ਰਕਾਸ਼ਿਤ ਹੋਣ ਵਾਲੀ ਸਮੱਗਰੀ ਦੀ ਮਿਕਦਾਰ;

(4) ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਗਿਣਤੀ;

(5) ਕਾਲਜ ਲਾਇਬ੍ਰੇਰੀ ਦੁਆਰਾ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ; ਅਤੇ

(6) ਯੂਨੀਵਰਸਿਟੀ ਅਤੇ ਦੂਜੇ ਕਾਲਜ ਨਾਲ ਸਮੱਗਰੀ ਦੀ ਸਾਂਝ (Resource sharing) ਆਦਿ ਦਾ ਪ੍ਰਬੰਧ

## 1.4.4.11. ਕਾਲਜ ਲਾਇਬ੍ਰੇਰੀ ਦੀ ਵਰਤਮਾਨ ਸਥਿਤੀ (Present Situation of College Libraries)

ਕੀਤੀ ਗਈ ਚਰਚਾ ਵਿਚ ਕਾਲਜ ਲਾਇਬ੍ਰੇਰੀ ਦੀ ਕਾਲਜ ਵਿੱਦਿਆ ਵਿਚ ਮਹੱਤਤਾ, ਇਸ ਦੇ ਮਨੋਰਥਾਂ ਅਤੇ ਕਰਤੱਵਾਂ ਬਾਰੇ ਰੋਸ਼ਨੀ ਪਾਈ ਹੈ। ਇਸ ਮੁਤਾਬਕ ਇਹ ਦਰਸਾਉਣ ਦੀ ਚੇਸ਼ਟਾ ਕੀਤੀ ਗਈ ਹੈ ਕਿ ਕਾਲਜ ਲਾਇਬ੍ਰੇਰੀ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਉਹ ਉਚੇਰੀ ਵਿੱਦਿਆ ਵਿਚ ਕੀ-ਕੀ ਕਰ ਸਕਦੀ ਹੈ ਜਾਂ ਕੀ-ਕੀ ਕਰਨਾ ਚਾਹੀਦਾ ਹੈ।

ਪਰ ਜੇਕਰ ਅਸੀਂ ਭਾਰਤ ਵਿਚਲੀਆਂ ਕਾਲਜ ਲਾਇਬ੍ਰੇਰੀਆਂ ਉੱਪਰ ਇਕ ਆਲੋਚਨਾਤਮਕ ਅਤੇ ਪੜਚੋਲਾਤਮਕ ਨਜ਼ਰ ਮਾਰੀਏ ਤਾਂ ਸਾਨੂੰ ਇਨ੍ਹਾਂ ਵਿਚ ਅਨੇਕ ਕਮੀਆਂ ਵੇਖਣ ਨੂੰ ਮਿਲਣਗੀਆਂ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਕਾਲਜ ਲਾਇਬ੍ਰੇਰੀਆਂ ਸੰਬੰਧੀ ਕੁਝ ਸਰਵੇਖਣ ਕੀਤੇ ਗਏ ਹਨ, ਜਿਨ੍ਹਾਂ ਤੋਂ ਅਨੇਕ ਤਰ੍ਹਾਂ ਦੇ ਤੱਥ ਸਾਹਮਣੇ ਆਉਂਦੇ ਹਨ। ਇਨ੍ਹਾਂ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਜਿੱਥੇ ਬਹੁਤ ਚੰਗੀਆਂ ਅਤੇ ਕੁਸ਼ਲ ਸੇਵਾ ਪ੍ਰਦਾਨ ਕਰਨ ਵਾਲੀਆਂ ਲਾਇਬ੍ਰੇਰੀਆਂ ਮੌਜੂਦ ਹਨ, ਉੱਥੇ ਹੀ ਕੁਝ ਅਜਿਹੀਆਂ ਕਾਲਜ ਲਾਇਬ੍ਰੇਰੀਆਂ ਵੀ ਹਨ, ਜੋ ਘਟੀਆ ਕਿਸਮ ਦੀਆਂ ਹਨ ਅਤੇ ਉਨ੍ਹਾਂ ਦੀ ਹੋਂਦ ਨਾਂ-ਮਾਤਰ ਹੀ ਹੈ।

### (1) ਪਾਠ ਸਮੱਗਰੀ ਸੰਗ੍ਰਹਿ (Library Collection)

ਬਹੁਗਿਣਤੀ ਕਾਲਜ ਲਾਇਬ੍ਰੇਰੀਆਂ ਦਾ ਪੁਸਤਕ ਸੰਗ੍ਰਹਿ ਕਮਜ਼ੋਰ, ਨਾਕਾਫ਼ੀ ਅਤੇ ਦਰਮਿਆਨਾ ਜਿਹਾ ਹੈ, ਜੋ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸ਼੍ਰੇਣੀ ਤੋਂ ਬਾਹਰਲੇ ਅਧਿਐਨ ਲਈ ਪ੍ਰੇਰਣਾ ਪ੍ਰਦਾਨ ਨਹੀਂ ਕਰਦਾ। ਕਈ ਕਾਲਜ ਲਾਇਬ੍ਰੇਰੀਆਂ ਵਿਚ ਖੁੱਲ੍ਹੀ-ਪਹੁੰਚ ਨਾ ਹੋਣ ਕਰਕੇ ਪੁਸਤਕਾਂ ਅਲਮਾਰੀਆਂ ਵਿਚ ਹੀ ਬੰਦ ਮਿਲਦੀਆਂ ਹਨ ਅਤੇ ਉਹ ਸਹੀ ਪਾਠਕਾਂ ਤਕ ਨਹੀਂ ਪਹੁੰਚਦੀਆਂ। ਕੁਝ ਕਾਲਜਾਂ ਵਿਚ ਪੁਸਤਕਾਂ ਅਧਿਆਪਕ ਲੈ ਜਾਂਦੇ ਹਨ, ਜੋ ਸਾਲਾਂ ਬੱਧੀ ਵਾਪਸ ਨਹੀਂ ਕਰਦੇ, ਜਿਸ ਕਰਕੇ ਵਿਦਿਆਰਥੀ ਪੜ੍ਹਨ ਤੋਂ ਵਾਂਝੇ ਰਹਿ ਜਾਂਦੇ ਹਨ। ਲੋੜੀਂਦੀਆਂ ਸੰਦਰਭ ਪੁਸਤਕਾਂ ਦੀ ਵੀ ਆਮ ਕਰਕੇ ਅਣਹੋਂਦ ਹੀ ਹੁੰਦੀ ਹੈ। ਇਸੇ ਤਰ੍ਹਾਂ ਹੀ ਭਿੰਨ-ਭਿੰਨ ਵਿਸ਼ਿਆਂ ਸੰਬੰਧੀ ਰਸਾਲੇ ਵੀ ਨਹੀਂ ਦੇ ਬਰਾਬਰ ਹੁੰਦੇ ਹਨ।

### (2) ਲਾਇਬ੍ਰੇਰੀ ਬਜਟ (Library Budget)

ਜਿਥੋਂ ਤਕ ਮਾਲੀ ਸਹਾਇਤਾ ਦਾ ਸੰਬੰਧ ਹੈ, ਉਹ ਵੀ ਸੰਤੋਖਜਨਕ ਨਹੀਂ ਹੈ। ਭਾਵੇਂ ਰਾਜ ਸਰਕਾਰਾਂ ਕਾਲਜਾਂ ਨੂੰ ਪੁਸਤਕਾਂ ਆਦਿ ਦੀ ਖ਼ਰੀਦ ਵਾਸਤੇ ਗ੍ਰਾਂਟ ਦਿੰਦੀਆਂ ਹਨ, ਪਰ ਇਹ ਵੀ ਸਾਰੇ ਕਾਲਜਾਂ ਨੂੰ ਨਹੀਂ ਮਿਲਦੀ। ਜਿੱਥੇ ਮਿਲਦੀ ਹੈ, ਸਮੇਂ ਸਿਰ ਨਹੀਂ ਪਹੁੰਚਦੀ, ਜਿਸ ਕਰਕੇ ਢੁੱਕਵੀਂ ਪੜ੍ਹਨ ਸਮੱਗਰੀ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ।

### (3) ਤਕਨੀਕੀ ਪ੍ਰਕ੍ਰਿਆ ਅਤੇ ਵਿਵਸਥਾ (Technical Processes and Organization)

ਵੇਖਣ ਵਿਚ ਆਇਆ ਹੈ ਕਿ ਅਨੇਕ ਕਾਲਜ ਲਾਇਬ੍ਰੇਰੀਆਂ ਵਿਚ ਪੁਸਤਕਾਂ ਨੂੰ ਅਲਮਾਰੀਆਂ ਜਾਂ ਸ਼ੈਲਫ਼ਾਂ ਉੱਪਰ ਤਰਤੀਬ ਦੇਣ ਵਾਸਤੇ ਹੀ ਯੋਗ ਅਤੇ ਲੋੜੀਂਦੇ ਉਪਰਾਲੇ ਨਹੀਂ ਕੀਤੇ ਜਾਂਦੇ। ਪੁਸਤਕਾਂ ਦਾ ਯੋਗ ਢੰਗ ਨਾਲ ਵਰਗੀਕਰਨ ਅਤੇ ਸੂਚੀਕਰਨ ਨਹੀਂ ਕੀਤਾ ਜਾਂਦਾ, ਜਿਸ ਦੀ ਬਦੌਲਤ ਜਾਂ ਤਾਂ ਪੁਸਤਕਾਂ ਅਲਮਾਰੀਆਂ ਤਕ ਪਹੁੰਚਦੀਆਂ ਹੀ ਨਹੀਂ ਤੇ ਜਾਂ ਫਿਰ ਲੱਭਦੀਆਂ ਨਹੀਂ। ਪੁਸਤਕਾਂ ਬੰਦ ਅਲਮਾਰੀਆਂ ਵਿਚ ਰਖੀਆਂ ਜਾਂਦੀਆਂ ਹਨ ਅਤੇ ਪਾਠਕਾਂ ਨੂੰ ਇਸ ਵੱਲ ਖੁੱਲ੍ਹੀ ਪਹੁੰਚ (Open Access) ਨਹੀਂ ਪ੍ਰਦਾਨ ਕੀਤੀ ਜਾਂਦੀ।

### (4) ਲਾਇਬ੍ਰੇਰੀ ਇਮਾਰਤ ਅਤੇ ਭੌਤਿਕ ਸੁਵਿਧਾਵਾਂ (Library Building and Physical Facilities)

ਅਨੇਕ ਕਾਲਜ ਲਾਇਬ੍ਰੇਰੀਆਂ ਕੋਲ ਆਪਣੀ ਇਮਾਰਤ ਨਹੀਂ ਹੈ। ਇਹ ਲਾਇਬ੍ਰੇਰੀਆਂ ਜਾਂ ਕਿਸੇ ਸ਼੍ਰੇਣੀ ਵਿਚ ਹੁੰਦੀਆਂ ਹਨ ਜਾਂ ਕਿਸੇ ਵੱਡੇ ਹਾਲ ਵਿਚ ਜਾਂ ਫਿਰ ਕਿਸੇ ਪ੍ਰਯੋਗਸ਼ਾਲਾ ਜਾਂ ਬਹੁ-ਮੰਤਵੀ ਕਮਰੇ ਵਿਚ। ਇਸ ਲਈ ਲਾਇਬ੍ਰੇਰੀ ਬਹੁਤਾ ਸਮਾਂ ਬੰਦ ਹੀ ਮਿਲਦੀ ਹੈ। ਇਨ੍ਹਾਂ ਲਾਇਬ੍ਰੇਰੀਆਂ ਕੋਲ ਜਗ੍ਹਾ ਦੀ ਇਤਨੀ ਥੁੜ੍ਹ ਹੈ ਕਿ ਨਾ ਤਾਂ ਉੱਥੇ ਹੋਰ ਅਲਮਾਰੀ ਰੱਖੀ ਜਾ ਸਕਦੀ ਹੈ ਅਤੇ ਨਾ ਹੀ ਕੋਈ ਵਧੀਕ ਮੇਜ਼ ਕੁਰਸੀ। ਪਾਠਕਾਂ ਦੇ ਬੈਠ ਕੇ ਪੜ੍ਹਨ ਵਾਸਤੇ ਲੋੜੀਂਦਾ ਫ਼ਰਨੀਚਰ ਨਹੀਂ ਹੁੰਦਾ, ਲੋੜੀਂਦਾ ਮਾਹੌਲ ਨਹੀਂ ਹੁੰਦਾ, ਇਥੋਂ ਤਕ ਕਿ ਗਰਮੀ ਦੇ ਮੌਸਮ ਵਿਚ ਪੱਖੇ ਤਕ ਖ਼ਰਾਬ ਪਏ ਰਹਿੰਦੇ ਹਨ।

### (5) ਲਾਇਬ੍ਰੇਰੀ ਸੇਵਾਵਾਂ (Library Services)

ਲਾਇਬ੍ਰੇਰੀ ਸੇਵਾਵਾਂ ਬਾਰੇ ਤਾਂ ਜਿੰਨਾ ਘੱਟ ਜ਼ਿਕਰ ਕਰੋ, ਉਤਨਾ ਹੀ ਅੱਛਾ, ਕਿਉਂਕਿ ਬਹੁ-ਗਿਣਤੀ ਕਾਲਜ ਲਾਇਬ੍ਰੇਰੀਆਂ ਵਿਚ ਸਿਵਾਏ ਪੁਸਤਕਾਂ ਲੈਣ-ਦੇਣ ਦੇ ਹੋਰ ਕੋਈ ਕੰਮ ਕੀਤਾ ਹੀ ਨਹੀਂ ਜਾਂਦਾ। ਸੰਦਰਭ ਸੇਵਾ ਤਾਂ ਪੂਰੀ ਤਰ੍ਹਾਂ ਹੀ ਗ਼ੈਰ-ਹਾਜ਼ਰ ਹੈ। ਜਦ ਇਹ ਕਾਲਜ ਵਿਦਿਆਰਥੀ ਯੂਨੀਵਰਸਿਟੀਆਂ ਵਿਚ ਪਹੁੰਚਦੇ ਹਨ ਤਾਂ ਇਕਾ-ਦੁੱਕਾ ਨੂੰ ਛੱਡ ਕੇ ਬਾਕੀ ਵੱਡੀ ਗਿਣਤੀ ਨੂੰ ਲਾਇਬ੍ਰੇਰੀ ਅਤੇ ਇਸ ਵਿਚਲੀ ਸਮੱਗਰੀ ਬਾਰੇ ਕੋਈ ਗਿਆਨ ਨਹੀਂ ਹੁੰਦਾ। ਇਹ ਸਭ ਇਸ ਲਈ, ਕਿਉਂਕਿ ਕਾਲਜਾਂ ਵਿਚ ਲੋੜੀਂਦੀ ਲਾਇਬ੍ਰੇਰੀ ਸੇਵਾ ਪ੍ਰਦਾਨ ਨਹੀਂ ਕੀਤੀ ਜਾਂਦੀ।

### (6) ਪੇਸ਼ੇਵਰ ਲਾਇਬ੍ਰੇਰੀ ਕਰਮਚਾਰੀ (Professional Staff)

ਬਹੁ-ਗਿਣਤੀ ਕਾਲਜ ਲਾਇਬ੍ਰੇਰੀਆਂ ਵਿਚ ਕਾਫ਼ੀ ਹੱਦ ਤੱਕ ਸਟਾਫ਼ ਦੀ ਥੁੜ੍ਹ ਮਹਿਸੂਸ ਕੀਤੀ ਜਾਂਦੀ ਹੈ। ਅਨੇਕ ਲਾਇਬ੍ਰੇਰੀਆਂ ਵਿਚ ਇਕ ਜਾਂ ਦੋ ਸਟਾਫ਼ ਮੈਂਬਰ ਹੁੰਦੇ ਹਨ, ਜੋ ਲਾਇਬ੍ਰੇਰੀ ਦਾ ਸਾਰਾ ਕੰਮ ਤਸੱਲੀਬਖਸ਼ ਢੰਗ ਨਾਲ ਨਹੀਂ ਕਰ ਸਕਦੇ। ਕਾਲਜ ਲਾਇਬ੍ਰੇਰੀਅਨ ਨੂੰ ਅਜੇ ਵੀ ਅਧਿਆਪਕਾਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ, ਬਾਵਜੂਦ ਇਸ ਦੇ ਕਿ ਉਸ ਨੂੰ ਉਨ੍ਹਾਂ ਦੇ ਬਰਾਬਰ ਤਨਖ਼ਾਹ ਸਕੇਲ ਮਿਲ ਚੁੱਕਾ ਹੈ। ਉਸ ਨੇ ਕੰਮ ਕਰਨ ਦੀ ਪੂਰੀ ਜ਼ਿੰਮੇਵਾਰੀ ਅਤੇ ਆਜ਼ਾਦੀ ਨਹੀਂ ਦਿੱਤੀ ਜਾਂਦੀ ਅਤੇ ਨਾ ਹੀ ਉਸ ਦੇ ਵਿਚਾਰਾਂ ਨੂੰ ਵੱਧਣ ਫੁੱਲਣ ਦਿੱਤਾ ਜਾਂਦਾ ਹੈ।

### (7) ਵਰਤਮਾਨ ਸਥਿਤੀ ਦੇ ਕਾਰਨ (Reasons of Present Situations)

ਕਾਲਜ ਲਾਇਬ੍ਰੇਰੀਆਂ ਦੀ ਇਸ ਤਰ੍ਹਾਂ ਦੀ ਮੰਦਭਾਗੀ ਹਾਲਤ ਸ਼ਾਇਦ ਇਸ ਕਰਕੇ ਹੈ ਕਿ ਅਸੀਂ ਕਾਲਜ ਵਿੱਦਿਆ ਦਾ ਇਹ ਮਨੋਰਥ ਨਹੀਂ ਪਛਾਣਿਆ ਕਿ ਨਵੀਂ ਪੀੜ੍ਹੀ ਵਿਚ ਬੌਧਿਕ ਆਜ਼ਾਦੀ ਪ੍ਰਫੁੱਲਤ ਹੋਵੇ, ਗਿਆਨ ਵਿਚ ਵਾਧਾ ਹੋਵੇ, ਦੇਸ਼ ਪਿਆਰ ਜਾਗੇ ਅਤੇ ਸਮਾਜ ਦੇ ਭਲਾਈ ਦੇ ਕੰਮਾਂ ਵਿਚ ਰੁਚੀ ਪੈਦਾ ਹੋਵੇ। ਆਜ਼ਾਦੀ ਦੇ ਬਾਅਦ ਦੇ ਵਰ੍ਹਿਆਂ ਵਿਚ ਬੇਸ਼ਕ ਅਸੀਂ ਅਨੇਕ ਵਿਦਿਅਕ ਕਮਿਸ਼ਨ ਬਿਠਾਏ, ਕਮੇਟੀਆਂ ਨਿਯੁਕਤ ਕੀਤੀਆਂ, ਨੀਤੀਆਂ ਘੜ੍ਹੀਆਂ, ਪਰ ਅਫ਼ਸੋਸ ਕਿ ਅਸੀਂ ਨੌਜਵਾਨਾਂ ਵਿਚ ਚਰਿੱਤਰ ਉਚੇਰਾ ਕਰਨਾ, ਦੇਸ਼ ਉਸਾਰੂ ਰੁਝਾਨ ਪੈਦਾ ਕਰਨਾ, ਖੋਜ ਨੂੰ ਅੱਗੇ ਤੋਰਨ ਵਿਚ ਬਹੁਤਾ ਸਫ਼ਲ ਨਹੀਂ ਹੋਏ। ਸਾਡੇ ਵਿਦਿਅਕ ਢਾਂਚੇ ਵਿਚ ਪ੍ਰੇਰਣਾ ਨਾਂ ਦੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ, ਜਿਸ ਤੋਂ ਵਿਦਿਆਰਥੀ ਆਪਣੇ ਅੰਦਰ ਜਿਗਿਆਸਾ ਪੈਦਾ ਕਰਨ ਅਤੇ ਲਾਇਬ੍ਰੇਰੀਆਂ ਵਿਚ ਉਪਲੱਬਧ ਗਿਆਨ ਦੀ ਵਰਤੋਂ ਕਰਨ।

ਸਾਡੇ ਵਿਦਿਅਕ ਢਾਂਚ ਵਿਚ ਲਾਇਬ੍ਰੇਰੀ ਦੇ ਯੋਗ ਸਥਾਨ ਦੀ ਭਾਲ ਅਜੇ ਵੀ ਜਾਰੀ ਹੈ, ਸੰਘਰਸ਼ ਅਜੇ ਵੀ ਚਲ ਰਿਹਾ ਹੈ। ਵਿਦਿਆਰਥੀਆਂ ਵਿਚ ਲਾਇਬ੍ਰੇਰੀ ਪ੍ਰਤੀ ਰੁਚੀ ਦੀ ਅਜੇ ਵੀ ਘਾਟ ਹੈ। ਸੱਚ ਤਾਂ ਇਹ ਹੈ ਕਿ ਲਾਇਬ੍ਰੇਰੀਅਨਾਂ ਨੇ ਵੀ ਇਸ ਸੰਬੰਧੀ ਬਹੁਤਾ ਕੁਝ ਨਹੀਂ ਕੀਤਾ। ਉਨ੍ਹਾਂ ਨੂੰ ਤਨਖ਼ਾਹ ਸਕੇਲ ਮਿਲ ਗਏ, ਉਨ੍ਹਾਂ ਦੀ ਪਦ-ਉੱਨਤੀ ਹੋਈ, ਉਨ੍ਹਾਂ ਦੀ ਅਗਲੇਰੀ ਪ੍ਰਮੋਸ਼ਨ ਦੀ ਗੱਲ ਵੀ ਹੋਈ, ਪਰ ਅਫ਼ਸੋਸ! ਉਹ ਖੁਦ ਗਤੀਸ਼ੀਲ ਹੋ ਕੇ ਇਸ ਵਿਵਸਾਇ ਨੂੰ ਲੋੜੀਂਦੀ ਅਗਵਾਈ ਪ੍ਰਦਾਨ ਨਹੀਂ ਕਰ ਸਕੇ।

### 1.4.4.12. ਭਵਿੱਖ ਵਿਚ ਆਸ (Hopes of Future)

ਲੋੜ ਹੈ ਇਸ ਵੇਲੇ ਸਾਕਾਰਾਤਮਕ ਸੋਚ ਦੀ। ਲਾਇਬ੍ਰੇਰੀ ਕਿੱਤੇ ਦੀ ਨਿੱਜੀ ਸਵਾਰਥ ਤੋਂ, ਉੱਪਰ ਉਠ ਕੇ ਸੋਚਣ ਅਤੇ ਕ੍ਰਿਆਸ਼ੀਲ ਹੋਣ ਦੀ ਜ਼ਰੂਰਤ ਹੈ ਤਾਂ ਜੋ ਆਉਣ ਵਾਲੇ ਕੱਲ੍ਹ ਦਾ ਸਾਹਮਣਾ ਕਰ ਸਕੇ। ਆਉਣ ਵਾਲੇ ਸਮੇਂ ਵਿਚ ਨਵੀਂ ਤਕਨਾਲੋਜੀ ਅਧੀਨ ਲਾਇਬ੍ਰੇਰੀਆਂ ਵਿਚ ਕੰਪਿਊਟਰ ਆ ਰਹੇ ਹਨ, ਜਿਸ ਲਈ ਲਾਇਬ੍ਰੇਰੀ ਸਟਾਫ਼ ਨੂੰ ਤਿਆਰ ਰਹਿਣਾ ਚਾਹੀਦਾ ਹੈ। ਭਾਰਤ ਸਰਕਾਰ ਨੇ ਯੂ.ਜੀ.ਸੀ. ਦੇ ਸਲਾਹ ਮਸ਼ਵਰੇ ਨਾਲ ਅੱਠਵੀਂ ਪੰਜ ਸਾਲਾ ਯੋਜਨਾ ਵਾਸਤੇ ਪਹਿਲਾਂ ਹੀ ਇਕ ਨੈੱਟਵਰਕ ਦੀ ਰੂਪ-ਰੇਖਾ ਤਿਆਰ ਕਰ ਲਈ ਹੈ, ਜੋ INFLIBNET, ਲਾਇਬ੍ਰੇਰੀ ਐਂਡ ਇਨਫਾਰਮੇਸ਼ਨ ਨੈੱਟਵਰਕ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇਸ ਵਿਚ ਦੇਸ਼ ਵਿਚਲੀਆਂ ਯੂਨੀਵਰਸਿਟੀ ਲਾਇਬ੍ਰੇਰੀਆਂ ਦੇ ਨਾਲ-ਨਾਲ 500 ਕਾਲਜ ਲਾਇਬ੍ਰੇਰੀਆਂ ਵੀ ਜੋੜੀਆਂ ਜਾਣਗੀਆਂ, ਜਿਸ ਨਾਲ ਇਨ੍ਹਾਂ ਸਾਰੀਆਂ ਲਾਇਬ੍ਰੇਰੀਆਂ ਦੀ ਸਮੱਗਰੀ ਅਤੇ ਪੁਸਤਕ ਸੰਗ੍ਰਹਿ ਇਕ ਹੀ ਜਾਪਣਗੇ ਅਤੇ ਕੰਪਿਊਟਰ ਰਾਹੀਂ ਉਨ੍ਹਾਂ ਦੀ ਭਾਲ ਅਤੇ ਵਰਤੋਂ ਕੀਤੀ ਜਾ ਸਕੇਗੀ। ਲਾਇਬ੍ਰੇਰੀ ਸਹਿਯੋਗ ਦੇ ਖੇਤਰ ਵਿਚ ਇਸ ਨੈੱਟਵਰਕ ਦੇ ਅਮਲ ਵਿਚ ਆਉਣ ਉਪਰੰਤ ਇਹ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਹੋਵੇਗਾ।

ਇਸ ਲਈ ਸਾਨੂੰ ਹੁਣ ਤੋਂ ਹੀ ਯਤਨਸ਼ੀਲ ਹੋਣਾ ਪਵੇਗਾ ਅਤੇ ਲਾਇਬ੍ਰੇਰੀ ਨੂੰ ਕਾਲਜ ਵਿੱਦਿਆ ਦਾ ਇਕ ਮਹੱਤਵਪੂਰਨ ਅੰਗ ਬਣਾਉਣਾ ਪਵੇਗਾ, ਜਿੱਥੇ ਵਿਦਿਆਰਥੀ ਆ ਕੇ ਦੇਸ਼ ਦੇ ਸਭਿਆਚਾਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਵਿਦਿਅਕ ਉਚਾਈਆਂ ਛੋਹਣ।

ਉਹ ਕਾਲਜ ਵਿਚ ਸਿੱਖਣ ਲਈ ਆਉਣ ਅਤੇ ਅੱਛੇ ਨਾਗਰਿਕ ਬਣ ਕੇ ਸਮਾਜ ਸੇਵਾ ਕਰਨ ਲਈ ਜਾਣ (come to learn and go to serve) ਸਮਾਜ ਨੂੰ ਲਾਇਬ੍ਰੇਰੀ ਦੁਆਰਾ ਇਹ ਇਕ ਵੱਡਮੁੱਲੀ ਦਾਤ ਹੋਵੇਗੀ।

## 1.4.5. ਯੂਨੀਵਰਸਿਟੀ ਲਾਇਬ੍ਰੇਰੀ (University Library)

**ਵਿਸ਼ਾ-ਵਸਤੂ**

1.4.5.1. ਭੂਮਿਕਾ
1.4.5.2. ਯੂਨੀਵਰਸਿਟੀ ਦੇ ਮਨੋਰਥ ਅਤੇ ਕਰਤੱਵ
1.4.5.3. ਵਰਤੋਂ ਕਰਨ ਵਾਲਾ ਸਮੂਹ
1.4.5.4. ਯੂਨੀਵਰਸਿਟੀ ਲਾਇਬ੍ਰੇਰੀ ਦਾ ਪ੍ਰਬੰਧ
1.4.5.5. ਪਾਠ-ਸਮੱਗਰੀ ਦਾ ਇਕੱਤਰੀਕਰਨ
1.4.5.6. ਲਾਇਬ੍ਰੇਰੀ ਸੇਵਾਵਾਂ
1.4.5.7. ਭੌਤਿਕ ਸੁਵਿਧਾਵਾਂ
1.4.5.8. ਪੇਸ਼ੇਵਰ ਕਰਮਚਾਰੀ

1.4.5.9. ਵਿੱਤ ਅਤੇ ਬਜਟ

1.4.5.10. ਪ੍ਰਬੰਧ ਵਿਵਸਥਾ

### 1.4.5.1. ਭੂਮਿਕਾ (Introduction)

ਯੂਨੀਵਰਸਿਟੀ ਉਚੇਰੀ ਸਿੱਖਿਆ ਅਤੇ ਖੋਜ ਦਾ ਪ੍ਰਮੁੱਖ ਕੇਂਦਰ ਹੈ। ਵਿਦਿਆਰਥੀ ਆਪਣੀ ਦਿਲਚਸਪੀ ਦੇ ਵਿਸ਼ੇ ਤੇ ਡੂੰਘਾ ਅਤੇ ਵਿਸ਼ੇਸ਼ ਅਧਿਐਨ ਕਰ ਉਸ ਵਿਸ਼ੇ ਵਿਚ ਵਿਦਵਤਾ ਅਤੇ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ। ਇਹ ਵਿਦਿਅਕ ਸ੍ਰੋਤ ਗਿਆਨ, ਵਿਗਿਆਨ ਦੇ ਹਰ ਖ਼ੇਤਰ ਵਿਚ ਵਿਦਿਆਰਥੀਆਂ ਦਾ ਅੱਗੇ ਵਧਣ ਲਈ ਮਾਰਗ-ਦਰਸ਼ਨ ਕਰਦਾ ਹੈ। ਵਿਦਿਆਰਥੀ ਕੇਵਲ ਗਿਆਨ ਪ੍ਰਸਾਰ ਵਿਚ ਹੀ ਨਹੀਂ ਬਲਕਿ ਖੋਜਾਂ ਰਾਹੀਂ ਨਵੇਂ ਗਿਆਨ ਦੀ ਰਚਨਾ ਵਿਚ ਵੀ ਲੱਗੇ ਰਹਿੰਦੇ ਹਨ। ਗਿਆਨ ਦੀ ਸੁਰੱਖਿਆ, ਪ੍ਰਸਾਰ, ਵਿਕਾਸ ਅਤੇ ਰਚਨਾ ਵਿਚ ਯੂਨੀਵਰਸਿਟੀਆਂ ਅਹਿਮ-ਭੂਮਿਕਾ ਨਿਭਾਉਂਦੀਆਂ ਹਨ।

ਵਿੱਦਿਆ ਦੇ ਇਸ ਅਦਾਰੇ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ, ਇਸ ਦੀ ਸੰਕਲਪ ਜਾਂ ਧਾਰਣਾਵਾਂ ਅਨੇਕ ਹਨ, ਪਰ ਇਸ ਦਿਸ਼ਾ ਵਿਚ ਵਿਦਵਾਨ ਕਾਰਲ ਜਸਪਰਜ ਦੀ ਸੰਖੇਪ ਪਰਿਭਾਸ਼ਾ ਯੂਨੀਵਰਸਿਟੀ ਦੇ ਸਵਰੂਪ ਨੂੰ ਸੰਪੂਰਨ ਰੂਪ ਵਿਚ ਉਜਾਗਰ ਕਰਦੀ ਹੈ। ਉਸ ਦੇ ਅਨੁਸਾਰ, "ਸੱਚ ਦੀ ਖੋਜ ਵਿਚ ਲੱਗੇ ਵਿਦਵਾਨਾਂ ਅਤੇ ਵਿਦਿਆਰਥੀਆਂ ਦੀ ਬਿਰਾਦਰੀ ਹੈ।" ਥਾਮਸ ਕਾਰਲਾਇਲ ਇਸ ਬਾਰੇ ਲਿਖਦਾ ਹੈ, "ਇਕ ਸੱਚੀ ਯੂਨੀਵਰਸਿਟੀ ਪੁਸਤਕਾਂ ਦਾ ਸੰਗ੍ਰਹਿ ਹੈ।" ਇਸ ਪਰਿਭਾਸ਼ਾ ਵਿਚ ਯੂਨੀਵਰਸਿਟੀ ਅਤੇ ਲਾਇਬ੍ਰੇਰੀ ਦੇ ਸੰਬੰਧ ਨੂੰ ਉਜਾਗਰ ਕੀਤਾ ਗਿਆ ਹੈ। ਇਸ ਲਈ ਕਿਹਾ ਗਿਆ ਹੈ, "ਇਕ ਲਾਇਬ੍ਰੇਰੀ ਯੂਨੀਵਰਸਿਟੀ ਬਿਨਾਂ ਚਲ ਸਕਦੀ ਹੈ, ਪਰ ਇਕ ਯੂਨੀਵਰਸਿਟੀ ਲਾਇਬ੍ਰੇਰੀ ਬਿਨਾਂ ਨਹੀਂ ਚਲ ਸਕਦੀ ਹੈ।" ਬਿਨਾਂ ਲਾਇਬ੍ਰੇਰੀ ਦੇ ਯੂਨੀਵਰਸਿਟੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਯੂਨੀਵਰਸਿਟੀ ਸਚਾਈ, ਸੂਝ ਅਤੇ ਮਨੁੱਖਤਾ ਦਾ ਕੇਂਦਰ ਹੈ। ਇਹ ਜਣ-ਕਲਿਆਨ ਰਾਹੀਂ ਸਮੁੱਚੀ ਮਾਨਵ ਜਾਤੀ ਦੀ ਬਹੁਮੁੱਖੀ ਉੱਨਤੀ ਲਈ ਕਾਰਜ ਕਰਦੀ ਹੈ। ਅੱਜ ਮਾਨਵਤਾ ਦੀਆਂ ਸਾਰੀਆਂ ਕਸਵੱਟੀਆਂ (Standards) ਬਦਲ ਚੁੱਕੀਆਂ ਹਨ; ਇਸ ਲਈ ਯੂਨੀਵਰਸਿਟੀ ਦੇ ਕਾਰਜ ਕੇਵਲ ਅਧਿਆਪਨ ਅਤੇ ਗਿਆਨ ਦੀ ਖੋਜ ਤੱਕ ਹੀ ਸੀਮਿਤ ਨਹੀਂ ਹਨ; ਇਨ੍ਹਾਂ ਨੂੰ ਨਵੀਂ ਨਵੀਂ ਗਹਿਰਾਈਆਂ ਤਕ ਲੈ ਜਾਣ ਦੀ ਲੋੜ ਹੈ।

ਨਾਲੰਦਾ ਯੂਨੀਵਰਸਿਟੀ ਵਿਚ ਵੱਡੀ ਲਾਇਬ੍ਰੇਰੀ 'ਧਰਮਗੰਜ' (Dharmganj) ਦਾ ਜ਼ਿਕਰ ਆਉਂਦਾ ਹੈ ਜਿਹੜੀ ਤਿੰਨ ਵੱਡੀਆਂ ਵੱਡੀਆਂ ਇਮਾਰਤਾਂ 'ਰਤਨਾ ਸਾਗਰ' (Sea of Gems), 'ਰਤਤੋਨਿਧੀ' (Ocean of Gems); ਅਤੇ 'ਰਤਨਾਰੰਜਕ' (Collection of Gems) ਵਿਚ ਵੰਡੀ ਹੋਈ ਸੀ। ਇਹ ਸਾਰੀਆਂ ਹਮਲਾਵਰਾਂ ਨੇ ਨਸ਼ਟ ਕਰ ਦਿੱਤੀਆਂ। ਮੱਧਕਾਲ ਵਿਚ ਇਨ੍ਹਾਂ ਲਾਇਬ੍ਰੇਰੀਆਂ ਦਾ ਜ਼ਿਕਰ ਨਹੀਂ ਹੈ। ਮੁਗ਼ਲ ਬਾਦਸ਼ਾਹਾਂ ਨੇ ਭਾਰਤ ਵਿਚ ਵੱਸਣ ਤੋਂ ਬਾਅਦ ਲਾਇਬ੍ਰੇਰੀਆਂ ਦੀ ਸਥਾਪਨਾ ਵੱਲ ਧਿਆਨ ਦਿੱਤਾ।

ਅੰਗ੍ਰੇਜ਼ਾਂ ਦੇ ਸਮੇਂ ਯੂਨੀਵਰਸਿਟੀ ਲਾਇਬ੍ਰੇਰੀਆਂ ਦਾ ਵਿਕਾਸ ਕਾਲਜ ਲਾਇਬ੍ਰੇਰੀਆਂ ਤੋਂ ਹੋਇਆ ਅਤੇ ਪਹਿਲਾਂ ਬੰਬਈ, ਕਲਕੱਤਾ, ਮਦਰਾਸ, ਲਾਹੌਰ ਅਤੇ ਇਲਾਹਾਬਾਦ ਵਿਚ ਸਥਾਪਤ ਕੀਤੀਆਂ ਗਈਆਂ। ਭਾਰਤ ਵਿਚ ਇਸ ਵੱਲ ਧਿਆਨ ਯੂ.ਜੀ.ਸੀ. ਦੀ ਸਥਾਪਨਾ ਬਾਅਦ ਦਿੱਤਾ ਗਿਆ।

ਯੂਨੀਵਰਸਿਟੀ ਵਿਚ ਲਾਇਬ੍ਰੇਰੀ ਦੀ ਮਹੱਤਤਾ ਬਹੁਤ ਜ਼ਿਆਦਾ ਹੈ। ਇਕ ਲਾਇਬ੍ਰੇਰੀ ਯੂਨੀਵਰਸਿਟੀ ਬਿਨਾਂ ਚਲ ਸਕਦੀ ਹੈ, ਪਰ ਇਕ ਯੂਨੀਵਰਸਿਟੀ ਲਾਇਬ੍ਰੇਰੀ ਬਿਨਾਂ ਨਹੀਂ ਚਲ ਸਕਦੀ। ਅੱਜ ਭਾਰਤ ਵਿਚ ਯੂਨੀਵਰਸਿਟੀਆਂ ਦੀ ਸੰਖਿਆ ਵਿਚ ਬਹੁਤ ਵਾਧਾ ਹੋਇਆ ਹੈ ਜਿਹੜੀ 1947 ਵਿਚ ਕੇਵਲ 20 ਸੀ। ਅੱਜ ਭਾਰਤ ਵਿਚ ਗਿਆਨ ਦੇ ਹਰ ਖੇਤਰ ਦੀਆਂ ਯੂਨੀਵਰਸਿਟੀਆਂ ਹਨ। ਲਾਇਬ੍ਰੇਰੀਆਂ ਨੂੰ ਇਨ੍ਹਾਂ ਵਿਚ ਅਹਿਮ ਭੂਮਿਕਾ ਨਿਭਾਉਣੀ ਹੈ।

### 1.4.5.2. ਯੂਨੀਵਰਸਿਟੀ ਲਾਇਬ੍ਰੇਰੀ : ਮਨੋਰਥ ਅਤੇ ਕਰਤੱਵ (Objectives and Fuctions of University Library)

ਯੂਨੀਵਰਸਿਟੀ ਲਾਇਬ੍ਰੇਰੀ, ਯੂਨੀਵਰਸਿਟੀ ਨੂੰ ਆਪਣੇ ਹਰੇਕ ਮਨੋਰਥ ਅਤੇ ਕਰਤੱਵ ਦੀ ਪੂਰਤੀ ਵਿਚ ਯੋਗਦਾਨ ਪਾਉਂਦੀ ਹੈ ਇਸ ਲਈ ਯੂਨੀਵਰਸਿਟੀ ਦੇ ਮਨੋਰਥਾਂ ਨੂੰ ਮੁੱਖ ਰਖਦੇ ਹੋਏ ਲਾਇਬ੍ਰੇਰੀ ਦੇ ਮਨੋਰਥ ਅਤੇ ਕਰਤੱਵ ਕਠਿਨ ਹਨ। ਇਨ੍ਹਾਂ ਮਨੋਰਥਾਂ ਦੀ ਪੂਰਤੀ ਵਾਸਤੇ ਲਾਇਬ੍ਰੇਰੀ ਨੂੰ ਆਪਣੇ ਕਰਤੱਵਾਂ ਦੀ ਪੂਰਤੀ ਲਈ ਗਤੀਵਿਧੀਆਂ ਦੀ ਰੂਪ ਰੇਖਾ ਅਜਿਹੇ ਢੰਗ ਨਾਲ ਉਲੀਕਣੀ ਚਾਹੀਦੀ ਹੈ ਕਿ ਲਾਇਬ੍ਰੇਰੀ ਗਿਆਨ ਦੀ ਸੁਰੱਖਿਆ, ਅਧਿਆਪਨ, ਖੋਜ, ਪ੍ਰਕਾਸ਼ਨਾ, ਵਿਸਤਾਰ, ਖੋਜ ਨੀਤੀਆਂ ਦੀ ਵਿਆਖਿਆ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕੇ ਅਤੇ ਆਪਣੇ ਵਿਦਿਅਕ ਕਰਤੱਵ ਨਿਭਾ ਸਕੇ। ਕੋਈ ਵੀ ਯੂਨੀਵਰਸਿਟੀ ਬਿਨਾਂ ਚੰਗੀ ਲਾਇਬ੍ਰੇਰੀ ਦੇ ਪ੍ਰਭਾਵਸ਼ਾਲੀ ਖੋਜ ਅਤੇ ਅਧਿਆਪਨ ਦਾ ਕੰਮ ਨਹੀਂ ਕਰ ਸਕਦੀ। ਇਸ ਲਈ ਡਾ. ਰਾਧਾ-ਕ੍ਰਿਸ਼ਨਨ ਦੇ ਸ਼ਬਦਾਂ ਵਿਚ "ਲਾਇਬ੍ਰੇਰੀ ਯੂਨੀਵਰਸਿਟੀ ਦਾ ਦਿਲ ਹੈ।"

ਯੂ.ਜੀ.ਸੀ. ਦੇ ਪਹਿਲੇ ਚੇਅਰਮੈਨ ਡਾ. ਦੇਸ਼ਮੁਖ ਨੇ ਵੀ ਯੂਨੀਵਰਸਿਟੀ ਲਾਇਬ੍ਰੇਰੀ ਦੀ ਉਪਮਾ ਯੂਨੀਵਰਸਿਟੀ ਦੇ ਦਿਲ ਨਾਲ ਕੀਤੀ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਯੂਨੀਵਰਸਿਟੀ ਦੇ ਕਾਰਜਾਂ ਨੂੰ ਨਿਭਾਉਣ ਲਈ ਇਹ ਦਿਲ (Heart) ਹੈ ਪਰ ਯੂਨੀਵਰਸਿਟੀ ਦੇ ਗਿਆਨ ਦੀ ਸੁਰੱਖਿਆ ਵਿਸਤਾਰ ਲਈ ਇਹ ਯੂਨੀਵਰਸਿਟੀ ਦਾ ਦਿਮਾਗ (Brain) ਹੈ। ਸਮੁੱਚੇ ਤੌਰ ਤੇ ਲਾਇਬ੍ਰੇਰੀ ਯੂਨੀਵਰਸਿਟੀ ਦੇ ਦਿਲ ਅਤੇ ਦਿਮਾਗ (Heart and Brain) ਦੋਨੋ ਹਨ।

ਲਾਇਬ੍ਰੇਰੀ ਦੇ ਕਰਤੱਵਾਂ ਦੀ ਉਤਪੱਤੀ ਇਸ ਦੇ ਹੇਠਲੇ ਤਿੰਨ ਮਨੋਰਥਾਂ ਤੋਂ ਕੀਤੀ ਜਾ ਸਕਦੀ ਹੈ :

(1) ਅਧਿਐਨ, ਅਧਿਆਪਨ, ਖੋਜ ਅਤੇ ਪ੍ਰਕਾਸ਼ਨ ਵਿਸ਼ਿਆਂ ਤੇ ਵਿਆਪਕ ਅਤੇ ਵਿਭਿੰਨ ਪ੍ਰਕਾਰ ਦੀ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਕਾਸ;

(2) ਗਿਆਨ ਦੇ ਸ੍ਰੋਤਾਂ ਦੀ ਸਮੱਗਰੀ ਦੀ ਵਿਵਸਥਾ ਅਤੇ ਸੁਰੱਖਿਆ; ਅਤੇ

(3) ਵਿਭਿੰਨ ਪ੍ਰਕਾਰ ਦੀ ਲਾਇਬ੍ਰੇਰੀ, ਪ੍ਰਲੇਖਨ ਅਤੇ ਸੂਚਨਾ ਸੇਵਾਵਾਂ ਦਾ ਪ੍ਰਬੰਧ ਅਤੇ ਮੰਗ ਜਾਂ ਅਗਾਊਂ ਤਾੜ (Responsive and anticipatory) ਤੇ ਪਾਠਕਾਂ ਨੂੰ ਤੁਰੰਤ ਪ੍ਰਦਾਨ ਕਰਨਾ।

### 4.5.3. ਵਰਤੋਂ ਕਰਨ ਵਾਲਾ ਸਮੂਹ (User Community)

ਯੂਨੀਵਰਸਿਟੀ ਦੀ ਸਮੱਗਰੀ ਦੀ ਵਰਤੋਂ ਕਰਨ ਵਾਲਿਆਂ ਵਿਚ ਨਿਮਨਲਿਖਿਤ ਸਮੂਹ ਆਉਂਦੇ ਹਨ :

(1) ਵੱਖ-ਵੱਖ ਵਿਸ਼ੇ ਅਤੇ ਵੱਖ-ਵੱਖ ਪੱਧਰ ਦੇ ਵਿਦਿਆਰਥੀ;

(2) ਵੱਖ-ਵੱਖ ਵਿਸ਼ੇ ਅਤੇ ਵੱਖ-ਵੱਖ ਪੱਧਰ ਦੇ ਵਿਦਿਆਰਥੀਆਂ ਨੂੰ ਸਿੱਖਿਆ ਅਤੇ ਸਲਾਹ ਦੇਣ ਵਾਲੇ ਅਧਿਆਪਕ;

(3) ਐਮ.ਫਿਲ. ਅਤੇ ਪੀ.ਐਚ.ਡੀ. ਕਰਨ ਵਾਲੇ ਖੋਜਾਰਥੀ;

(4) ਵਿਸ਼ੇਸ਼ ਪ੍ਰੋਜੈਕਟਾਂ ਤੇ ਕੰਮ ਕਰ ਰਹੇ ਪੋਸਟ ਡਾਕਟਰਲ ਖੋਜ ਵਿਗਿਆਨੀ;

(5) ਯੂਨੀਵਰਸਿਟੀ ਵਿਚ ਚਲ ਰਹੇ ਵਿਭਿੰਨ ਖੋਜ ਪ੍ਰੋਜੈਕਟਾਂ ਅਤੇ ਖੋਜ ਪ੍ਰਕ੍ਰਿਆਵਾਂ ਦੇ ਨਿਰਦੇਸ਼ਨ ਕਰਨ ਵਾਲੇ ਪ੍ਰੋਫੈਸਰ ਅਤੇ ਵਿਸ਼ਾ ਮਾਹਿਰ;

(6) ਯੂਨੀਵਰਸਿਟੀ ਦੇ ਆਕਦਮਿਕ ਅਤੇ ਪ੍ਰਬੰਧਕੀ ਅਦਾਰਿਆਂ ਦੇ ਮੈਂਬਰ;

(7) ਯੂਨੀਵਰਸਿਟੀ ਦੇ ਕਾਰਜਾਂ ਦਾ ਪ੍ਰਬੰਧ ਕਰਨ ਵਾਲੇ ਅਧਿਕਾਰੀ ਅਤੇ ਕਰਮਚਾਰੀ;

(8) ਵਿਸ਼ੇਸ਼ ਅਧਿਕਾਰ ਪ੍ਰਾਪਤ ਬੁੱਧਜੀਵੀ ਜਿਨ੍ਹਾਂ ਨੂੰ ਲਾਇਬ੍ਰੇਰੀ ਦੀ ਵਰਤੋਂ ਦਾ ਅਧਿਕਾਰ ਹੈ; ਅਤੇ

(9) ਨਿਯਮਾਂ ਅਧੀਨ ਦੂਜੇ ਪ੍ਰਕਾਰ ਦੇ ਪਾਠਕ।

ਲਾਇਬ੍ਰੇਰੀ ਦੀ ਵਰਤੋਂ ਕਰਨ ਵਾਲਿਆਂ ਦੇ ਵੇਰਵੇ ਤੋਂ ਇਹ ਪਤਾ ਚਲਦਾ ਹੈ ਕਿ ਯੂਨੀਵਰਸਿਟੀ ਲਾਇਬ੍ਰੇਰੀ ਨੂੰ ਪਾਠਕਾਂ ਦੀਆਂ ਲੋੜਾਂ ਪੂਰਾ ਕਰਨ ਲਈ ਇਕ ਵੱਡੀ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਹੈ।*1*

### 1.4.5.4. ਯੂਨੀਵਰਸਿਟੀ ਲਾਇਬ੍ਰੇਰੀ ਦਾ ਪ੍ਰਬੰਧ (Management of University Library)

ਲਾਇਬ੍ਰੇਰੀ ਦਾ ਪ੍ਰਬੰਧ ਯੂਨੀਵਰਸਿਟੀ ਦੇ ਕਾਨੂੰਨ ਦੇ ਅਧੀਨ ਕੀਤਾ ਜਾਂਦਾ ਹੈ। ਲਾਇਬ੍ਰੇਰੀ ਦੀ ਪੜਤਾਲ ਅਤੇ ਮੁਲਾਂਕਣ ਅਕਾਦਮਿਕ ਅਤੇ ਕਾਰਜਕਾਰੀ ਕਾਓਸਿੰਲ ਕਰਦੀ ਹੈ। ਲਾਇਬ੍ਰੇਰੀ ਪ੍ਰਣਾਲੀ ਇਕ ਉੱਚ-ਅਧਿਕਾਰੀ, ਲਾਇਬ੍ਰੇਰੀਅਨ ਦੀ ਕਮਾਨ ਵਿਚ ਹੁੰਦੀ ਹੈ ਜਿਹੜਾ ਕਿ ਵਾਈਸ ਚਾਂਸਲਰ ਦੇ ਅਧੀਨ ਹੁੰਦਾ ਹੈ। ਯੂਨੀਵਰਸਿਟੀ ਲਾਇਬ੍ਰੇਰੀ ਪ੍ਰਣਾਲੀ (University Library System) ਨੂੰ ਚਲਾਉਣ ਲਈ ਅਤੇ ਨੀਤੀਆਂ ਬਨਾਉਣ ਲਈ ਇਕ ਸਲਾਹਕਾਰ ਸਮਿਤੀ ਜਾਂ ਪ੍ਰਬੰਧਕ ਸਮਿਤੀ ਬਣਾਈ ਜਾਂਦੀ ਹੈ। ਇਹ ਕਮੇਟੀ ਵਾਇਸ ਚਾਂਸਲਰ ਜਾਂ ਉਸ ਦੇ ਨੁਮਾਇੰਦੇ ਦੀ ਪ੍ਰਧਾਨਗੀ ਹੇਠ ਕੰਮ ਕਰਦੀ ਹੈ ਅਤੇ ਇਸ ਦਾ ਸਕੱਤਰ ਸੰਯੋਜਕ, ਯੂਨੀਵਰਸਿਟੀ ਲਾਇਬ੍ਰੇਰੀਅਨ ਹੁੰਦਾ ਹੈ। ਇਸ ਵਿਚ ਯੂਨੀਵਰਸਿਟੀ ਦੇ ਕੁਝ ਉੱਚ ਅਧਿਕਾਰੀ/ਮੈਂਬਰ, ਕੁਝ ਸੂਚਨਾ ਅਤੇ ਪੁਸਤਕਾਲਾ ਵਿਗਿਆਨ ਦੇ ਮਾਹਿਰ ਅਤੇ ਦੂਜੇ ਬੁੱਧਜੀਵੀ ਹੁੰਦੇ ਹਨ। ਇਸ ਕਮੇਟੀ ਦੀ ਜ਼ਿੰਮੇਵਾਰੀ ਲਾਇਬ੍ਰੇਰੀ ਪ੍ਰਣਾਲੀ ਲਈ ਲੋੜੀਂਦੀ ਕਾਰਜ ਪ੍ਰਣਾਲੀ, ਨਿਦੇਸ਼ ਅਤੇ ਨੀਤੀਆਂ, ਲਾਇਬ੍ਰੇਰੀ-ਬਜਟ ਅਤੇ ਸਮੇਂ-ਸਮੇਂ ਕਾਰਜਾਂ ਦੀ ਪੜਤਾਲ ਅਤੇ ਮੁਲਾਂਕਣ ਕਰਨ ਦੀ ਹੁੰਦੀ ਹੈ। ਯੂਨੀਵਰਸਿਟੀ ਲਾਇਬ੍ਰੇਰੀਅਨ ਦੀ ਜ਼ਿੰਮੇਵਾਰੀ ਨੀਤੀਆਂ, ਨਿਰਦੇਸ਼ਾਂ ਅਨੁਸਾਰ ਲਾਇਬ੍ਰੇਰੀ ਨੂੰ ਚਲਾਉਣ ਦੀ ਹੁੰਦੀ ਹੈ। ਯੂਨੀਵਰਸਿਟੀ ਲਾਇਬ੍ਰੇਰੀਆਂ ਅਕਾਦਮਿਕ ਕਾਊਂਸਲ ਦਾ ਮੈਂਬਰ ਹੋਣ ਕਰਕੇ ਉਸ ਨੂੰ ਵਿਦਿਆਰਥੀਆਂ, ਅਧਿਆਪਕਾਂ, ਖੋਜੀਆਂ ਅਤੇ ਦੂਜੇ ਮੈਂਬਰਾਂ ਨਾਲ ਮਿਲਣ ਦਾ ਮੌਕਾ ਮਿਲਦਾ ਹੈ, ਅਤੇ ਉਸ ਨੂੰ ਲਾਇਬ੍ਰੇਰੀ ਦੇ ਕਾਰਜਾਂ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ।

### 1.4.5.5. ਪਾਠਕ ਸਮੱਗਰੀ ਦਾ ਇਕੱਤਰੀਕਰਨ (Collection of Reading Material)

ਲਾਇਬ੍ਰੇਰੀ ਦਾ ਮੁੱਢਲਾ ਮਨੋਰਥ ਵਿਦਿਅਕ ਹੈ। ਇਹ ਕੇਵਲ ਪਾਠ ਸਮੱਗਰੀ ਦਾ ਭੰਡਾਰ ਹੀ ਨਹੀਂ ਸਗੋਂ ਵਿੱਦਿਆ ਦੇ ਗਤੀਸ਼ੀਲ ਉਪਕਰਨ ਦਾ ਕੰਮ ਵੀ ਕਰਦੀ ਹੈ। ਵਿਦਿਆਰਥੀਆਂ/ਅਧਿਆਪਕਾਂ ਦੇ ਵਿਵੇਕ ਨੂੰ ਸੰਤੁਸ਼ਨ ਕਰਨ ਦੇ ਨਾਲ-ਨਾਲ ਵਿਦਿਅਕ ਵਿਭਾਗਾਂ ਦੀ ਖੋਜ ਨੂੰ ਪ੍ਰੋਤਸਾਹਨ ਅਤੇ ਗਤੀ ਪ੍ਰਦਾਨ ਕਰਦੀ ਹੈ। ਅਜਿਹੀ ਸਥਿਤੀ ਵਿਚ ਲਾਇਬ੍ਰੇਰੀਅਨ ਅਤੇ ਉਸ ਦੇ ਉੱਚ ਕਰਮਚਾਰੀ ਅਧਿਆਪਕਾਂ ਦਾ ਕੰਮ ਕਰਦੇ ਹਨ ਅਤੇ ਵਿਦਿਆਰਥੀਆਂ, ਖੋਜਾਰਥੀਆਂ ਦਾ ਮਾਰਗ ਦਰਸ਼ਨ ਕਰਨ ਦੇ ਨਾਲ-ਨਾਲ ਅਧਿਆਪਕਾਂ ਦੀਆਂ ਅਧਿਆਪਨ ਲੋੜਾਂ ਨੂੰ ਵੀ ਪੂਰਾ ਕਰਦੇ ਹਨ।

ਪਾਠ ਸੱਮਗਰੀ ਦੀ ਤਕਨੀਕੀ ਪ੍ਰਕ੍ਰਿਆ ਅਤੇ ਵਿਵਸਥਾ (Technical Processing and Organization of Reading Material)

ਯੂਨੀਵਰਸਿਟੀ ਲਾਇਬ੍ਰੇਰੀ ਵਿਚ ਇਕੱਤਰ ਕੀਤੀ ਸਮੱਗਰੀ ਦਾ ਸੰਗਠਨ ਅਜਿਹੇ ਢੰਗ ਕੀਤਾ ਜਾਵੇ ਕਿ ਪਾਠਕਾਂ ਲਈ ਪਹੁੰਚ ਆਸਾਨ ਹੋਵੇ ਅਤੇ ਉਨ੍ਹਾਂ ਨੂੰ ਪੁਸਤਕਾਂ ਦੀ ਭਾਲ ਅਤੇ ਪ੍ਰਾਪਤੀ ਵਿਚ ਵਧੇਰੇ ਸਮਾਂ ਨਾ ਲੱਗੇ। ਇਸ ਦੀਆਂ ਪ੍ਰਕ੍ਰਿਆਵਾਂ ਆਸਾਨ ਅਤੇ ਜਲਦੀ ਹੋਣੀਆਂ ਚਾਹੀਦੀਆਂ ਹਨ। ਪੁਸਤਕਾਂ ਅਤੇ ਹੋਰ ਸਮੱਗਰੀ ਬੜੀ ਸੁਚੱਜੀ ਤਰਤੀਬ ਵਿਚ ਹੋਣੀਆਂ ਚਾਹੀਦੀਆਂ ਹਨ, ਜਿਵੇਂ ਪਾਠ-ਪੁਸਤਕਾਂ, ਆਮ ਪੁਸਤਕਾਂ, ਸੰਦਰਭ ਪੁਸਤਕਾਂ, ਨਕਸ਼ੇ, ਚਾਰਟ, ਪੈਂਫਲਿਟ, ਇਤਿਆਦਿ ਨੂੰ ਸ਼ੈਲਫ਼ਾਂ ਉੱਪਰ ਸਲੀਕੇ ਨਾਲ ਤਰਤੀਬ ਵਿਚ ਰਖਣਾ ਚਾਹੀਦਾ ਹੈ ਤਾਂ ਕਿ ਪਾਠਕ ਉਨ੍ਹਾਂ ਦੀ ਆਸਾਨ ਵਰਤੋਂ ਕਰ ਸਕਣ।

ਪੁਸਤਕਾਲਾ ਸੂਚੀ ਦੀ ਵਰਤੋਂ ਲਗਾਤਾਰ ਕੀਤੀ ਜਾਂਦੀ ਹੈ ਇਸ ਲਈ ਵਰਗੀਕਰਨ ਦੀ ਪ੍ਰਣਾਲੀ ਦੇ ਨਾਲ ਵਧੀਆ ਮਾਨਤਾ ਪ੍ਰਾਪਤ ਸੂਚੀਕਰਨ ਦੀ ਪ੍ਰਣਾਲੀ

ਜਿਹੜੀ ਆਸਾਨ ਹੋਵੇ, ਪ੍ਰਯੋਗ ਵਿਚ ਲਿਆਉਣੀ ਚਾਹੀਦੀ ਹੈ। ਇਹ ਸੂਚੀ ਪਾਠਕਾਂ ਦੀ ਵੱਖ-ਵੱਖ ਪਹੁੰਚ ਨੂੰ ਪੂਰਾ ਕਰਨ ਵਾਲੀ ਹੋਣੀ ਚਾਹੀਦੀ ਹੈ।

ਅੱਜ ਕਲ੍ਹ ਸੂਚੀਕਰਨ ਵਿਚ ਕੰਪਿਊਟਰ ਦਾ ਪ੍ਰਯੋਗ ਹੋਣ ਕਰਕੇ ਲਾਇਬ੍ਰੇਰੀ ਦਾ ਮਸ਼ੀਨੀਕਰਨ ਹੋ ਰਿਹਾ ਹੈ। ਇਸ ਲਈ ਕੰਪਿਊਟਰ ਦੀ ਵਰਤੋਂ ਵਿਚ ਕਿਸੇ ਕਿਸਮ ਦੀ ਝਿਝਕ ਨਹੀਂ ਕਰਨੀ ਚਾਹੀਦੀ।

### 1.4.5.6. ਲਾਇਬ੍ਰੇਰੀ ਸੇਵਾਵਾਂ (Library Services)

ਯੂਨੀਵਰਸਿਟੀ ਲਾਇਬ੍ਰੇਰੀ ਦੁਆਰਾ ਪੁਸਤਕਾਲਾ, ਸੂਚਨਾ, ਪ੍ਰਲੇਖਣ ਦੇ ਖੇਤਰ ਵਿਚ ਨਿਮਨਲਿਖਿਤ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ :

#### (A) ਆਮ ਲਾਇਬ੍ਰੇਰੀ ਸੇਵਾਵਾਂ (General Library Services)

(i) **ਪੁਸਤਕਾਂ ਉਧਾਰ ਦੇਣਾ** : ਇਹ ਉਧਾਰ ਦੇਣ ਦੀ ਨੀਤੀ ਉਦਾਰ ਹੋਣੀ ਚਾਹੀਦੀ ਹੈ ਤਾਂ ਜੋ ਪਾਠਕ ਵੱਧ-ਤੋਂ-ਵੱਧ ਪੁਸਤਕਾਂ ਪ੍ਰਾਪਤ ਕਰ ਅਧਿਐਨ ਵਿਚ ਉੱਨਤੀ ਕਰਨ;

(ii) ਕੁਸ਼ਲ ਸੰਦਰਭ ਅਤੇ ਸੂਚਨਾ ਸੇਵਾ ਪ੍ਰਦਾਨ ਕਰਨਾ, ਜਿਸ ਦੁਆਰਾ ਲੋੜਵੰਦ ਪਾਠਕਾਂ ਨੂੰ ਸੂਚਨਾ ਲੱਭ ਕੇ ਉਪਲੱਬਧ ਕਰਾਉਣਾ;

(iii) ਰਿਡਿੰਗ ਰੂਮ ਸੇਵਾਵਾਂ

(iv) ਲਾਇਬ੍ਰੇਰੀ ਦੀ ਵਰਤੋਂ ਵਿਚ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਾ; ਅਤੇ

(v) ਲਾਇਬ੍ਰੇਰੀ ਵਿਚ ਪ੍ਰਾਪਤ ਨਵੀਆਂ ਪੁਸਤਕਾਂ ਦਾ ਪ੍ਰਦਰਸ਼ਨ ਅਤੇ ਉਨ੍ਹਾਂ ਦੀ ਗ੍ਰੰਥਾਂ ਤਮਕ ਸੂਚੀਆਂ ਜਾਰੀ ਕਰਨਾ।

#### (B) ਵਰਤਮਾਨ ਸਚੇਤਨਤਾ ਸੇਵਾ (Current Awareness Services)

(i) ਨਵੇਂ ਰਸਾਲਿਆਂ ਦੇ ਸੂਚੀਆਂ ਦਾ ਪ੍ਰਕਾਸ਼ਨ (Current Contents);

(ii) ਚੋਣਵੇਂ ਵਿਸ਼ੇ ਖੇਤਰ ਵਿਚ ਛਪੇ ਸਾਹਿਤ ਬਾਰੇ ਚੌਕਸ ਸੇਵਾ (Alert Services);

(iii) ਚੋਣਵੀਂ ਸੂਚਨਾ ਦਾ ਪ੍ਰਸਾਰਨ (Selective Dissemination of Information); ਅਤੇ

(iv) ਅਖ਼ਬਾਰ ਕਤਰਨ ਸੇਵਾ (Newspaper Cliping Service)

#### (C) ਗ੍ਰੰਥਾਤਮਕ ਸੇਵਾ (Bibliographic Service)

(i) ਸਾਹਿਤ ਖੋਜ (Literature Search);

(ii) ਵਿਸ਼ੇਸ਼ ਵਿਸ਼ੇ/ਸੰਦਰਭ ਤੇ ਬਿਬਲਿਓਗ੍ਰਾਫੀਆਂ ਤਿਆਰ ਕਰਨੀਆਂ (Compilation of Bibliographes on specific topics); ਅਤੇ

(iii) ਤਾਜ਼ੇ ਸਾਹਿਤ ਦਾ ਅਨੁਕ੍ਰਮਣੀਕਰਨ (Index to current literature).

#### (D) ਸੰਖਿਪੀਕਰਨ ਸੇਵਾ (Condensation Service)

(i) ਵਿਸ਼ੇਸ਼ ਪ੍ਰਕਰਨ ਤੇ ਸਾਰ ਸੇਵਾ (Abstracts on Specific Topics);

(ii) ਤੱਤ (ਸੰਖੇਪ) ਸੇਵਾ (Digest-Service);

(iii) ਵਿਸ਼ੇਸ਼ ਪ੍ਰਕਰਣਾਂ ਤੇ ਸਮੀਖਿਆ/ਵਿਕਾਸ ਸੂਚਨਾਵਾਂ ਤਿਆਰ ਕਰਨਾ (Preparation of reviews/progress/advances on Specific Topics); ਅਤੇ

(iv) ਯਥਾ ਅਵਸਥਾ ਸੂਚਨਾ (State of Art Report).

#### (E) ਦੂਜੀਆਂ ਸੇਵਾਵਾਂ (Other Services)

(i) ਪ੍ਰਲੇਖ ਵਿਤਰਣ ਸੇਵਾਵਾਂ (Document Supply Services);

(ii) ਰੈਪਰੋਗ੍ਰਾਫਿਕ ਸੇਵਾਵਾਂ (Reprographic Services);

(iii) ਅਨੁਵਾਦ ਸੇਵਾਵਾਂ (Translation Services);

(iv) ਕੰਪਿਊਟਰ ਸੇਵਾ (Computer based Services);

(v) ਅੰਤਰ ਲਾਇਬ੍ਰੇਰੀ ਉਧਾਰ ਸੇਵਾ (Inter Library Loan Services); ਅਤੇ

(vi) ਵਿਸਤਾਰ ਸੇਵਾਵਾਂ (Extension Services).

#### (F) ਵਿਸ਼ਿਸ਼ਟ ਸੇਵਾਵਾਂ (Specialized Services)

(i) ਪ੍ਰਯੋਗਕਰਤਾ ਸਿੱਖਿਆ (User Education);

(ii) ਪ੍ਰਦਰਸ਼ਨੀਆਂ ਅਤੇ ਵਿਸ਼ਿਸ਼ਟ ਵਿਖਾਲਾ (Exhibition and Special Displays);

(iii) ਵਿਸ਼ਿਸ਼ਟ ਭਾਸ਼ਨ ਅਤੇ ਸਪਸ਼ਟੀਕਰਨ (Special Lecture and Demonstrations); ਅਤੇ

(iv) ਪ੍ਰਯੋਗ ਕਰਤਾ ਲਈ ਦਿਸ਼ਾਮਾਨ ਗੋਸ਼ਟੀਆਂ ਅਤੇ ਕਾਰਜਸ਼ਾਲਾ (User oriented seminars, workshops etc.)

ਇਨ੍ਹਾਂ ਸੇਵਾਵਾਂ ਦੇ ਪ੍ਰਦਾਨ ਕਰਨ ਦਾ ਉਪਰਾਲਾ ਪਾਠਕਾਂ ਦੀ ਮੰਗ ਅਤੇ ਲਾਇਬ੍ਰੇਰੀ ਦੀ ਸਮਰੱਥਾ ਅਨੁਸਾਰ ਕਰਨਾ ਚਾਹੀਦਾ ਹੈ ਇਨ੍ਹਾਂ ਸੇਵਾਵਾਂ ਵਿਚ ਵਰਤੋਂ ਕਰਨ ਵਾਲਿਆਂ ਦੀ ਜ਼ਰੂਰਤ ਅਤੇ ਰੁਚੀਆਂ ਦਾ ਵਿਸ਼ੇਸ਼ ਧਿਆਨ ਰਖਣ ਦੀ ਲੋੜ ਹੈ।

### 1.4.5.7. ਭੌਤਿਕ ਸੁਵਿਧਾਵਾਂ (Physical Facilities)

**ਇਮਾਰਤ :** ਆਧੁਨਿਕ ਯੂਨੀਵਰਸਿਟੀ ਲਾਇਬ੍ਰੇਰੀ ਦੀ ਇਮਾਰਤ ਏਨੀ ਸਿੱਧੀ ਸਾਦੀ ਨਹੀਂ ਹੁੰਦੀ ਜਿੰਨੀ ਪੁਰਾਣੇ ਸਮੇਂ ਹੁੰਦੀ ਸੀ। ਅੱਜ ਵਧਦੀਆਂ ਅਤੇ ਜਟਿਲ ਲਾਇਬ੍ਰੇਰੀ ਲੋੜਾਂ ਅਨੁਸਾਰ ਇਮਾਰਤ ਤਾਮੀਰ ਕੀਤੀ ਜਾਂਦੀ ਹੈ ਜਿਸ ਵਿਚ ਵਰਤਮਾਨ ਹੀ ਨਹੀਂ ਸਗੋਂ ਭਵਿੱਖ ਵਿਚ ਉਪਜਣ ਵਾਲੀਆਂ ਲੋੜਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ।

### 1.4.5.8. ਪੇਸ਼ੇਵਰ ਕਰਮਚਾਰੀ (Professional Staff)

ਲਾਇਬ੍ਰੇਰੀ ਸਟਾਫ਼ ਦੀ ਅਕਾਦਮਿਕ ਅਤੇ ਵਿਵਸਾਇਕ ਯੋਗਤਾ ਅਨੁਭਵ, ਮਾਹਿਰਤਾ ਅਤੇ ਗੁਣ ਅਧਿਆਪਨ ਅਤੇ ਖੋਜ ਵਿਚ ਅੱਗੇ ਵਿਦਵਾਨਾਂ ਨਾਲ ਢੁੱਕਵੀਂ ਹੋਣੀ ਚਾਹੀਦੀ ਹੈ। ਲਾਇਬ੍ਰੇਰੀ ਦੁਆਰਾ ਪ੍ਰਦਾਨ ਲਾਇਬ੍ਰੇਰੀ, ਪ੍ਰਲੇਖਨ ਅਤੇ ਸੂਚਨਾ ਸੇਵਾਵਾਂ ਵਿਚ ਕਰਮਚਾਰੀਆਂ ਦੀ ਯੋਗਤਾਵਾਂ ਦੀ ਝਲਕ ਮਿਲਣੀ ਚਾਹੀਦੀ ਹੈ। ਉਨ੍ਹਾਂ ਦਾ ਵਿਦਿਆਰਥੀ ਖੋਜੀਆਂ ਅਧਿਆਪਕਾਂ ਅਤੇ ਦੂਜੇ ਵਿਦਵਾਨਾਂ ਨਾਲ ਗੂਹੜਾ ਨਿਰੰਤਰ ਸੰਪਰਕ ਰਹਿਣਾ ਚਾਹੀਦਾ ਹੈ।

### 1.4.5.9. ਵਿੱਤ ਅਤੇ ਬਜਟ (Finance and Budget)

ਲਾਇਬ੍ਰੇਰੀ ਲਈ ਵਿੱਤ ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ। ਯੂਨੀਵਰਸਿਟੀ ਵਿਚ ਪਾਠਕਾਂ ਦੀਆਂ ਪੁਸਤਕਾਂ ਅਤੇ ਸੂਚਨਾ ਸੰਬੰਧੀ ਵੱਧਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਢੁੱਕਵੀਂ ਮਾਲੀ ਸਹਾਇਤਾ ਦੀ ਲੋੜ ਹੈ। ਲਾਇਬ੍ਰੇਰੀ ਦੀ ਸਾਂਭ-ਸੰਭਾਲ, ਵਿਕਾਸ ਅਤੇ ਸੇਵਾ ਸੰਬੰਧੀ ਬਣਾਏ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ ਵਾਸਤੇ ਵਧੇਰੇ ਮਾਲੀ ਸਹਾਇਤਾ ਦੀ ਲੋੜ ਹੈ। ਲਾਇਬ੍ਰੇਰੀ ਦੇ ਪ੍ਰਬੰਧਕੀ ਢਾਂਚੇ ਨੂੰ ਠੀਕ ਤਰ੍ਹਾਂ ਚਲਾਉਣ ਲਈ, ਪ੍ਰਸ਼ਾਸ਼ਨ ਨੂੰ ਸੁਚੱਜੀ ਸੇਧ ਦੇਣ ਲਈ ਵੀ ਢੁੱਕਵੀਂ ਮਾਲੀ ਸਹਾਇਤਾ ਦੀ ਲੋੜ ਹੁੰਦੀ ਹੈ। ਇਸ ਲਈ ਅਜਿਹੀਆਂ ਲੋੜਾਂ ਦੀ ਪੂਰਤੀ ਅਤੇ ਵਧੇਰੇ ਪਠਨ-ਸਮੱਗਰੀ ਦੀ ਖਰੀਦ ਵਾਸਤੇ ਰਾਜ ਸਰਕਾਰ, ਕੇਂਦਰ ਸਰਕਾਰ, ਯੂ.ਜੀ.ਸੀ. ਵੱਲੋਂ ਲਾਇਬ੍ਰੇਰੀ ਵਾਸਤੇ ਲੋੜੀਂਦਾ ਧਨ ਸਮੇਂ ਸਿਰ ਦਿੱਤਾ ਜਾਣਾ ਚਾਹੀਦਾ ਹੈ।

(ਅ) ਇਕ ਯੂਨੀਵਰਸਿਟੀ ਦੇ ਖੋਜ ਵਿਦਿਅਰਥੀਆਂ ਨੂੰ ਲਾਇਬ੍ਰੇਰੀ ਵੱਲੋਂ ਦਿੱਤੀਆਂ ਗਈਆਂ 'ਰੀਡਰਜ਼ ਟਿਕਟਸ' ਜਾਂ 'ਰੀਡਰਜ਼ ਪਾਸ ਬੁੱਕ' ਦੀ ਹੋਰਨਾਂ ਯੂਨੀਵਰਸਿਟੀ ਲਾਇਬ੍ਰੇਰੀਆਂ ਵਿਚ ਅੰਤਰ-ਲਾਇਬ੍ਰੇਰੀ ਅਸੂਲ ਮੁਤਾਬਕ ਮਾਨਤਾ ਦੇਣਾ;

(ੲ) ਨਵੀਆਂ ਪੁਸਤਕਾਂ ਦੀਆਂ ਸੂਚੀਟਾਂ ਦਾ ਪਰਸਪਰ ਤਬਾਦਲਾ ਕਰਨਾ; ਅਤੇ

(ਸ) ਬੇਲੋੜੀ ਅਤੇ ਘੱਟ ਵਰਤੋਂ ਵਿਚ ਆਉਣ ਵਾਲੀ ਪਾਠ ਸਮੱਗਰੀ ਅਤੇ ਆਪਣੀਆਂ ਪ੍ਰਕਾਸ਼ਨਾਵਾਂ ਦਾ ਪਰਸਪਰ ਤਬਾਦਲਾ ਕਰਨਾ।

### 1.4.5.10. ਪ੍ਰਬੰਧ ਵਿਵਸਥਾ (Organizational Administration)

ਆਧੁਨਿਕ ਯੁੱਗ ਵਿਚ ਯੂਨੀਵਰਸਿਟੀ ਲਾਇਬ੍ਰੇਰੀ ਨੂੰ ਕੇਵਲ ਯੂਨੀਵਰਸਿਟੀ ਲਾਇਬ੍ਰੇਰੀ ਨਾ ਕਹਿ ਕੇ ਯੂਨੀਵਰਸਿਟੀ ਲਾਇਬ੍ਰੇਰੀ ਸਿਸਟਮ ਕਿਹਾ ਜਾਂਦਾ ਹੈ। ਹੁਣ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ, ਵੱਖ-ਵੱਖ ਪ੍ਰੋਜੈਕਟਾਂ ਕਰਕੇ, ਪਾਠਕਾਂ ਦੀ ਸਹੂਲਤਾਂ ਲਈ ਉਨ੍ਹਾਂ ਨੂੰ ਉਨ੍ਹਾਂ ਦੇ ਸਥਾਨ ਤੇ ਹੀ ਸੇਵਾ ਦੇਣ ਦਾ ਉਪਰਾਲਾ ਕੀਤਾ ਜਾਂਦਾ ਹੈ ਇਸ ਕਰਕੇ ਪੂਰੀ ਯੂਨੀਵਰਸਿਟੀ ਵਿਚ ਲਾਇਬ੍ਰੇਰੀਆਂ ਦਾ ਇਕ ਜਾਲ ਵਿਛਾਇਆ ਜਾਂਦਾ ਹੈ ਅਤੇ ਮੁੱਖ ਲਾਇਬ੍ਰੇਰੀ ਇਨ੍ਹਾਂ ਦਾ ਪ੍ਰਬੰਧ, ਆਪਸੀ ਤਾਲਮੇਲ ਰਖਦੀ ਹੈ। ਸਿਸਟਮ ਵਿਚ ਹੇਠ ਲਿਖੀਆਂ ਕਿਸਮਾਂ ਦੀਆਂ ਲਾਇਬ੍ਰੇਰੀਆਂ ਹੁੰਦੀਆਂ ਹਨ :

(1) ਕੇਂਦਰੀ ਲਾਇਬ੍ਰੇਰੀ ਜਾਂ ਮੁੱਖ ਲਾਇਬ੍ਰੇਰੀ; ਅਤੇ

(2) ਵਿਭਾਗ ਲਾਇਬ੍ਰੇਰੀਆਂ।

ਅੱਜ ਦੀ ਯੂਨੀਵਰਸਿਟੀ ਆਪਣੀ ਚਾਰ ਦੀਵਾਰੀ ਤੋਂ ਬਾਹਰ ਜਾ ਕੇ ਪ੍ਰਸਾਰ ਦੇ ਅਨੇਕ ਕੰਮ ਕਰਦੀ ਹੈ ਜਿਨ੍ਹਾਂ ਵਿਚ ਉਪਰੋਕਤ ਤੋਂ ਇਲਾਵਾ ਕਿਸਾਨਾਂ ਲਈ ਖੇਤੀਬਾੜੀ ਸੰਬੰਧੀ ਮੇਲੇ ਵੀ ਲਗਾਏ ਜਾਂਦੇ ਹਨ ਜਿੱਥੇ ਲਾਇਬ੍ਰੇਰੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਪੁਸਤਕ ਪ੍ਰਦਰਸ਼ਨੀ ਰਾਹੀਂ ਕਿਸਾਨਾਂ, ਬਾਲਗਾਂ, ਇਸਤ੍ਰੀਆਂ, ਬੱਚਿਆਂ ਆਦਿ ਦੀ ਦਿਲਚਸਪੀ ਦੀਆਂ ਪੁਸਤਕਾਂ ਉਨ੍ਹਾਂ ਤਕ ਪਹੁੰਚਾਉਂਦੀ ਹੈ। ਅਜਿਹੀਆਂ ਸੇਵਾਵਾਂ ਰਾਹੀਂ ਲਾਇਬ੍ਰੇਰੀ ਯੂਨੀਵਰਸਿਟੀ ਦੇ ਬਾਲਗ-ਸਿੱਖਿਆ, ਨਿਰੰਤਰ ਸਿੱਖਿਆ, ਪ੍ਰਸਾਰ ਵਿਆਖਿਆ ਆਦਿ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੀ ਹੈ।

### 1.4.6. ਵਿਸ਼ੇਸ਼ ਲਾਇਬ੍ਰੇਰੀ (Special Library)

**ਵਿਸ਼ਾ-ਵਸਤੂ**

4.6.1. ਭੂਮਿਕਾ

4.6.2. ਪਰਿਭਾਸ਼ਾ

1.4.6.3. ਵਿਸ਼ੇਸ਼ ਲਾਇਬ੍ਰੇਰੀ ਦੀਆਂ ਵਿਸ਼ੇਸ਼ਤਾਵਾਂ

1.4.6.4. ਮਨੋਰਥ

1.4.6.5. ਉਦੇਸ਼

1.4.6.6. ਕਰਤੱਵ

1.4.6.7. ਭਾਰਤ ਵਿਚ ਵਿਸ਼ੇਸ਼ ਲਾਇਬ੍ਰੇਰੀਆਂ

## 1.4.6.1. ਭੂਮਿਕਾ (Introduction)

ਅੱਜ ਦਾ ਸਮਾਜ ਅਦਾਰਿਆਂ ਨਾਲ ਭਰਿਆ ਹੈ। ਇਹ ਕਹਿਣਾ ਠੀਕ ਹੈ ਕਿ ਸਮਾਜ ਆਪਣਾ ਸੰਗਠਨ, ਸੰਗਠਨਾਂ ਦੁਆਰਾ ਹੀ ਕਰਦਾ ਹੈ (society organizes itself through organizations). ਮਨੁੱਖੀ ਗੀਤਵਿਧੀਆਂ ਦੇ ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਅਦਾਰਿਆਂ ਦੀ ਲਗਾਤਾਰ ਵੱਧਦੀ ਲੋੜ, ਆਧੁਨਿਕ ਸਮਾਜ ਦੀਆਂ ਕੁਝ ਜਟਿਲ ਵਿਸ਼ੇਸ਼ਤਾਵਾਂ ਦਾ ਪਰਛਾਵਾਂ ਹੀ ਹੈ ਕਿਉਂਕਿ ਅੱਜ ਦਾ ਮਨੁੱਖ, ਅੱਜ ਦੀ ਲੋੜ ਅਨੁਸਾਰ ਵਿਸ਼ਸ਼ਟੀਕਰਨ (Specialization) ਵੱਲ ਰਫ਼ਤਾਰ ਨਾਲ ਵੱਧ ਰਿਹਾ ਹੈ। ਇਸ ਦਾ ਅਸਰ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਕੁਝ ਜ਼ਿਆਦਾ ਹੀ ਗੂੜ੍ਹਾ ਹੈ। ਬੁਨਿਆਦੀ ਵਿਗਿਆਨ ਵਿਚ ਨਿੱਤ-ਨਿੱਤ ਹੋ ਰਹੀਆਂ ਨਵੀਆਂ ਖੋਜਾਂ ਨੇ ਕੁਝ ਵਿਸ਼ਿਆਂ ਵਿਚ ਵਿਹਾਰਕ ਖੋਜ ਲਈ ਨਵੀਆਂ ਦਿਸ਼ਾਵਾਂ ਖੋਲ੍ਹ ਦਿੱਤੀਆਂ ਹਨ।

ਲਾਇਬ੍ਰੇਰੀਆਂ ਨੂੰ ਸੰਸਾਰ ਵਿਚ ਇਕ ਸਮਾਜਕ ਸੰਸਥਾ ਦਾ ਦਰਜ਼ਾ ਦਿੱਤਾ ਗਿਆ ਹੈ। ਕੋਈ ਵੀ ਸਮਾਜ ਜਾਂ ਸਮੂਹ ਲਾਇਬ੍ਰੇਰੀ ਬਿਨਾਂ ਪੂਰਾ ਨਹੀਂ ਹੋ ਸਕਦਾ। ਵੱਧਦੀ ਸਿੱਖਿਆ, ਖੋਜ ਕਾਰਜਾਂ ਵਿਚ ਤੇਜ਼ੀ ਅਤੇ ਲਿਖਤ ਜਾਂ ਅੰਕਿਤ ਗਿਆਨ ਦੀ ਵੱਧਦੀ ਮਾਤਰਾ ਨੇ ਲਾਇਬ੍ਰੇਰੀਆਂ ਦਾ ਵਿਕਾਸ ਅਤੇ ਉਨ੍ਹਾਂ ਦੁਆਰਾ ਪ੍ਰਦਾਨ ਹੋਣ ਵਾਲੀਆਂ ਸੇਵਾਵਾਂ ਵਿਚ ਵਿਸਤਾਰ ਕੀਤਾ ਹੈ। ਲੋਕ ਲਾਇਬ੍ਰੇਰੀ ਸਮਾਜ ਦਾ ਇਕ ਮਹੱਤਵਪੂਰਨ ਹਿੱਸਾ ਹੈ; ਅਕਾਦਮਕ ਲਾਇਬ੍ਰੇਰੀ ਸਿੱਖਿਆ ਸੰਸਥਾਵਾਂ ਦਾ ਦਿਲ ਹੈ; ਇਸ ਪ੍ਰਕਾਰ ਇਕ ਵਿਸ਼ੇਸ਼ (ਵਿਉਪਾਰਕ, ਉਦਯੋਗਕ ਜਾਂ ਖ਼ੋਜ) ਲਾਇਬ੍ਰੇਰੀ, ਸਰਕਾਰੀ ਵਿਭਾਗਾਂ, ਵੱਡੀਆਂ ਵਪਾਰਕ ਅਤੇ ਉਦਯੋਗਕ ਅਦਾਰਿਆਂ ਦੀ ਜਾਨ ਹੈ। ਵਿਸ਼ੇਸ਼ ਲਾਇਬ੍ਰੇਰੀਆਂ ਸੀਮਿਤ ਵਿਸ਼ਾ-ਖੇਤਰ ਵਿਚ ਖੋਜ ਅਤੇ ਵਿਕਾਸ ਦੀ ਪ੍ਰਕ੍ਰਿਆਵਾਂ ਵਿਚ ਤੇਜ਼ੀ ਲਿਆਉਣ ਲਈ 20ਵੀਂ ਸਦੀ ਦੀ ਦੇਣ ਹੈ, ਜਿਹੜੀ ਸਦੀ ਦੇ ਮੱਧ ਵਿਚ ਅੱਗੇ ਵੱਧ ਕੇ ਸੂਚਨਾ ਕੇਂਦਰਾਂ (Information Centre) ਦਾ ਰੂਪ ਧਾਰ ਗਈ।

## 1.4.6.2. ਪਰਿਭਾਸ਼ਾ (Definition)

ਵਿਸ਼ੇਸ਼ ਲਾਇਬ੍ਰੇਰੀ ਦੀ ਸਥਾਪਨਾ ਤੋਂ ਅੱਜ ਤੱਕ ਵੱਖ-ਵੱਖ ਵਿਦਵਾਨਾ ਨੇ ਆਪਣੇ-ਆਪਣੇ ਵਿਚਾਰਾਂ ਰਾਹੀਂ ਇਸ ਦੇ ਸਰੂਪ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ। ਅੱਜ ਦੇ ਬਦਲਦੇ ਸਮਾਜਕ, ਉਦਯੋਗਕ, ਵਿਗਿਆਨਕ ਢਾਂਚੇ ਵਿਚ ਵੱਧਦੀ ਤਕਨਾਲੋਜੀ, ਕੰਪਿਊਟਰ ਅਤੇ ਪ੍ਰਸਾਰ ਦੇ ਕਾਰਣ ਲਾਇਬ੍ਰੇਰੀ ਦੀਆਂ ਨਵੀਆਂ ਪਰਿਭਾਸ਼ਾਵਾਂ ਵੀ ਆ ਰਹੀਆਂ ਹਨ।

ਹਰਮਨ ਹੈਕਲ ਨੇ 1952 ਵਿਚ ਲਾਇਬ੍ਰੇਰੀ ਦੀ ਪਰਿਭਾਸ਼ਾ ਵਰਤੋਂ ਕਰਨ ਵਾਲੇ ਅਤੇ ਪਾਠ ਸਮੱਗਰੀ ਸੰਗ੍ਰਹਿ ਦੇ ਆਧਾਰ ਤੇ ਕੀਤੀ ਸੀ।

ਮੇਨਿਲ ਸਿਲਵਾ ਦੇ ਅਨੁਸਾਰ ਵਿਸ਼ੇਸ਼ ਲਾਇਬ੍ਰੇਰੀ "ਅਜਿਹੀ ਇਕਾਈ ਜੋ ਇਕ ਵਿਸ਼ਿਸ਼ਟ ਅਦਾਰੇ ਨਾਲ ਸਿੱਧੇ ਤੌਰ ਤੇ ਸੰਬੰਧਤ ਕਾਰਜ ਨਾਲ ਸਹਾਇਕ ਪ੍ਰਕਾਸ਼ਿਤ ਸੂਚਨਾ ਨੂੰ ਇਕੱਤਰ ਕਰੇ ਅਤੇ ਸਿਲਸਿਲੇਵਾਰ ਤਰਤੀਬ ਦੇਵੇ, ਉਸ ਨੂੰ 'ਵਿਸ਼ੇਸ਼ ਲਾਇਬ੍ਰੇਰੀ' ਕਿਹਾ ਜਾ ਸਕਦਾ ਹੈ।"

ਲਾਇਬ੍ਰੇਰੀ ਗਲਾਸਰੀ ਵਿਚ "ਵਿਸ਼ੇਸ਼ ਲਾਇਬ੍ਰੇਰੀ ਗਿਆਨ ਦੇ ਸੀਮਿਤ ਖੇਤਰ ਨਾਲ ਸੰਬੰਧਤ ਪੁਸਤਕਾਂ ਅਤੇ ਹੋਰ ਪ੍ਰਕਾਸ਼ਿਤ, ਸੁਚਿਤ੍ਰਿਤ ਜਾਂ ਅੰਕਿਤ ਸਮੱਗਰੀ ਦਾ ਸੰਗ੍ਰਹਿ ਹੈ ਅਤੇ ਜਿਸ ਦਾ ਇਕ ਸੰਸਥਾ, ਖੋਜ, ਅਦਾਰਾ, ਉਦਯੋਗਕ ਅਤੇ ਵਿਉਪਾਰਕ ਇਕਾਈ, ਸਰਕਾਰੀ ਵਿਭਾਗ ਜਾਂ ਕੋਈ ਵਿਦਿਅਕ ਅਦਾਰਾ ਇੰਤਜ਼ਾਮ ਕਰਦਾ ਹੈ। ਇਹ ਇਕ ਲੋਕ ਲਾਇਬ੍ਰੇਰੀ ਦੀ ਵੀ ਵਿਸ਼ੇਸ਼ ਸ਼ਾਖਾ ਹੋ ਸਕਦੀ ਹੈ, ਜੋ ਕੁਝ ਨਿਸ਼ਚਿਤ ਰੁਝਾਨ ਜਾਂ ਕਿੱਤੇ ਸੰਬੰਧੀ ਗਰੁੱਪ ਨੂੰ ਸੇਵਾ ਪ੍ਰਦਾਨ ਕਰੇ, ਜਿਵੇਂ ਇਕ ਤਕਨੀਕੀ ਲਾਇਬ੍ਰੇਰੀ ਜਾਂ ਵਿਸ਼ਿਸ਼ਟ ਵਿਸ਼ਾ ਲਾਇਬ੍ਰੇਰੀ, ਜੋ ਉਸ ਵਿਸ਼ੇ ਸੰਬੰਧੀ ਸਾਰੀਆਂ ਪੁੱਛਾਂ ਦਾ ਉੱਤਰ ਦੇਵੇ, ਜਿਵੇਂ ਇਕ ਸੰਗੀਤ ਲਾਇਬ੍ਰੇਰੀ।"

ਇਸ ਪਰਿਭਾਸ਼ਾ ਵਿਚ ਗਿਆਨ ਦੀ ਕੋਈ ਸੀਮਿਤ ਸ਼ਾਖਾ ਦੇ ਨਾਲ ਸੰਬੰਧਿਤ ਸਾਹਿਤ ਅਤੇ ਅਦਾਰਿਆਂ ਨੂੰ ਇਕ ਪ੍ਰਮੁੱਖ ਲੱਛਣ ਦੱਸਿਆ ਹੈ ਇਸ ਲਈ ਇਹ ਪਰਿਭਾਸ਼ਾ ਦਾ ਖੇਤਰ ਵੱਧ ਜਾਂਦਾ ਹੈ।

ਜੇ.ਈ. ਰਾਈਟ ਦੇ ਮੱਤ ਅਨੁਸਾਰ, "ਵਿਸ਼ੇਸ਼ ਲਾਇਬ੍ਰੇਰੀ ਤੋਂ ਭਾਵ ਅਜਿਹੀ ਲਾਇਬ੍ਰੇਰੀ ਹੈ, ਜੋ ਕਿਸੇ ਇਕ ਵਿਸ਼ੇ ਜਾਂ ਵਿਸ਼ਾ-ਸਮੂਹ ਦੇ ਸਾਹਿਤ ਨਾਲ ਸੰਬੰਧਤ ਹੋਵੇ।" ਰਾਈਟ ਦੀ ਪਰਿਭਾਸ਼ਾ ਵਿਚ ਉਹ ਲਾਇਬ੍ਰੇਰੀਆਂ ਵੀ ਸ਼ਾਮਿਲ ਹਨ, ਜੋ ਕਿਸੇ ਵਿਸ਼ਿਸ਼ਟ ਰੂਪ ਦੇ ਸਾਹਿਤ ਦਾ ਸੰਗ੍ਰਹਿ ਹਨ। ਇਸ ਤੋਂ ਇਲਾਵਾ ਉਹ ਵਿਸ਼ੇਸ਼ ਲਾਇਬ੍ਰੇਰੀ ਦੇ ਘੇਰੇ ਵਿਚ ਹੋਰਨਾਂ ਤੋਂ ਇਲਾਵਾ ਸਕੂਲ, ਕਾਲਜ, ਯੂਨੀਵਰਸਿਟੀ, ਸਭਾਵਾਂ, ਸਰਕਾਰੀ ਅਦਾਰਿਆਂ ਨਾਲ ਸੰਬੰਧਤ ਲਾਇਬ੍ਰੇਰੀਆਂ ਵੀ ਸ਼ਾਮਲ ਕਰਦਾ ਹੈ। ਇਸ ਪ੍ਰਕਾਰ ਰਾਈਟ ਦੇ ਅਨੁਸਾਰ ਵਿਸ਼ੇਸ਼ ਲਾਇਬ੍ਰੇਰੀ ਦਾ ਕਾਰਜ ਖੇਤਰ ਕਾਫ਼ੀ ਵਿਸਤ੍ਰਿਤ ਬਣ ਜਾਂਦਾ ਹੈ। ਇਹ ਪਰਿਭਾਸ਼ਾ ਹੈਕਲ ਨਾਲ ਮਿਲਦੀ ਹੈ।

ਅਮਰੀਕਾ ਦੀ ਪ੍ਰਸਿੱਧ ਸਪੈਸ਼ਲ ਲਾਇਬ੍ਰੇਰੀਜ਼ ਐਸੋਸ਼ੀਏਸ਼ਨ ਦੇ ਅਨੁਸਾਰ, "ਵਿਸ਼ੇਸ਼ ਲਾਇਬ੍ਰੇਰੀ ਅਜਿਹੀ ਹੈ ਜਿਸ ਦੀ ਦੇਖ-ਭਾਲ ਅਤੇ ਸੰਭਾਲ ਇਕ ਵਿਅਕਤੀ, ਨਿਗਮ, ਸੰਸਥਾ, ਸਰਕਾਰੀ ਏਜੰਸੀ ਜਾਂ ਕੋਈ ਹੋਰ ਗਰੁੱਪ ਸੰਗ੍ਰਹਿ, ਪ੍ਰਬੰਧ ਅਤੇ ਸੂਚਨਾ ਪ੍ਰਸਾਰ, ਜੋ ਕਿਸੇ ਵਿਸ਼ੇਸ਼ ਵਿਸ਼ੇ ਨਾਲ ਸੰਬੰਧਤ ਹੋਵੇ ਅਤੇ ਵਿਸ਼ਿਸ਼ਟ

ਪਾਠਕਾਂ ਨੂੰ ਵਿਸ਼ਿਸ਼ਟ ਸੇਵਾ ਪ੍ਰਦਾਨ ਕਰੇ, ਵਾਸਤੇ ਕਰਦੀ ਹੈ।" ਇਸ ਪਰਿਭਾਸ਼ਾ ਵਿਚ ਪ੍ਰਬੰਧ ਅਤੇ ਸੰਗਠਨ, ਵਿਸ਼ਾ ਅਤੇ ਪਾਠਕ ਆਦਿ ਵਿਸ਼ੇਸ਼ ਗੁਣ ਹਨ।

ਇੰਗਲੈਂਡ ਦੇ ਪ੍ਰਸਿੱਧ ਲਾਇਬ੍ਰੇਰੀ ਵਿਗਿਆਨੀ ਡੀ.ਜੇ. ਫਾਸਕੇਟ ਦੇ ਅਨੁਸਾਰ, "ਵਿਸ਼ੇਸ਼ ਲਾਇਬ੍ਰੇਰੀ ਉਹ ਹੈ ਜੋ ਇਕ ਅਜਿਹੇ ਗਰੁੱਪ ਨੂੰ ਸੇਵਾ ਪ੍ਰਦਾਨ ਕਰਦੀ ਹੈ ਜਿਸ ਦੀ ਲਾਇਬ੍ਰੇਰੀ ਹੋਂਦ ਹੈ ਜਿਸ ਦੇ ਮੈਂਬਰ ਆਪਣੀਆਂ ਕੁਝ ਗਤੀਵਿਧੀਆਂ ਨੂੰ ਇਕ ਸਾਂਝੇ ਉਦੇਸ਼ ਪ੍ਰਤੀ ਸੇਧ ਦੇਣ।" ਇਹ ਗਰੁੱਪ ਸਰਕਾਰਾਂ ਵਿਭਾਗਾਂ, ਵਿਵਸਾਇਕ ਸੰਸਥਾ, ਉਦਯੋਗਕ ਇਕਾਈ, ਖੋਜ ਸਭਾ ਜਾਂ ਅਦਾਰਾ ਜਾਂ ਕੋਈ ਸੰਸਥਾ ਹੋ ਸਕਦੀ ਹੈ।

ਇਸ ਪਰਿਭਾਸ਼ਾ ਵਿਚ ਇਕ ਨਵਾਂ ਪਦ ਵਾਧੂ 'ਲਾਇਬ੍ਰੇਰੀ ਹੋਂਦ' (Extra Library Existence) ਆਇਆ ਹੈ, ਜਿਸ ਦਾ ਭਾਵ ਲਾਇਬ੍ਰੇਰੀ ਦੇ ਕਾਰਜਾਂ ਤੋਂ ਇਲਾਵਾ ਹੈ, ਜੋ ਲਾਇਬ੍ਰੇਰੀ ਦੀ ਗਤੀਵਿਧੀਆਂ ਨਾਲ ਨਹੀਂ ਹੋ ਸਕਦੇ, ਪਰ ਉਨ੍ਹਾਂ ਦਾ ਅਦਾਰੇ ਦੀ ਗਤੀਵਿਧੀਆਂ ਨਾਲ ਨੇੜੇ ਦਾ ਸੰਬੰਧ ਹੁੰਦਾ ਹੈ। ਫਾਸਕੇਟ ਇਹ ਮੰਨਦਾ ਹੈ ਕਿ ਵਿਸ਼ੇਸ਼ ਲਾਇਬ੍ਰੇਰੀ ਦੇ ਪਾਠਕ ਅਤੇ ਇਸ ਦਾ ਰੁਝਾਨ ਆਦਿ ਵਿਸ਼ਿਸ਼ਟਤਾ ਦੇ ਆਧਾਰਤ ਹੁੰਦੇ ਹਨ।

"ਕੋਈ ਸੰਗਠਨ ਜਿਸ ਦੀਆਂ ਗਤੀਵਿਧੀਆਂ ਭੌਤਿਕ ਜਾਂ ਜੀਵ ਵਿਗਿਆਨ ਅਤੇ ਸੰਬੰਧਿਤ ਤਕਨਾਲੋਜੀ ਦੁਆਲੇ ਘੁੰਮਦੀਆਂ ਹਨ ਉਹ ਵਿਗਿਆਨਕ ਸਾਹਿਤ ਦੀ ਪ੍ਰਕਾਸ਼ਿਤ ਰਫ਼ਤਾਰ ਤੋਂ ਸੁਚੇਤ ਹੋਵੇਗਾ।" "ਪੂਰਾ ਲਾਭ ਉਠਾਉਣ ਲਈ ਸੰਗਠਨ ਵਿਚ ਇਕ ਅਜਿਹੀ ਇਕਾਈ ਬਹੁਤ ਜ਼ਰੂਰੀ ਹੈ ਜੋ ਉਸ ਗਿਆਨੀ ਦੀ ਭਾਲ ਕਰ ਸਕੇ ਅਤੇ ਪ੍ਰਦਾਨ ਕਰ ਸਕੇ" ਸਟਰਾਉਸ ਸਰੀਵ ਅਤੇ ਬਰਾਉਨ ਦੀ ਵਿਸ਼ੇਸ਼ ਲਾਇਬ੍ਰੇਰੀ ਦੀ ਇਹ ਪਰਿਭਾਸ਼ਾ ਵਿਸ਼ੇਸ਼ ਕਰਕੇ ਵਿਗਿਆਨਕ ਲਾਇਬ੍ਰੇਰੀਆਂ ਵੱਲ ਇੰਗਿਤ ਕਰਦੀ ਹੈ।

ਮੈਰਲੋ ਦੇ ਵਿਚਾਰ ਵੀ ਉਪਰਲੇ ਵਿਚਾਰ ਨਾਲ ਮੇਲ ਖਾਂਦੇ ਹਨ। ਉਨ੍ਹਾਂ ਦੇ ਅਨੁਸਾਰ ਵਿਸ਼ੇਸ਼ ਲਾਇਬ੍ਰੇਰੀ ਕਿਸੇ ਸੰਗਠਨ ਦੀ ਉਹ ਇਕਾਈ ਹੈ ਜਿਸ ਦਾ ਕੰਮ "ਅਜਿਹੇ ਗਿਆਨ ਅਤੇ ਤਜਰਬੇ ਜੋ ਸੰਗਠਨ ਦੀਆਂ ਗਤੀਵਿਧੀਆਂ ਨੂੰ ਅੱਗੇ ਵਧਾ ਸਕੇ" ਦੀ ਤਲਾਸ਼ ਕਰਨਾ ਅਤੇ ਪ੍ਰਦਾਨ ਕਰਨਾ ਹੈ।

ਅਮਰੀਕਾ ਦੇ ਪਾਲ ਵਾਜ਼ਰਮੈਨ ਨੇ ਵਿਸ਼ੇਸ਼ ਲਾਇਬ੍ਰੇਰੀ ਨੂੰ 'ਇਕ ਸੂਚਨਾ ਸਹੂਲੀਅਤ' ਕਿਹਾ ਹੈ ਜਿਸ ਦੀ ਬਣਤਰ ਅਜਿਹੀ ਹੈ ਕਿ ਇਸ ਨੇ 'ਵਿਸ਼ਿਸ਼ਟ ਸੂਚਨਾ ਤਕ ਪਹੁੰਚ ਪ੍ਰਦਾਨ ਕਰਨੀ ਹੈ ਅਤੇ ਜੋ ਵਿਸ਼ੇਸ਼ ਪਾਠਕਾਂ ਦੇ ਦਾਇਰੇ ਵਿਚ ਹੈ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਕੰਮ ਵਿਚ ਰੁਝੀ ਹੋਈ ਹੈ।"

ਪੀ.ਜੀ. ਨਿਊ ਨੇ ਵਿਸ਼ੇਸ਼ ਲਾਇਬ੍ਰੇਰੀ ਬਾਰੇ ਲਿਖਿਆ ਹੈ ਕਿ "ਇਹ ਉਹ ਸਾਰੀਆਂ ਲਾਇਬ੍ਰੇਰੀਆਂ ਹਨ ਜੋ ਲੋਕ ਅਤੇ ਆਕਦਮਿਕ ਲਾਇਬ੍ਰੇਰੀ ਸਮੂਹ ਵਿਚ ਨਹੀਂ ਆਉਂਦੀਆਂ ਹਨ।" ਇਸ ਪ੍ਰਕਾਰ ਇਹ ਪਰਿਭਾਸ਼ਾ ਨਾਲੋਂ ਭਿੰਨ ਹੋ ਜਾਂਦੀ ਹੈ। ਪਰ ਫਿਰ ਵੀ ਵਿਸ਼ੇਸ਼ ਲਾਇਬ੍ਰੇਰੀ ਦੇ ਵਰਣਨ ਵਿਚ ਅਨੇਕ ਅਸਮਾਨ ਅਦਾਰਿਆਂ ਦੀਆਂ ਲਾਇਬ੍ਰੇਰੀਆਂ ਸ਼ਾਮਲ ਹੁੰਦੀਆਂ ਹਨ। ਇਸ ਲਈ ਬੇਸ਼ਕ ਉਸ ਦੇ ਅਨੁਸਾਰ ਇਕ 'ਪ੍ਰਤੀਨਿਧੀ ਵਿਸ਼ੇਸ਼ ਲਾਇਬ੍ਰੇਰੀ' ਬਾਰੇ ਗੱਲ ਕਰਨਾ ਬੇ-ਮਾਅਨੀ ਹੈ, ਪਰ ਉਹ ਸੰਕੇਤ ਕਰਦਾ ਹੈ ਕਿ "ਇਹ ਉਦਯੋਗਕ ਫ਼ਰਮ ਜਾਂ ਖੋਜ ਸੰਸਥਾ ਦੀ ਵਿਸ਼ੇਸ਼ ਲਾਇਬ੍ਰੇਰੀ ਹੈ" ਜਿਵੇਂ ਕਿ ਮਿਲਦੇ ਸਾਹਿਤ ਤੋਂ ਪ੍ਰਗਟ ਹੁੰਦਾ ਹੈ।

ਡਾ. ਰੰਗਾਨਾਥਨ ਨੇ ਵਿਸ਼ੇਸ਼ ਲਾਇਬ੍ਰੇਰੀ ਨੂੰ 'ਵਿਸ਼ੇਸ਼ਗ ਲਾਇਬ੍ਰੇਰੀ' (Specialized Library) ਕਹਿਣਾ ਉਚਿਤ ਸਮਝਿਆ ਹੈ। ਉਨ੍ਹਾਂ ਦੇ ਅਨੁਸਾਰ ਅਜਿਹੀ ਲਾਇਬ੍ਰੇਰੀ "ਕਿਸੇ ਸੀਮਤ ਵਿਸ਼ਾ ਖੇਤਰ-ਵਿਗਿਆਨਕ, ਤਕਨਾਲੋਜੀਕਲ ਜਾਂ ਹੋਰ ਸੰਬੰਧੀ ਵਿਸਤ੍ਰਿਤ ਸੂਚਨਾ ਪ੍ਰਦਾਨ ਕਰਨ ਵਾਸਤੇ ਬਣਾਈ ਗਈ ਹੈ। ਇਸ ਵਿਚਲੇ ਸ੍ਰੋਤ ਵਿਸ਼ਿਸ਼ਟ ਹਨ ਅਤੇ ਪਾਠਕ ਵਿਸ਼ੇਸ਼ੱਗ।"

ਵਿਸ਼ੇਸ਼ ਲਾਇਬ੍ਰੇਰੀ ਦੀ ਪਰਿਭਾਸ਼ਾਵਾਂ ਇਕ ਸਮਾਨ ਅਤੇ ਇਕ ਪ੍ਰਕਾਰ ਦੀਆਂ ਨਹੀਂ ਹਨ। ਉਨ੍ਹਾਂ ਵਿਚ ਮੱਤ-ਭੇਦ ਹਨ। ਇਸ ਲਈ ਇਕ ਪਰਿਭਾਸ਼ਾ ਦੇਣਾ ਕਠਿਨ ਹੈ।

### 1.4.6.3. ਵਿਸ਼ੇਸ਼ ਲਾਇਬ੍ਰੇਰੀ ਦੀ ਵਿਸ਼ੇਸ਼ਤਾਵਾਂ (Characteristics of Special Library)

ਉਪਰੋਕਤ ਦਿੱਤੀਆਂ ਸਾਰੀਆਂ ਪਰਿਭਾਸ਼ਾਵਾਂ ਦਾ ਜੇਕਰ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਨ੍ਹਾਂ ਵਿਚੋਂ ਹੇਠ ਲਿਖੇ ਸਾਂਝੇ ਤੱਤ ਕੱਢੇ ਜਾ ਸਕਦੇ ਹਨ ਜਿਨ੍ਹਾਂ ਨੂੰ ਮਿਲਾ ਕੇ ਵਿਸ਼ੇਸ਼ ਲਾਇਬ੍ਰੇਰੀ ਦੀ ਪਰਿਭਾਸ਼ਾ ਬਣਾਈ ਜਾ ਸਕਦੀ ਹੈ। ਇਹ ਵਿਸ਼ੇਸ਼ਤਾਵਾਂ ਹਨ :

- **(ੳ) ਸੰਗਠਨ :** ਇਕ ਅਜਿਹਾ ਸੰਗਠਨ ਜਾਂ ਸੰਸਥਾ ਜਾਂ ਅਦਾਰਾ ਜਾਂ ਇਕਾਈ ਜਿਥੇ ਲਾਇਬ੍ਰੇਰੀ ਸਥਾਪਤ ਕੀਤੀ ਗਈ ਹੈ।
- **(ਅ) ਵਿਸ਼ਾ :** ਗਿਆਨ ਦਾ ਉਹ ਸੀਮਤ ਖੇਤਰ ਜਿਸ ਬਾਰੇ ਅਜਿਹੀ ਲਾਇਬ੍ਰੇਰੀ ਵਿਚ ਸਮੱਗਰੀ ਮੁਹੱਈਆ ਕੀਤੀ ਜਾਂਦੀ ਹੈ। ਇਸ ਲਈ ਇਹ ਲੋਕ ਲਾਇਬ੍ਰੇਰੀ ਜਾਂ ਅਕਾਦਮਕ ਲਾਇਬ੍ਰੇਰੀ ਤੋਂ ਛੋਟੀ ਹੁੰਦੀ ਹੈ।
- **(ੲ) ਸਮੱਗਰੀ ਦੀ ਕਿਸਮ :** ਇਹ ਵੀ ਵਿਸ਼ੇਸ਼ ਹੁੰਦੀ ਹੈ, ਜਿਵੇਂ ਫ਼ਿਲਮ ਲਾਇਬ੍ਰੇਰੀ ਜਾਂ ਚਿੱਤਰ/ਨਕਸ਼ਾ ਲਾਇਬ੍ਰੇਰੀ, ਇਤਿਆਦਿ।
- **(ਸ) ਸੇਵਾਵਾਂ :** ਸਾਧਾਰਣ ਨਹੀਂ; ਵਿਸ਼ਿਸ਼ਟ ਸੇਵਾਵਾਂ ਪ੍ਰਦਾਨ ਕਰਨੀਆਂ ਅਤੇ ਜਿੱਥੇ ਬਲ ਸੂਚਨਾ ਸੇਵਾਵਾਂ ਉੱਪਰ ਹੈ।
- **(ਹ) ਪਾਠਕ :** ਇਹ ਵੀ ਵਿਸ਼ਿਸ਼ਟ ਹੁੰਦੇ ਹਨ, ਵਿਸ਼ੇਸ਼ੱਗ ਹੁੰਦੇ ਹਨ, ਆਮ ਨਹੀਂ ਹੁੰਦੇ।

**1.4.6.4. ਮਨੋਰਥ (Aims) :** ਵਿਸ਼ੇਸ਼ ਲਾਇਬ੍ਰੇਰੀ ਦੇ ਬੇਸ਼ਕ ਅਨੇਕ ਮਨੋਰਥ ਹੋ ਸਕਦੇ ਹਨ, ਪਰ ਇਸ ਦੀ ਸਥਾਪਨਾ ਆਮ ਕਰਕੇ ਭਿੰਨ-ਭਿੰਨ ਵਿਸ਼ਿਆਂ ਉੱਪਰ ਖੋਜ ਕੰਮਾਂ ਦੀਆਂ ਲੋੜਾਂ ਦੀ ਪੂਰਤੀ ਹਿਤ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਇਕ ਉਦਯੋਗਕ ਲਾਇਬ੍ਰੇਰੀ ਵਿਚ ਅਜਿਹੇ ਵਿਗਿਆਨੀ ਹੋਣਗੇ ਜੋ ਉਤਪਾਦਨਸ਼ੀਲ ਡੀਜ਼ਾਈਨ ਦੀ ਖੋਜ ਵਿਚ ਰੁੱਝੇ ਹੋਣ ਜਾਂ ਉਚੇਚੇ ਪੱਧਰ ਦੇ ਉਤਪਾਦਨ ਵਿਚ ਜਾਂ ਹੋਰ ਅਜਿਹੀ ਰਲਦੀ-ਮਿਲਦੀ ਖੋਜ ਵਿਚ ਸੰਲਗਨ ਹੋਣ। ਵਿਸ਼ੇਸ਼ ਲਾਇਬ੍ਰੇਰੀ ਦਾ ਮਨੋਰਥ, ਵਿਸ਼ੇਸ਼ ਲਾਇਬ੍ਰੇਰੀ ਦਾ ਇਕ ਵਿਸ਼ੇਸ਼ ਲੱਛਣ ਹੈ।

### 1.4.6.5. **ਉਦੇਸ਼** (Objectives)

ਵਿਸ਼ੇਸ਼ ਲਾਇਬ੍ਰੇਰੀ ਦੇ ਉਦੇਸ਼ ਹੀ ਉਸ ਨੂੰ ਵਿਸ਼ਿਸਠਤਾ ਦਾ ਦਰਜਾ ਦਿੰਦੇ ਹਨ। ਅਮਰੀਕਾ ਦੀ ਵਿਸ਼ੇਸ਼ ਲਾਇਬ੍ਰੇਰੀ ਸੰਸਥਾ (Special Library Association) ਅਨੁਸਾਰ ਵਿਸ਼ੇਸ਼ ਲਾਇਬ੍ਰੇਰੀ ਦੇ ਨਿਮਨਲਿਖਿਤ ਉਦੇਸ਼ ਜਾਂ ਮਨੋਰਥ ਹੋ ਸਕਦੇ ਹਨ :

**(1) ਵਿਸ਼ੇਸ਼ ਲਾਇਬ੍ਰੇਰੀ ਸੂਚਨਾ ਦਾ ਮੁੱਖ ਸ੍ਰੋਤ ਹੈ :** ਸੰਗਠਨ ਨੂੰ ਲੋੜੀਂਦੀ ਸੂਚਨਾ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਵਿਸ਼ੇਸ਼ ਲਾਇਬ੍ਰੇਰੀ ਦੀ ਹੈ। ਇਸ ਕਾਰਜ ਨੂੰ ਸਿਰੇ ਚਾੜ੍ਹਨ ਖਾਤਰ ਲਾਇਬ੍ਰੇਰੀ ਸਟਾਫ਼ ਸਮੱਗਰੀ ਇਕੱਤਰ ਕਰਦਾ ਹੈ, ਉਸ ਨੂੰ ਤਰਤੀਬ ਦਿੰਦਾ ਹੈ ਸੂਚਨਾ ਦਾ ਪ੍ਰਸਾਰ ਕਰਦਾ ਹੈ ਤਾਂ ਕਿ ਵਿਸ਼ਿਸ਼ਟ ਵਿਸ਼ਿਆਂ ਦੇ ਪਾਠਕਾਂ ਦੀ ਸੂਚਨਾ ਪ੍ਰਤੀ ਮੰਗ ਦੀ ਪੂਰਤੀ ਕੀਤੀ ਜਾ ਸਕੇ। ਸੇਵਾਵਾਂ ਦੀ ਇਸ ਢੰਗ ਨਾਲ ਵਿਉਂਤ ਕੀਤੀ ਜਾਂਦੀ ਹੈ ਕਿ ਉਹ ਸੰਗਠਨ ਦੀਆਂ ਸੂਚਨਾ ਲੋੜਾਂ ਪੂਰੀਆਂ ਕਰ ਸਕਣ।

(2) ਵਿਸ਼ੇਸ਼ ਲਾਇਬ੍ਰੇਰੀ ਸੰਗਠਨ ਦੀਆਂ ਗਤੀਵਿਧੀਆਂ ਲਈ ਉਪਯੁਕਤ ਸੂਚਨਾ ਸਮੱਗਰੀ ਪ੍ਰਾਪਤ ਕਰਦੀ ਹੈ, ਸੰਗਠਿਤ ਕਰਦੀ ਹੈ, ਰਖ ਰਖਾਵ ਕਰਦੀ ਹੈ, ਉਪਯੋਗ ਕਰਦੀ ਹੈ ਅਤੇ ਪ੍ਰਸਾਰ ਕਰਦੀ ਹੈ : ਇਸ ਤੋਂ ਭਾਵ ਹੈ ਕਿ ਲਾਇਬ੍ਰੇਰੀ ਨੂੰ ਵਰਤਮਾਨ ਅਤੇ ਭਾਵੀ ਲੋੜਾਂ ਨੂੰ ਮੁੱਖ ਰਖਕੇ ਸਮੱਗਰੀ ਅਤੇ ਸੂਚਨਾ ਪ੍ਰਾਪਤੀ ਕਰਨੀ ਚਾਹੀਦੀ ਹੈ।

(3) ਢੁੱਕਵੀਂ ਲੋੜ ਅਨੁਸਾਰ ਵਿਸ਼ੇਸ਼ ਲਾਇਬ੍ਰੇਰੀ ਸਭ ਨੂੰ ਸੇਵਾ ਪ੍ਰਦਾਨ ਕਰਦੀ ਹੈ : ਕਿਸ ਪ੍ਰਕਾਰ ਦੇ ਪਾਠਕ ਨੂੰ ਜਿਹੜੀ ਸੇਵਾ ਪ੍ਰਦਾਨ ਕਰਨੀ ਹੈ ਅਤੇ ਇਹ ਸੇਵਾ ਦੀ ਮਾਤ੍ਰਾ ਕਿਹੜੀ ਹੈ, ਇਸ ਸੰਬੰਧੀ ਵਿਸ਼ੇਸ਼ ਲਾਇਬ੍ਰੇਰੀ ਦੇ ਮਨੋਰਥਾਂ ਵਿਚ ਸਪਸ਼ਟ ਵਰਣਨ ਕਰਨਾ ਚਾਹੀਦਾ ਹੈ ਜੇਕਰ ਸੰਭਵ ਹੋ ਸਕੇ ਤਾਂ ਇਹ ਲਿਖਤੀ ਰੂਪ ਵਿਚ ਹੋਣਾ ਚਾਹੀਦਾ ਹੈ।

### 1.4.6.6. **ਕਰਤੱਵ** (Functions)

ਕਿਸੇ ਸੰਸਥਾ ਜਾਂ ਸੰਗਠਨ ਦੀ ਹੋਂਦ ਉਸ ਦੇ ਮਨੋਰਥਾਂ; ਮਨੋਰਥ ਉਸ ਦੇ ਕਰਤੱਵਾਂ; ਅਤੇ ਕਰਤੱਵ ਉਸ ਦੇ ਕਾਰਜਾਂ ਨਾਲ ਜੁੜੇ ਹੁੰਦੇ ਹਨ। ਇਨ੍ਹਾਂ ਮਨੋਰਥਾਂ ਨੂੰ ਸੰਸਥਾ ਜਾਂ ਸੰਗਠਨ ਆਪਣੇ ਅਦਾਰੇ, ਗਤੀਵਿਧੀਆਂ ਨੂੰ ਮੁੱਖ ਰਖ ਕੇ ਨਿਸ਼ਚਿਤ ਕਰਦੀ ਹੈ। ਚਰਚਾ ਦੇ ਵਿਸ਼ੇ ਦੀ ਲਾਇਬ੍ਰੇਰੀ ਦਾ ਮਨੋਰਥ ਵਿਸ਼ਿਸ਼ਟਤਾ ਨਾਲ ਜੁੜਿਆ ਹੋਇਆ ਹੈ। ਵਿਸ਼ੇਸ਼ ਲਾਇਬ੍ਰੇਰੀ ਆਪਣਾ ਕਾਰਜਾਂ ਕਰਕੇ ਬਾਕੀ ਦੀਆਂ ਲਾਇਬ੍ਰੇਰੀਆਂ ਨਾਲੋਂ ਵੱਖਰੀ ਹੁੰਦੀ ਹੈ। ਇਸ ਦੇ ਕਰਤੱਵ ਹਨ :

(ੳ) ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਨਵੀਨ ਪ੍ਰਕਾਸ਼ਨਾਵਾਂ ਵਿਚ ਉਪਲੱਬਧ ਢੁੱਕਵੀਂ ਸਮੱਗਰੀ ਪ੍ਰਦਾਨ ਕਰਕੇ ਸੂਚਿਤ ਕਰਦੇ ਰਹਿਣਾ।

(ਅ) ਕਿਸੇ ਵਿਸ਼ੇ ਵਿਸ਼ੇਸ਼ ਉੱਪਰ ਸਾਹਿਤ ਖੋਜ ਕਰਨਾ। ਜਦ ਵੀ ਕੋਈ ਖੋਜ ਪ੍ਰਾਜੈਕਟ ਆਰੰਭਿਆ ਜਾਂਦਾ ਹੈ ਤਾਂ ਉਪਲੱਬਧ ਸਮੱਗਰੀ ਦੀ ਖੋਜ ਕੀਤਿਆਂ ਪਤਾ ਲੱਗਦਾ ਹੈ ਕਿ ਇਸ ਸੰਬੰਧੀ ਪਹਿਲਾਂ ਹੀ ਕੰਮ ਕੀਤਾ ਜਾ ਚੁੱਕਾ ਹੈ। ਇਸ ਪ੍ਰਕਾਰ ਸਾਹਿਤ ਸਮੱਗਰੀ ਦੀ ਖੋਜ ਰਾਹੀਂ ਅਸੀਂ ਮਹਿੰਗੇ ਅਤੇ ਗ਼ੈਰ-ਜ਼ਰੂਰੀ ਦੁਹਰਾਅ (Wasterful duplication) ਤੋਂ ਸਮੇਂ ਸਿਰ ਬਚ ਸਕਦੇ ਹਾਂ। ਇਸ ਪ੍ਰਕਾਰ ਇਹ ਕਰਤੱਵ ਹੀ ਵਿਸ਼ੇਸ਼ ਲਾਇਬ੍ਰੇਰੀ ਦੀ ਹੋਂਦ ਦਾ ਪ੍ਰਯੋਜਨ ਹੈ।

ਇਸ ਤੋਂ ਇਲਾਵਾ ਜੋ ਹੋਰ ਮੁੱਖ ਮੰਤਵ ਹੁੰਦੇ ਹਨ ਉਹ ਆਮ ਕਰਕੇ ਹਰ ਲਾਇਬ੍ਰੇਰੀ ਨਿਭਾਉਂਦੀ ਹੈ। ਉਦਾਹਰਣ ਦੇ ਤੌਰ ਤੇ ਪੁਸਤਕ ਪ੍ਰਾਪਤੀ, ਉਸ ਦੀ ਤਰਤੀਬ ਅਤੇ ਸੂਚਨਾ ਪ੍ਰਸਾਰ ਅਜਿਹੇ ਪ੍ਰਮੁੱਖ ਕਰਤੱਵ ਹਨ ਜੋ ਲੋਕ ਲਾਇਬ੍ਰੇਰੀ, ਯੂਨੀਵਰਸਿਟੀ ਲਾਇਬ੍ਰੇਰੀ, ਕੌਮੀ ਲਾਇਬ੍ਰੇਰੀ, ਵਿਸ਼ੇਸ਼ ਲਾਇਬ੍ਰੇਰੀ ਸਭ ਨਿਭਾਉਂਦੀਆਂ ਹਨ। ਇਨ੍ਹਾਂ ਕਰਤੱਵਾਂ ਪ੍ਰਤੀ ਪਹੁੰਚ, ਹੁਨਰ, ਤਕਨੀਕ ਦਾ, ਫ਼ਰਕ ਵਿਸ਼ੇਸ਼ ਲਾਇਬ੍ਰੇਰੀਆਂ ਵਿਚ ਸਾਫ਼ ਨਜ਼ਰ ਆਉਂਦੇ ਹਨ। ਇਸ ਕਾਰਣ ਇਹ ਦੂਜੀਆਂ ਲਾਇਬ੍ਰੇਰੀਆਂ ਤੋਂ ਕਾਰਜਾਂ ਵਿਚ ਅੱਗੇ ਵੱਧ ਜਾਂਦੀ ਹੈ। ਵਿਸ਼ੇਸ਼ ਕਾਰਜਾਂ ਦੀ ਪੂਰਤੀ ਲਈ ਅਪਣਾਈ ਵਿਸ਼ੇਸ਼ ਪਹੁੰਚ ਉਸ ਦੀ ਵਿਧੀਆਂ ਵਿਚ ਝਲਕਾਰਾ ਮਾਰਦੀ ਹੈ।

ਵਿਸ਼ੇਸ਼ ਲਾਇਬ੍ਰੇਰੀ ਦੁਆਰਾ ਨਿਮਨਲਿਖਿਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ :

(1) (i) ਵਿਸ਼ੇਸ਼ੱਗ ਪਾਠਕਾਂ ਦੀਆਂ ਸਮੱਸਿਆਵਾਂ, ਮੰਗਾਂ ਅਤੇ ਸੂਚਨਾ ਸੰਬੰਧੀ ਵਾਕਫ਼ੀ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਨਿਜੀ ਪੱਧਰ ਤੇ ਮਿਲਕੇ ਵੀ ਸੂਚਨਾ ਪ੍ਰਸਾਰਣ ਕਰਨਾ।

(ii) ਨਵੀਆਂ ਪ੍ਰਕਾਸ਼ਨਾਵਾਂ ਦੀ ਮਾਸਿਕ ਸੂਚੀ ਤਿਆਰ ਕਰਕੇ ਵੰਡਣਾ।

(iii) ਨਵੀਨ ਸੂਚਨਾ ਵਾਸਤੇ ਲਾਇਬ੍ਰੇਰੀ ਬੁਲੇਟਿਨ ਤਿਆਰ ਕਰਕੇ ਪਾਠਕਾਂ ਵਿਚ ਵੰਡਣਾ।

(iv) ਪੁਸਤਕਾਂ ਜਾਰੀ ਕਰਨੀਆਂ ਅਤੇ ਰਸਾਲਿਆਂ ਨੂੰ ਉਨ੍ਹਾਂ ਕੋਲ ਭੇਜਣ ਲਈ ਵਿਸ਼ੇਸ਼ ਮਾਰਗ ਨਿਸ਼ਚਤ ਕਰਨਾ (Routing)।

(v) ਲਾਇਬ੍ਰੇਰੀ ਵਿਚ ਉਪਲੱਬਧ ਸਮੱਗਰੀ ਦੇ ਆਧਾਰ ਤੇ ਸੂਚੀਆਂ ਤਿਆਰ ਕਰਨਾ।

(vi) ਅੰਤਰ ਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਦੀਆਂ ਪੁਸਤਕ-ਸੂਚੀਆਂ ਪ੍ਰਾਪਤ ਕਰਕੇ ਪਾਠਕਾਂ ਦੇ ਧਿਆਨ ਵਿਚ ਲਿਆਉਣਾ।

(vii) ਲੋੜ ਅਨੁਸਾਰ ਲੋਕਲ ਪੱਧਰ ਤੇ ਨਿਯਮਤ ਅਤੇ ਅਨਿਯਮਤ ਸਾਰ ਸੇਵਾਵਾਂ ਅਤੇ ਅਨੁਕ੍ਰਮਿਕਾਵਾਂ ਤਿਆਰ ਕਰਕੇ ਜਾਰੀ ਕਰਨਾ।

(viii) ਲੋੜ ਪੈਣ ਤੇ ਹੋਰ ਲਾਇਬ੍ਰੇਰੀਆਂ, ਸੂਚਨਾ ਕੇਂਦਰਾਂ, ਸੰਸਥਾਵਾਂ, ਪ੍ਰਲੇਖਨ ਕੇਂਦਰਾਂ ਆਦਿ ਤੋਂ ਸਹਾਇਤਾ ਪ੍ਰਾਪਤ ਕਰਨਾ, ਪ੍ਰਕਾਸ਼ਨਾਵਾਂ

ਪ੍ਰਾਪਤ ਕਰਨੀਆਂ ।

(ix) ਲਾਇਬ੍ਰੇਰੀ ਵਿਚ ਨਵੀਆਂ ਪੁਸਤਕਾਂ ਅਤੇ ਹੋਰ ਨਵੀਨ ਪ੍ਰਕਾਸ਼ਨਾਵਾਂ ਦਾ ਪ੍ਰਦਰਸ਼ਨ ਕਰਨਾ ।

(x) ਨਵੀਨ ਸੂਚਨਾ ਦਾ ਚੋਣਵਾਂ ਪ੍ਰਸਾਰ (ਐਸ.ਡੀ.ਆਈ.) ਕਰਨ ਸੰਬੰਧੀ ਸਾਰੇ ਕਾਰਜ ਨਿਭਾਉਣੇ ਅਤੇ ਅਜਿਹੀ ਵਿਸ਼ਿਸ਼ਟ ਸੇਵਾ ਵਿਸ਼ੇਸ਼ੱਗ ਪਾਠਕਾਂ ਤਕ ਪਹੁੰਚਾਉਣ ।

(xi) ਵਾਰਸ਼ਿਕ ਰਿਪੋਰਟ ਤਿਆਰ ਕਰਨਾ ਅਤੇ ਆਪਣੇ ਪਾਠਕਾਂ ਨੂੰ ਲਾਇਬ੍ਰੇਰੀ ਗਤੀਵਿਧੀਆਂ ਤੋਂ ਜਾਣੂੰ ਕਰਵਾਉਣਾ ।

(2) ਪਾਠਕਾਂ ਨੂੰ ਤਤਕਾਲੀ ਉੱਤਰ ਪ੍ਰਦਾਨ ਕਰਨ ਵਾਸਤੇ ਪ੍ਰਭਾਵੀ ਸੰਦਰਭ ਅਤੇ ਸੂਚਨਾ ਸੇਵਾ ਸਥਾਪਤ ਕਰਨਾ ।

(3) ਰੇਪਰੋਗ੍ਰਾਫ਼ਿਕ ਸੇਵਾਵਾਂ ਰਾਹੀਂ ਪਾਠਕਾਂ ਨੂੰ ਲੋੜੀਂਦੀਆਂ ਦਸਤਾਵੇਜ਼ਾਂ ਦੀਆਂ ਪ੍ਰਤੀਆਂ ਤਿਆਰ ਕਰਕੇ ਦੇਣਾ ।

(4) ਲੋੜ ਅਨੁਸਾਰ ਹੋਰ ਸੂਚਨਾ ਅਤੇ ਪ੍ਰਲੇਖਨ ਕੇਂਦਰਾਂ ਤੋਂ ਵਿਦੇਸ਼ੀ ਭਾਸ਼ਾਵਾਂ ਦੀਆਂ ਪ੍ਰਕਾਸ਼ਨਾਵਾਂ ਵਾਸਤੇ ਅਨੁਵਾਦ ਸੇਵਾ ਦਾ ਪ੍ਰਬੰਧ ਕਰਨਾ ।

(5) ਮੂਲ ਅਦਾਰੇ ਦੀਆਂ ਆਪਣੀਆਂ ਪ੍ਰਕਾਸ਼ਨਾਵਾਂ ਵਿਚ ਸੰਪਾਦਕੀ ਸਹਾਇਤਾ ਪ੍ਰਦਾਨ ਕਰਨਾ ।

(6) ਸੰਸਥਾ ਦੀਆਂ ਆਪਣੀ ਪ੍ਰਕਾਸ਼ਨਾਵਾਂ ਵਿਚ ਸੰਪਾਦਕੀ ਸਹਾਇਤਾ ਪ੍ਰਦਾਨ ਕਰਨਾ ।

(7) ਭਿੰਨ-ਭਿੰਨ ਤਰ੍ਹਾਂ ਦੀ ਵਿਅਕਤੀਗਤ ਸੇਵਾ ਪ੍ਰਦਾਨ ਕਰਨਾ, ਜਿਵੇਂ ਸਮੱਗਰੀ ਸਰਵੇਖਣ ਆਦਿ ।

(8) ਜੇਕਰ ਕੰਪਿਊਟਰ ਸੁਵਿਧਾ ਉਪਲੱਬਧ ਹੋਵੇ ਤਾਂ ਲਾਇਬ੍ਰੇਰੀ ਦੇ ਰੀਕਾਰਡ ਦਾ ਕੰਪਿਊਟਰੀਕਰਨ ਕਰਨਾ ।

(9) ਮੂਲ ਸੰਸਥਾ ਅਤੇ ਉਸ ਦੇ ਵਿਗਿਆਨੀਆਂ ਅਤੇ ਖੋਜੀਆਂ ਦੇ ਕੰਮਾਂ ਦੀ ਉੱਨਤੀ ਵਾਸਤੇ ਹੋਰ ਲੋੜੀਂਦੇ ਕੰਮ ਕਰਨਾ ।

### 1.4.6.7. ਭਾਰਤ ਵਿਚ ਵਿਸ਼ੇਸ਼ ਲਾਇਬ੍ਰੇਰੀਆਂ : ਇਕ ਨਜ਼ਰ (Special Libraries in India—Evolution)

ਹੋਰਨਾਂ ਦੇਸ਼ਾਂ ਵਾਂਗ ਭਾਰਤ ਵਿਚ ਵੀ ਵਿਸ਼ੇਸ਼ ਲਾਇਬ੍ਰੇਰੀਆਂ ਦੀ ਉਤਪੱਤੀ ਅਤੇ ਵਿਕਾਸ ਵੀਹਵੀਂ ਸਦੀ ਦੀ ਹੀ ਦੇਣ ਹੈ । ਇਸ ਤੋਂ ਪਹਿਲਾਂ ਤਾਂ ਇੱਕਾ-ਦੁੱਕਾ ਉਦਾਹਰਣਾਂ ਮਿਲਦੀਆਂ ਹਨ, ਜਿਵੇਂ ਏਸ਼ਿਆਟਿਕ ਸੁਸਾਇਟੀ ਆਫ਼ ਬੰਗਾਲ ਦੀ ਲਾਇਬ੍ਰੇਰੀ । ਭਾਰਤ ਦੀ ਆਜ਼ਾਦੀ ਤੋਂ ਬਾਅਦ ਇਸ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ । ਭਾਰਤ ਦੀ ਵਿਗਿਆਨਕ ਅਤੇ ਉਦਯੋਗਕ ਕੌਂਸਿਲ (CSIR) ਦੀ ਸਥਾਪਤੀ ਦੇ ਬਾਅਦ ਤਾਂ ਵਿਸ਼ੇਸ਼ ਲਾਇਬ੍ਰੇਰੀਆਂ ਦੀ ਮਹੱਤਤਾ ਬਹੁਤ ਹੀ ਵੱਧ ਗਈ ਹੈ ਕਿਉਂਕਿ ਇਸ ਕੌਂਸਿਲ ਦੀ ਹਰੇਕ ਪ੍ਰਯੋਗਸ਼ਾਲਾ ਵਿਚ ਇਸ ਸਮੇਂ ਵਿਸ਼ੇਸ਼ ਲਾਇਬ੍ਰੇਰੀ ਜਾਂ ਪ੍ਰਲੇਖਨ ਕੇਂਦਰ ਜਾਂ ਸੂਚਨਾ ਕੇਂਦਰ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ ।

ਭਾਰਤ ਸਰਕਾਰ ਨੇ ਜੀਆਲੋਜੀਕਲ ਸਰਵੇ ਆਫ਼ ਇੰਡੀਆ, ਬੋਟੋਨੀਕਲ ਸਰਵੇ ਆਫ਼ ਇੰਡੀਆ, ਆਰਕਿਆਲੋਜੀਕਲ ਸਰਵੇ ਆਫ਼ ਇੰਡੀਆ, ਇਤਿਆਦਿ ਨਾਲ ਲੋੜ ਅਨੁਸਾਰ ਵਿਸ਼ੇਸ਼ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਹਨ ਜਿਨ੍ਹਾਂ ਦੀਆਂ ਸੇਵਾਵਾਂ ਰਾਹੀਂ ਖੋਜੀਆਂ ਅਤੇ ਵਿਗਿਆਨੀਆਂ ਨੂੰ ਕਾਫ਼ੀ ਲਾਭ ਪਹੁੰਚਦਾ ਹੈ ।

ਭਾਰਤ ਵਿਚ ਵਿਸ਼ੇਸ਼ ਲਾਇਬ੍ਰੇਰੀਆਂ ਹੇਠ ਲਿਖੇ ਪੱਧਰ ਤੇ ਕੰਮ ਕਰ ਰਹੀਆਂ ਹਨ :

(1) ਰਾਸ਼ਟਰੀ ਪੱਧਰ

(2) ਸੰਗਠਨ ਅਤੇ ਸੰਸਥਾ ਵਿਸ਼ੇਸ਼ ਲਾਇਬ੍ਰੇਰੀਆਂ

(3) ਪ੍ਰਲੇਖਨ ਕੇਂਦਰ

(4) ਵਿਸ਼ੇਸ਼ ਲਾਇਬ੍ਰੇਰੀਆਂ ਦੀ ਸੰਸਥਾ

### 1.4.6.8. ਸੂਚਨਾ ਕੇਂਦਰ (Information Centres)

### 1.4.6.8.1. ਭੂਮਿਕਾ (Introduction)

ਵਿਸ਼ੇਸ਼ ਲਾਇਬ੍ਰੇਰੀ ਦੀ ਉਤਪੱਤੀ ਅਤੇ ਵਿਕਾਸ, ਵਿਉਪਾਰਕ ਵਿਵਸਾਇ, ਖੋਜ, ਉਦਯੋਗਿਕ ਅਦਾਰਿਆਂ ਅਤੇ ਸਰਕਾਰੀ ਵਿਭਾਗਾਂ ਦੇ ਕਾਰਜਾਂ ਵਿਚ ਸਹਾਇਤਾ ਲਈ ਹੋਇਆ । ਦੂਜੇ ਵਿਸ਼ਵ ਯੁੱਧ ਦੇ ਬਾਅਦ ਸੰਸਾਰ ਵਿਚ ਉਦਯੋਗਿਕ ਕ੍ਰਾਂਤੀ ਆ ਗਈ । ਸੰਸਾਰ ਦੇ ਭਿੰਨ-ਭਿੰਲ ਦੇਸ਼ਾਂ ਵਿਚ ਇਕ ਮੁਕਾਬਲਾ ਸ਼ੁਰੂ ਹੋ ਗਿਆ ਅਤੇ ਇਹ ਕਾਰਜ ਦੀ ਮਦਦ ਲਈ ਰਾਸ਼ਟਰੀ ਉਦੇਸ਼ ਪੂਰਨ ਖੋਜ ਪ੍ਰੋਜੈਕਟ (National Mission-Oriented Research Project) ਰਾਹੀਂ ਕੀਤਾ ਜਾਣ ਲੱਗਾ । ਸਰਕਾਰਾਂ ਦੇ ਕਾਰਜ ਖ਼ੇਤਰ ਅਤੇ ਪ੍ਰੋਗਰਾਮ 'ਸਮਾਜਕ-ਆਰਥਕ ਵਿਕਾਸ' (Socio Economic Development) ਵੱਲ ਚੱਲ ਪਏ । ਜਿਨ੍ਹਾਂ ਵਿਚ ਸੂਚਨਾ ਦਾ ਮਹੱਤਵ ਹੋਰ ਵੱਧ ਗਿਆ, ਕਿਉਂਕਿ ਹੁਣ ਸਾਰੀਆਂ ਪ੍ਰਕ੍ਰਿਆਵਾਂ ਅਤੇ ਨਵੇਂ ਮਨੋਰਥਾਂ ਨਾਲ ਸਥਾਪਿਤ ਕੀਤੇ ਗਏ ਜਿਨ੍ਹਾਂ ਦਾ ਸੰਬੰਧ ਕਿਸੇ ਇਕ ਸੰਸਥਾ ਨਾਲ ਨਹੀਂ ਹੁੰਦਾ ਬਲਕਿ ਉਹ ਸਾਰੇ ਖੇਤਰ ਦੀ ਸੇਵਾ ਕਰਦੇ ਹਨ । ਅਜ ਭਿੰਨ-ਭਿੰਨ ਵਿਸ਼ਾ ਖੇਤਰਾਂ ਵਿਚ ਖੇਤਰੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਹ ਸੂਚਨਾ ਕੇਂਦਰ ਕੰਮ ਕਰ ਰਹੇ ਹਨ ।

### 1.4.6.8.2. ਪਰਿਭਾਸ਼ਾ (Definition)

ਹੈਰੋਡਜ ਲਾਇਬ੍ਰੇਰੀਅਨਸ ਗਲਾਸਰੀ ਦੇ ਅਨੁਸਾਰ, "ਕਿਸੇ ਬਿਬਲਿਉਗ੍ਰਾਫੀਕਲ ਸੈਂਟਰ, ਖੋਜ ਸੰਸਥਾ, ਜਾਂ ਪ੍ਰਲੇਖਨ ਕੇਂਦਰ ਦਾ ਦਫ਼ਤਰ ਜਾਂ ਭਾਗ ਹੈ, ਜਿਸ

ਦਾ ਕੰਮ ਉਹ ਵਿਭਾਗ/ਕੇਂਦਰ ਨਾਲ ਸੰਬੰਧਿਤ ਵਿਸ਼ੇ ਉੱਤੇ ਪੁਸਤਕਾਂ ਦੀ ਜਾਣਕਾਰੀ ਦੇਣਾ ਹੈ। ਕੇਂਦਰ ਦੇ ਕਾਰਜਾਂ ਵਿਚ ਤਕਨੀਕੀ ਲੇਖ (Technical writing) ਅਨੁਕ੍ਰਮਨਿਕਾ (Indexing), ਸਾਰਾਂਸ਼ (Abstracts), ਐਸ.ਡੀ.ਆਈ. ਆਦਿ ਆਉਂਦੇ ਹਨ।

### 1.4.6.8.3. ਵਿਸ਼ੇਸ਼ ਲਾਇਬ੍ਰੇਰੀ ਅਤੇ ਸੂਚਨਾ ਕੇਂਦਰ ਦੇ ਕਾਰਜ : ਇਕ ਤੁਲਨਾ(Special Library and Information Centre : At a Glance)

ਵਿਸ਼ੇਸ਼ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿਚ ਭੇਦ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਦੀ ਗਹਿਰਾਈ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ। ਇਸ ਸਮੇਂ ਇਨ੍ਹਾਂ ਦੋਨਾਂ ਅਦਾਰਿਆਂ ਤੋਂ ਤਿੰਨ ਪੱਧਰੀ ਸੇਵਾ ਦਿੱਤੀ ਜਾ ਰਹੀ ਹੈ।

ਹੇਠਲੇ ਪੱਧਰ ਤੇ ਵਿਸ਼ੇਸ਼ ਲਾਇਬ੍ਰੇਰੀਆਂ, ਪ੍ਰਾਪਤ ਕੀਤੀ ਗਈ ਪਾਠ-ਸਮੱਗਰੀ ਦੇ ਆਧਾਰ ਤੇ, ਸੰਦਰਭ ਸਵਾਲਾਂ ਦਾ ਉੱਤਰ ਜਾਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਸੂਚਨਾ ਪ੍ਰਦਾਨ ਕਰਨ ਲਈ ਲਾਇਬ੍ਰੇਰੀਆਂ ਸਾਧਾਰਨ ਦੈਨਿਕ ਕਾਰਜ ਕਰਦੀ ਹੈ, ਜਦੋਂ ਕਿ ਸੂਚਨਾ ਕੇਂਦਰਾਂ ਦੇ ਕਾਰਜ ਵਿਸ਼ੇਸ਼।

ਮੱਧ ਪੱਧਰ ਤੇ ਇਕ ਵਿਸ਼ੇਸ਼ ਲਾਇਬ੍ਰੇਰੀ ਜਾਂ ਸੂਚਨਾ ਕੇਂਦਰ ਸੇਵਾ ਵਿਚ ਵਿਸ਼ੇਸ਼ ਵਿਸ਼ੇ ਤੇ ਜਟਿਲ ਸਾਹਿਤ ਦੀ ਖੋਜ, ਵਿਆਪਕ ਬਿਬਲਿਉਗ੍ਰਾਫੀਆ ਬਣਾਉਣਾ, ਮੰਗ ਤੋਂ ਪਹਿਲਾਂ ਹੀ ਅੰਦਾਜ਼ੇ ਦੇ ਆਧਾਰ ਤੇ ਸੂਚਨਾ, ਐਸ.ਡੀ.ਆਈ. ਸੇਵਾ, ਬੁਲਟਿਨ ਆਦਿ ਦੀ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਕਾਰਜ ਦੋਹਾਂ ਵਿਚ ਨਿਭਾਏ ਜਾਂਦੇ ਹਨ।

ਉੱਚ ਪੱਧਰ ਤੇ ਕੇਵਲ ਸੂਚਨਾ ਕੇਂਦਰ ਹੀ ਉੱਚ ਕੋਟੀ ਦੀ ਸੂਚਨਾ ਸੇਵਾ ਛਾਣ-ਪੁਣ (Distilation) ਦੋਬਾਰਾ ਲੋੜ ਅਨੁਸਾਰ ਸਰੂਪ ਵਿਚ (Repacked) ਪ੍ਰਦਾਨ ਕਰਦੀ ਹੈ। ਇਨ੍ਹਾਂ ਦੀ ਪ੍ਰਕ੍ਰਿਆਵਾਂ ਵਿਚ ਵਿਸ਼ਲੇਸ਼ਣ, ਸੰਸ਼ਲੇਸ਼ਣ, ਮੂਲਾਂਕਣ ਆਦਿ ਦੇ ਆਧਾਰ ਤੇ ਕੰਮ ਕੀਤਾ ਜਾਂਦਾ ਹੈ।

ਦੂਜਾ ਵੱਡਾ ਅੰਤਰ ਇਨ੍ਹਾਂ ਦੇ ਪਾਠਕਾਂ (Readers/users) ਵਿਚਕਾਰ ਹੈ ਜਦੋਂ ਵਿਸ਼ੇਸ਼ ਲਾਇਬ੍ਰੇਰੀ ਵਿਚ ਸੀਮਾ ਕੇਵਲ ਮੂਲ ਸੰਸਥਾ ਦੇ ਮੈਂਬਰਾਂ ਤਕ ਹੀ ਹੈ ਇਹ ਸੇਵਾ ਇਕ ਖੇਤਰ ਵਿਚ ਵਿਸ਼ਾ ਨਾਲ ਸੰਬੰਧਿਤ ਸਾਰਿਆਂ ਨੂੰ ਦਿੱਤੀ ਜਾਂਦੀ ਹੈ। ਇਸ ਲਈ ਪਾਠਕਾਂ ਵਿਚ ਵੀ ਇਕ ਮੌਲਿਕ ਅੰਤਰ ਹੈ।

### 1.4.6.8.4. ਸੂਚਨਾ ਕੇਂਦਰਾਂ ਦੀਆਂ ਕਿਸਮਾਂ (Types of Information Centre)

ਸੂਚਨਾ ਕੇਂਦਰ ਦੀਆਂ ਤਿੰਨ ਵਿਆਪਕ ਕਿਸਮਾਂ ਹਨ : 1. ਆਂਕੜਾ ਕੇਂਦਰ; 2. ਸੂਚਨਾ ਵਿਸ਼ਲੇਸ਼ਣ ਕੇਂਦਰ; ਅਤੇ 3. ਸੂਚਨਾ ਪ੍ਰਸਾਰ ਕੇਂਦਰ।

#### (1) ਆਂਕੜਾ ਕੇਂਦਰ (Data Centres)

ਆਂਕੜੇ ਵਿਗਿਆਨਿਕ ਪ੍ਰਯੋਗਾਂ ਵਿਚ ਅਤੇ ਸਮਾਜਕ ਵਿਗਿਆਨ ਵਿਚ ਨਿਰੀਖਣ ਅਤੇ ਸਰਵੇਖਣ ਨਾਲ ਇਕੱਤਰ ਕੀਤੇ ਜਾਂਦੇ ਹਨ। ਇਹ ਆਮ ਕਰਕੇ ਸੰਖਿਆ ਵਿਚ ਟੇਬਲ ਵਿਚ ਦਿੱਤੇ ਜਾਂਦੇ ਹਨ। ਡਾਟਾ ਸੈਂਟਰ ਦਾ ਕਾਰਜ ਇਨ੍ਹਾਂ ਆਂਕੜਿਆਂ ਨੂੰ ਪ੍ਰਾਪਤ ਕਰ, ਲੋੜ ਅਨੁਸਾਰ ਸੰਗਠਿਤ ਕਰਕੇ ਰਖਣਾ ਹੁੰਦਾ ਹੈ ਤਾਂ ਜੋ ਲੋੜ ਵੇਲੇ ਕੰਮ ਆ ਸਕਣ। ਇਨ੍ਹਾਂ ਆਂਕੜਿਆਂ ਬਾਰੇ ਇੰਡੈਕਸ ਅਤੇ ਐਬਸਟ੍ਰੈਕਟ ਵੀ ਕੱਢੇ ਜਾਂਦੇ ਹਨ। ਇਹ ਆਂਕੜਾ ਕੇਂਦਰ ਸਥਾਨਿਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰਾਂ ਤੇ ਕੰਮ ਕਰ ਰਿਹੇ ਹਨ।

#### (2) ਸੂਚਨਾ ਵਿਸ਼ਲੇਸ਼ਣ ਕੇਂਦਰ (Information Analysis Centres)

ਸੂਚਨਾ ਵਿਸ਼ਲੇਸ਼ਣ ਕੇਂਦਰ ਵਰਤੋਂ ਕਰਨ ਵਾਲੇ ਨੂੰ ਮੁੱਖ ਰੱਖ ਕੇ, ਉਸ ਦੀ ਜਾਗਰੂਕਤਾ ਅਨੁਸਾਰ ਸੂਚਨਾ ਸੇਵਾ ਪ੍ਰਦਾਨ ਕਰਦੇ ਹਨ। ਇਸ ਵਿਚ ਵਰਤੋਂ ਕਰਤਾ ਸੂਚਨਾ ਮੰਗਦਾ ਹੈ ਨਾ ਕਿ ਸੂਚਨਾ ਸ੍ਰੋਤ। ਉਸ ਨੂੰ ਵੱਖ-ਵੱਖ ਸ੍ਰੋਤਾਂ ਤੋਂ ਇਕੱਤਰ ਕੀਤੀ ਲੋੜੀਂਦੀ ਸੂਚਨਾ ਹੀ ਚਾਹੀਦੀ ਹੁੰਦੀ ਹੈ।

ਸੂਚਨਾ ਵਿਸ਼ਲੇਸ਼ਣ ਕੇਂਦਰ ਦੀ ਸਥਾਪਨਾ ਸੂਚਨਾ ਪ੍ਰਾਪਤ ਕਰਨ, ਭੰਡਾਰ ਕਰਨ, ਪੁਨਰ ਪ੍ਰਾਪਤ ਕਰਨ, ਮੂਲਾਂਕਣ ਕਰਨ, ਵਿਸ਼ਲੇਸ਼ਣ ਕਰਨ ਅਤੇ ਲੋੜ ਅਨੁਸਾਰ ਸੰਸਲੇਸ਼ਣ ਕਰਨ ਲਈ ਕੀਤੀ ਜਾਂਦੀ ਹੈ। ਇਨ੍ਹਾਂ ਦਾ ਮਨੋਰਥ ਸੂਚਨਾ ਇਕੱਤਰ ਕਰਨਾ, ਉਨ੍ਹਾਂ ਨੂੰ ਲੋੜ ਅਨੁਸਾਰ ਸਰੂਪ (Repackaging) ਵਿਚ ਪ੍ਰਦਾਨ ਕਰਨਾ। ਇਹ ਸੂਚਨਾਵਾਂ ਸੱਤਾਵਾਦੀ, ਸਮੇਂ ਸਿਰ ਅਤੇ ਵਰਤੋਂ ਕਰਨ ਵਾਲਿਆਂ ਲਈ ਲਾਭਦਾਇਕ ਹੁੰਦੀਆਂ ਹਨ।

#### (3) ਸੂਚਨਾ ਪ੍ਰਸਾਰਣ ਕੇਂਦਰ (Information Dissemination Centre)

ਇਨ੍ਹਾਂ ਕੇਂਦਰਾਂ ਦੁਆਰਾ ਵਰਤੋਂ ਕਰਨ ਵਾਲਿਆਂ ਨੂੰ ਵਿਸ਼ਾ ਵਿਸ਼ੇਸ਼ ਵਿਚ ਲੋੜੀਂਦੀ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ। ਇਨ੍ਹਾਂ ਸੂਚਨਾ ਸੇਵਾਵਾਂ ਵਿਚ ਨਵੀਆਂ ਤਕਨੀਕਾਂ ਕਰੰਟ ਅਵੈਅਰਨੇਸ ਸੇਵਾ (Current Awareness Service—CAS); ਸਲੇਕਟਿਵ ਡਿਸੇਮੀਨੇਸ਼ਨ ਸੇਵਾ (Selective Dissemination Information—SDI) ਅਤੇ ਸਾਹਿਤ ਖੋਜ (Literature Search) ਆਦਿ ਕੰਪਿਊਟਰ ਡਾਟਾਬੇਸ ਦੀ ਖੋਜ ਦੇ ਆਧਾਰ 'ਤੇ, ਪ੍ਰਯੋਗ ਵਿਚ ਲਿਆਈਆਂ ਜਾਂਦੀਆਂ ਹਨ।

ਇਹ ਅਦਾਰੇ ਅੰਕੜੇ ਤਿਆਰ ਕਰਨ ਵਾਲੇ ਸੰਗਠਨਾਂ ਦੇ ਵਿਭਾਗ ਜਾਂ ਸਵਤੰਤਰ ਅਦਾਰੇ ਹੋ ਸਕਦੇ ਹਨ। ਇਨ੍ਹਾਂ ਦਾ ਸੰਬੰਧ ਕਿਸੇ ਇਕ ਵਿਸ਼ਾ ਜਾਂ ਸਮੂਹ ਤਕ ਹੀ ਨਹੀਂ ਹੁੰਦਾ ਇਹ ਵਿਆਪਕ ਸਾਹਿਤ ਖੋਜ ਵਿਚ ਮਦਦ ਕਰਦੇ ਹਨ। ਆਮ ਕਰਕੇ ਇਹ ਅਦਾਰੇ ਵਿਉਪਾਰਕ ਅਦਾਰੇ ਹੁੰਦੇ ਹਨ ਅਤੇ ਸੂਚਨਾ ਖੇਤਰ ਵਿਚ ਖਰੀਦੋਫਰੋਕਤ ਦਾ ਕੰਮ ਕਰਦੇ ਹਨ। ਅੱਜ-ਕਲ ਸੂਚਨਾ ਬਾਜ਼ਾਰ (Information Marketing) ਦਾ ਮਹੱਤਵ ਵੱਧਦਾ ਜਾ ਰਿਹਾ ਹੈ।

ਸੂਚਨਾ ਦਲਾਲ (Information Brokers) ਇਸ ਖੇਤਰ ਵਿਚ ਕੰਮ ਵਿਚ ਲੱਗੇ ਹਨ।

## 1.4.7. ਰਾਸ਼ਟਰੀ ਲਾਇਬ੍ਰੇਰੀ (National Library)

**ਵਿਸ਼ਾ-ਵਸਤੂ**


1.4.7.1. ਭੂਮਿਕਾ
1.4.7.2. ਉਤਪੱਤੀ
1.4.7.3. ਰਾਸ਼ਟਰੀ ਲਾਇਬ੍ਰੇਰੀ ਦੀਆਂ ਕਿਸਮਾਂ
1.4.7.3.1. ਆਮ ਰਾਸ਼ਟਰੀ ਲਾਇਬ੍ਰੇਰੀ
1.4.7.3.2. ਵਿਸ਼ੇਸ਼ ਰਾਸ਼ਟਰੀ ਲਾਇਬ੍ਰੇਰੀ
1.4.7.4. ਰਾਸ਼ਟਰੀ ਲਾਇਬ੍ਰੇਰੀ ਵਿਸ਼ੇਸ਼ਤਾਵਾਂ
1.4.7.5. ਪਰਿਭਾਸ਼ਾ
1.4.7.6. ਰਾਸ਼ਟਰੀ ਲਾਇਬ੍ਰੇਰੀ ਦੇ ਟੀਚੇ
1.4.7.7. ਕਰਤੱਵ


### 1.4.7.1. ਭੂਮਿਕਾ (Introduction)

ਵਿਸ਼ਵ ਵਿਚ ਹਰੇਕ ਰਾਸ਼ਟਰ ਦੀ 'ਰਾਸ਼ਟਰੀ ਲਾਇਬ੍ਰੇਰੀ' ਹੁੰਦੀ ਹੈ। ਰਾਸ਼ਟਰੀ ਲਾਇਬ੍ਰੇਰੀ ਦੇ ਮਨੋਰਥ ਅਤੇ ਕਰਤੱਵ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਹਨ। ਆਮ ਕਰਕੇ ਇਸ ਵਿਚ ਉਸ ਦੇਸ਼ ਦੁਆਰਾ ਪ੍ਰਕਾਸ਼ਿਤ ਲਗਭਗ ਸਾਰੀ ਪਾਠ ਸਮੱਗਰੀ (ਕੁਝ ਮਦਾਂ ਨੂੰ ਛੱਡ ਕੇ) ਅਤੇ ਦੂਜੇ ਦੇਸ਼ ਦੀ ਪ੍ਰਮੁੱਖ ਪ੍ਰਕਾਸ਼ਨ ਹੁੰਦੇ ਹਨ। ਅੱਜ ਦੇ ਸੰਦਰਭ ਵਿਚ ਰਾਸ਼ਟਰੀ ਲਾਇਬ੍ਰੇਰੀ ਦਾ ਘੇਰਾ ਸੰਕੁਚਿਤ ਨਹੀਂ ਵਿਆਪਕ ਹੈ ਅਤੇ ਇਸ ਘੇਰੇ ਵਿਚ ਇਕ ਤੋਂ ਵੱਧ ਲਾਇਬ੍ਰੇਰੀਆਂ ਵੀ ਆ ਸਕਦੀਆਂ ਹਨ। ਰਾਸ਼ਟਰੀ ਲਾਇਬ੍ਰੇਰੀ ਦੇਸ਼ ਦੀ ਸਭ ਤੋਂ ਵਿਸ਼ਾਲ ਲਾਇਬ੍ਰੇਰੀ ਹੁੰਦੀ ਹੈ ਅਤੇ ਇਸ ਨੂੰ ਰਾਸ਼ਟਰ ਦੀ ਸਿਖਰ ਲਾਇਬ੍ਰੇਰੀ ਮੰਨਿਆ ਜਾਂਦਾ ਹੈ।

### 1.4..7.2. ਉਤਪੱਤੀ (Origin)

ਰਾਸ਼ਟਰੀ ਲਾਇਬ੍ਰੇਰੀ ਦੀ ਉਤਪੱਤੀ ਦੇ ਤਿੰਨ ਸ੍ਰੋਤ ਹਨ :

(1) ਰਾਜੇ-ਮਹਾਰਾਜਿਆਂ ਦੀਆਂ ਲਾਇਬ੍ਰੇਰੀਆਂ;
(2) ਲੋਕ ਲਾਇਬ੍ਰੇਰੀਆਂ; ਅਤੇ
(3) ਨਵੀਆਂ ਲਾਇਬ੍ਰੇਰੀਆਂ

### 1.4.7.3. ਰਾਸ਼ਟਰੀ ਲਾਇਬ੍ਰੇਰੀ ਦੀਆਂ ਕਿਸਮਾਂ (Types of National Libraries)

ਇਸ ਪ੍ਰਕਾਰ ਰਾਸ਼ਟਰੀ ਲਾਇਬ੍ਰੇਰੀਆਂ ਦੀਆਂ ਦੋ ਪ੍ਰਮੁੱਖ ਕਿਸਮਾਂ ਹੇਠ ਲਿਖੇ ਅਨੁਸਾਰ ਹਨ :

(1) ਆਮ ਰਾਸ਼ਟਰੀ ਲਾਇਬ੍ਰੇਰੀ; ਅਤੇ
(2) ਵਿਸ਼ੇਸ਼ ਰਾਸ਼ਟਰੀ ਲਾਇਬ੍ਰੇਰੀ।

**1.4.7.3.1. ਆਮ ਰਾਸ਼ਟਰੀ ਲਾਇਬ੍ਰੇਰੀ :** ਇਨ੍ਹਾਂ ਵਿਚ ਅਜਿਹੀਆਂ ਕੌਮੀ ਲਾਇਬ੍ਰੇਰੀਆਂ ਸ਼ਾਮਲ ਹਨ ਜਿਵੇਂ ਲਾਇਬ੍ਰੇਰੀ ਆਫ਼ ਕਾਂਗਰਸ, ਵਾਸ਼ਿੰਗਟਨ; ਲੈਨਿਲ ਸਟੇਟ ਲਾਇਬ੍ਰੇਰੀ, ਮਾਸਕੋ; ਬ੍ਰਿਟਿਸ਼ ਲਾਇਬ੍ਰੇਰੀ, ਲੰਦਨ; ਬਿਬਲਿਉਥੇਕ ਨੈਸ਼ਨਲ, ਪੈਰਿਸ; ਕੌਮੀ ਲਾਇਬ੍ਰੇਰੀ, ਕਲਕੱਤਾ, ਆਦਿ।

**1.4.7.3.2. ਵਿਸ਼ੇਸ਼ ਰਾਸ਼ਟਰੀ ਲਾਇਬ੍ਰੇਰੀ :** ਅਮਰੀਕਾ ਵਰਗੇ ਦੇਸ਼ ਵਿਚ ਵਿਸ਼ੇਸ਼ ਲਾਇਬ੍ਰੇਰੀ ਦਾ ਵਿਕਾਸ ਵੀ ਨਾਲ-ਨਾਲ ਹੀ ਹੁੰਦਾ ਰਿਹਾ ਜਿਸ ਦੇ ਫਲਸਰੂਪ ਅਮਰੀਕਾ ਵਿਚ ਇਸ ਸਮੇਂ ਕਈ ਵਿਸ਼ੇਸ਼ ਰਾਸ਼ਟਰੀ ਲਾਇਬ੍ਰੇਰੀਆਂ ਹਨ, ਜਿਵੇਂ ਨੈਸ਼ਨਲ ਲਾਇਬ੍ਰੇਰੀ ਆਫ਼ ਮੈਡੀਸਨ (NLM), ਨੈਸ਼ਨਲ ਲਾਇਬ੍ਰੇਰੀ ਆਫ਼ ਐਗਰੀਕਲਚਰ, ਆਦਿ। ਇਸ ਪ੍ਰਕਾਰ ਹੀ ਬਰਤਾਨੀਆ ਵਿਚ ਨੈਸ਼ਨਲ ਲੈਂਡਿੰਗ ਲਾਇਬ੍ਰੇਰੀ ਫ਼ਾਰ ਸਾਇੰਸ ਐਂਡ ਟਕਲਾਲੋਜੀ, ਬ੍ਰਿਟਿਸ਼ ਲਾਇਬ੍ਰੇਰੀ ਆਫ਼ ਪੋਲੀਟੀਕਲ ਐਂਡ ਇਕਨਾਮਿਕ ਸਾਇੰਸ, ਇਤਿਆਦਿ। ਭਾਰਤ ਵਿਚ ਵੀ ਵਿਸ਼ੇਸ਼ ਰਾਸ਼ਟਰੀ ਲਾਇਬ੍ਰੇਰੀਆਂ ਹੋਂਦ ਵਿਚ ਆ ਚੁੱਕੀਆਂ ਹਨ ਜਿਵੇਂ, ਨੈਸ਼ਨਲ ਮੈਡੀਕਲ ਲਾਇਬ੍ਰੇਰੀ, ਨਵੀਂ ਦਿੱਲੀ, ਖੇਤੀਬਾੜੀ ਦੇ ਵਿਸ਼ੇ ਵਿਚ ਆਈ.ਏ.ਆਰ.ਆਈ. ਦੀ ਲਾਇਬ੍ਰੇਰੀ, ਆਦਿ।

ਉਪਰੋਕਤ ਤੋਂ ਸਪਸ਼ਟ ਹੈ ਕਿ ਵਿਸ਼ੇਸ਼ ਰਾਸ਼ਟਰੀ ਲਾਇਬ੍ਰੇਰੀ ਦਾ ਜਨਮ ਅਤੇ ਵਿਕਾਸ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਵਧੇਰੇ ਹੋਇਆ ਹੈ ਕਿਉਂਕਿ ਇਸ ਖੇਤਰ ਵਿਚ ਖੋਜ ਅਤੇ ਅਧਿਐਨ ਦਾ ਕੰਮ ਵੀ ਸਭ ਤੋਂ ਵੱਧ ਸਾਹਮਣੇ ਆਇਆ ਹੈ।

### 1.4.7.4. ਰਾਸ਼ਟਰੀ ਲਾਇਬ੍ਰੇਰੀ : ਵਿਸ਼ੇਸ਼ਤਾਵਾਂ (National Library : Characteristics)

ਰਾਸ਼ਟਰੀ ਲਾਇਬ੍ਰੇਰੀ ਦੀ ਕੁਝ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਜੋ ਦੂਜੀਆਂ ਲਾਇਬ੍ਰੇਰੀਆਂ ਵਿਚ ਨਾ ਹੋਣ ਕਰਕੇ ਇਸ ਨੂੰ ਇਹ ਰੁਤਬਾ ਪ੍ਰਾਪਤ ਹੋਇਆ ਹੈ ਅਤੇ

ਇਸ ਦਾ ਮਹੱਤਵ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵਧਿਆ ਹੈ। ਇਹ ਵਿਸ਼ੇਸ਼ਤਾਵਾਂ ਹਨ :

(1) ਵਰਤਮਾਨ ਅਤੇ ਭਾਵੀ ਪੀੜ੍ਹੀ ਦੇ ਪਾਠਕਾਂ ਦੀ ਵਰਤੋਂ ਲਈ ਉਸ ਦੇਸ਼ ਵਿਚ ਪ੍ਰਕਾਸ਼ਿਤ ਸਾਰੀਆਂ ਪੁਸਤਕਾਂ ਦੀ ਪ੍ਰਾਪਤੀ, ਸੰਗ੍ਰਹਿਣ ਅਤੇ ਵਰਤੋਂ ਲਈ ਸੰਗਠਨ ਰਾਸ਼ਟਰੀ ਲਾਇਬ੍ਰੇਰੀ ਦਾ ਰਵਾਇਤੀ ਕਰਤੱਵ ਹੈ ਜਿਸ ਨੂੰ ਇਹ ਅੱਜ ਵੀ ਜ਼ਿੰਮੇਵਾਰੀ ਨਾਲ ਨਿਭਾ ਰਹੀ ਹੈ;

(2) ਰਾਸ਼ਟਰੀ ਲਾਇਬ੍ਰੇਰੀ ਵਿਚ ਇਸ ਦੇ ਸਾਧਨਾਂ ਦੇ ਕਾਰਣ ਵਿਦੇਸ਼ੀ ਪ੍ਰਕਾਸ਼ਨਾਵਾਂ ਦੇ ਜੋ ਸੰਗ੍ਰਹਿ ਪਿਛਲੇ ਦਹਾਕਿਆਂ ਵਿਚ ਇਕੱਤਰ ਕੀਤੇ ਗਏ ਹਨ, ਉਹ ਕਿਸੇ ਹੋਰ ਲਾਇਬ੍ਰੇਰੀ ਵਿਚ ਨਹੀਂ ਮਿਲ ਸਕਦੇ;

(3) ਲਾਇਬ੍ਰੇਰੀ ਵਿਚ ਗਿਆਨ ਦੇ ਅਜਿਹੇ ਖੇਤਰਾਂ, ਮਜ਼ਮੂਨਾਂ, ਭਾਸ਼ਾਵਾਂ ਵਿਚ ਸੰਗ੍ਰਹਿ ਮਿਲਦੇ ਹਨ, ਜੋ ਵਿਸ਼ੇਸ਼ ਲਾਇਬ੍ਰੇਰੀ ਵਿਚ ਨਹੀਂ ਮਿਲਦੇ। ਇਸ ਸੰਗ੍ਰਹਿ ਵਿਚ ਕੁਝ ਦੁਰਲਭ ਗ੍ਰੰਥ, ਦੁਰਲਭ ਭਾਸ਼ਾਵਾਂ ਵਿਚ ਹਨ, ਜਿਨ੍ਹਾਂ ਨੂੰ ਸੰਭਾਲਣ ਵਾਸਤੇ ਕੌਮੀ ਲਾਇਬ੍ਰੇਰੀ ਕੋਲ ਲੋੜੀਂਦਾ ਸਟਾਫ਼ ਹੈ।

(4) ਅਜੋਕੇ ਸਮੇਂ ਵਿਚ ਕਾਰਜਕੁਸ਼ਲਤਾ ਨੂੰ ਧਿਆਨ ਵਿਚ ਰਖਦੇ ਹੋਏ ਸਾਰੀਆਂ ਲਾਇਬ੍ਰੇਰੀਆਂ ਵਿਚ ਪ੍ਰਮਾਣੀਕਰਣ, ਇਕਰੂਪਤਾ ਅਤੇ ਤਾਲਮੇਲ ਬਣਾਉਣ ਦੀ ਬਹੁਤ ਲੋੜ ਹੈ। ਵਰਗੀਕਰਨ ਅਤੇ ਸੂਚੀਕਰਨ ਦੀਆਂ ਪੱਧਤੀਆਂ ਅਤੇ ਪ੍ਰਕ੍ਰਿਆਵਾਂ ਵਿਚ ਸਮਾਨਤਾ ਅਤੇ ਪ੍ਰਮਾਣਿਕਤਾ ਬਹੁਤ ਜ਼ਰੂਰੀ ਹੈ। ਇਸ ਦੇ ਇਲਾਵਾ ਕੇਂਦਰੀਕਰਨ ਵੱਲ ਵੀ ਕਦਮ ਚੁੱਕੇ ਜਾ ਰਹੇ ਹਨ ਤਾਂ ਜੋ ਸਾਰੀਆਂ ਲਾਇਬ੍ਰੇਰੀਆਂ ਦੇ ਕਾਰਜਾਂ ਵਿਚ ਸਮਾਨਤਾ (Similarity) ਅਤੇ ਇਕਸੁਰਤਾ (Identity) ਲਿਆਂਦੀ ਜਾ ਸਕੇ। ਅਜਿਹੇ ਕਾਰਜਾਂ ਨੂੰ ਅਮਲ ਵਿਚ ਲਿਆਉਣ ਲਈ ਰਾਸ਼ਟਰੀ ਲਾਇਬ੍ਰੇਰੀ ਹੀ ਸੰਸਥਾ ਹੈ, ਜਿਸ ਕੋਲ ਸੰਗ੍ਰਹਿ, ਵਿੱਤ, ਸਟਾਫ਼ ਦੇ ਰੂਪ ਵਿਚ ਸਾਧਨ ਅਤੇ ਸਹੂਲਤਾਂ ਹਨ।

(5) ਦੇਸ਼ ਦੀਆਂ ਸਾਰੀਆਂ ਲਾਇਬ੍ਰੇਰੀਆਂ ਵਿਚ ਸਹਿਯੋਗ ਸਥਾਪਤ ਕਰਨ ਵਾਸਤੇ ਅਗਵਾਈ ਦੀ ਲੋੜ ਹੁੰਦੀ ਹੈ, ਜੋ ਰਾਸ਼ਟਰੀ ਲਾਇਬ੍ਰੇਰੀ ਪ੍ਰਦਾਨ ਕਰ ਸਕਦੀ ਹੈ। ਇਸ ਕੰਮ ਨੂੰ ਸੁਚੱਜੇ ਢੰਗ ਨਾਲ ਕਰਨ ਵਾਸਤੇ ਲਾਇਬ੍ਰੇਰੀ ਕਾਨੂੰਨ ਦੀ ਜ਼ਰੂਰਤ ਹੁੰਦੀ ਹੈ, ਜਿਸ ਦੇ ਆਧਾਰ ਤੇ ਦੇਸ਼ ਵਿਚ ਰਾਸ਼ਟਰੀ ਕੇਂਦਰੀ ਲਾਇਬ੍ਰੇਰੀ ਪ੍ਰਣਾਲੀ ਸਥਾਪਤ ਕੀਤੀ ਜਾਂਦੀ ਹੈ। ਅਜਿਹੀ ਪ੍ਰਣਾਲੀ ਰਾਹੀਂ ਦੇਸ਼ ਦੀਆਂ ਸਾਰੀਆਂ ਲੋਕ ਲਾਇਬ੍ਰੇਰੀਆਂ ਅਤੇ ਦੂਜੀਆਂ ਲਾਇਬ੍ਰੇਰੀਆਂ ਵੀ ਇਕ ਨੈੱਟਵਰਕ ਵਿਚ ਲਿਆਂਦੀਆਂ ਜਾ ਸਕਦੀਆਂ ਹਨ। ਅਜਿਹੇ ਉਪਰਾਲੇ ਅੰਤਰ-ਰਾਸ਼ਟਰੀ ਪੱਧਰ ਤੇ ਵੀ ਕੀਤੇ ਜਾ ਰਹੇ ਹਨ, ਜਿੱਥੇ ਯੂਨੈਸਕੋ, ਇਫਲਾ, ਐਫ.ਆਈ.ਡੀ. ਵਰਗੀਆਂ ਸੰਸਥਾਵਾਂ ਅਗਵਾਈ ਦੇ ਰਹੀਆਂ ਹਨ।

## 1.4.7.5. ਪਰਿਭਾਸ਼ਾ (Definition)

ਰਾਸ਼ਟਰੀ ਲਾਇਬ੍ਰੇਰੀ ਬਾਰੇ ਸੋਚਣਾ ਤਾਂ ਆਸਾਨ ਹੈ, ਪਰ ਪਰਿਭਾਸ਼ਿਤ ਕਰਨਾ ਬਹੁਤ ਮੁਸ਼ਕਿਲ ਹੈ ਕਿਉਂਕਿ ਇਸ ਦੇ ਅਨੇਕ ਆਕਾਰ, ਗੁਣ ਅਤੇ ਕਰਤੱਵ ਹਨ।

ਰਾਸ਼ਟਰੀ ਲਾਇਬ੍ਰੇਰੀ ਬਾਰੇ ਕਈ ਵਿਚਾਰ ਉਪਲੱਬਧ ਹਨ ਇਨ੍ਹਾਂ ਵਿਚ ਕੁਝ ਪਮੁੱਖ ਪਰਿਭਾਸ਼ਾਵਾਂ ਦੀ ਚਰਚਾ ਕੀਤੀ ਗਈ ਹੈ :

(I) ਹੈਰੋਡਜ ਲਾਇਬ੍ਰੇਰੀਅਨਸ ਗਲਾਸਰੀ ਐਂਡ ਰੈਫਰੈਂਸ ਬੁੱਕ–ਛੇਵੇਂ ਐਡੀਸ਼ਨ (1987) ਵਿਚ ਰਾਸ਼ਟਰੀ ਲਾਇਬ੍ਰੇਰੀ ਦਾ ਵਰਨਣ ਹੈ :

(i) ਸਰਕਾਰੀ ਖ਼ਜ਼ਾਨੇ ਨਾਲ ਚਲਾਈ ਜਾ ਰਹੀ ਲਾਇਬ੍ਰੇਰੀ;

(ii) ਪੂਰੇ ਰਾਸ਼ਟਰ ਨੂੰ ਸੇਵਾ ਪ੍ਰਦਾਨ ਕਰਨ ਵਾਲੀ;

(iii) ਇਸ ਵਿਚ ਪੁਸਤਕਾਂ ਕੇਵਲ ਸੰਦਰਭ ਲਈ ਹੀ ਹਨ;

(iv) ਇਹ ਲਾਇਬ੍ਰੇਰੀਆਂ ਆਮ ਕਰਕੇ ਕਾਪੀ ਰਾਈਟ ਲਾਇਬ੍ਰੇਰੀਆਂ ਹਨ;

(v) ਇਨ੍ਹਾਂ ਦਾ ਕਰਤੱਵ ਪੁਸਤਕਾਂ, ਰਸਾਲੇ, ਅਖ਼ਬਾਰ ਅਤੇ ਦੂਜੇ ਪ੍ਰਲੇਖਾਂ ਦਾ ਇਕੱਤਰੀਕਰਨ ਅਤੇ ਆਉਣ ਵਾਲੀ ਪੀੜ੍ਹੀ ਲਈ ਸੰਭਾਲ; ਅਤੇ

(vi) ਦੂਜੇ ਦੇਸ਼ਾਂ ਵਿਚ ਪ੍ਰਕਾਸ਼ਿਤ ਪੁਸਤਕਾਂ ਦੀ ਖ਼ਰੀਦ ਅਤੇ ਭੰਡਾਰ ਕਰਨਾ।

ਏ.ਏਲ.ਏ. ਅਨੁਸਾਰ 'ਰਾਸ਼ਟਰ ਦੁਆਰਾ ਚਲਾਈ ਜਾ ਰਹੀ ਲਾਇਬ੍ਰੇਰੀ' ਹੈ।

ਫਰਾਂਸਿਸ ਅਨੁਸਾਰ ਆਮ ਤੌਰ ਤੇ ਰਾਸ਼ਟਰੀ ਲਾਇਬ੍ਰੇਰੀ ਅਜਿਹੀ ਲਾਇਬ੍ਰੇਰੀ ਹੈ ਜਿਸ ਦਾ ਫ਼ਰਜ਼ ਹੈ ਕਿ ਉਹ ਆਉਣ ਵਾਲੀਆਂ ਪੀੜ੍ਹੀਆਂ ਦੀ ਵਰਤੋਂ ਲਈ ਦੇਸ਼ ਦੀ ਲਿਖਿਤ ਸਮੱਗਰੀ ਇਕੱਤਰ ਕਰੇ ਅਤੇ ਸੰਭਾਲ ਕੇ ਰਖੇ। ਇਸ ਦੇ ਮੁੱਢਲੇ ਕਰਤੱਵ ਦੇ ਨਾਲ ਹੋਰ ਵੀ ਕਰਤੱਵ ਹਨ ਜੋ ਅਨੇਕ ਤੱਤਾਂ ਉੱਪਰ ਨਿਰਭਰ ਕਰਦੇ ਹਨ, ਜਿਵੇਂ ਲਾਇਬ੍ਰੇਰੀ ਦੇ ਮੁੱਖ ਸੰਗ੍ਰਹਿ ਦੇ ਗੁਣ, ਵਿਆਪਕਤਾ, ਸਰਕਾਰੀ ਤੌਰ ਤੇ ਲਾਇਬ੍ਰੇਰੀ ਦੇ ਮਨੋਰਥਾਂ ਸੰਬੰਧੀ ਧਾਰਣਾ, ਦੇਸ਼ ਦਾ ਆਕਾਰ ਅਤੇ ਹੋਰ ਵਿਆਪਕ ਸੰਗ੍ਰਹਿ ਦੀ ਹੋਂਦ, ਇਤਿਆਦਿ।

ਰੰਗਾਨਾਥਨ ਦੇ ਮਤ ਅਨੁਸਾਰ ਰਾਸ਼ਟਰੀ ਲਾਇਬ੍ਰੇਰੀ ਅਜਿਹੀ ਲਾਇਬ੍ਰੇਰੀ ਹੈ ਜਿਸ ਦੀ ਜ਼ਿੰਮੇਵਾਰੀ ਆਉਣ ਵਾਲੀਆਂ ਨਸਲਾਂ ਦੀ ਵਰਤੋਂ ਲਈ ਉਸ ਦੇਸ਼ ਦੀ ਲਿਖਿਤ ਸਮੱਗਰੀ ਦਾ ਸੰਗ੍ਰਹਿ ਅਤੇ ਸੰਭਾਲ ਕਰਨਾ ਹੈ। ਇਹ ਵਿਚਾਰਾਂ ਦੇ ਸੰਗ੍ਰਹਿਣ ਅਤੇ ਪ੍ਰਸਾਰ ਦਾ ਪ੍ਰਮੁੱਖ ਕੇਂਦਰ ਹੈ।

ਯੁਨੇਸਕੋ ਨੇ 1970 ਵਿਚ ਰਾਸ਼ਟਰੀ ਲਾਇਬ੍ਰੇਰੀ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ, "ਰਾਸ਼ਟਰੀ ਲਾਇਬ੍ਰੇਰੀ ਉਹ ਲਾਇਬ੍ਰੇਰੀਆਂ ਹਨ ਜੋ ਆਪਣੇ ਨਾਂ ਵੱਲ ਧਿਆਨ ਨਾ ਦਿੰਦੇ ਹੋਏ ਦੇਸ਼ ਵਿਚ ਪ੍ਰਕਾਸ਼ਿਤ ਸਾਰੀਆਂ ਮਹੱਤਵਪੂਰਨ ਪ੍ਰਕਾਸ਼ਨਾਵਾਂ ਨੂੰ ਪ੍ਰਾਪਤ ਕਰਨ ਅਤੇ ਸੁਰੱਖਿਅਤ ਰਖਣ ਲਈ ਜ਼ਿੰਮੇਵਾਰ ਹਨ ਅਤੇ ਕਾਨੂੰਨਨ ਜਾਂ ਹੋਰ ਵਿਵਸਥਾ ਰਾਹੀਂ ਡਿਪਾਜ਼ਿਟ ਲਾਇਬ੍ਰੇਰੀ ਦਾ ਕੰਮ ਕਰਦੀਆਂ ਹਨ। ਉਹ ਆਮ ਕਰਕੇ ਹੇਠ ਲਿਖੇ ਕਰਤੱਵ ਵੀ ਨਿਭਾਉਂਦੀਆਂ ਹਨ :

–ਰਾਸ਼ਟਰੀ ਪੁਸਤਕ ਸੂਚੀ ਤਿਆਰ ਕਰਨਾ;

–ਵਿਦੇਸ਼ੀ ਸਾਹਿਤ ਦਾ ਪ੍ਰਤੀਨਿਧੀ ਸੰਗ੍ਰਹਿ ਤਿਆਰ ਕਰਨਾ;

–ਅਤੀਤ-ਦਰਸ਼ੀ ਰਾਸ਼ਟਰੀ ਪੁਸਤਕ-ਸੂਚੀ ਤਿਆਰ ਕਰਨਾ;

–ਸੰਘ ਸੂਚੀਆਂ ਤਿਆਰ ਕਰਨਾ;

–ਰਾਸ਼ਟਰੀ ਬਿਬਲਿਉਗ੍ਰਾਫਿਕਲ ਇਨਫਾਰਮੇਸ਼ਨ ਕੇਂਦਰ ਦੇ ਤੌਰ ਤੇ ਕੰਮ ਕਰਨਾ।

### 1.4.7.6. ਰਾਸ਼ਟਰੀ ਲਾਇਬ੍ਰੇਰੀ ਦੇ ਟੀਚੇ (Goals of National Library)

ਰਾਸ਼ਟਰੀ ਲਾਇਬ੍ਰੇਰੀ ਦੇ ਨਿਮਨਲਿਖਿਤ ਟੀਚੇ ਹੋ ਸਕਦੇ ਹਨ। ਇਨ੍ਹਾਂ ਦੀ ਪ੍ਰਾਪਤੀ ਹੀ ਇਸ ਦੇ ਕਰਤੱਵ ਹਨ :

(1) ਰਾਸ਼ਟਰੀ ਲਾਇਬ੍ਰੇਰੀ ਦੇਸ਼ ਦੀ ਸਿਖਰ ਦੀ ਸੰਸਥਾ ਹੁੰਦੀ ਹੈ, ਜਿਸ ਦਾ ਇਹ ਫ਼ਰਜ਼ ਹੈ ਕਿ ਦੇਸ਼ ਦੀ ਸਾਰੀ ਛੋਟੀ ਬੜੀ ਲਾਇਬ੍ਰੇਰੀਆਂ ਦੀ ਮਦਦ ਦੁਰਲਭ ਪੜ੍ਹਨ-ਸਮੱਗਰੀ ਪ੍ਰਦਾਨ ਕਰ ਮਦਦ ਕਰੇ;

(2) ਦੇਸ਼ ਦੀ ਵੱਡੀ ਲਾਇਬ੍ਰੇਰੀ ਹੋਣ ਕਰਕੇ ਲਾਇਬ੍ਰੇਰੀ ਖੇਤਰ ਅਤੇ ਸੂਚਨਾ ਪ੍ਰਸਾਰ ਵਿਚ ਅਗੁਆਈ ਕਰਨਾ ਇਸ ਦਾ ਫ਼ਰਜ਼ ਹੈ। ਇਸ ਦੁਆਰਾ ਕੀਤੀਆਂ ਗਈਆਂ ਖੋਜਾਂ ਦੇ ਨਤੀਜੇ ਦੇਸ਼ ਦੀਆਂ ਲਾਇਬ੍ਰੇਰੀਆਂ ਨੂੰ ਉਪਲੱਬਧ ਕਰਾਏ ਅਤੇ ਲੋੜੀਂਦੇ ਉਪਕਰਨ ਅਤੇ ਪ੍ਰਣਾਲੀਆਂ ਉਪਲੱਬਧ ਕਰਵਾਏ;

(3) ਸਾਹਿਤ ਪ੍ਰਕਾਸ਼ਨ ਵਿਚ ਵਾਧੇ ਨੂੰ ਆਧਾਰ ਮੰਨ ਕੇ ਰਾਸ਼ਟਰੀ ਲਾਇਬ੍ਰੇਰੀਆਂ ਦੇ ਕਾਰਜਾਂ ਵਿਚ ਬਦਲਾਵ ਕਰਕੇ ਉਨ੍ਹਾਂ ਨੂੰ ਦੋਬਾਰਾ ਉਲੀਕਣ ਦੀ ਲੋੜ ਹੈ। ਸਰਕਾਰ ਨੂੰ ਇਹ ਫੈਸਲਾ ਕਰਨਾ ਪਏਗਾ, ਕਿ ਇਹ ਰਾਸ਼ਟਰੀ ਲਾਇਬ੍ਰੇਰੀ ਹੀ ਕਾਫ਼ੀ ਹੈ ਜਾਂ ਫਿਰ ਵੱਖ-ਵੱਖ ਵਿਸ਼ੇ 'ਤੇ ਵੱਖ-ਵੱਖ ਰਾਸ਼ਟਰੀ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਜਾਣ;

(4) ਅੱਜ ਦੇ ਸੂਚਨਾ, ਤਕਨਾਲੋਜੀ ਅਤੇ ਪ੍ਰਸਾਰ ਦੇ ਯੁੱਗ ਵਿਚ ਕੰਪਿਊਟਰ ਰਾਹੀਂ ਦੇਸ਼ ਦੀਆਂ ਲਾਇਬ੍ਰੇਰੀਆਂ ਨੂੰ ਇਕ ਜਜਾਲ ਵਿਚ ਪਰੋਇਆ ਜਾ ਸਕਦਾ ਹੈ ਅਤੇ ਸੂਚਨਾ ਨੂੰ ਇਕ ਸਥਾਨ ਜਾਂ ਲਾਇਬ੍ਰੇਰੀ ਤੋਂ ਦੂਜੇ ਸਥਾਨ ਜਾਂ ਲਾਇਬ੍ਰੇਰੀ ਵਿਚ ਤੁਰੰਤ ਭੇਜਿਆ ਜਾ ਸਕਦਾ ਹੈ। ਇਸ ਲਈ ਸੰਗਠਨ ਅਤੇ ਪ੍ਰਬੰਧ ਲਈ ਨਵੀਆਂ ਤਕਨੀਕਾਂ ਦੀ ਜ਼ਰੂਰਤ ਹੈ; ਅਤੇ

(5) ਭਵਿੱਖ ਦੀਆਂ ਰਾਸ਼ਟਰੀ ਲਾਇਬ੍ਰੇਰੀ ਨੂੰ ਆਪਣਾ ਘੇਰਾ ਸਿਰਫ਼ ਪੁਸਤਕਾਂ ਤਕ ਹੀ ਨਹੀਂ ਰਖਣਾ ਚਾਹੀਦਾ, ਸਗੋਂ ਇਸ ਵਿਚ ਸਾਰੇ ਪ੍ਰਲੇਖ ਜਿਵੇਂ ਪੇਪਰ ਬੈਕ, ਰਿਪੋਰਟਸ, ਟੈਕਨੀਕਲ ਰਿਪੋਰਟਸ, ਡਿਸਕਾਂ, ਟੇਪਜ਼, ਸੂਖਮ ਸਾਹਿਤ (Micro Literature) ਸ਼ਾਮਿਲ ਕਰ ਸੇਵਾਵਾਂ ਦਾ ਘੇਰਾ ਵਧਾਉਣ ਦੀ ਲੋੜ ਹੈ।

### 1.4.7.7. ਕਰਤੱਵ (Functions)

ਪਰਿਭਾਸ਼ਾ ਦੀ ਤਰ੍ਹਾਂ ਲਾਇਬ੍ਰੇਰੀਅਨ ਅਤੇ ਲਾਇਬ੍ਰੇਰੀ ਵਿਗਿਆਨੀ ਇਕ ਸਾਰ ਕਰਤੱਵਾਂ ਤੇ ਸਹਿਮਤ ਨਹੀਂ ਹਨ। ਇਸੇ ਕਾਰਣ ਯੂਨੇਸਕੋ ਵੱਲੋਂ ਘੋਸ਼ਿਤ ਰਾਸ਼ਟਰੀ ਲਾਇਬ੍ਰੇਰੀ ਦੇ ਪ੍ਰਮੁੱਖ ਕਰਤੱਵ, "ਆਉਣ ਵਾਲੀ ਪੀੜ੍ਹੀ ਦੇ ਲਾਭ ਲਈ, ਉਸ ਦੇਸ਼ ਵਿਚ ਪ੍ਰਕਾਸ਼ਿਤ ਪੁਸਤਕਾਂ ਇਕੱਤਰ ਕਰਕੇ ਸੰਭਾਲਣਾ" ਨੂੰ ਉਹ ਮਨਣ ਨੂੰ ਤਿਆਰ ਨਹੀਂ ਹਨ।

ਬ੍ਰਿਟਿਸ਼ ਲਾਇਬ੍ਰੇਰੀ ਰੈਫਰੈਂਸ ਡਿਵੀਜ਼ਨ ਦੇ ਡਾਇਰੈਕਟਰ-ਜਨਰਲ ਅਲੇਗਜ਼ਾਂਡਰ ਵਿਲਸਨ ਨੇ ਹੇਠ ਲਿਖੇ ਕਰਤੱਵ ਉਲੀਕੇ ਹਨ :

–ਕਾਨੂੰਨਨ ਡੀਪਾਜ਼ਿਟ ਦੀ ਸਹਾਇਤਾ ਨਾਲ ਕੌਮੀ ਪ੍ਰਕਾਸ਼ਿਤ ਪੁਰਾਲੇਖ ਦੀ ਸੰਭਾਲ ਕਰੇ।

–ਕੌਮੀ ਪੁਸਤਕ ਸੂਚੀ ਤਿਆਰ ਕਰੇ।

–ਵਿਦੇਸ਼ੀ ਪ੍ਰਕਾਸ਼ਨਾਵਾਂ ਦੇ ਪ੍ਰਮੁੱਖ ਖੋਜ ਸੰਗ੍ਰਹਿ ਤਿਆਰ ਕਰੇ।

–ਪ੍ਰਕਾਸ਼ਨਾਵਾਂ ਦਾ ਸਰਕਾਰੀ ਤੌਰ ਤੇ ਵਟਾਂਦਰਾ ਕਰੇ ਅਤੇ ਜਮ੍ਹਾ ਕਰੇ।

–ਅੰਤਰਰਾਸ਼ਟਰੀ ਬਿਬਲਿਉਗ੍ਰਾਫ਼ੀਕਲ ਪ੍ਰਮਾਣ ਤਿਆਰ ਕਰਨ ਵਿਚ ਹਿੱਸਾ ਲਵੇ।

ਐਮ.ਬੀ. ਲਾਈਨ ਇਕ ਹੋਰ ਕਰਤੱਵ ਦਾ ਵਾਧਾ ਕਰਦੇ ਹੋਏ ਕਹਿੰਦਾ ਹੈ ਕਿ ਇਸ ਨੂੰ ਦਸਤਾਵੇਜ਼ਾਂ ਮੁਹੱਈਆ ਕਰਨ ਦੀ ਸੇਵਾ ਵੀ ਕਰਨੀ ਚਾਹੀਦੀ ਹੈ।

ਸੰਸਾਰ ਦੀਆਂ ਪ੍ਰਮੁੱਖ ਰਾਸ਼ਟਰੀ ਲਾਇਬ੍ਰੇਰੀਆਂ ਦਾ ਅਧਿਐਨ ਕਰਨ ਤੋਂ ਬਾਅਦ ਅੰਗ੍ਰੇਜ਼ ਲਾਇਬ੍ਰੇਰੀਅਨ ਹੰਫਰੀਜ ਨੇ, ਰਾਸ਼ਟਰੀ ਲਾਇਬ੍ਰੇਰੀ ਦੇ ਸਾਰੇ ਕਰਤੱਵਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ :

**(1) ਆਵੱਸ਼ਕ (Compulsory)** : ਦੇਸ਼ ਵਿਚ ਪ੍ਰਕਾਸ਼ਿਤ ਸਾਹਿਤ ਪੂਰਨ ਤੌਰ ਤੇ ਇਕੱਤਰ ਕਰਨਾ; ਕੌਮੀ ਪ੍ਰਕਾਸ਼ਨਾਵਾਂ ਦੀਆਂ ਅਮਾਨਤੀ ਪ੍ਰਤੀਆਂ ਦਾ ਭੰਡਾਰ ਬਣਾਉਣਾ; ਵਿਦੇਸ਼ੀ ਸਾਹਿਤ ਇਕੱਤਰ ਕਰਨਾ; ਕੌਮੀ ਪੁਸਤਕ-ਸੂਚੀ ਤਿਆਰ ਕਰਨਾ; ਬਿਬਲਿਉਗ੍ਰਾਫਿਕ ਸੂਚਨਾ ਦੀ ਵਿਉਂਤਬੰਦੀ ਅਤੇ ਤਾਲਮੇਲ ਕਰਨਾ; ਅਤੀਤ-ਦਰਸ਼ੀ ਪੁਸਤਕ ਸੂਚੀ ਦੀ ਯੋਜਨਾ ਤਿਆਰ ਕਰਨਾ।

**(2) ਲੋੜੀਂਦੇ (Required)** : ਇਸ ਵਿਚ ਅੰਤਰ-ਲਾਇਬ੍ਰੇਰੀ ਉਧਾਰ ਸੇਵਾ; ਹਥ ਲਿਖਤਾਂ ਇਕੱਤਰ ਕਰਨਾ; ਅਤੇ ਲਾਇਬ੍ਰੇਰੀਅਨ ਸ਼ਿਪ ਵਿਚ ਖ਼ੋਜ ਕਰਨਾ ਸ਼ਾਮਲ ਹਨ।

**(3) ਇਖ਼ਤਿਆਰੀ (Optional)** : ਅੰਤਰਰਾਸ਼ਟਰੀ ਪੁਸਤਕ ਵਟਾਂਦਰੇ ਦਾ ਪ੍ਰਬੰਧ ਕਰਨਾ; ਨੇਤਰਹੀਣ ਪਾਠਕਾਂ ਲਈ ਸਮੱਗਰੀ ਇਕੱਤਰ ਕਰਨਾ; ਲਾਇਬ੍ਰੇਰੀ ਸਟਾਫ਼ ਦੀ ਸਿਖਲਾਈ; ਅਤੇ ਦੇਸ਼ ਦੀਆਂ ਲਾਇਬ੍ਰੇਰੀਆਂ ਨੂੰ ਵਿਧੀ-ਪੂਰਬਕ ਸਹਾਇਤਾ ਪ੍ਰਦਾਨ ਕਰਨਾ।

ਇਸ ਪ੍ਰਕਾਰ ਅਲੱਗ-ਅਲੱਗ ਵਿਦਵਾਨਾਂ ਨੇ ਸਮੇਂ-ਸਮੇਂ ਕੌਮੀ ਲਾਇਬ੍ਰੇਰੀਆਂ ਦੇ ਕਰਤੱਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਜੇਕਰ ਅਸੀਂ ਸਮੂਹਿਕ ਤੌਰ ਤੇ ਵਿਚਾਰ ਕਰੀਏ ਤਾਂ ਇਹ ਕਰਤੱਵ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ :

### 1.4.7.7.1. ਪੜ੍ਹਨ-ਸਮੱਗਰੀ ਦਾ ਇਕੱਤਰੀਕਰਨ ਅਤੇ ਸੰਭਾਲ (Collection, Development and Conservation)

ਰਾਸ਼ਟਰੀ ਲਾਇਬ੍ਰੇਰੀ ਨੂੰ ਇਹ ਕਰਤੱਵ ਹੀ ਇਸ ਨੂੰ ਦੂਜੀਆਂ ਲਾਇਬ੍ਰੇਰੀਆਂ ਤੋਂ ਵੱਖਰਾ ਕਰਦਾ ਹੈ। ਇਸ ਲਈ ਦੇਸ਼ ਦੀਆਂ ਸਾਰੀਆਂ ਨਵੀਆਂ ਪ੍ਰਕਾਸ਼ਨਾਵਾਂ ਇਸ ਰਾਸ਼ਟਰੀ ਲਾਇਬ੍ਰੇਰੀ ਨੂੰ ਮੁਫ਼ਤ ਮਿਲਣੀਆਂ ਚਾਹੀਦੀਆਂ ਹਨ। ਇਸ ਐਕਟ ਰਾਹੀਂ ਦੇਸ਼ ਸੰਬੰਧੀ ਕਿਤੇ ਵੀ ਕਿਸੇ ਵੀ ਭਾਸ਼ਾ ਵਿਚ ਪ੍ਰਕਾਸ਼ਿਤ ਸਮੱਗਰੀ ਸ਼ਾਮਲ ਕੀਤੀ ਜਾਂਦੀ ਹੈ।

### 1.4.7.7.2. ਪ੍ਰਸਾਰਣ ਕਰਤੱਵ (Disseminating Functions)

ਪ੍ਰਾਪਤ ਕੀਤੇ ਪੁਸਤਕਾਂ, ਆਲੇ ਅਤੇ ਦੂਜੇ ਪ੍ਰਲੇਖਾਂ ਦਾ ਪ੍ਰਸਾਰਣ ਨਿਮਨਲਿਖਿਤ ਢੰਗਾਂ ਨਾਲ ਕੀਤਾ ਜਾਵੇ :

(1) ਪ੍ਰਕਾਸ਼ਿਤ, ਸੂਖਮ ਰੂਪ ਅਤੇ ਮਸ਼ੀਨ ਨਾਲ ਪੜ੍ਹੀ ਜਾਣ ਵਾਲੀ ਸੂਚੀ;

(2) ਗ੍ਰੰਥਾਤਮਕ ਸੂਚੀਆਂ ਨੂੰ ਤਿਆਰ ਕਰਕੇ;

(3) ਨਵੇਂ ਰਸਾਲੇ ਵਿਚ ਛਪੀ ਸਮੱਗਰੀ ਦੀ ਅਨੁਕਰਮਣਿਕਾ ਬਣਾ ਕੇ; ਅਤੇ

(4) ਨਵੇਂ ਛਪੇ ਸਾਹਿਤ ਵਿਚੋਂ ਰਾਸ਼ਟਰੀ ਲਾਭ ਵਾਲੇ ਲੇਖਾਂ ਦਾ ਸਰਾਸ਼ੀਕਰਨ ਕਰਕੇ।

### 4.7.7.3. ਰਾਸ਼ਟਰੀ ਪੱਧਰ ਦੀ ਪੁਸਤਕ ਸੂਚੀਆਂ ਦਾ ਸੰਕਲਨ (Compilation of National Bibliographies)

ਰਾਸ਼ਟਰੀ ਪੱਧਰ ਦੀਆਂ ਬਿਬਲਿਉਗ੍ਰਾਫੀਆਂ ਬਣਾਉਣਾ ਇਕ ਮਹੱਤਵਪੂਰਨ ਕਰਤੱਵ ਹੈ। ਨਿਮਨਲਿਖਿਤ ਸੂਚੀਆਂ ਤਿਆਰ ਕੀਤੀਆਂ ਜਾਣ :

**(1). ਰਾਸ਼ਟਰੀ ਪੁਸਤਕ ਸੂਚੀ :** ਦੇਸ਼ ਦੇ ਨਾਗਰਿਕਾਂ ਦੀਆਂ ਲੋੜਾਂ ਨੂੰ ਮੁੱਖ ਰਖਦੇ ਹੋਏ ਸੰਬੰਧਤ ਮਜ਼ਮੂਨਾਂ ਉੱਪਰ ਨਵੀਨ ਪ੍ਰਕਾਸ਼ਨਾਵਾਂ ਤੋਂ ਜਾਣੂੰ ਕਰਵਾਉਣ ਲਈ ਬਾਕਾਇਦਾ ਤੌਰ ਤੇ ਕੌਮੀ ਪੁਸਤਕ-ਸੂਚੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਸ ਦਾ ਪ੍ਰਕਾਸ਼ਨ ਹੇਠ ਲਿਖੇ ਅਨੁਸਾਰ ਕਰਨਾ ਚਾਹੀਦਾ ਹੈ :

(1) ਸਪਤਾਹਿਕ ਸੂਚੀ;

(2) ਮਾਸਿਕ ਸੂਚੀ;

(3) ਤ੍ਰੈਮਾਸਿਕ ਸੂਚੀ;

(4) ਵਾਰਸ਼ਿਕ ਸੂਚੀ;

(5) ਪੰਜ-ਸਾਲਾ ਜਾਂ/ਅਤੇ ਦਸ-ਸਾਲਾ ਸੂਚੀ।

ਕੌਮੀ ਪੁਸਤਕ ਸੂਚੀ ਨੂੰ ਦੋ ਅਲੱਗ-ਅਲੱਗ ਪੱਧਰਾਂ ਤੇ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ। ਰਾਜ ਪੱਧਰ ਤੇ ਰਾਜਕੀ ਕੇਂਦਰੀ ਲਾਇਬ੍ਰੇਰੀ ਰਾਜ ਦੀ ਭਾਸ਼ਾ ਵਿਚ ਪ੍ਰਕਾਸ਼ਿਤ ਸਮੱਗਰੀ ਦੀ ਸੂਚੀ ਤਿਆਰ ਕਰੇ ਅਤੇ ਕੌਮੀ ਪੱਧਰ ਤੇ ਸਰਬ-ਹਿੰਦ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਸਮੱਗਰੀ ਦੀ ਕੌਮੀ ਸੂਚੀ ਤਿਆਰ ਕੀਤੀ ਜਾਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਇਨ੍ਹਾਂ ਸੂਚੀਆਂ ਦੀ ਵਰਤੋਂ ਵਿਚ ਵਾਧਾ ਹੋਵੇਗਾ ਅਤੇ ਪਾਠਕਾਂ ਨੂੰ ਵਧੇਰੇ ਲਾਭ ਪਹੁੰਚੇਗਾ।

ਇਸ ਪ੍ਰਕਾਰ ਦੀ ਲੋੜ ਅਨੁਸਾਰ ਅਤੀਤਦਰਸ਼ੀ ਕੌਮੀ ਸੂਚੀਟਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

**1.4..7.7.4. ਅੰਤਰ-ਰਾਸ਼ਟਰੀ ਪ੍ਰਲੇਖਨ ਸੂਚੀ (International Bibliography) :** ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਕਈ ਸੰਸਥਾਵਾਂ 'ਭਾਰਤੀ ਵਿੱਦਿਆ' (Indology) ਉੱਪਰ ਕੰਮ ਕਰ ਰਹੀਆਂ ਹਨ, ਜੋ ਸਮੇਂ-ਸਮੇਂ ਪੁਸਤਕਾਂ ਆਦਿ ਪ੍ਰਕਾਸ਼ਿਤ ਕਰਦੀਆਂ ਰਹਿੰਦੀਆਂ ਹਨ। ਭਾਰਤ ਦੀ ਕੌਮੀ ਕੇਂਦਰੀ ਲਾਇਬ੍ਰੇਰੀ ਨੂੰ ਇਨ੍ਹਾਂ ਪ੍ਰਕਾਸ਼ਨਾਵਾਂ ਦੇ ਆਧਾਰ ਤੇ 'ਭਾਰਤੀ ਵਿੱਦਿਆ' ਉੱਪਰ ਬਾਕਾਇਦਾ ਤੌਰ ਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਪ੍ਰਲੇਖਨ ਸੂਚੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਰੰਗਾਨਾਥਨ ਦੇ ਵਿਚਾਰ ਅਨੁਸਾਰ ਭਾਰਤ ਦੀ ਕੌਮੀ ਕੇਂਦਰੀ ਲਾਇਬ੍ਰੇਰੀ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਹੋਰਨਾਂ ਲਾਇਬ੍ਰੇਰੀਆਂ ਨਾਲ ਮਿਲ ਕੇ ਇਕ ਦੋ ਵਿਸ਼ਿਆਂ, ਜਿਨ੍ਹਾਂ ਵਿਚ ਪਹਿਲਾਂ ਕੰਮ ਨਾ ਹੋਇਆ ਹੋਵੇ, ਵਿਚ ਵੀ ਅੰਤਰ-ਰਾਸ਼ਟਰੀ ਪ੍ਰਲੇਖਨ ਸੂਚੀ ਤਿਆਰ ਕਰਨ ਦਾ ਕੰਮ ਆਪਣੇ ਹੱਥ ਲੈਣਾ ਚਾਹੀਦਾ ਹੈ।

### 1.4.7.7.5. ਪਾਠਕ ਸੇਵਾ (Readers Services)

(1) ਲਾਇਬ੍ਰੇਰੀ ਵਿਚ ਪੜ੍ਹਣ ਅਤੇ ਸੋਚ ਵਿਚਾਰ ਲਈ ਪਾਠਕਾਂ ਲਈ ਰੀਡਿੰਗ ਹਾਲ/ਰੂਮਜ਼ ਦੀ ਸੁਵਿਧਾ ਪ੍ਰਦਾਨ ਕਰਨਾ;

(2) ਸੰਦਰਭ, ਸੂਚੀ ਅਤੇ ਸੂਚਨਾ ਸੇਵਾਵਾਂ ਪ੍ਰਦਾਨ ਕਰਨਾ;

(3) ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਅੰਤਰ ਲਾਇਬ੍ਰੇਰੀ ਉਧਾਰ ਦਾ ਪ੍ਰਬੰਧ ਕਰਨਾ;

(4) ਪਾਠਕਾਂ ਨੂੰ ਲੋੜ ਪੈਣ ਤੇ ਫੋਟੋਸਟੇਟ ਕਾਪੀ ਪ੍ਰਦਾਨ ਕਰਨਾ;

(5) ਵਿਸ਼ੇਸ਼ ਅਦਾਰਿਆਂ ਨੂੰ ਲੋੜ ਪੈਣ ਤੇ ਸਹਾਇਤਾ ਕਰਨੀ;

(6) ਹਰ ਪ੍ਰਕਾਰ ਦੇ ਪਾਠਕਾਂ ਨੇਤਰਹੀਣ, ਦੂਜੇ ਅੰਗਹੀਣ ਅਤੇ ਲਾਇਬ੍ਰੇਰੀ ਵਿਚ ਨਾ ਆ ਸਕਣ ਵਾਲੇ ਪਾਠਕਾਂ ਲਈ ਸੁਵਿਧਾ ਪ੍ਰਦਾਨ ਕਰਨਾ।

### 1.4.7.7.6. ਸੰਘ ਸੂਚੀ (Union Catalogues)

ਕੌਮੀ ਲਾਇਬ੍ਰੇਰੀ ਦਾ ਹੋਰ ਮਹੱਤਵਪੂਰਨ ਕਰਤੱਵ ਸੰਘ ਸੂਚੀ ਤਿਆਰ ਕਰਨਾ ਹੈ, ਜਿਸ ਰਹੀਂ ਪਤਾ ਲਗਾਇਆ ਜਾ ਸਕਦਾ ਹੈ ਕਿਸ ਲਾਇਬ੍ਰੇਰੀ ਵਿਚ ਕਿਹੜੀਆਂ ਪੁਸਤਕਾਂ ਉਪਲੱਬਧ ਹਨ। ਭਾਰਤ ਵਰਗੇ ਦੇਸ਼ ਵਿਚ ਇਸ ਦਾ ਮਹੱਤਵ ਹੋਰ ਵੱਧ ਜਾਂਦਾ ਹੈ। ਇਸ ਲਈ ਇੱਥੇ ਸੰਘ ਸੂਚੀਆਂ ਦੀ ਤਿਆਰੀ ਦਾ ਕੰਮ ਹੇਠ ਲਿਖੇ ਅਨੁਸਾਰ ਹੋਣਾ ਚਾਹੀਦਾ ਹੈ :

### 1.4.7.7.7. ਲਾਇਬ੍ਰੇਰੀ ਸਹਿਯੋਗ (Library Cooperation)

ਲਾਇਬ੍ਰੇਰੀ ਸਹਿਯੋਗ ਦੇ ਖੇਤਰ ਵਿਚ ਸਹਿਕਾਰੀ ਵਰਗੀਕਰਨ ਅਤੇ ਸੂਚੀਕਰਨ ਦੇ ਕੰਮਾਂ ਨੂੰ ਅਮਲੀ ਰੂਪ ਦੇਣਾ। ਭਾਰਤ ਵਰਗੇ ਬਹੁ-ਭਾਸ਼ੀ ਦੇਸ਼ ਵਿਚ ਇਹ ਕਾਰਜ ਰਾਜ ਪੱਧਰ ਅਤੇ ਕੌਮੀ ਪੱਧਰ ਤੇ ਕੀਤਾ ਜਾਣਾ ਚਾਹੀਦਾ ਹੈ। ਸਥਾਨਕ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਸਮੱਗਰੀ ਦਾ ਵਰਗੀਕਰਨ ਅਤੇ ਸੂਚੀਕਰਨ ਰਾਜਕੀ ਕੇਂਦਰੀ ਲਾਇਬ੍ਰੇਰੀ ਕਰ ਸਕਦੀ ਹੈ, ਜਦ ਕਿ ਸਰਬ-ਹਿੰਦ ਭਾਸ਼ਾਵਾਂ ਵਿਚ ਸਮੱਗਰੀ ਦੇ ਵਰਗੀਕਰਨ ਅਤੇ ਸੂਚੀਕਰਨ ਦੀ ਜ਼ਿੰਮੇਵਾਰੀ ਕੌਮੀ ਕੇਂਦਰੀ ਲਾਇਬ੍ਰੇਰੀ ਦੀ ਬਣਦੀ ਹੈ। ਇਹ ਸਾਰਾ ਕੰਮ ਪ੍ਰਕਾਸ਼ਕਾਂ ਦੇ ਸਹਿਯੋਗ ਨਾਲ ਹੋਰ ਵੀ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਦੇਸ਼ ਪਰ ਵਿਚ ਅਜਿਹੀ ਵਿਵਸਥਾ ਹੋਣ ਦੇ ਬਾਅਦ ਇਨ੍ਹਾਂ ਕੰਮਾਂ ਤੇ ਹੋਣ ਵਾਲੇ ਖ਼ਰਚ ਵਿਚ ਰੰਗਾਨਾਥਨ ਅਨੁਸਾਰ 79% ਦੀ ਬਚਤ ਹੋਵੇਗੀ।

### 1.4.7.7.8. ਤਾਲਮੇਲ (Coordination)

ਦੇਸ਼ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਹੋਣ ਦੇ ਨਾਤੇ ਹਰ ਪੱਧਰ ਤੇ ਪ੍ਰਗਤੀ ਅਤੇ ਬੱਚਤ ਦਾ ਧਿਆਨ ਰਖਦੇ ਹੋਏ ਸਾਰੀਆਂ ਲਾਇਬ੍ਰੇਰੀਆਂ ਦੇ ਕਾਰਜਾਂ ਵਿਚ ਤਾਲਮੇਲ ਅਤੇ ਇਕਸੁਰਤਾ ਬਣਾਉਦੀ ਚਾਹੀਦੀ ਹੈ। ਰਾਜ ਪੱਧਰ ਤੇ ਇਹ ਕਾਰਜ ਰਾਜ ਕੇਂਦਰੀ ਲਾਇਬ੍ਰੇਰੀ ਅਤੇ ਰਾਸ਼ਟਰੀ ਪੱਧਰ ਤੇ ਕੌਮੀ ਕੇਂਦਰੀ ਲਾਇਬ੍ਰੇਰੀ ਨੂੰ ਕਰਨਾ ਚਾਹੀਦਾ ਹੈ। ਇਸ ਨੂੰ ਹੇਠ ਲਿਖੇ ਅਨੁਸਾਰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕਦਾ ਹੈ :

(1) ਸਮੇਂ ਸਮੇਂ ਵਿਵਸਾਇਕ ਸੈਮੀਨਾਰ, ਕਾਨਫਰੰਸਾਂ, ਬੈਠਕਾਂ ਦਾ ਆਯੋਜਨ ਕਰਨਾ;

(2) ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਉੱਪਰ ਚਲ ਰਹੇ ਖੋਜ ਕਾਰਜਾਂ ਬਾਰੇ ਨਵੀਨਤਮ ਜਾਣਕਾਰੀ ਪ੍ਰਦਾਨ ਕਰਨ ਵਾਸਤੇ ਇਕ ਰਸਾਲਾ ਪ੍ਰਕਾਸ਼ਿਤ ਕਰਨਾ;

(3) ਲੋੜ ਅਨੁਸਾਰ ਦੇਸ਼ ਦੀਆਂ ਹੋਰ ਲਾਇਬ੍ਰੇਰੀਆਂ ਦੇ ਸੰਗਠਨ ਵਾਸਤੇ ਵਿਸ਼ੇਸ਼ੱਗ ਭੇਜਣਾ;

(4) ਸਮੇਂ-ਸਮੇਂ ਲਾਇਬ੍ਰੇਰੀਅਨਸ਼ਿਪ ਦੀਆਂ ਨਵੀਨ ਪ੍ਰਣਾਲੀਆਂ ਅਤੇ ਪੱਧਤੀਆਂ ਤੋਂ ਜਾਣੂ ਕਰਵਾਉਣ ਖ਼ਾਤਰ ਰੀਫ੍ਰੈਸ਼ਰ ਕੋਰਸ ਕਰਵਾਉਣੇ; ਅਤੇ

(5) ਲੋੜੀਂਦੀਆਂ ਸੰਦਰਭ ਪੁਸਤਕਾਂ ਪ੍ਰਕਾਸ਼ਿਤ ਕਰਨਾ।

**ਲਾਇਬ੍ਰੇਰੀ ਸਵੈਚਾਲਨ** (Library Automatic)

ਕਿਸੇ ਕਾਰਜ ਦੇ ਸਵੈ–ਨਿਪਟਾਉਣ ਦੀ ਪ੍ਰਕ੍ਰਿਆ ਨੂੰ ਸਵੈਚਾਲਨ ਕਹਿੰਦੇ ਹਨ। ਇਸ ਵਿਚਕਾਰਜ ਦੇ ਨਿਪਟਾਰੇ ਲਈ ਸਿੱਧੇ ਰੂਪ ਵਿਚ ਮਨੁੱਖੀ ਸ਼ਕਤੀ ਦੀ ਲੋੜ ਨਹੀਂ ਪੈਂਦੀ।

ਸਵੈਚਾਲਨ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ *1936* ਵਿਚ ਡੀ. ਐਸ. ਹਾਰਡਰ ਨੇ ਇੰਜੀਨਿਅਰਿੰਗ ਉਦਯੋਗ ਵਿਚ ਮਸ਼ੀਨਾਂ ਦੇ ਅਪਣੇ ਆਪ ਪੁਰਜੇ ਬਣਾਉਣ ਦੀ ਪ੍ਰਕ੍ਰਿਆ ਲਈ ਕੀਤਾ ਸੀ। ਪਰ ਇਹ ਅੱਜ ਸਭ ਪ੍ਰਕਾਰ ਦੇ ਸਵੈਚਾਲਨ ਢੰਗਾਂ, ਪੱਧਤੀਆਂ, ਪ੍ਰਕ੍ਰਿਆ ਲਈ ਵਰਿਤਆ ਜਾ ਰਿਹਾ ਹੈ ਜਿਥੇ ਕਿ ਮਨੁੱਖੀ ਦਿਮਾਗ ਅਤੇ ਮਨੁੱਖੀ ਪ੍ਰਕ੍ਰਿਆ ਦੀ ਲੋੜ ਨਿਯੰਤਰਣ ਲਈ ਜਰੂਰੀ ਹੁੰਦੀ ਹੋਏ ਵੀ ਬਿਨ੍ਹਾ ਇਸ ਤੇ ਪ੍ਰਕ੍ਰਿਆ ਸੁਚੱਜੇ ਢੰਗ ਨਾਲ ਚਲਦੀਆਂ ਹਨ।

ਸਵੈਚਾਲਨ ਦੇ ਗੁਣ (Characteristics of Autonation)

(i) ਸਾਰੀ ਲੋੜੀਂਦੀ ਪ੍ਰਕ੍ਰਿਆ ਮਨੁੱਖੀ ਸ਼ਕਤੀ ਤੋਂ ਬਿਨ੍ਹਾ ਖੁਦਬਖੁਦ ਚਲਣ ;

(ii) ਮਨੁੱਖੀ ਕ੍ਰਿਆਵਾਂ ਦੀ ਘੱਟ ਤੋਂ ਘੱਟ ਲੋੜ ਹੋਣ ਕਰਕੇ ਕਿਰਤ ਵਿਚ ਬਚਤ ਹੋਵੇ; ਅਤੇ

(iii) ਕ੍ਰਿਆਵਾਂ ਵਿਚ ਤੇਜੀ ਅਤੇ ਮਹਿਰਤਾ ਆਉਂਦੀ ਹੈ।

### ਸਵੈਚਾਲਨ ਆਂਕੜਾ ਕਾਰਵਾਈ (Automatic Data Processing - ADP)

ਸਵੈਚਾਲਨ ਕਾਰਵਾਈ ਵਿਚ ਆਂਕੜਿਆਂ ਵਿਚ ਲੋੜ ਅਨੁਸਾਰ ਫੇਰ ਬਦਲ ਕਰਨ ਲਈ ਮਸ਼ੀਨੀ ਅਤੇ ਬਿਜਲਾਣ (Electronic) ਉਪਕਰਣਾਂ

ਦੀ ਵਰਤੋਂ ਕੀਤੀ ਜਾਂਦੀ ਹੈ।

ਅਰਧ ਸਵੈਚਲਤ ਸਾਧਨਾਂ ਦੀ ਵਰਤੋਂ ਤੇ ਸ਼ੁਰੂ ਕਰਕੇ ਅੱਜ ਸਾਰੀਆਂ ਪ੍ਰਕ੍ਰਿਆਵਾਂ ਵਿਚ ਗੁੰਝਲਦਾਰ ਬਿਜਲਾਣੂ (Electronics) ਉਪਕਰਣਾਂ ਦੀ ਵਰਤੋਂ ਹੋਣ ਲੱਗ ਪਈ ਹੈ। ਆਂਕੜਿਆਂ ਵਿਚ ਉਚਿਤ ਫੇਰ ਬਦਲ ਕਰਣ ਦੀ ਪ੍ਰਕ੍ਰਿਆ ਵਿਚ ਬਿਜਲਾਣੂ ਉਪਕਰਣਾਂ ਦੀ ਵਰਤੋਂ ਕਰਕੇ ਇਸਨੂੰ ਬਿਜਲਾਣੂ ਆਂਕੜਾ ਕਾਰਵਾਈ (Electronic Data Processing - EDP) ਕਿਹਾ ਜਾਂਦਾ ਹੈ।

ਲਾਇਬ੍ਰੇਰੀ ਦੀਆਂ ਕੁਝ ਜਰੂਰੀ ਪ੍ਰਕ੍ਰਿਆਵਾਂ ਜਿਵੇਂ ਪਾਠ ਸਾਮਗ੍ਰੀ ਦੀ ਪ੍ਰਾਪਤੀ, ਰਸਾਲਾ ਨਿਯੰਤਰਣ, ਸੂਚੀਕਰਣ ਅਤੇ ਪੁਸਤਕਾਂ ਦਾ ਜਾਰੀ ਕਰਨਾ ਆਦਿ ਕੁਝ ਪਰੰਪਰਾਗਤ ਪ੍ਰਕ੍ਰਿਆ ਹਨ, ਜਿਨ੍ਹਾ ਨੂੰ ਹੱਥਾਂ ਨਾਲ ਕੀਤਾ ਜਾਂਦਾ ਸੀ। ਅੱਜ ਇਨ੍ਹਾਂ ਦਾ ਨਿਪਟਾਰਾ ਕੰਪਿਊਟਰ ਦੁਆਰਾ ਕੀਤਾ ਜਾ ਰਿਹਾ ਹੈ। ਲਾਇਬ੍ਰੇਰੀ ਦੇ ਕਾਰਜਾਂ ਵਿਚ ਕੰਪਿਊਟਰ ਦੀ ਵਰਤੋਂ ਨੂੰ ਹੀ ਲਾਇਬ੍ਰੇਰੀ ਸਵੈਚਾਲਨ (Automatic Indexing and Abstracting Services) ਪਾਠ ਦਾ ਵਿਸ਼ਲੇਸ਼ਣ ਆਦਿ ਕੁਝ ਹੋਰ ਪ੍ਰਕ੍ਰਿਆਵਾਂ ਵੀ ਕੀਤੀਆਂ ਜਾਂਦੀਆਂ ਹਨ। ਲਾਇਬ੍ਰੇਰੀ ਸਵੈਚਾਲਨ ਵਿਚ ਕੰਪਿਊਟਰ ਤੋਂ ਇਲਾਵਾ ਸੰਚਾਰ (Telecommunication) ਅਤੇ ਪੁਨਰ ਛਾਪ (Resprography) ਦਾ ਯੋਗਦਾਨ ਬਹੁਤ ਜਿਆਦਾ ਹੈ।

### ਸਵੈਚਾਲਨ ਦੇ ਲਾਭ (Advantages of Automation)

ਸਵੈਚਾਲਨ ਦੇ ਹੇਠ ਲਿਖੇ ਲਾਭ ਹਨ :

(i) ਬਹੁਤ ਵੱਡੇ ਆਂਕੜਿਆਂ ਦੇ ਸਮੂੰਹ ਨੂੰ ਆਸਾਨੀ ਅਤੇ ਸ਼ੁੱਧਤਾ ਨਾਲ ਚਲਾਇਆ ਜਾ ਸਕਦਾ ਹੈ ;
(ii) ਕ੍ਰਿਆ ਤੇਜੀ ਅਤੇ ਜਲਦੀ ਹੋ ਜਾਂਦੀ ਹੈ ;
(iii) ਕਾਰਜਤਾ ਵਿਚ ਗੁਣਵੱਤਾ ਵੱਧਦੀ ਹੈ ;
(iv) ਕਿਰਤ ਵਿਚ ਬਚਤ ;
(v) ਘੱਟ ਖਰਚ ;
(vi) ਅਸਾਨ ਪ੍ਰਕ੍ਰਿਆ ;
(vii) ਦੋਹਰਾਪਣ (Duplication) ਤੋਂ ਬਚਤ ; ਅਤੇ
(viii) ਕਾਰਜਤਾ ਦੇ ਖੇਤਰ ਵਿਚ ਵਾਧਾ ;

### ਸਵੈਚਾਲਨ ਦੇ ਖੇਤਰ (Areas of automaion)

ਲਾਇਬ੍ਰੇਰੀ ਸਵੈਚਾਲਨ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(i) ਰੋਜਾਨਾ ਦੇ ਆਮ ਕਾਰਜ ; ਅਤੇ
(ii) ਸੂਚਨਾ ਸੰਭਾਲ ਅਤੇ ਚਲਨ ।

#### (i) ਰੋਜਾਨਾ ਦੇ ਆਮ ਕਾਰਜ

(a) ਪੁਸਤਕ ਪ੍ਰਾਪਤੀ ;
(b) ਵਰਗੀਕਰਣ ;
(c) ਸੂਚੀਕਰਣ ;
(d) ਅਨੁਕ੍ਰਮਣਿਕਾ ਅਤੇ ਸਮ-ਅਰਥ ਕੋਸ਼
(e) ਪੁਸਤਕ ਜਾਰੀ ਕਰਨਾ ;
(f) ਸਾਮਗ੍ਰੀ ਪੜਤਾਲ ; ਅਤੇ
(g) ਮਿਆਦੀ ਪ੍ਰਕਾਸ਼ਨਾਂ ਦਾ ਨਿਯੰਤਰਣ

#### (ii) ਸੂਚਨਾ ਸੰਭਾਲ ਅਤੇ ਚਲਨ

(a) ਚਲੰਤ ਸਚੇਤਤਾ ਸੇਵਾ (Current Awareness Services)
(b) ਚੋਣਵੀਂ ਪ੍ਰਸਾਰਣ (S.D.I.)
(c) ਅਤੀਤ-ਦਰਸੀ ਖੋਜ ਪ੍ਰਣਾਲੀਆਂ (Restropective Search System)

### ਡਿਜਿਟਲ ਲਾਇਬ੍ਰੇਰੀ (Digital Library)

ਡਿਜਿਟਲ ਲਾਇਬ੍ਰੇਰੀ ਦੀ ਧਾਰਨਾ ਨਵੇਂ ਜਮਾਨੇ ਦੀ ਦੇਣ ਹੈ। ਡਿਜਿਟਲ ਸ਼ਬਦ, ਲਾਇਬ੍ਰੇਰੀ ਦੇ ਸੂਚਨਾ ਸੰਗ੍ਰਹਿ ਦੇ ਸਵਰੂਪ ਬਾਰੇ ਇਸ਼ਾਰਾ ਕਰਦਾ ਹੈ। ਡਿਜਿਟਲ ਲਾਇਬ੍ਰੇਰੀਆਂ ਬਿਜਲਾਣੂ ਲਾਇਬ੍ਰੇਰੀਆਂ ਹੁੰਦੀਆਂ ਹਨ ਅਤੇ ਇਸ ਦੇ ਪਾਠਕ ਸਾਰੇ ਭੂਗੋਲਿਕ ਖੇਤਰਾਂ ਤੋਂ ਬਿਜਲਾਣੂ ਰੂਪ ਸੂਚਨਾ ਸੋਮਿਆ ਦੇ ਵੱਡੇ ਸੰਗ੍ਰਹਿ ਤੱਕ ਘਰ ਬੈਠੇ ਹੀ ਪਹੁੰਚ ਸਕਦੇ ਹਨ। ਇਹ ਬਿਜਲਾਣੂ ਸ੍ਰੋਤ ਨੇਟਵਰਕ ਵਿਚ ਬੁਣੇ ਪਾਠ (Text) ਪ੍ਰਤੀ ਬਿੰਬ (Images) ਨਕਸ਼ੇ, ਆਵਾਜਾਂ, ਦਰਸ਼ੀ, ਵਸਤੂਆਂ ਦੀ ਸੂਚੀਆਂ ਵਿਗਿਆਨੀ, ਵਿਉਪਾਰਕ ਅਤੇ ਸਰਕਾਰੀ ਆਂਕੜੇ ਆਦਿ ਹੁੰਦੇ ਹਨ। ਹਾਇਪਰਟੇਕਸਟ, ਹਾਇਪਰ ਮੀਡੀਆ ਅਤੇ ਮਲਟੀ ਮੀਡੀਆ ਆਦਿ ਡਿਜਿਟਲ ਲਾਇਬ੍ਰੇਰੀ ਦੇ ਅਨਿਖੜਵੇਂ ਅੰਗ ਹਨ। ਡਿਜਿਟਲ ਲਾਇਬ੍ਰੇਰੀ ਦਾ ਭਾਵ ਤਕਨਾਲੋਜੀ ਦੁਆਰਾ ਅਸੀਮਿਤ ਖੇਤਰਾਂ ਤੱਕ ਬੌਧਿਕ ਸੰਪਤੀ ਦੀ ਪਹੁੰਚ ਪ੍ਰਦਾਨ ਕਰਨਾ ਹੈ।

ਡਿਜਿਟਲ ਲਾਇਬ੍ਰੇਰੀ ਦੀ ਸੂਚਨਾ ਸਾਮਗ੍ਰੀ ਦੀ ਸਾਰੀ ਬਿਜਲਾਣੂ ਜਾਂ ਡਿਜਿਟਲ ਮਾਧਿਅਮਾਂ (Medium) ਵਿਚ ਹੀ ਹੁੰਦੀ ਹੈ। ਇਨ੍ਹਾਂ ਵਿਚ ਡਿਜਿਟਲ ਪੁਸਤਕਾਂ, ਡਿਜਿਟਲੀ ਸੈਕੰਡ ਸਰੂਪ, ਗ੍ਰਾਫਿਕ, ਪਾਠ, ਆਂਕੜੇ, ਡਿਜਿਟਲ ਫਿਲਮਾਂ, ਸਰਵੇਖਣ ਦਰਸ਼ੀ ਕਲਿਪਸ ਆਦਿ ਹੁੰਦੇ ਹਨ। ਇਨ੍ਹਾਂ ਵਿਚੋਂ ਹੀ ਡਿਜਿਟਲ ਲਾਇਬ੍ਰੇਰੀਆਂ ਸੂਚਨਾਵਾਂ ਪ੍ਰਦਾਨ ਕਰਦੀਆਂ ਹਨ।

**ਡਿਜਿਟਲ ਲਾਇਬ੍ਰੇਰੀ ਦੇ ਗੁਣ :**

(i) ਸਾਰੀਆਂ ਸੂਚਨਾਵਾਂ ਦਾ ਭੰਡਾਰਣ ਡਿਜਿਟਲ ਸਰੂਪ ਵਿਚ ਹੋਣਾ;
(ii) ਇਨ੍ਹਾਂ ਸ੍ਰੋਤਾਂ ਤੱਕ ਪਹੁੰਚਣ ਲਈ ਸੰਚਾਰ ਨੇਟਵਰਕ ਦੀ ਸਿੱਧੀ ਵਰਤੋਂ ;
(iii) ਲੋੜ ਪੈਣ ਤੇ ਮਾਸਟਰ ਫਾਇਲ ਤੋਂ ਸੂਚਨਾ ਦੀ ਕਾਪੀ ਆਨ ਲਾਇਨ / ਆਫ ਲਾਇਨ ਦੇ ਮਾਧਿਅਮ ਤੋਂ ਵੱਧ ਤੋਂ ਵੱਧ ਸਥਾਨਾਂ ਤੋਂ ਪ੍ਰਾਪਤ ਕਰਨਾ;
(iv) ਡਿਜਿਟਲ ਲਾਇਬ੍ਰੇਰੀਆਂ ਅਸੀਮਿਤ ਡਾਟਾ ਤਕ ਤਰੁੰਤ ਪਹੁੰਚ ਪ੍ਰਦਾਨ ਕਰਨ ਦੇ ਨਾਲ–ਨਾਲ ਬਹੁਮੁਲੀ ਸੰਗ੍ਰਹਿ ਨੂੰ ਸੁਰੱਖਿਆ ਪ੍ਰਦਾਨ ਕਰ ਸਕਦੀਆਂ ਹਨ।
(v) ਇਸ ਡਿਜਿਟਲ ਲਾਇਬ੍ਰੇਰੀ ਦੇ ਪ੍ਰਬੰਧ ਲਈ ਵਿਕਸਤ ਤਕਨਾਲੋਜੀ ਦੀ ਜਰੂਰਤ ਹੁੰਦੀ ਹੈ।

**ਕਾਰਜ (Functions)**

ਡਿਜਿਟਲ ਲਾਇਬ੍ਰੇਰੀ ਦੇ ਮੁੱਖ ਕਾਰਜ ਆਮ ਲਾਇਬ੍ਰੇਰੀਆਂ ਵਾਲੇ ਪਾਠ ਸਾਮਗ੍ਰੀ ਦੀ ਪਹਿਚਾਣ, ਚੋਣ, ਪ੍ਰਾਪਤੀ, ਸੁਨਿਯੋਜਨ ਪ੍ਰਕ੍ਰਿਆਵਾਂ, ਵਿਵਸਥਾ ਪਹੁੰਚ ਪ੍ਰਦਾਨ ਕਰਨੀ, ਸੰਭਾਲ ਅਤੇ ਪ੍ਰਬੰਧਨ ਹੀ ਹਨ। ਡਿਜਿਟਲ ਲਾਇਬ੍ਰੇਰੀਆਂ ਵਿਚ ਪਾਠ ਸਾਮਗ੍ਰੀ ਦੇ ਸੁਨਿਯੋਜਨ ਅਤੇ ਪ੍ਰਬੰਧਨ ਲਈ ਵਿਕਸਿਤ ਤਕਨਾਲੋਜੀ ਦੀ ਲੋੜ ਪੈਂਦੀ ਹੈ। ਕੰਪਿਊਟਰ ਵਿਗਿਆਨ ਸੰਚਾਰ ਨੇਟਵਰਕ ਤਕਨਾਲੋਜੀ ਦੇ ਵਿਕਾਸ ਨੇ ਇਕ ਹੀ ਟੇਬਲ ਤੇ ਹੀ ਸਾਰੀ ਲਾਇਬ੍ਰੇਰੀ ਸਾਮਗ੍ਰੀ ਦੀ ਉਪਲਬਧਤਾ ਸੰਭਵ ਕਰ ਦਿੱਤੀ ਹੈ।

**ਵਰਚੁਅਲ ਲਾਇਬ੍ਰੇਰੀ (Virtual Libraries)**

ਡਿਜਿਟਲ ਲਾਇਬ੍ਰੇਰੀਆਂ ਅਤੇ ਵਰਚੁਅਲ ਲਾਇਬ੍ਰੇਰੀਆਂ ਭਾਵੇਂ ਵੇਖਣ ਨੂੰ ਇਕੋ ਜਿਹੀਆਂ ਲਗਦੀਆਂ ਹੋਣ ਪਰ ਉਨ੍ਹਾਂ ਵਿਚ ਅੰਤਰ ਹੈ। ਇਹ ਠੀਕ ਹੈ ਕਿ ਸਾਰੀਆਂ ਵਰਚੁਅਲ ਲਾਇਬ੍ਰੇਰੀਆਂ ਆਪਣੀ ਬਣਤਰ ਕਰਕੇ ਬਿਜਲਾਣੂ (Electronic) ਲਾਇਬ੍ਰੇਰੀਆਂ ਹੁੰਦੀਆਂ ਹਨ। ਪਰ ਹਰ ਬਿਜਲਾਣੂ ਲਾਇਬ੍ਰੇਰੀ ਵਰਚੁਅਲ ਲਾਇਬ੍ਰੇਰੀ ਨਹੀਂ ਹੋ ਸਕਦੀ। ਇਕ ਲਾਇਬ੍ਰੇਰੀ ਜਿਸਦੀ ਸਾਰੀ ਦੀ ਸਾਰੀ ਪਾਠ ਸਮਗਰੀ ਜਿਹੜੀ ਸੀ. ਡੀ. ਰੋਮ ਰੂਪ ਵਿਚ ਹੋਵੇ ਅਤੇ ਦੂਰ ਦੁਰਾਡੇ ਵਰਕ ਸਟੇਸ਼ਨਾਂ ਤੋਂ ਪਾਠਕਾਂ ਵਰਤੀ ਜਾ ਸਕੇ, ਇਕ ਬਿਜਲਾਣੂ ਲਾਇਬ੍ਰੇਰੀ ਹੋ ਸਕਦੀ ਹੈ, ਪਰ ਇਸ ਨੂੰ ਵਰਚੁਅਲ ਲਾਇਬ੍ਰੇਰੀ ਨਹੀਂ ਕਿਹਾ ਜਾ ਸਕਦਾ ਹੈ।

**ਵਰਚੁਅਲ ਲਾਇਬ੍ਰੇਰੀ ਦੇ ਪਹਿਚਾਣ (Key Characteristic of Virtual Library)**

ਇਹ ਜਰੂਰੀ ਤੱਤ ਹਨ :

(i) ਪਰੰਪਰਾਗਤ ਪਾਠ ਸਮਗ੍ਰੀ ਨਹੀਂ ਹੁੰਦੀ ;
(ii) ਪ੍ਰਲੇਖ ਕੇਵਲ ਬਿਜਲਾਣੂ ਰੂਪ ਵਿਚ ਹੀ ਹੁੰਦੇ ਹਨ ;
(iii) ਸਾਰੇ ਵਰਤੇ ਜਾਣ ਵਾਲ ਬਿਜਲਾਣੂ ਪ੍ਰਲੇਖ ਇਕ ਥਾਂ ਨਹੀਂ ਹੁੰਦੇ ;
(iv) ਪ੍ਰਲੇਖਾਂ ਨੂੰ ਕਿਸੇ ਵੀ ਵਰਕ ਸਟੇਸ਼ਨ ਤੋਂ ਵੇਖਿਆ ਜਾ ਸਕਦਾ ਹੈ ;
(v) ਲੋੜ ਪੈਣ ਤੇ ਪ੍ਰਲੇਖਾਂ ਨੂੰ ਪ੍ਰਾਪਤ ਕਰ ਵੰਡੀਆ ਜਾ ਸਕਦਾ ਹੈ ;
(vi) ਖੋਜ ਅਤੇ ਨੀਮ ਪਾਠ (browsing) ਦੀ ਸੁਵਿਧਾ ਉਪਲਬੱਧ ਹੁੰਦੀ ਹੈ।

ਅੱਜ ਦੇ ਸੂਚਨਾ ਯੁੱਗ ਵਿਚ ਅਜਿਹੀਆਂ ਲਾਇਬ੍ਰੇਰੀਆਂ ਦਾ ਰਿਵਾਜ ਵੱਧ ਰਿਹਾ ਹੈ। ਸਾਹਿਤ ਦੀ ਪੜਚੋਲ ਤੋਂ ਇਹ ਪਤਾ ਲਗਦਾ ਹੈ ਕਿ ਇਕ ਸਮੂਹਿਕ ਲਾਇਬ੍ਰੇਰੀ (Corporate Library) ਢਾਂਚੇ ਦੀ ਨੀਂਹ ਰੱਖ ਕੇ ਇਸ ਦੇ ਵਿਕਾਸ ਦੇ ਉਪਰਾਲੇ ਸ਼ੁਰੂ ਹੋ ਚੁੱਕੇ ਹਨ। ਸੂਚਨਾ ਵਿਸਫੋਟ ਹੋਦ ਕਰਕੇ ਵੱਧ ਤੋਂ ਵੱਧ ਲੋੜੀਂਦੀ ਸੂਚਨਾ ਘੱਟ ਤੋਂ ਘੱਟ ਸਮੇਂ ਵਿਚ ਹਰ ਵਿਅਕਤੀ ਨੂੰ ਉਸ ਦੇ ਕਾਰਜ ਥਾਂ ਤੇ ਅੰਤਰਰਾਸ਼ਟਰੀ ਪੱਧਰ ਤੇ ਉਪਲਬੱਧ ਕਰਾਉਣ ਲਈ ਸਮੂਹਿਕ

ਲਾਇਬ੍ਰੇਰੀਅਨ (Corporate Librarian) ਸਦਾ ਕੋਸ਼ਿਸ਼ ਵਿਚ ਲਗਿਆਂ ਰਹਿੰਦੀਆਂ ਹਨ। ਇਸ ਲਈ ਵਰਚੁਅਲ ਲਾਇਬ੍ਰੇਰੀ ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ :

(i) ਪੁਸਤਕ, ਰਸਾਲਿਆਂ, ਪਾਠ ਕਮਰਿਆਂ (Reading Room) ਮਦਦ ਕਰਨ ਵਾਲੇ ਕਰਮਚਾਰੀਆਂ ਦੀ ਹੋਂਦ ਤੋਂ ਬਿਨਾਂ ਬਿਜਲਣੂ ਢੰਗ ਨਾਲ ਦੂਰ ਦੁਰਾਡੇ ਪਾਠਕਾਂ ਨੂੰ ਉਨ੍ਹਾਂ ਦੀ ਚੋਣਵੀਆਂ ਲੋੜੀਂਦੀਆਂ ਸੂਚਨਾਵਾਂ ਤੁਰੰਤ ਉਪਲੱਬਧ ਕਰਾਉਣਾ ;

(ii) ਉਹ ਲਾਇਬ੍ਰੇਰੀ ਜਿਸਨੇ ਆਪਣੀ ਸਾਰੀ ਪਾਠ ਸਾਮਗ੍ਰੀ ਜਾਂ ਉਹਦਾ ਵੱਡਾ ਹਿੱਸਾ ਬਿਜਲਾਣੂ ਰੂਪ ਵਿਚ ਬਦਲ ਕੇ ਉਪਲੱਬਧ ਕਰਾ ਦਿੱਤਾ ਹੈ, ਜਿਸ ਕਰਕੇ ਇਸ ਨੂੰ ਪੜ੍ਹਣ ਲਈ ਪਾਠਕਾਂ ਨੂੰ ਲਾਇਬ੍ਰੇਰੀ ਵਿਚ ਆਉਣ ਦੀ ਲੋੜ ਨਾ ਪਵੇ; ਅਤੇ

(iii) ਉਹ ਲਾਇਬ੍ਰੇਰੀ ਜਿਹੜੀ ਚੋਣਵੀਂ ਸੂਚਨਾ ਪ੍ਰਦਾਨ ਕਰਨ ਦਾ ਕਿਸੇ ਸੰਸਥਾ ਵਿਚ ਕੇਂਦਰ ਬਿੰਦੂ ਹੋਵੇ, ਜਿਹੜੇ ਕਈ ਵਾਰ ਇਕ ਥਾਂ ਉਤੇ ਆਮ ਕਰਕੇ ਵੱਖ-ਵੱਖ ਥਾਂਵਾਂ ਤੇ ਵੱਖ-ਵੱਖ ਸੇਵਾ ਪ੍ਰਦਾਨ ਕਰਨ ਵਾਲੇ ਸੋਮਿਆਂ ਦੇ ਰੂਪ ਵਿਚ ਹੁੰਦੇ ਹੋਏ ਵੀ ਤੁਰੰਤ ਸੇਵਾ ਪ੍ਰਦਾਨ ਕਰਨ।

## ਸਿੱਟਾ (Conclusion) :

ਇਹ ਸਾਫ ਹੈ ਕਿ ਵਰਚੁਅਲ ਲਾਇਬ੍ਰੇਰੀ ਕੁਝ ਵੀ ਹੋਵੇ ਪਰ ਇਸ ਲਈ ਵਿਕਸਤ ਸੂਚਨਾ ਤਕਨਾਲੋਜੀ, ਸੰਚਾਰ ਦੇ ਨੇਟਵਰਕ, ਕੰਪਿਊਟਰਾਂਦੀ ਵਰਤੋਂ, ਸੂਚਨਾ ਲੱਭਣ, ਪ੍ਰਾਪਤ ਕਰਨ ਲਈ ਜਰੂਰੀ ਹੈ ਅਤੇ ਇਸ ਵਿਚ ਛਪੇ ਹੋਏ ਆਮ ਪਾਠ ਸਾਮਗ੍ਰੀ ਲਈ ਕੋਈ ਜਗ੍ਹਾ ਨਹੀਂਹੁੰਦੀ। ਇਹ ਪਾਠਕਾਂ ਨੂੰ ਲੋੜੀਂਦੀ ਨਿਜੀ ਸੂਚਨਾ ਸੇਵਾ ਉਨ੍ਹਾਂ ਦੇ ਕਾਰਜ ਸਥਾਨ ਤੇ ਉਨ੍ਹਾਂ ਦੇ ਮੇਜ਼ ਤੇ ਕੰਪਿਊਟਰ ਰਾਹੀਂ ਉਪਲੱਬਧ ਕਰਾਉਂਦੀ ਹੈ। ਇਸ ਦੀ ਹੋਂਦ ਕਰਕੇ ਲਾਇਬ੍ਰੇਰੀਆਂ ਦਾ ਕਾਰਜ ਖੇਤਰ ਜਿੱਥੇ ਅਸੀਮਤ ਹੋਇਆ ਹੈ ਉਥੇ ਕਾਰਜ ਪ੍ਰਣਾਲੀਆਂ ਵਿਚ ਵੀ ਮੁੱਢਲੇ ਬਦਲਾਅ ਆ ਗਏ ਹਨ।

## ਮਲਟੀ ਮੀਡੀਆ (Multi Media)

### ਭੂਮਿਕਾ :

ਮਨੁੱਖ ਨੂੰ ਆਪਣੇ ਆਲੇ ਦੁਆਲੇ ਨੂੰ ਜਾਨਣ ਲਈ ਪੰਜ ਗਿਆਨ ਇੰਦਰੀਆਂ ਦੀ ਲੋੜ ਪੈਂਦੀ ਹੈ। ਇਹ ਹਨ : ਨਜਰ, ਅਵਾਜ, ਛੋਅ, ਸੁੰਘਣ ਅਤੇ ਸਵਾਦ ਦੀ ਇੰਦਰੀਆਂ ਭਾਵ ਅੱਖ, ਕੰਨ, ਚਮੜੀ, ਨੱਕ ਅਤੇ ਜੀਭ। ਇਕ ਅਨੁਮਾਨ ਹੈ ਕਿ ਵਿਅਕਤੀ 75% ਸੂਚਨਾਵਾਂ ਦੇਖ ਕੇ, 15% ਆਵਾਜ ਅਤੇ ਬਾਕੀ 10% ਛੋਅ ਸਵਾਦ ਅਤੇ ਸੁੰਘ ਕੇ ਪ੍ਰਾਪਤ ਕਰਦਾ ਹੈ। ਇਸ ਤੋਂ ਸਾਫ ਹੈ ਕਿ ਜੇਕਰ ਦਰਸੀ (video) ਅਤੇ ਸਰਵਣ (audio) ਨੂੰ ਮਿਲਾ ਦਿੱਤਾ ਜਾਵੇ ਤਾਂ ਸੰਚਾਰ (Communication) ਜ਼ਿਆਦਾ ਪ੍ਰਭਾਵੀ ਅਤੇ ਅਰਥਪੂਰਣ ਹੋ ਜਾਵੇਗਾ। ਇਸ ਇੱਛਾ ਦੀ ਪੂਰਤੀ ਕੰਪਿਊਟਰ ਨੇ ਕਰ ਦਿੱਤੀ ਹੈ। ਕੰਪਿਊਟਰ ਰਾਹੀਂ ਦੋਵੇਂ ਸੂਚਨਾ ਦੇ ਮਾਧਿਅਮ (ਸਰਵਣ-ਦਰਸੀ) ਨੂੰ ਇਕ ਮੁਠ ਕਰਕੇ ਪੇਸ਼ ਕੀਤਾ ਜਾਂਦਾ ਹੈ। ਪਿਛਲੇ ਦਹਾਕੇ ਤੋਂ ਮਲਟੀ ਮੀਡੀਆ ਜਿਹੜਾ ਇਕ ਸ਼ਬਦ ਦੇ ਰੂਪ ਵਿਚ ਉਭਰਿਆ ਸੀ। ਅਜ ਸੂਚਨਾ ਸਮਾਜ ਲਈ ਰੀੜ ਦੀ ਹੱਡੀ ਬਣ ਗਿਆ ਹੈ।

## ਮਲਟੀ ਮੀਡੀਆ ਦੀ ਧਾਰਣਾ (Concept of Multi Media)

ਅੰਗਰੇਜ਼ੀ ਦੇ ਦੋ ਸ਼ਬਦ ਮਲਟੀ ਮੀਡੀਆ (Multi Media) ਜਿਹੜੇ ਹਾਈਫਨ ਨਾਲ ਜੋੜੇ ਅਹੋਣ ਅਤੇ ਸ਼ਬਦਾਂ ਦਾ ਜੋੜ ਮਲਟੀ ਮੀਡੀਆ (Multi Media) ਆਮ ਕਰਕੇ ਇਕ ਹੀ ਲਗਦੇ ਹਨ। ਪਰ ਇਨ੍ਹਾਂ ਵਿਚ ਅੰਤਰ ਹੈ। ਮਲਟੀ ਮੀਡੀਆ ਦਾ ਭਾਵ ਉਸ ਪ੍ਰਕ੍ਰਿਆ ਤੇ ਹੈ ਜਿਸ ਵਿਚ ਦੋ ਜਾਂ ਵੱਧ ਗਿਆਨ ਇੰਦਰੀਆਂ ਦੀ ਵਰਤੋਂ ਕਿਸੇ ਚੀਜ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਜਿਵੇਂ : ਅਧਿਆਪਕ ਬਲੇਕ ਬੋਰਡ ਤੇ ਚਿੱਤਰ ਬਣਾਉਣ ਨਾਲ ਨਾਲ ਬੋਲ ਕੇ ਆਵਾਜ਼ ਰਾਹੀਂ ਉਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਵਿਚ ਦੋ ਮਾਧਿਅਮ ਸਰਵਣ-ਦਰਸੀ ਜੋੜ ਕੇ ਇਸ ਨਾਲ ਹੀ ਵਰਤੇ ਜਾ ਸਕਦੇ ਹਨ। ਮਲਟੀ ਮੀਡੀਆ (Multi Media) ਦਾ ਭਾਵ ਉਸ ਪ੍ਰਦਰਸ਼ਨ ਤੋਂ ਹੈ ਜਿਸ ਦੀ ਰਚਨਾ ਕੰਪਿਊਟਰ ਦੇ ਅੰਦਰ ਕਰਕੇ ਮਨਿਟਰ (Monitor) ਜਾਂ ਸਕਰੀਨ ਤੇ ਪਾਠ, ਰੇਖਾਵਾਂ, ਆਵਾਂ ਦੇ ਰੂਪ ਵਿਚ ਇਕ ਨਾਲ ਇਕ ਵਾਰ ਪੇਸ਼ ਕੀਤਾ ਜਾਂਦਾ ਹੈ। ਟੀ. ਵੀ. ਤੇ ਪ੍ਰਸਾਰਤ ਪ੍ਰੋਗਰਾਮ ਇਸ ਦਾ ਚੰਗਾ ਉਦਾਹਰਣ ਹੈ।

## ਮਲਟੀ ਮੀਡੀਆ ਲਾਇਬ੍ਰੇਰੀ (Multi Media Library)

ਮਲਟੀ ਮੀਡੀਆ ਲਾਇਬ੍ਰੇਰੀ ਦੀ ਪਾਠ ਸਾਮਗ੍ਰੀ ਵਿਚ ਸੂਚਨਾ ਵੱਖ ਵੱਖ ਪ੍ਰਕਾਰ ਦੇ ਸ੍ਰੋਤਾਂ ਜਿਵੇਂ ਛਪੀਆਂ ਪੁਸਤਕਾਂ, ਸੂਖਮ ਰੂਪ (Microforms), ਮਾਇਕਰੋ ਫਿਸ਼ (Microfiche), ਬਿਜਲਾਣ ਪੁਸਤਕਾਂ (Electronic Books) ਵਿਡੀਉ ਟੇਪਸ, ਸੀ. ਡੀ. ਆਦਿ ਵਿਚ ਹੁੰਦੀ ਹੈ।

ਉਪਰੋਕਤ ਚਰਚਾ ਦੇ ਬਾਅਦ ਮਲਟੀ ਮੀਡੀਆ ਸਿਸਟਮ ਤੋਂ ਭਾਵ ਉਨ੍ਹਾਂ ਕੰਪਿਊਟਰਾਂ ਦੀ ਸਰਚਨਾ ਤੋਂ ਹੈ ਜਿਨ੍ਹਾਂ ਵਿਚ ਪਾਠ ਨੂੰ ਦਰਸਾਉਣ ਤੋਂ ਇਲਾਵਾ ਰੇਖਾਵਾਂ (Graphics), ਆਵਾਜ਼ (audio) ਅਤੇ ਦਰਸੀ (Video) ਸੂਚਨਾਵਾਂ ਨੂੰ ਪ੍ਰਦਾਨ ਕਰਨ ਦੀ ਸਮਰਥਾ ਹੁੰਦੀ ਹੈ। ਇਹ ਸੂਚਨਾ ਪ੍ਰਸਾਰ (Information Communication) ਦੇ ਸ਼ਕਤੀਸ਼ਾਲੀ ਸ੍ਰੋਤ ਹਨ।

## ਪਰਿਭਾਸ਼ਾ (Definition)

ਹਾਰੋਡ ਲਾਇਬ੍ਰੇਰੀਅਨਜ ਗਲਾਸਰੀ ਅਨੁਸਾਰ ਮਲਟੀ ਮੀਡੀਆ ਲਾਇਬ੍ਰੇਰੀ :

(i) ਵੱਖਰੇ ਸੂਚਨਾ ਮਾਧਿਅਮਾਂ ਦਾ ਸੰਗ੍ਰਹਿ ਜਾਂ ਉਨ੍ਹਾਂ ਦੀ ਸੂਚੀ ਜਿਸ ਵਿਚ ਗੈਰ-ਪੁਸਤਕ ਸਾਮਗ੍ਰੀ, ਸਰਵਣ-ਦਰਸ਼ੀ ਪ੍ਰਲੇਖ ਆਦਿ ਆਉਂਦੇ ਹੋਣ ਜਾਂ

;

(ii) ਇਕ ਜਾਂ ਵੱਖ–ਵੱਖ ਸਮੇਂ ਤੇ ਵੱਖ–ਵੱਖ ਪ੍ਰਸਾਰ ਤਕਨੀਕਾਂ ਦੇ ਮੇਲ ਤੋਂ ਬਣੀ ਸੂਚਨਾ ਪ੍ਰਦਰਸ਼ਨ ਕਰਨ ਦੀ ਪ੍ਰਣਾਲੀ ਹੈ।

ਏ. ਐਲ. ਏ. ਗਲਾਸਰੀ ਆਫ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਦੇ ਅਨੁਸਾਰ, “ਇਕ ਪ੍ਰੋਗਰਾਮ ਜਿਸ ਵਿਚ ਇਕ ਤੋਂ ਵੱਧ ਸੂਚਨਾ ਪ੍ਰਸਾਰ ਦੇ ਰੂਪਾਂ ਦੇ ਮੇਲ ਨੂੰ, ਜਾਂ ਅਜਿਹੇ ਪ੍ਰਦਰਸ਼ਨ ਲਈ ਫਿਲਮ ਟੋਟਿਆਂ ਅਤੇ ਆਵਾਜ਼ ਦੇ ਮੇਲ ਨੂੰ ਮਲਟੀ ਮੀਡੀਆ ਕਿਹਾ ਜਾਂਦਾ ਹੈ।

**ਅੱਗੇ ਪੜ੍ਹਨ ਲਈ ਸੰਦਰਭ :-**


| | | | |
|---|---|---|---|
| 1. | Shrinath Sahai | : | Academic Library System, Ed2. Ess Ess Pub. N.D, 2009. |
| 2. | Sachin Chauhan, Mohit | : | Developing a Public Library, 2004. |
| 3. | Khanna, J.K. | : | Library amd Society Ed2 Ess Ess Pub. N.D., 1994 |
| 4. | Prasher, RG | : | India's University Libraries : Organisation, Operation and Services. Ludhaina Madallion. 2002. |
| 5. | ਅਜੀਤ ਸਿੰਘ ਅਤੇ ਸਹਿਗਲ, ਪੀ.ਸੀ. | : | ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਦੇ ਆਧਾਰ, ਮਦਾਨ ਪਬਲੀਕੇਸ਼ਨ, ਪਟਿਆਲਾ, 2005 |
| 6. | ਸੇਵਾ ਸਿੰਘ | : | ਲਾਇਬ੍ਰੇਰੀ ਅਤੇ ਸਮਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ। |

**ਪਾਠ ਨੰ. : 1.5**

**ਅਨੁਵਾਦਕ : ਡਾ. ਅਜੀਤ ਸਿੰਘ**
**ਲੇਖਕ : ਕਰਮ ਸਿੰਘ**

# ਲਾਇਬ੍ਰੇਰੀ ਸਹਿਯੋਗ (Library Cooperation)

ਸਹਿਯੋਗ (Cooperation) ਵਿਚ ਕਿਸੇ ਸਾਂਝੇ ਟੀਚੇ ਜਾਂ ਉਦੇਸ਼ ਦੀ ਪ੍ਰਾਪਤੀ ਲਈ ਵਿਅਕਤੀਆਂ ਜਾਂ ਸਮੂੰਹਾਂ ਦਾ ਸੰਗਠਨ ਇਕੱਠਾ ਹੋ ਕੇ ਹੰਬਲਾ ਮਾਰਦਾ ਹੈ ਅਤੇ ਇਸ ਤੋਂ ਪ੍ਰਾਪਤ ਲਾਭ, ਹਾਨੀਆਂ ਆਪਸ ਵਿਚ ਵੰਡੀਆਂ ਜਾਂਦੀਆਂ ਹਨ। ਸਹਿਯੋਗ ਅਤੇ ਮਨੁੱਖੀ ਸਭਿਅਤਾ ਦੋ ਵੱਖਰੇ ਸ਼ਬਦ ਹਨ ਪਰ ਇਕ ਬਿਨ੍ਹਾਂ ਦੂਜੇ ਦੀ ਕਲਪਲਾ ਨਹੀਂ ਕੀਤੀ ਜਾ ਸਕਦੀ। ਸਹਿਯੋਗ ਬਿਨ੍ਹਾਂ ਵਿਕਾਸ ਵੱਲ ਇਕ ਕਦਮ ਵੀ ਨਹੀਂ ਚੁੱਕਿਆ ਜਾ ਸਕਦਾ।

## ਉਦੇਸ਼ :

ਇਸ ਪਾਠ ਦਾ ਉਦੇਸ਼ ਲਾਇਬ੍ਰੇਰੀ ਖੇਤਰ ਵਿਚ ਸਹਿਯੋਗ ਦਾ ਵਰਣਨ ਕਰਕੇ, ਇਸ ਦੇ ਨਵੇਂ ਨਾਂ "ਸੋਮਿਆਂ ਦੀ ਸਾਂਝ" (Resource Sharing) ਬਾਰੇ ਪਾਠਕਾਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਹੈ।

ਉਪਰੋਕਤ ਉਦੇਸ਼ ਲਈ ਪਾਠ ਨੂੰ ਨਿਮਨ ਭਾਗਾਂ ਵਿਚ ਵੰਡਿਆਂ ਗਿਆ ਹੈ :

- 1.5.1. ਭੂਮਿਕਾ
- 1.5.2. ਪਰਿਭਾਸ਼ਾ
- 1.5.3. ਉਦੇਸ਼
- 1.5.4. ਲੋੜ
- 1.5.5. ਲਾਇਬ੍ਰੇਰੀ ਸਹਿਯੋਗ ਦੇ ਪੱਧਰ
- 1.5.6. ਲਾਇਬ੍ਰੇਰੀ ਸਹਿਯੋਗ ਦੇ ਜ਼ਰੂਰੀ ਤੱਤ
- 1.5.7. ਸਹਿਮਤੀ
- 1.5.8. ਲਾਇਬ੍ਰੇਰੀ ਸਹਿਯੋਗ ਦੀਆਂ ਕਿਸਮਾਂ
  - 1.5.8.1. ਸਹਿਕਾਰੀ ਪੁਸਤਕ ਪ੍ਰਾਪਤੀ
  - 1.5.8.2. ਸਹਿਕਾਰੀ ਸੂਚੀ ਕਰਣ
  - 1.5.8.3. ਕੇਂਦਰੀ ਸੂਚੀ ਕਰਣ
  - 1.5.8.4. ਸੰਘ ਸੂਚੀ ਪੱਤਰ
  - 1.5.8.5. ਅੰਤਰਰਾਸ਼ਟਰੀ ਉਧਾਰ ਸੇਵਾ
  - 1.5.8.6. ਪ੍ਰਲੇਖ ਵਿਤਰਣ
  - 1.5.8.7. ਸਹਿਕਾਰੀ ਸੰਗ੍ਰਿਹਿਣ ਕੇਂਦਰ
  - 1.5.8.8. ਪੁਸਤਕ ਵਟਾਂਦਰਾ
  - 1.5.8.9. ਸਹਿਕਾਰੀ ਫੋਟੋ ਨਿਰਮਾਣ ਸੇਵਾ
  - 1.5.8.10. ਸਹਿਕਾਰੀ ਲਾਇਬ੍ਰੇਰੀ ਪ੍ਰਚਾਰ
  - 1.5.8.11. ਸਹਿਕਾਰੀ ਪੁਸਤਕ ਸੂਚੀ ਸੰਕਲਨ
  - 1.5.8.12. ਸਹਿਕਾਰੀ ਸੰਦਰਭ ਸੇਵਾ
  - 1.5.8.13. ਕਰਮਚਾਰੀਆਂ ਦੀ ਸਿਖਲਾਈ ਅਤੇ ਵਟਾਂਦਰਾ
- 1.5.9. ਅੰਤਰ ਰਾਸ਼ਟਰੀ ਸਹਿਯੋਗ
- 1.5.10. ਭਾਰਤ ਵਿਚ ਲਾਇਬ੍ਰੇਰੀ ਸਹਿਯੋਗ
- 1.5.11. ਭਾਰਤ ਦੇ ਨੇਟਵਰਕ

1.5.12. ਸਿੱਟਾ
1.5.13. ਅੱਗੇ ਪੜ੍ਹਨ ਲਈ ਸੰਦਰਭ
1.5.14. Assignment

## 1.5.1. ਭੂਮਿਕਾ (Introduction)

ਪੱਥਰ ਯੁੱਗ ਤੋਂ ਪੁਲਾੜ ਯੁੱਗ ਤਕ, ਕੰਦਰਾਵਾਂ ਜਾਂ ਗੁਫ਼ਾਵਾਂ ਤੋਂ ਚੰਦ ਤਕ ਪੁੱਜਣ ਵਿਚ ਮਨੁੱਖ ਨੇ ਉੱਨਤੀ ਕੀਤੀ ਹੈ, ਜੋ ਵਿਕਾਸ ਕੀਤਾ ਹੈ ਉਸ ਲਈ 'ਸਹਿਯੋਗ' ਨੇ ਰੀੜ ਦੀ ਹੱਡੀ ਦਾ ਕੰਮ ਕੀਤਾ। ਇਕ ਸੰਗਠਿਤ ਸਮਾਜ ਵਿਚ ਸਮੂਹਿਕ ਵਿਕਾਸ ਵਾਸਤੇ ਹਰ ਪੱਧਰ ਤੇ ਸਹਿਯੋਗ ਦੀ ਭਾਵਨਾ ਦੀ ਲੋੜ ਹੈ। ਜਿਉਂ ਮਨੁੱਖੀ ਜ਼ਰੂਰਤਾਂ ਵੱਧਦੀਆਂ ਜਾਣਗੀਆਂ ਵਧੇਰੇ ਸਹਿਯੋਗ ਦੀ ਲੋੜ ਪਵੇਗੀ।

ਸਮੂਹਿਕ ਤੌਰ ਤੇ ਕਿਸੇ ਨਿਸ਼ਚਿਤ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਾਂਝੇ ਕਾਰਜ ਕਰਨ ਨੂੰ ਸਹਿਯੋਗ ਕਹਿੰਦੇ ਹਨ। ਸਹਿਯੋਗ ਦਾ ਅਰਥ ਭਾਈਵਾਲੀ ਹੈ ਜਿਸ ਵਿਚ ਹਰ ਇਕ ਭਾਈਵਾਲ ਹੈ ਅਤੇ ਹਰ ਹਿੱਸੇਦਾਰ ਕੁਝ ਨਾ ਕੁਝ ਯੋਗਦਾਨ ਜ਼ਰੂਰ ਪਾਉਂਦਾ ਹੈ। ਵਿਸ਼ਵ ਪ੍ਰਸਿੱਧ ਵੈਬਸਟਰ ਸ਼ਬਦਕੋਸ਼ ਵਿਚ ਸਹਿਯੋਗ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ, "ਸਾਂਝੇ ਪਰ ਅਕਸਰ ਆਰਥਕ ਲਾਭ ਲਈ ਵਿਅਕਤੀਆਂ ਦੀ ਸੰਸਥਾ; ਕਿਸੇ ਜੋਖ਼ਮ ਦੇ ਕੰਮ ਵਿਚੋਂ ਹੋਏ ਲਾਭ ਅਤੇ ਫਾਇਦੇ ਆਪਸ ਵਿਚ ਵੰਡਣ ਵਾਸਤੇ ਸੰਸਥਾ; ਸਾਂਝੇ ਹਿਤ ਜਾਂ ਪ੍ਰਗਤੀ ਵਾਸਤੇ ਸਮੂਹਿਕ ਕੰਮ।"

ਇਸ ਪ੍ਰਕਾਰ ਸਹਿਯੋਗ ਅਜਿਹਾ ਕੰਮ ਹੈ ਜੋ ਸਾਂਝੇ ਉਦੇਸ਼ ਜਾਂ ਲਾਭ ਲਈ ਕੀਤਾ ਜਾਂਦਾ ਹੈ। ਸਹਿਯੋਗ ਦੀ ਭਾਵਨਾ ਵਿਸ਼ਵ ਭਰ ਵਿਚ ਅਤੇ ਮਨੁੱਖੀ ਜੀਵਨ ਦੇ ਹਰ ਪਹਿਲੂ ਵਿਚ ਵਿਦਮਾਨ ਹੈ। ਦੁਨੀਆਂ ਦੇ ਸਹਿਯੋਗ ਦੇ ਆਧਾਰ ਤੇ ਬਹੁਤ ਉੱਨਤੀ ਕਰ ਲਈ ਹੈ। ਸਹਿਯੋਗ ਨਾਲ ਕੰਮ ਕਰਨ ਸਦਕਾ ਦੁਨੀਆਂ ਇਕਾਈ ਦੇ ਰੂਪ ਵਿਚ ਸਾਡੇ ਸਾਹਮਣੇ ਹੈ। ਅੱਜ ਜਿਸ ਵਿਗਿਆਨ ਦੇ ਖ਼ੇਤਰ ਵਿਚ ਉੱਨਤੀ ਲਈ ਇਸ ਤੋਂ ਵੱਧ-ਤੋਂ-ਵੱਧ ਲਾਭ ਉਠਾਉਣ ਲਈ ਜਿੱਥੇ ਵਿਸ਼ਵ ਦੇ ਸਾਰੇ ਰਾਸ਼ਟਰ ਸਾਂਝੇ ਉਪਰਾਲੇ ਕਰਨ ਲਈ ਤਿਆਰ ਹਨ ਉੱਥੇ ਆਤੰਕਵਾਦ ਨੂੰ ਖ਼ਤਮ ਕਰਨ ਲਈ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਦੁਆਰਾ ਵੀ ਸਹਿਯੋਗ ਦੀ ਦੁਹਾਈ ਦਿੱਤੀ ਜਾ ਰਹੀ ਹੈ।

ਲਾਇਬ੍ਰੇਰੀ ਦੇ ਉਦੇਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲੀ ਰੂਪ ਦੇਣ ਲਈ ਕੁਝ ਲਾਇਬ੍ਰੇਰੀਆਂ ਦਾ ਪਰਸਪਰ ਅਤੇ ਸਮੂਹਿਕ ਯਤਨ ਹੀ ਲਾਇਬ੍ਰੇਰੀ ਸਹਿਯੋਗ ਹੈ। ਦੂਜੇ ਸ਼ਬਦਾਂ ਵਿਚ ਜੈਫਰਸਨ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਇਕ ਪ੍ਰਸ਼ਾਸਕੀ ਸੰਗਠਨ ਨਾਲ ਸੰਬੰਧ ਨਾ ਰੱਖਣ ਵਾਲੀਆਂ ਦੋ ਜਾਂ ਦੋ ਤੋਂ ਵੱਧ ਲਾਇਬ੍ਰੇਰੀਆਂ ਜਾਂ ਸੰਸਥਾਵਾਂ ਦੇ ਸਾਂਝੇ ਯਤਨ ਰਾਹੀਂ ਲਾਇਬ੍ਰੇਰੀ ਸਮੱਗਰੀ ਨੂੰ ਵਧਾਉਣ ਜਾਂ ਸੁਧਾਰਨ ਲਈ ਲਾਇਬ੍ਰੇਰੀਆਂ ਵਿਚ ਸੁਚੇਤ ਯਤਨਾਂ ਦੀ ਅਭਿਵਿਅਕਤੀ ਲਾਇਬ੍ਰੇਰੀ ਸਹਿਯੋਗ ਹੈ।

ਜੇਕਰ ਇਸ ਵਿਚਾਰ ਨੂੰ ਬਦਲਵੇਂ ਸਰੂਪ ਵਿਚ ਪ੍ਰਗਟ ਕੀਤਾ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਲਾਇਬ੍ਰੇਰੀ ਵਿਗਿਆਨ ਦੇ 'ਪੰਜ ਨਿਯਮਾਂ' ਦੀ ਪੂਰਤੀ ਲਈ ਲਾਇਬ੍ਰੇਰੀ ਸਹਿਯੋਗ ਜ਼ਰੂਰੀ ਹੈ। ਆਰਥਕ ਕਾਰਣਾਂ ਦੇ ਨਾਲ-ਨਾਲ ਲਾਇਬ੍ਰੇਰੀ ਦੀ ਆਪਣੀ ਭੌਤਿਕ ਸੀਮਾਬੱਧਤਾ ਵੀ ਹੈ, ਜਿਸ ਕਰਕੇ ਸਾਰੀ ਪ੍ਰਕਾਸ਼ਿਤ ਸਮੱਗਰੀ ਨਾ ਤਾਂ ਪ੍ਰਾਪਤ ਕਰ ਸਕਦੀ ਹੈ, ਨਾ ਹੀ ਤਿਆਰ ਅਤੇ ਨਾ ਹੀ ਸਾਂਭ ਕੇ ਰਖ ਸਕਦੀ ਹੈ, ਕਿਉਂਕਿ ਇਸ ਕੋਲ ਇਮਾਰਤ ਅਤੇ ਕਰਮਚਾਰੀਆਂ ਦੀ ਘਾਟ ਵੀ ਹੁੰਦੀ ਹੈ। ਅਜਿਹੀਆਂ ਪਾਬੰਦੀਆਂ ਅਤੇ ਸੀਮਾਵਾਂ ਨੂੰ ਦੂਰ ਕਰਨ ਲਈ ਲਾਇਬ੍ਰੇਰੀਅਨਾਂ ਨੇ ਅਜਿਹੀ ਪ੍ਰਣਾਲੀ ਦਾ ਵਿਕਾਸ ਕੀਤਾ ਹੈ, ਜਿਸ ਨੂੰ 'ਲਾਇਬ੍ਰੇਰੀ ਸਹਿਯੋਗ' ਕਿਹਾ ਜਾਂਦਾ ਹੈ। ਇਸ ਦੀਆਂ ਵੱਖ-ਵੱਖ ਵਿਧੀਆਂ ਅਪਣਾ ਕੇ ਪੜ੍ਹਨ ਸਮੱਗਰੀ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ ਅਤੇ ਪਾਠਕਾਂ ਨੂੰ ਵੱਧ ਤੋਂ ਵੱਧ ਪੁਸਤਕਾਂ ਆਦਿ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ।

## 1.5.2. ਪਰਿਭਾਸ਼ਾ (Definition)

ਐਲੇਨ ਕੈਂਟ ਦੇ ਅਨੁਸਾਰ ਵਸੀਲਿਆਂ ਦੀ ਸਾਂਝ ਦਾ ਅਰਥ ਇਕ ਕੰਮ ਕਰਨ ਦੀ ਉਹ ਪ੍ਰਕ੍ਰਿਆ ਹੈ ਜਿਸ ਵਿਚ ਕਈ ਲਾਇਬ੍ਰੇਰੀਆਂ ਇਕ ਦੂਜੇ ਦੀ ਸੰਪਤੀ, ਕਾਰਜਾਂ ਅਤੇ ਦੂਜੇ ਵਸੀਲਿਆਂ ਦਾ ਠੀਕ ਢੰਗ ਨਾਲ ਪ੍ਰਭਾਵਸ਼ਾਲੀ ਪ੍ਰਯੋਗ ਕਰਦੀਆਂ ਹਨ। ਇਸ ਵਿਚ ਆਪਸੀ ਮਿਲਵਰਤਨ, ਸਾਂਝਦਾਰੀ ਅਤੇ ਇਕ ਦੂਜੇ ਨੂੰ ਮਦਦ ਕਰਨ ਦੀ ਭਾਵਨਾ ਹੁੰਦੀ ਹੈ ਅਤੇ ਲੋੜ ਪੈਣ ਤੇ ਇਕ ਦੂਜੇ ਨੂੰ ਦੇ ਸਕਦੇ ਹਨ ਜਾਂ ਆਪਣੀ ਲੋੜ ਲਈ ਲੈ ਸਕਦੇ ਹਨ। ਵਸੀਲਿਆਂ (Resources) ਵਿਚ ਸਾਰੇ ਪ੍ਰਕਾਰ ਦੀ ਪਾਠਕ ਸਮੱਗਰੀ, ਕਾਰਜ ਅਤੇ ਸੇਵਾਵਾਂ, ਪੇਸ਼ੇਵਰ ਅਤੇ ਗੈਰ-ਪੇਸ਼ੇਵਰ ਕਰਮਚਾਰੀਆਂ ਦੀ ਪ੍ਰਬੀਣਤਾ ਆਉਂਦੀ ਹੈ। ਵਸੀਲਿਆਂ ਵਿਚ ਵਸਤੂ, ਵਿਅਕਤੀ ਜਾਂ ਪ੍ਰਕ੍ਰਿਆ ਆਉਂਦੀਆਂ ਹਨ ਜਿਨ੍ਹਾਂ ਦੀ ਕਿਸੇ ਵੀ ਸਮੇਂ ਲੋੜ ਪੈ ਸਕਦੀ ਹੈ। ਸਾਂਝ ਦਾ ਅਰਥ ਆਪਣੇ ਵਸੀਲਿਆਂ ਨੂੰ ਦੂਜੇ ਦੀ ਭਲਾਈ ਲਈ ਦੇਣਾ ਹੈ। ਇਸ ਵਿਚ ਆਪਸੀ ਸਾਂਝ ਅਤੇ ਮਿਲਵਰਤਨ ਜ਼ਰੂਰੀ ਅੰਸ਼ ਹਨ।

ਲਾਇਬ੍ਰੇਰੀ ਵਸੀਲਿਆਂ ਵਿਚ ਪ੍ਰਿੰਟ ਅਤੇ ਨਾਨ-ਪ੍ਰਿੰਟ ਪ੍ਰਲੇਖ ਮਾਨਵੀ ਸੰਸਾਧਨ, ਉਪਕਰਨ ਆਦਿ ਆਉਂਦੇ ਹਨ ਜਿਨ੍ਹਾਂ ਨੂੰ ਲਾਇਬ੍ਰੇਰੀ ਸੇਵਾਵਾਂ ਦਾ ਮਿਆਰ ਵਧਾਉਣ ਲਈ ਲਿੱਤੇ ਜਾ ਦਿੱਤੇ ਜਾ ਸਕਦੇ ਹਨ।

ਇਸ ਥਾਂ ਤੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਇਸ ਪ੍ਰਕ੍ਰਿਆ ਨਾਲ ਕਿਸੇ ਲਾਇਬ੍ਰੇਰੀ ਦੀ ਆਪਣੀ ਹੋਂਦ ਨੂੰ ਕੋਈ ਖ਼ਤਰਾ ਨਹੀਂ ਹੁੰਦਾ ਅਤੇ ਨਾ ਹੀ ਉਸ ਦੀਆਂ ਪਾਠਕਾਂ ਵੱਲ ਸੇਵਾਵਾਂ ਤੇ ਕੋਈ ਅਸਰ ਪੈਂਦਾ ਹੈ ਸਗੋਂ ਇਨ੍ਹਾਂ ਸੇਵਾਵਾਂ ਵਿਚ ਵਾਧਾ ਹੁੰਦਾ ਹੈ।

ਵਸੀਲਿਆਂ ਦੀ ਸਾਂਝ ਨਾਲ ਲਾਇਬ੍ਰੇਰੀਆਂ ਪੱਕੇ ਤੌਰ ਦੀ ਪ੍ਰਾਪਤੀ (Permanent Acquisition) ਤੋਂ ਆਰਜ਼ੀ ਮਲਕੀਅਤ (Temporary ownership)

ਵੱਲ ਵਧਦੀਆਂ ਹਨ। ਜਿਸ ਕਰਕੇ ਆਰਥਕ ਮੁਸ਼ਕਲਾਂ ਤੋਂ ਬਚਿਆ ਜਾ ਸਕਦਾ ਹੈ। ਇਸ ਲਈ ਲਾਇਬ੍ਰੇਰੀਆਂ ਨੂੰ ਬਰਾਬਰੀ ਦੀ ਧਾਰਣਾ (Concept of Equivalency) ਤੇ ਚੱਲਣਾ ਜ਼ਰੂਰੀ ਹੈ। ਦੂਜੇ ਸ਼ਬਦਾਂ ਵਿਚ ਲਾਇਬ੍ਰੇਰੀਆਂ ਨੂੰ ਸਦਾ ਦੂਜੇ ਤੋਂ ਲੈਣ ਤੇ ਹੀ ਨਹੀਂ ਰਹਿਣਾ ਚਾਹੀਦਾ ਬਲਕਿ ਦੇਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ।

### 1.5.3. ਉਦੇਸ਼ (Objective)

ਸਾਂਝ ਦੇ ਉਦੇਸ਼ ਬਹੁਤ ਆਦਰਸ਼ਵਾਦੀ ਹਨ। ਉਨ੍ਹਾਂ ਦਾ ਨਿਸ਼ਾਨਾ ਲੋੜਵੰਦਾਂ ਦੀ ਸੂਚਨਾ ਤਕ ਪਹੁੰਚ ਨੂੰ ਸੌਖਾ ਕਰਨਾ ਹੈ ਇਸ ਵਿਚ ਸੂਚਨਾ ਸ੍ਰੋਤਾਂ ਦੀ ਹੋਂਦ ਸਥਿਤੀ ਆੜੇ ਨਹੀਂ ਆਉਂਦੀ। ਦੂਜੇ ਸ਼ਬਦਾਂ ਵਿਚ ਲਾਇਬ੍ਰੇਰੀਆਂ ਪਾਠਕਾਂ ਦੀਆਂ ਲੋੜਾਂ ਪੂਰਾ ਕਰਨ ਲਈ ਆਪਣੇ ਵਸੀਲਿਆਂ ਤਕ ਸੀਮਿਤ ਨਹੀਂ ਰਹਿੰਦੀਆਂ। ਇਸ ਦੇ ਮੁੱਖ ਕਾਰਣ ਹਨ :

(1) ਕਿਫ਼ਾਇਤ ਕਰਨੀ ਹੈ ਇਕ ਮੁੱਢਲਾ ਉਦੇਸ਼ ਹੈ ਅਤੇ ਦੋਹਰੇ ਕੰਮ ਨੂੰ ਘਟਾਉਣਾ ਹੈ ਤਾਂ ਕਿ ਉਹ ਹੀ ਸਮੱਗਰੀ ਹਰ ਲਾਇਬ੍ਰੇਰੀ ਵਿਚ ਇਕੱਤਰ ਨਾ ਕੀਤੀ ਜਾਵੇ।

(2) ਅਜਿਹੇ ਮੌਕੇ ਪੈਦਾ ਕਰਨਾ, ਜਿਸ ਨਾਲ ਸਹਿਯੋਗੀ ਲਾਇਬ੍ਰੇਰੀਆਂ ਦੇ ਸਾਧਨਾਂ ਵਿਚ ਬਿਨਾਂ ਖ਼ਰਚ ਵਧਾਏ ਵਾਧਾ ਹੋਵੇ ਅਤੇ ਉਹ ਪਹਿਲਾਂ ਨਾਲੋਂ ਚੰਗੇਰੀਆਂ ਸੇਵਾਵਾਂ ਪ੍ਰਦਾਨ ਕਰ ਸਕਣ। ਇਸ ਪ੍ਰਕਾਰ ਕੋਈ ਵੀ ਲਾਇਬ੍ਰੇਰੀ ਇਕ ਇਕਾਈ ਨਾ ਰਹਿ ਕੇ ਸਮੂਹ ਨੂੰ ਹੁੰਦੇ ਲਾਭ ਦਾ ਫਾਇਦਾ ਉਠਾ ਸਕੇਗੀ।

(3) ਸਹਿਯੋਗੀ ਲਾਇਬ੍ਰੇਰੀਆਂ ਦੇ ਮੁੱਖ ਕੰਮ ਵਿਚ ਇਕਰੂਪਤਾ ਬਨਾਉਣੀ ਅਤੇ ਨਿਰਧਾਰਿਤ ਪ੍ਰਮਾਣਾਂ ਅਨੁਸਾਰ ਕੰਮ ਕਰਨਾ ਲਾਇਬ੍ਰੇਰੀ ਸਹਿਯੋਗ ਦਾ ਇਕ ਹੋਰ ਉਦੇਸ਼ ਹੈ। ਇਸ ਨਾਲ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਦੇ ਉਪਰਣਾਂ (ਸੂਚੀ ਆਦਿ) ਵਿਚ ਨਾ ਕੇਵਲ ਸੁਧਾਰ ਹੋਵੇਗਾ, ਸਗੋਂ ਸਾਰੀਆਂ ਲਾਇਬ੍ਰੇਰੀਆਂ ਇਕਸਾਰ ਹੋਣ ਨਾਲ ਪਾਠਕਾਂ ਨੂੰ ਸਹੂਲਤ ਹੋਵੇਗੀ।

(4) ਸਹਿਯੋਗੀ ਲਾਇਬ੍ਰੇਰੀਆਂ ਸਮੱਗਰੀ ਇਕੱਤਰ ਕਰਨ ਵਾਸਤੇ ਵਿਸ਼ੇ ਨਿਸ਼ਚਿਤ ਕਰਕੇ ਆਪਣੇ-ਆਪਣੇ ਵਿਸ਼ੇ ਵਿਚ ਵਿਸ਼ਿਸ਼ਟਤਾ ਪ੍ਰਾਪਤ ਕਰ ਸਕਦੀਆਂ ਹਨ ਅਤੇ ਇਸ ਤਰ੍ਹਾਂ ਮਿਲ ਕੇ ਵੱਧ ਤੋਂ ਵੱਧ ਪਠਨ ਸਮੱਗਰੀ ਦਾ ਸੰਗ੍ਰਹਿ ਬਣਾ ਸਕਦੀਆਂ ਹਨ।

(5) ਘੱਟ ਉਪਯੋਗੀ ਪੁਸਤਕਾਂ ਅਤੇ ਉਨ੍ਹਾਂ ਦੀਆਂ ਪ੍ਰਤੀਆਂ ਦੀ ਗਿਣਤੀ ਨਾ ਵਧਾਉਣਾ ਲੋੜ ਪੈਣ ਤੇ ਉਧਾਰ ਲੈ ਲੈਣਾ।

(6) ਪਾਠਕਾਂ ਦੀਆਂ ਵੱਧ ਤੋਂ ਵੱਧ ਲੋੜਾਂ ਨੂੰ ਪੂਰਾ ਕਰਕੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਅਤੇ ਲਾਇਬ੍ਰੇਰੀ ਸੇਵਾ ਨੂੰ ਵਧੇਰੇ ਕੁਸ਼ਲ ਅਤੇ ਯੋਗ ਬਨਾਉਣਾ।

(7) ਪੈਸਾ, ਸਮਾਂ ਅਤੇ ਮਨੁੱਖੀ ਸ਼ਕਤੀ ਨੂੰ ਬਚਾ ਕੇ ਸੀਮਿਤ ਸਾਧਨਾਂ ਵਿਚ ਹੋਈ ਬਚਤ ਨੂੰ ਹੋਰ ਵਧੇਰੇ ਉਪਯੋਗੀ ਪਾਠਕ ਸੇਵਾ ਵੱਲ ਵਰਤਣਾ।

(8) ਬਿਨਾਂ ਵਧੇਰੇ ਸਮਾਂ ਖ਼ਰਚ ਕੀਤੇ ਪਤਾ ਕਰਨਾ ਕਿ ਲੋੜੀਂਦੀ ਪੁਸਤਕ ਕਿਸ ਲਾਇਬ੍ਰੇਰੀ ਵਿਚ ਉਪਲੱਬਧ ਹੈ ਅਤੇ ਜੇ ਹੈ ਤਾਂ ਉਸ ਨੂੰ ਜਲਦੀ ਪ੍ਰਾਪਤ ਕਰਕੇ ਪਾਠਕ ਨੂੰ ਪ੍ਰਯੋਗ ਹਿਤ ਦੇਣਾ।

(9) ਕੇਂਦਰੀ ਸੰਗ੍ਰਹਿ ਰਾਹੀਂ ਪੜ੍ਹਨ ਸਮੱਗਰੀ ਦੀ ਉਪਯੋਗਤਾ ਅਤੇ ਸੁਰੱਖਿਆ ਵਧਾਉਣਾ।

(10) ਇਕ ਲਾਇਬ੍ਰੇਰੀ ਵਾਸਤੇ ਜੋ ਕਾਰਜ ਵਿਅਕਤੀਗਤ ਰੂਪ ਵਿਚ ਸੰਭਵ ਨਹੀਂ, ਉਸ ਨੂੰ ਸਹਿਯੋਗ ਰਾਹੀਂ ਪੂਰਾ ਕਰਨਾ ਅਤੇ ਉਨ੍ਹਾਂ ਤੋਂ ਲਾਭ ਉਠਾਉਣਾ।

(11) ਭਿੰਨ ਪਾਠਕਾਂ ਅਤੇ ਪਾਠਕ ਸਮੂਹ ਵਾਸਤੇ ਉਪਯੋਗੀ ਪੁਸਤਕ ਸੂਚੀਆਂ ਤਿਆਰ ਕਰਨੀਆਂ।

(12) ਸਾਰੇ ਮੁੱਖ ਵਿਸ਼ਿਆਂ ਵਿਚ ਡੇਟਾ ਬੈਂਕ ਤਿਆਰ ਕਰਨੇ, ਜਿਸ ਰਾਹੀਂ ਸੂਚਨਾ ਪ੍ਰਾਪਤੀ ਅਤੇ ਮੁੜ ਪ੍ਰਾਪਤੀ ਆਸਾਨ ਅਤੇ ਜਲਦੀ ਹੋ ਸਕੇ।

(13) ਲਾਇਬ੍ਰੇਰੀ ਸਾਧਨਾਂ ਜਾਂ ਸਮੱਗਰੀ ਦਾ ਚੰਗੇਰਾ, ਜਲਦੀ ਅਤੇ ਵਧੇਰੇ ਉਪਯੋਗੀ ਇਸਤੇਮਾਲ ਕਰਨ ਵਾਸਤੇ ਕੰਪਿਊਟਰ ਅਤੇ ਆਧੁਨਿਕ ਸੰਚਾਰਣ (Communication) ਸਾਜ਼-ਸਮਾਨ ਪ੍ਰਾਪਤ ਕਰਨਾ।

(14) ਪਾਠਕਾਂ ਨੂੰ ਵਧੇਰੇ ਸੇਵਾ ਅਤੇ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਦੇਸ਼ ਵਿਚਲੇ ਹੋਰ ਵਿਕਸਿਤ ਡੇਟਾ ਬੈਂਕਾਂ ਨਾਲ ਸੰਪਰਕ ਸਥਾਪਤ ਕਰਨਾ, ਜੋ ਸੰਚਾਰਣ ਸਾਧਨਾਂ ਰਾਹੀਂ ਹੋ ਸਕਦਾ ਹੈ।

### 1.5.4. ਲਾਇਬ੍ਰੇਰੀ ਸਹਿਯੋਗ ਦੀ ਲੋੜ (Needs for Library Cooperation)

ਸਮਾਜ ਵਿਚ ਅਨੇਕਾ ਅਜਿਹੀਆਂ ਸਮਾਜਕ, ਆਰਥਕ, ਰਾਜਨੀਤਕ ਅਤੇ ਤਕਨੀਕੀ ਤਬਦੀਲੀਆਂ ਹੋ ਰਹੀਆਂ ਹਨ, ਜੋ ਲਾਇਬ੍ਰੇਰੀ ਸਹਿਯੋਗ ਨੂੰ ਵਧਾਉਣ ਦੇ ਕਾਰਣ ਹਨ :

ਛਪਾਈ ਦੀ ਤਕਨੀਕ ਵਿਚ ਹੋਏ ਵਿਕਾਸ ਦੇ ਫਲਸਰੂਪ ਪੁਸਤਕਾਂ ਦੀ ਗਿਣਤੀ ਵਿਚ ਬਹੁਤ ਪ੍ਰਸਾਰ ਹੋਇਆ ਹੈ। ਇਹ ਵਾਧਾ 1950 ਦੇ ਬਾਅਦ ਤਾਂ ਬਹੁਤ ਹੋ ਰਿਹਾ ਹੈ। ਅੱਜ ਕਲ੍ਹ ਲਗਭਗ 10 ਸਾਲ ਬਾਅਦ ਪ੍ਰਕਾਸ਼ਿਤ ਪੁਸਤਕਾਂ ਦੀ ਗਿਣਤੀ ਦੁਗਣੀ ਹੋ ਜਾਂਦੀ ਹੈ। ਕਿਸੇ ਵੀ ਵਿਦਵਾਨ ਜਾਂ ਖੋਜਾਰਥੀ ਵਾਸਤੇ ਖੋਜ ਦੇ ਖੇਤਰ ਵਿਚ ਪ੍ਰਕਾਸ਼ਿਤ ਹੋਣ ਵਾਲੇ ਸਾਹਿਤ, ਬਾਰੇ ਜਾਣਕਾਰੀ ਰੱਖਣਾ ਜਾਂ ਪੜ੍ਹਨਾ ਲਗਭਗ ਅਸੰਭਵ ਹੀ ਹੋ ਗਿਆ ਹੈ। ਅਜਿਹੀ ਸਥਿਤੀ ਵਿਚ ਲਾਇਬ੍ਰੇਰੀ ਸਹਿਯੋਗ ਰਾਹੀਂ ਵੱਧ ਤੋਂ ਵੱਧ ਸਮੱਗਰੀ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

ਅੱਜ ਕੇਵਲ ਪੁਸਤਕਾਂ ਹੀ ਗਿਆਨ ਅਤੇ ਸੰਚਾਰ ਦਾ ਮਾਧਿਅਮ ਨਹੀਂ ਹਨ। ਅਨੇਕ ਮਾਧਿਅਮ, ਜਿਵੇਂ ਰਸਾਲੇ, ਖੋਜ ਰਿਪੋਰਟਾਂ, ਪ੍ਰਮਾਣ, ਮਾਪਦੰਡ, ਪੇਟੈਂਟ, ਥੀਸਿਸ

ਆਦਿ ਹਨ। ਇਨ੍ਹਾਂ ਤੋਂ ਇਲਾਵਾ ਸਾਰ ਸੇਵਾਵਾਂ, ਅਨੁਕ੍ਰਮਿਕਰਨ ਸੇਵਾਵਾਂ, ਆਦਿ ਹੋਰ ਵੀ ਸੂਚਨਾ ਸ੍ਰੋਤ ਹਨ। ਇਸ ਲਈ ਇਕ ਪਾਸੇ ਕੋਈ ਵੀ ਲਾਇਬ੍ਰੇਰੀ, ਚਾਹੇ ਉਹ ਕਿੰਨੀ ਵੱਡੀ ਕਿਉਂ ਨਾ ਹੋਵੇ, ਆਤਮ-ਨਿਰਭਰ ਨਹੀਂ ਹੋ ਸਕਦੀ, ਪਾਠਕ ਕੋਈ ਵੀ ਪੁਸਤਕ ਜਾਂ ਦਸਤਾਵੇਜ਼ ਮੰਗ ਸਕਦਾ ਹੈ। ਇਸ ਦਾ ਇਕ ਹੀ ਉੱਤਰ ਹੈ : ਲਾਇਬ੍ਰੇਰੀ ਸਹਿਯੋਗ।

ਹਰ ਵਿਸ਼ੇ ਵਿਚ ਗਿਆਨ ਵਿਸਤਾਰ ਹੋਣ ਨਾਲ ਵਿਸ਼ੇਸ਼ੱਗਾਂ ਦੀਆਂ ਪੁਸਤਕ ਅਤੇ ਸੂਚਨਾ ਲੋੜਾਂ ਵਿਚ ਵੀ ਤਬਦੀਲੀ ਆਈ ਹੈ। ਹੁਣ ਉਨ੍ਹਾਂ ਦੀਆਂ ਸੂਚਨਾ ਲੋੜਾਂ ਕਿਸੇ ਇਕ ਵਿਸ਼ੇ ਤੱਕ ਹੀ ਸੀਮਿਤ ਨਹੀਂ ਸਗੋਂ ਸੰਬੰਧਤ ਵਿਸ਼ਿਆਂ ਬਾਰੇ ਵੀ ਹੁੰਦੀਆਂ ਹਨ, ਜੋ ਕਿਸੇ ਇਕ ਲਾਇਬ੍ਰੇਰੀ ਲਈ ਪੂਰੀਆਂ ਕਰਨਾ ਅਸੰਭਵ ਹੁੰਦਾ ਹੈ। ਸੀਮਿਤ ਸਾਧਨਾਂ ਕਰਕੇ ਪੈਦਾ ਹੁੰਦੀਆਂ ਸਮੱਸਿਆਵਾਂ ਨੂੰ ਲਾਇਬ੍ਰੇਰੀ ਸਹਿਯੋਗ ਨਾਲ ਦੂਰ ਕੀਤਾ ਜਾ ਸਕਦਾ ਹੈ।

ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਹੱਲ ਲਾਇਬ੍ਰੇਰੀ ਸਹਿਯੋਗ ਹੈ, ਜੋ ਕਈ ਰੂਪਾਂ ਵਿਚ ਅਪਣਾਇਆ ਜਾ ਸਕਦਾ ਹੈ। ਇਸ ਨਾਲ ਲਾਇਬ੍ਰੇਰੀ ਦੇ ਸਾਧਨਾਂ, ਸ੍ਰੋਤਾਂ, ਵਸੀਲਿਆਂ ਦਾ ਵਿਸਤਾਰ ਕੀਤਾ ਜਾ ਸਕਦਾ ਹੈ। ਅੱਜ ਦੇ ਸੰਦਰਭ ਵਿਚ ਬਹੁਤ ਵੱਡੇ ਲਾਇਬ੍ਰੇਰੀ ਸੰਗ੍ਰਹਿ ਦਾ ਕੋਈ ਲਾਭ ਨਹੀਂ, ਜੇ ਉਸ ਵਿਚੋਂ ਪਾਠਕ ਨੂੰ ਲੋੜੀਂਦੀ ਪੁਸਤਕ ਨਾ ਲੱਭ ਸਕੇ। ਵੱਡੇ ਸੰਗ੍ਰਹਿ ਨਾਲੋਂ ਛੋਟਾ ਸੰਗ੍ਰਹਿ ਕਿਤੇ ਚੰਗਾ ਹੈ, ਜੋ ਸਾਵਾਂ ਪੱਧਰਾ ਹੋਵੇ, ਸੰਤੁਲਿਤ ਹੋਵ, ਜਿਥੋਂ ਪਾਠਕ ਨੂੰ ਪੁਸਤਕ ਮਿਲ ਸਕੇ ਅਤੇ ਨਾ ਮਿਲਣ ਵਾਲੀ ਪੁਸਤਕ ਕਿਤੋਂ ਵੀ ਮੰਗਵਾਈ ਜਾ ਸਕੇ।

### 1.5.5. ਲਾਇਬ੍ਰੇਰੀ ਸਹਿਯੋਗ ਦੇ ਪੱਧਰ (Levels of Library Cooperation)

ਹੇਠ ਲਿਖੇ ਪੱਧਰਾਂ ਤੇ ਲਾਇਬ੍ਰੇਰੀਆਂ ਮਿਲ ਕੇ ਆਪਸੀ ਸਹਿਯੋਗ ਨਾਲ ਕੰਮ ਕਰ ਸਕਦੀਆਂ ਹਨ ਅਤੇ ਆਪਣੀਆਂ ਸੇਵਾਵਾਂ ਦਾ ਵਿਸਤਾਰ ਕਰ ਸਕਦੀਆਂ ਹਨ :

**1.5.5.1. ਸਥਾਨਕ ਪੱਧਰ (Local Level)** : ਕਿਸੇ ਇਕ ਸ਼ਹਿਰ ਜਾਂ ਸਥਾਨ ਦੀਆਂ ਲਾਇਬ੍ਰੇਰੀਆਂ ਆਪਸ ਵਿਚ ਮਿਲ ਕੇ ਕੰਮ ਕਰ ਸਕਦੀਆਂ ਹਨ। ਆਪਸੀ ਸਹਿਯੋਗ ਨਾਲ ਪੁਸਤਕਾਂ ਖ਼ਰੀਦ ਸਕਦੀਆਂ ਹਨ, ਉਨ੍ਹਾਂ ਦੀ ਤਕਨੀਕੀ ਤਿਆਰੀ ਕਰ ਸਕਦੀਆਂ ਹਨ, ਪੁਸਤਕਾਂ ਅਤੇ ਹੋਰ ਸਮੱਗਰੀ ਦਾ ਆਪਸੀ ਲੈਣ ਦੇਣ ਕਰ ਸਕਦੀਆਂ ਹਨ, ਇਕ ਸਾਂਝਾ ਸੰਗ੍ਰਹਿ ਬਣਾ ਸਕਦੀਆਂ ਹਨ ਜਿੱਥੇ ਘੱਟ ਜਾਂ ਬਿਲਕੁਲ ਨਾ ਵਰਤੋਂ ਵਿਚ ਆਉਣ ਵਾਲੀ ਸਮੱਗਰੀ ਰਖੀ ਜਾ ਸਕਦੀ ਹੈ। ਇਸ ਨਾਲ ਹਰ ਲਾਇਬ੍ਰੇਰੀ ਨੂੰ ਹਰ ਵਿਸ਼ੇ ਉੱਪਰ ਪੁਸਤਕਾਂ ਪ੍ਰਾਪਤ ਕਰਨ ਦੀ ਲੋੜ ਨਹੀਂ, ਸਗੋਂ ਉਹ ਵਿਸ਼ਸ਼ਟੀਕਰਨ ਦੇ ਆਧਾਰ 'ਤੇ ਚਲ ਕੇ ਆਪਣੇ ਸੀਮਿਤ ਸਾਧਨਾਂ ਦਾ ਸਦਉਪਯੋਗ ਕਰ ਸਕਦੇ ਹਨ। ਹੁਣ ਤਾਂ ਇਹ ਹੋਰਨਾਂ ਸ਼ਹਿਰਾਂ ਵਿਚ ਵੀ ਬਣ ਗਏ ਹਨ।

**1.5.5.2. ਖੇਤਰੀ ਅਤੇ ਰਾਜ ਪੱਧਰ (Regional and State Level) :** ਉਪਰੋਕਤ ਦੱਸੀਆਂ ਲੀਹਾਂ 'ਤੇ ਕਿਸੇ ਇਕ ਰਾਜ ਜਾਂ ਖੇਤਰ ਜਾਂ ਪ੍ਰਦੇਸ਼ ਦੀਆਂ ਲਾਇਬ੍ਰੇਰੀਆਂ ਵੀ ਆਪਸੀ ਸਹਿਯੋਗ ਸਥਾਪਤ ਕਰ ਸਕਦੀਆਂ ਹਨ। ਇਸ ਨਾਲ ਰਾਜ ਦੀਆਂ ਵੱਖ-ਵੱਖ ਸਥਾਨਾਂ ਤੇ ਸਥਿਤ ਲਾਇਬ੍ਰੇਰੀਆਂ ਦੀ ਸਮੱਗਰੀ ਤੱਕ ਰਾਜ ਦੇ ਸਾਰ ਪਾਠਕਾਂ ਦੀ ਪਹੁੰਚ ਹੋ ਸਕੇਗੀ। ਉਦਾਹਰਣ ਦੇ ਤੌਰ ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿਚ ਸਥਿਤ ਯੂਨਵੀਰਸਿਟੀ ਲਾਇਬ੍ਰੇਰੀਆਂ ਵਿਚ ਇਸ ਤਰ੍ਹਾਂ ਦੇ ਸਹਿਯੋਗ ਅਧੀਨ ਪੁਸਤਕਾਂ ਦਾ ਲੈਣ ਦੇਣ ਕਈ ਸਾਲਾਂ ਤੋਂ ਸਫ਼ਲਤਾਂ ਨਾਲ ਚੱਲ ਰਿਹਾ ਹੈ। ਇਕ ਅਦਾਰੇ ਦੇ ਪਾਠਕ ਦੂਜੇ ਅਦਾਰੇ ਦੀ ਲਾਇਬ੍ਰੇਰੀ ਸਮੱਗਰੀ ਅਤੇ ਹੋਰ ਸਾਧਨਾਂ ਦਾ ਉਸੇ ਤਰ੍ਹਾਂ ਇਸਤੇਮਾਲ ਕਰ ਸਕਦੇ ਹਨ ਜਿਸ ਤਰ੍ਹਾਂ ਉਹ ਆਪਣੀ ਲਾਇਬ੍ਰੇਰੀ ਦਾ ਕਰਦੇ ਹਨ।

**1.5.5.3. ਰਾਸ਼ਟਰੀ ਪੱਧਰ (National Level)** : ਅੱਜ ਦੇ ਯੁੱਗ ਵਿਚ ਕੌਮ ਦੀਆਂ ਸੂਚਨਾ ਅਤੇ ਗਿਆਨ ਸੰਬੰਧੀ ਲੋੜਾਂ ਇਤਨੀਆਂ ਵਿਸ਼ਾਲ ਅਤੇ ਜ਼ਰੂਰੀ ਹਨ ਕਿ ਇਨ੍ਹਾਂ ਦੀ ਪੂਰਤੀ ਲਈ ਕੋਈ ਨਾ ਕੋਈ ਰਾਸ਼ਟਰੀ ਪੱਧਰ ਦਾ ਲਾਇਬ੍ਰੇਰੀ ਜਾਲ ਚਾਹੀਦਾ ਹੈ। ਅਜਿਹੇ ਲਾਇਬ੍ਰੇਰੀ ਜਾਲ ਰਾਹੀਂ ਪ੍ਰਕਾਸ਼ਿਤ ਸਾਹਿਤ ਦਾ ਬਿਬਲਿਓਗ੍ਰਾਫ਼ਿਕ ਨਿਯੰਤ੍ਰਣ ਚੰਗਾ ਅਤੇ ਸੂਚਨਾ ਪ੍ਰਸਾਰ ਵਿਚ ਤੇਜ਼ੀ ਆ ਸਕਦੀ ਹੈ। ਲਾਇਬ੍ਰੇਰੀ ਗਤੀਵਿਧੀ ਦਾ ਸਾਰਾ ਕਾਰਜ ਖ਼ੇਤਰ ਹੀ ਨੈੱਟਵਰਕ ਦੇ ਪ੍ਰਭਾਵ ਹੇਠਾਂ ਆ ਗਿਆ ਹੈ। ਇਸ ਲਈ ਰਾਸ਼ਟਰੀ ਪੱਧਰ ਤੇ ਲਾਇਬ੍ਰੇਰੀ ਸਹਿਯੋਗ ਆਰਥਕ ਅਤੇ ਸਟਾਫ਼ ਦੀਆਂ ਸੀਮਾਵਾਂ ਅਤੇ ਤਕਨਾਲੋਜੀ ਦੀ ਸਮਰੱਥਾ ਅਤੇ ਭਾਵੀ ਸੰਭਵਨਾਵਾਂ ਕਰਕੇ ਵਧਾਇਆ ਜਾ ਸਕਦਾ ਹੈ। ਕੰਪਿਊਟਰ ਦੀ ਮਦਦ ਨਾਲ ਅਜਿਹੇ ਸੰਦਰਭ ਸੰਦ ਜਿਵੇਂ ਸੰਘ ਸੂਚੀਆਂ, ਪੁਸਤਕ ਸੂਚੀਆਂ, ਅਨੁਕ੍ਰਮਣੀਕਰਣ, ਸਾਰ ਸੇਵਾਵਾਂ ਆਦਿ ਦਾ ਕੌਮੀ ਨੈੱਟਵਰਕ ਵਿਚ ਵਧੇਰੇ ਪ੍ਰਯੋਗ ਅਤੇ ਉਪਯੋਗ ਕੀਤਾ ਜਾ ਸਕਦਾ ਹੈ। ਅਜਿਹੀ ਵਿਵਸਥਾ ਹੋ ਜਾਣ ਨਾਲ ਦੇਸ਼ ਦੇ ਕਿਸੇ ਵੀ ਕੋਨੇ ਵਿਚ ਬੈਠਾ ਪਾਠਕ ਸੂਚਨਾ, ਦਸਤਾਵੇਜ਼ ਜਾਂ ਹੋਰ ਸਮੱਗਰੀ ਬਿਨਾਂ ਵਾਧੂ ਸਮਾਂ ਗੁਆਏ ਪ੍ਰਾਪਤ ਕਰ ਸਕਦਾ ਹੈ।

ਇਸ ਸਮੇਂ ਦੇਸ਼ ਦੀਆਂ ਯੂਨੀਵਰਸਿਟੀ ਲਾਇਬ੍ਰੇਰੀਆਂ ਵਿਚ ਜੇਕਰ ਬਹੁਤਾ ਨਹੀਂ ਤਾਂ ਇਕ ਕਿਸਮ ਦਾ ਲਾਇਬ੍ਰੇਰੀ ਸਹਿਯੋਗ ਮੌਜੂਦ ਹੈ ਜੋ ਆਪਸ ਵਿਚ ਪੁਸਤਕਾਂ ਉਧਾਰ ਲੈਣਾ ਅਤੇ ਦੇਣਾ ਹੈ। ਅਜਿਹੀ ਵਿਵਸਥਾ ਕੌਮੀ ਪੱਧਰ 'ਤੇ ਕੁਝ ਵਿਸ਼ੇਸ਼ ਲਾਇਬ੍ਰੇਰੀਆਂ ਵਿਚ ਵੀ ਸਥਾਪਤ ਕੀਤੀ ਗਈ ਹੈ।

**1.5.5.4. ਅੰਤਰਰਾਸ਼ਟਰੀ ਪੱਧਰ (International Level)** : ਅੰਤਰਰਾਸ਼ਟਰੀ ਪੱਧਰ ਦੇ ਲਾਇਬ੍ਰੇਰੀ ਸਹਿਯੋਗ ਨਾਲ ਇਸ ਖੇਤਰ ਵਿਚ ਮਿਲਵਰਤਨ ਦਾ ਅਜਿਹਾ ਕੰਮ ਕੀਤਾ ਜਾਂਦਾ ਹੈ ਜਿਸ ਨਾਲ ਸਾਰੀ ਦੁਨੀਆ ਵਿਚ ਹਰ ਲਾਇਬ੍ਰੇਰੀ ਨੂੰ ਲਾਭ ਹੋਵੇ। ਅੰਤਰਰਾਸ਼ਟਰੀ ਪੱਧਰ ਤੇ ਵਿਆਪਕ ਬਿਬਲਿਓਗ੍ਰਾਫ਼ਿਕ ਨਿਯੰਤ੍ਰਣ ਸੰਬੰਧੀ ਘੱਟ ਤੋਂ ਘੱਟ ਪਿਛਲੇ ਸੌ ਸਾਲਾਂ ਵਿਚ ਅਨੇਕਾਂ ਹੀ ਯਤਨ ਕੀਤੇ ਗਏ। ਉਦਾਹਰਣ ਵਜੋਂ, 1895 ਵਿਚ 'ਇਨਸਟੀਚਿਊਟ ਆਫ਼ ਇੰਟਰਨੈਸ਼ਨਲ ਬਿਬਲਿਓਗ੍ਰਾਫ਼ੀ' ਸਥਾਪਤ ਕੀਤਾ ਗਿਆ ਤਾਂ ਜੋ ਅੰਤਰਰਾਸ਼ਟਰੀ ਕਾਰਜ-ਖੇਤਰ ਵਾਲੀ ਵਿਆਪਕ ਪੁਸਤਕ ਸੂਚੀ ਤਿਆਰ ਕੀਤੀ ਜਾ ਸਕੇ। ਲੀਗ ਆਫ਼ ਨੇਸ਼ਨਜ਼ ਨੇ 1921 ਵਿਚ 'ਇਨਸਟੀਚਿਊਟ ਆਫ਼ ਇੰਟਰਨੈਸ਼ਨਲ ਇੰਟੇਲੈਕਚੁਅਲ ਕੋ-ਆਪਰੇਸ਼ਨ' ਦੀ ਸਥਾਪਨਾ ਕੀਤੀ। ਫਿਰ 1927 ਵਿਚ ਬ੍ਰਿਟਿਸ਼ ਸੋਸਾਇਟੀ ਫ਼ਾਰ ਇੰਟਰਨੈਸ਼ਨਲ ਬਿਬਲਿਓਗ੍ਰਾਫ਼ੀ ਹੋਂਦ ਵਿਚ ਆਈ। ਇਨ੍ਹਾਂ ਤੋਂ ਇਲਾਵਾ ਐਫ਼.ਆਈ.ਡੀ. (FID), ਇਫ਼ਲਾ (IFLA), ਯੂਨੇਸਕੋ (UNESCO), ਅੰਤਰਰਾਸ਼ਟਰੀ ਪ੍ਰਮਾਣੀਕਰਨ ਸੰਸਥਾਰ (ISO) ਅਤੇ ਹੋਰ ਅਨੇਕਾਂ ਅੰਤਰਰਾਸ਼ਟਰੀ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਤਾਂ ਜੋ ਪ੍ਰਕਾਸ਼ਿਤ ਸਮੱਗਰੀ ਦਾ ਵਿਆਪਕ ਨਿਯੰਤ੍ਰਣ ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ। ਪਰ ਇਨ੍ਹਾਂ ਉਪਰਾਲਿਆਂ ਨੂੰ ਪੂਰੀ ਸਫ਼ਲਤਾ ਨਹੀਂ ਮਿਲੀ।

ਇਸ ਵੇਲੇ ਰੁਝਾਨ ਇਹ ਹੈ ਕਿ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵੱਧ-ਤੋਂ-ਵੱਧ ਲਾਇਬ੍ਰੇਰੀ ਸਹਿਯੋਗ ਦੀ ਭਾਵਨਾ ਨੂੰ ਵਧਾਇਆ ਜਾਵੇ। ਆਧੁਨਿਕ ਸੰਚਾਰ ਸਾਧਨ ਅਤੇ ਕੰਪਿਊਟਰ ਆਦਿ ਦੇ ਆਉਣ ਨਾਲ ਨਵੀਆਂ ਦਿਸ਼ਾਵਾਂ ਵਿਚ ਡੇਟਾ ਬੈਂਕ, ਆਦਿ ਦਾ ਵਿਕਾਸ ਹੋ ਰਿਹਾ ਹੈ। ਵੱਧ ਰਹੀਆਂ ਕੀਮਤਾਂ ਨੂੰ ਮੁੱਖ ਰੱਖਦਿਆਂ ਕੰਪਿਊਟਰੀਕਰਨ ਕੀਤੇ ਇਹ ਡੇਟਾ ਬੇਸਿਸ ਬਹੁਤ ਹੀ ਲਾਭਦਾਇਕ ਸਿੱਧ ਹੋ ਰਹੇ ਹਨ। ਸਮੱਗਰੀ ਅਤੇ ਸੂਚਨਾ ਦੀ ਖੋਜ ਕਾਫ਼ੀ ਆਸਾਨ ਹੋ ਗਈ ਹੈ। ਸੂਚਨਾ ਤਕ ਪਹੁੰਚ ਦਾ ਟੀਚਾ ਤਕਨਾਲੋਜੀ ਦੀ ਮਦਦ ਨਾਲ ਪ੍ਰਾਪਤ ਕੀਤਾ ਜਾ ਰਿਹਾ ਹੈ ਅਤੇ ਅੰਤਰ-ਰਾਸ਼ਟਰੀ ਸਹਿਯੋਗ ਵਿਚ ਵਾਧਾ ਹੋ ਰਿਹਾ ਹੈ।

### 1.5.6. ਲਾਇਬ੍ਰੇਰੀ ਸਹਿਯੋਗ ਲਈ ਜ਼ਰੂਰੀ ਤੱਤ (Prerequisits of Library Co-operation)

ਲਾਇਬ੍ਰੇਰੀ ਸਹਿਯੋਗ ਵਾਸਤੇ ਹੇਠ ਲਿਖੀਆਂ ਗੱਲਾਂ ਜ਼ਰੂਰੀ ਹਨ :

**(1) ਸਹਿਯੋਗ ਦੀ ਭਾਵਨਾ :** ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਦੇ ਸਾਰੇ ਕਰਮਚਾਰੀਆਂ ਵਿਚ ਮਿਲ-ਜੁਲ ਕੇ ਕੰਮ ਕਰਨ ਦੀ ਇੱਛਾ ਅਤੇ ਭਾਵਨਾ ਹੋਣੀ ਚਾਹੀਦੀ ਹੈ ਤਾਂ ਜੋ ਉਹ ਕ੍ਰਿਆਸ਼ੀਲ ਢੰਗ ਨਾਲ ਕੰਮ ਕਰ ਸਕਣ।

**(2) ਅਧਿਕਾਰੀਆਂ ਦਾ ਸਹਿਯੋਗ :** ਲਾਇਬ੍ਰੇਰੀ ਦੇ ਉੱਚ ਅਧਿਕਾਰੀਆਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਹ ਸਹਿਯੋਗ ਪ੍ਰਾਪਤ ਕਰਨ ਵਾਸਤੇ ਅਧਿਕਾਰੀਆਂ ਅਤੇ ਅਧਿਕ੍ਰਿਤਤਾ ਨੂੰ ਲਾਇਬ੍ਰੇਰੀ ਸਹਿਯੋਗ ਦੀ ਮਹੱਤਤਾ ਅਤੇ ਉਪਯੋਗਤਾ ਤੋਂ ਸਮੇਂ-ਸਮੇਂ ਵਾਕਿਫ਼ ਕਰਾਉਂਦੇ ਰਹਿਣਾ ਚਾਹੀਦਾ ਹੈ।

**(3) ਰਾਸ਼ਟਰੀ ਨੀਤੀ :** ਰਾਸ਼ਟਰ ਪੱਧਰ ਦੀ ਲਾਇਬ੍ਰੇਰੀ ਸੰਸਥਾ ਜੇਕਰ ਲਾਇਬ੍ਰੇਰੀ ਸਹਿਯੋਗ ਦੇ ਕੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨਾ ਚਾਹੁੰਦੀ ਹੈ ਤਾਂ ਇਸ ਵਾਸਤੇ ਇਕ ਰਾਸ਼ਟਰੀ ਨਿਤੀ ਤਿਆਰ ਕਰਨੀ ਚਾਹੀਦੀ ਹੈ।

**(4) ਸਮੱਸਿਆਵਾਂ ਦਾ ਅਧਿਐਨ :** ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਚੱਲ ਰਹੇ ਲਾਇਬ੍ਰੇਰੀ ਸਹਿਯੋਗ ਦੇ ਪ੍ਰਾਜੈਕਟ ਅਤੇ ਇਸ ਨਾਲ ਸੰਬੰਧਤ ਸਮੱਸਿਆਵਾਂ ਦਾ ਲਗਾਤਾਰ ਅਧਿਐਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਸ ਦਾ ਵਿਕਾਸ ਸਹੀ ਦਿਸ਼ਾ ਵਿਚ ਕੀਤਾ ਜਾ ਸਕੇ।

**(5) ਅਨੁਦਾਨ :** ਲਾਇਬ੍ਰੇਰੀ ਸਹਿਯੋਗ ਦੇ ਕੰਮ ਨੂੰ ਠੀਕ ਢੰਗ ਨਾਲ ਚਲਾਉਣ ਸਰਕਾਰ ਅਤੇ ਹੋਰ ਏਜੰਸੀਆਂ ਲੋੜੀਂਦਾ ਧਨ ਦੇਣ ਵਾਸਤੇ ਜ਼ਰੂਰੀ ਹੈ।

**(6) ਸੂਚਨਾ ਸ੍ਰੋਤ :** ਲਾਇਬ੍ਰੇਰੀ ਸਹਿਯੋਗ ਦੇ ਕੰਮ ਨੂੰ ਅਸਰਦਾਇਕ ਢੰਗ ਨਾਲ ਚਲਾਉਣ ਵਾਸਤੇ ਹੇਠ ਲਿਖੇ ਕਿਸਮ ਦੇ ਸੂਚਨਾ ਸ੍ਰੋਤਾਂ ਦੀ ਲੋੜ ਹੁੰਦੀ ਹੈ :

- (ੳ) ਸੰਘ ਸੂਚੀ-ਪੱਤਰ
- (ਅ) ਗ੍ਰੰਥ ਸੂਚੀਆਂ
- (ੲ) ਡਾਇਰੈਕਟਰੀਆਂ।

**(7) ਕੇਂਦਰੀ ਸੰਸਥਾ :** ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਲਾਇਬ੍ਰੇਰੀ ਸਹਿਯੋਗ ਦੇ ਕਾਰਜ ਨੂੰ ਇਕਰੂਪਤਾ ਨਾਲ ਕਰਨ ਵਾਸਤੇ ਹੇਠ ਲਿਖੇ ਸੰਗਠਨਾਂ ਦਾ ਹੋਣਾ ਜ਼ਰੂਰੀ ਹੈ :

- (ੳ) ਰਾਜ ਕੇਂਦਰੀ ਲਾਇਬ੍ਰੇਰੀ,
- (ਅ) ਰਾਸ਼ਟਰੀ ਕੇਂਦਰੀ ਲਾਇਬ੍ਰੇਰੀ,
- (ੲ) ਲਾਇਬ੍ਰੇਰੀ ਸੰਸਥਾ,
- (ਸ) ਅੰਤਰ-ਰਾਸ਼ਟਰੀ ਸੰਗਠਨ, ਜਿਵੇਂ ਯੂਨੇਸਕੋ, ਐਫ.ਆਈ.ਡੀ., ਇਫਲਾ ਆਦਿ।

### 1.5.7. ਸਹਿਮਤੀ (Consent)

ਨਿਮਨਲਿਖਿਤ ਤੱਤਾਂ ਦੇ ਬਾਰੇ ਪਹਿਲਾ ਸਭਾਗੀ ਲਾਇਬ੍ਰੇਰੀਆਂ ਵਿਚ ਸਮਝੌਤਾ ਹੋ ਜਾਣਾ ਜ਼ਰੂਰੀ ਹੈ :

(1) ਕਿਸ ਪ੍ਰਕਾਰ ਦੀ ਸਮੱਗਰੀ ਦੀ ਸਾਂਝ ਕਰਨੀ ਹੈ;

(2) ਪਾਠ-ਸਮੱਗਰੀ ਪ੍ਰਾਪਤ ਕਰਨ ਦੀ ਨੀਤੀ ਤਾਂਕਿ ਦੋਹਰੇ (Duplicate) ਪ੍ਰਲੇਖ ਨ ਖ਼ਰੀਦੇ ਜਾਣ;

(3) ਉਧਾਰ ਦੇਣ ਦੇ ਸਮੇਂ ਦੀ ਸੀਮਾ, ਸਮੇਂ ਸੀਮਾ ਵਧਾਉਣ ਬਾਰੇ, ਆਣ-ਜਾਣ ਵੇਲੇ ਖੋ ਜਾਣ ਵਾਲੇ ਪ੍ਰਲੇਖਾਂ ਦੀ ਅਦਾਇਗੀ ਬਾਰੇ;

(4) ਸੂਚੀ ਅਤੇ ਬਿਬਲਿਓਗ੍ਰਾਫਿਕ ਸੂਚਨਾ ਦਾ ਪ੍ਰਮਾਣੀਕਰਨ (ਮਾਨਕੀਕਰਣ) ਤਕਨਾਲੋਜੀ ਦੀ ਵਰਤੋਂ ਅਤੇ ਉਸ ਦੀਆਂ ਕਿਸਮਾਂ।

### 1.5.8. ਲਾਇਬ੍ਰੇਰੀ ਸਹਿਯੋਗ ਦੀਆਂ ਕਿਸਮਾਂ (Kinds of Library Cooperation)

ਲਾਇਬ੍ਰੇਰੀ ਸਹਿਯੋਗ ਦੀਆਂ ਹੇਠ ਲਿਖੀਆਂ ਪ੍ਰਮੁੱਖ ਕਿਸਮਾਂ ਹਨ :

**(1) ਸਹਿਕਾਰੀ ਪੁਸਤਕ ਪ੍ਰਾਪਤੀ :** ਅੱਜ ਸਾਹਿਤ ਦੀ ਕੇਵਲ ਪੁਸਤਕਾਂ ਅਤੇ ਰਸਾਲਿਆਂ ਦੇ ਰੂਪ ਵਿਚ ਹੀ ਨਹੀਂ, ਸਗੋਂ ਹਰ ਪ੍ਰਕਾਰ ਦੇ ਸੂਚਨਾ ਸ੍ਰੋਤ ਜਿਵੇਂ ਥੀਸਿਸ, ਰਿਪੋਰਟਾਂ, ਖੋਜ ਪੱਤਰਾਂ, ਅਣਛਪੀਆਂ ਦਸਤਾਵੇਜ਼ਾਂ, ਸੈਮੀਨਾਰ/ਕਾਨਫਰੰਸਾਂ ਦੀ ਕਾਰਵਾਈ, ਆਦਿ ਦੇ ਰੂਪ ਵਿਚ ਵਿਚ ਵਾਧਾ ਹੋਇਆ ਹੈ। ਕੀਮਤਾਂ ਵੱਧ ਜਾਣ ਅਤੇ ਮੁਦਰਾ-ਸਫੀਤੀਹੋਣ ਕਾਰਣ ਵਿੱਤੀ ਸਾਧਨਾਂ ਦੀ ਘਾਟ ਹੋ ਗਈ ਹੈ ਜਿਸ ਨਾਲ ਸਾਰੀ ਕਿਸਮ ਦੀਆਂ ਦਸਤਾਵੇਜ਼ਾਂ ਖਰੀਦੀਆਂ ਨਹੀਂ ਜਾ ਸਕਦੀਆਂ। ਇਨ੍ਹਾਂ ਔਕੜਾਂ ਕਰਕੇ ਸਹਿਕਾਰੀ ਤੌਰ ਤੇ ਪੁਸਤਕ ਪ੍ਰਾਪਤੀ ਵੱਲ ਧਿਆਨ ਦਿੱਤਾ ਗਿਆ। ਇਸ ਨਾਲ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਨੂੰ ਅਨੇਕ ਲਾਭ ਹੋਣ

ਦੀ ਸੰਭਾਵਨਾ ਹੈ।

### 1.5.8.1.1 ਲਾਭ (Merits)

ਇਸ ਪ੍ਰਕਾਰ ਦੇ ਲਾਇਬ੍ਰੇਰੀ ਸਹਿਯੋਗ ਦੇ ਹੇਠ ਲਿਖੇ ਲਾਭ ਹੋ ਸਕਦੇ ਹਨ :

(1) ਪੁਸਤਕਾਂ ਦੇ ਅਣਚਾਹੇ ਦੂਹਰਾ ਤੋਂ ਬਚਾਉਂਦਾ ਹੈ;

(2) ਚੰਗੀਆਂ ਪੁਸਤਕਾਂ ਦੀ ਚੋਣ ਦੀ ਸੰਭਾਵਨਾ ਵੱਧਦੀ ਹੈ;

(3) ਵੱਡੀ ਗਿਣਤੀ ਵਿਚ ਖਰੀਦ ਕਰਨ ਨਾਲ ਹੋਰ ਕਿਫ਼ਾਇਤ ਹੋ ਸਕਦੀ ਹੈ;

(4) ਪਾਠ-ਸਮੱਗਰੀ ਜਲਦੀ ਪ੍ਰਾਪਤ ਕੀਤੀ ਜਾ ਸਕਦੀ ਹੈ; ਅਤੇ

(5) ਲੋਕਲ ਲਾਇਬ੍ਰੇਰੀ ਦੀਆਂ ਖ਼ਰੀਦ ਸੰਬੰਧੀ, ਵਿਸ਼ੇਸ਼ਕਰ ਵਿਦੇਸ਼ੀ ਪ੍ਰਕਾਸ਼ਨਾਵਾਂ ਦੀ ਖ਼ਰੀਦ ਸੰਬੰਧੀ ਸਮੱਸਿਆਵਾਂ ਦੂਰ ਕੀਤੀਆਂ ਜਾ ਸਕਦੀਆਂ ਹਨ।

### 1.5.8.1.2. ਮੁਲਾਂਕਣ (Evaluation)

ਇਸ ਪ੍ਰਕਾਰ ਦੇ ਪੁਸਤਕ ਪ੍ਰਾਪਤੀ ਜਾਂ ਸਹਿਕਾਰੀ ਅਧਿਗ੍ਰਹਿਣ ਨੂੰ ਸਰਕਾਰੀ ਪੱਧਰ ਤੇ ਉਤਸ਼ਾਹਿਤ ਕਰਨ ਦੀ ਲੋੜ ਹੈ। ਇਸ ਨਾਲ ਕਿਸੇ ਖੇਤਰ ਦੀਆਂ ਕੁਲ ਗੁਆਂਢੀ ਲਾਇਬ੍ਰੇਰੀਆਂ ਆਪਸੀ ਸਹਿਯੋਗ ਰਾਹੀਂ ਅਨੇਕ ਪ੍ਰਕਾਰ ਦੀਆਂ ਦਸਤਾਵੇਜ਼ਾਂ ਜਿਵੇਂ ਅਨੁਵਾਦ, ਹੱਥਲਿਖਤਾਂ, ਸੰਦਰਭ ਸ੍ਰੋਤ, ਮਹੱਤਵਪੂਰਨ ਅਖ਼ਬਾਰਾਂ, ਇਤਿਹਾਸਕ ਮਹੱਤਤਾ ਦੀਆਂ ਦਸਤਾਵੇਜ਼ਾਂ, ਵਿਗਿਆਨਕ ਅਤੇ ਦੂਜੀਆਂ ਰਿਪੋਰਟਾਂ, ਵਿਸ਼ਾ ਰਸਾਲਿਆਂ ਦੀਆਂ ਫ਼ਾਈਲਾਂ, ਆਦਿ ਪ੍ਰਾਪਤ ਕਰ ਸਕਦੀਆਂ ਹਨ ਅਤੇ ਆਪਣੇ ਵਿਦਵਾਨਾਂ ਤੱਕ ਇਹ ਅਮੀਰ ਵਿਰਸਾ ਪਹੁੰਚਾ ਸਕਦੀਆਂ ਹਨ। ਜੇਕਰ ਅਜਿਹੀ ਯੋਜਨਾ ਕੌਮੀ ਪੱਧਰ ਤੇ ਬਣਾਈ ਜਾਵੇ ਤਾਂ ਇਸ ਦੇ ਹੋਰ ਵੀ ਅਨੇਕ ਲਾਭ ਹਨ।

ਇਹ ਠੀਕ ਹੈ ਕਿ ਜਿੱਥੇ ਕਿਤੇ ਵੀ ਇਸ ਤਰ੍ਹਾਂ ਦੇ ਸਹਿਯੋਗ ਦੀ ਯੋਜਨਾ ਬਣਾਈ ਗਈ ਹੈ, ਉਹ ਪੂਰੀ ਸਫ਼ਲਤਾ ਨਾਲ ਚਲ ਨਹੀਂ ਸਕੀ। ਕਿਉਂਕਿ ਉਪਰਾਲੇ ਨੂੰ ਪੂਰੀ ਗੰਭੀਰਤਾ ਨਾਲ ਨਹੀਂ ਲਿਤਾ ਗਿਆ ਅਤੇ ਹਰ ਲਾਇਬ੍ਰੇਰੀ ਦੀ ਇਕ ਅੰਦਰੂਨੀ ਇੱਛਾ ਕਿ ਉਸ ਕੋਲ ਸਾਰੀ ਹੀ ਸਮੱਗਰੀ ਹੋਣੀ ਚਾਹੀਦੀ ਹੈ, ਵਿੱਤੀ ਸਹਾਇਤਾ ਦੀ ਘਾਟ, ਵਿਸ਼ਵਾਸ ਦੀ ਘਾਟ, ਆਦਿ ਕੁਝ ਦੂਜੇ ਕਾਰਣ ਹਨ।

### 1.5.8.2. ਸਹਿਕਾਰੀ ਸੂਚੀਕਰਨ (Cooperation Cataloguing)

ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਜਿਸ ਤਰ੍ਹਾਂ ਭਿੰਨ-ਭਿੰਨ ਵਿਸ਼ਿਆਂ ਦੀਆਂ ਪੁਸਤਕਾਂ ਦਾ ਸਹਿਕਾਰੀ ਅਧਿਗ੍ਰਹਿਣ ਕਰਦੀਆਂ ਹਨ, ਉਸੇ ਤਰ੍ਹਾਂ ਹੀ ਜੇਕਰ ਉਨ੍ਹਾਂ ਦਾ ਸੂਚੀਕਰਨ ਕਰਨ ਤਾਂ ਇਹ ਸਹਿਕਾਰੀ ਸੂਚੀਕਰਨ ਕਹਿਲਾਉਂਦਾ ਹੈ। ਇਸ ਵਿਚ ਲਗਭਗ ਸਾਰੀਆਂ ਲਾਇਬ੍ਰੇਰੀਆਂ ਹੀ ਹਿੱਸਾ ਪਾਉਂਦੀਆਂ ਹਨ।

**1.5.8.2.1. ਮੁੱਢਲੀਆਂ ਸ਼ਰਤਾਂ (Pre Requisites)** : ਸਹਿਕਾਰੀ ਸੂਚੀਕਰਨ ਦੇ ਟੀਚੇ ਦੀ ਪ੍ਰਾਪਤੀ ਵਾਸਤੇ ਘੱਟ ਤੋਂ ਘੱਟ ਦੋ ਮਹੱਤਵਪੂਰਨ ਮੁੱਢਲੀਆਂ ਸ਼ਰਤਾਂ ਹਨ :

(ੳ) ਇਕ ਵਰਗੀਕਰਨ ਪ੍ਰਣਾਲੀ, ਅਤੇ

(ਅ) ਇਕ ਸੂਚੀਕਰਨ ਨਿਯਮਾਵਲੀ।

**1.5.8.2.2. ਸਹਿਕਾਰੀ ਸੂਚੀ ਦੀਆਂ ਕਿਸਮਾਂ (Types of Cooperative Cataloguing)** : ਅਮਰੀਕਾ ਦੀ ਲਾਇਬ੍ਰੇਰੀ ਆਫ਼ ਕਾਂਗ੍ਰੇਸ ਨੇ ਇਕ ਸਹਿਕਾਰੀ ਪ੍ਰੋਗਰਾਮ ਚਲਾਇਆ ਜਿਸ ਵਿਚ ਦੂਜੀਆਂ ਲਾਇਬ੍ਰੇਰੀਆਂ ਕਾਰਡ ਰੂਪ ਸੂਚੀ-ਪੱਤਰ ਭੇਜਦੀਆਂ ਹਨ। ਲਾਇਬ੍ਰੇਰੀ ਆਫ਼ ਕਾਂਗ੍ਰੇਸ ਇਨ੍ਹਾਂ ਦੀ ਸੁਧਾਈ ਕਰਦੀ ਹੈ ਤਾਂ ਜੋ ਇਹ ਬਾਕੀ ਕਾਰਡਾਂ ਨਾਲ ਸਮ-ਰੂਪ ਹੋ ਸਕਣ। ਸੰਪਾਦਿਤ ਕੀਤੇ ਇਨ੍ਹਾਂ ਕਾਰਡਾਂ ਦੀ ਬਾਅਦ ਵਿਚ ਛਪਾਈ ਕਰਕੇ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਵਿਚ ਵੰਡ ਦਿੱਤੇ ਜਾਂਦੇ ਸਨ।

### (i) ਕੇਂਦਰੀਕ੍ਰਿਤ ਸੂਚੀਕਰਨ (Centerlized Cataloguing)

ਲਾਇਬ੍ਰੇਰੀ ਸਹਿਯੋਗ ਦੇ ਖੇਤਰ ਵਿਚ ਕੇਂਦਰੀਕ੍ਰਿਤ ਸੂਚੀਕਰਨ ਸਹਿਕਾਰੀ ਸੂਚੀਕਰਨ ਨਾਲ ਮਿਲਦਾ ਜੁਲਦਾ ਹੈ। ਪਰ ਫਿਰ ਵੀ ਦੋਹਾਂ ਵਿਚ ਭਿੰਨਤਾ ਹੈ। ਕੇਂਦਰੀਕ੍ਰਿਤ ਸੂਚੀਕਰਨ ਇਕ ਲਾਇਬ੍ਰੇਰੀ ਜਾਂ ਏਜੰਸੀ ਰਾਹੀਂ ਅਨੇਕ ਲਾਇਬ੍ਰੇਰੀਆਂ ਦੀ ਵਰਤੋਂ ਲਈ ਤਿਆਰ ਕੀਤਾ ਜਾਂਦਾ ਹੈ, ਜਦ ਕਿ ਸਹਿਕਾਰੀ ਸੂਚੀਕਰਨ ਦੋ ਜਾਂ ਵਧੇਰੇ ਲਾਇਬ੍ਰੇਰੀਆਂ ਵਿਚ ਹਰ ਭਾਗ ਲੈਣ ਵਾਲੀ ਲਾਇਬ੍ਰੇਰੀ ਦੇ ਲਾਭ ਲਈ ਕੀਤਾ ਜਾਂਦਾ ਹੈ ਅਤੇ ਦੂਜੀਆਂ ਨੂੰ ਵੀ ਮੁਹੱਈਆ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਹੀ ਕੇਂਦਰੀਕ੍ਰਿਤ ਸੂਚੀਕਰਨ ਦੀ ਨੀਧਮ ਨੇ ਪਰਿਭਾਸ਼ਾ ਦਿੰਦਿਆਂ ਹੋਇਆ ਕਿਹਾ ਕਿ ਇਹ ਕਿਸੇ ਇਕ ਸੰਗਠਨ ਰਾਹੀਂ ਦਸਤਾਵੇਜ਼ਾਂ ਦੀ ਤਿਆਰ ਕੀਤੀ ਸੂਚੀਕਰਨ ਹੈ ਜਿਸ ਨਾਲ ਦੂਜੀਆਂ ਲਾਇਬ੍ਰੇਰੀਆਂ ਨੂੰ ਲਾਭ ਪਹੁੰਚੇ। ਦੂਜੇ ਪਾਸੇ, ਸਹਿਕਾਰੀ ਸੂਚੀਕਰਨ ਆਮ ਕਰਕੇ ਦੋ ਜਾਂ ਦੋ ਤੋਂ ਵੱਧ ਲਾਇਬ੍ਰੇਰੀਆਂ ਪਰਸਪਰ ਲਾਭ ਵਾਸਤੇ ਤਿਆਰ ਕਰਦੀਆਂ ਹਨ।

ਕੇਂਦਰੀਕ੍ਰਿਤ ਸੂਚੀਕਰਨ ਹੇਠ ਲਿਖੀਆਂ ਦੋ ਪ੍ਰਣਾਲੀਆਂ ਰਾਹੀਂ ਕੀਤਾ ਜਾ ਸਕਦਾ ਹੈ :

(1) ਪੂਰਵ-ਪ੍ਰਕਾਸ਼ਨ ਸੂਚੀਕਰਣ: ਅਤੇ

(2) ਕੈਟਾਲਾਗਿੰਗ-ਇਨ-ਪਬਲੀਕੇਸ਼ਨ (ਪ੍ਰਕਾਸ਼ਨਾਂ-ਵਿਚ-ਸੂਚੀਕਰਣ)।

**(1) ਪੂਰਵ-ਪ੍ਰਕਾਸ਼ਨ ਸੂਚੀਕਰਨ (Pre-Natal Cataloguing)** : ਪੁਸਤਕਾਂ ਅਤੇ ਹੋਰ ਦੇਸਤਾਵੇਜ਼ਾਂ ਦੇ ਪ੍ਰਕਾਸ਼ਕਾਂ ਦੇ ਸਹਿਯੋਗ ਨਾਲ ਪ੍ਰਕਾਸ਼ਨ-ਪੂਰਵ ਸੂਚੀਕਰਨ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ। ਭਾਰਤ ਵਰਗੇ ਦੇਸ਼ ਵਿਚ ਜਿੱਥੇ ਅਨੇਕ ਪ੍ਰਾਦੇਸ਼ਿਕ ਅਤੇ ਰਾਸ਼ਟਰੀ ਭਾਸ਼ਾਵਾਂ ਹਨ, ਡਾ. ਰੰਗਾਨਾਥਨ ਦੇ ਅਨੁਸਾਰ ਅਜਿਹੇ ਸੂਚੀਕਰਨ ਦਾ ਕੰਮ ਦੋ ਪੱਧਰ ਤੇ ਹੋ ਸਕਦਾ ਹੈ। ਪ੍ਰਾਦੇਸ਼ਿਕ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਪੁਸਤਕਾਂ ਦੇ ਪੂਰਵ-ਪ੍ਰਕਾਸ਼ਨ ਸੂਚੀਕਰਨ ਦੀ ਪ੍ਰਕ੍ਰਿਆ ਰਾਜ ਜਾਂ ਪ੍ਰਾਦੇਸ਼ਿਕ ਕੇਂਦਰ ਲਾਇਬ੍ਰੇਰੀ ਨੂੰ ਸੌਂਪ ਦੇਣਾ ਚਾਹੀਦਾ ਹੈ ਅਤੇ ਅੰਗ੍ਰੇਜ਼ੀ ਤੇ ਸੰਸਕ੍ਰਿਤ ਵਰਗੀਆਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਪੁਸਤਕਾਂ ਦੀ ਅਜਿਹੀ ਪ੍ਰਕ੍ਰਿਆ ਰਾਸ਼ਟਰੀ ਕੇਂਦਰੀ ਲਾਇਬ੍ਰੇਰੀ ਆਪਣੇ ਜ਼ਿੰਮੇ ਲੈ ਸਕਦੀ ਹੈ।

**(2) ਪ੍ਰਕਾਸ਼ਨ-ਵਿਚ-ਸੂਚੀਕਰਨ (Cataloguing-in-Publication) (CIP)** : ਇਸ ਪ੍ਰਣਾਲੀ ਅਧੀਨ ਇਕ ਕੇਂਦਰੀ ਸੰਗਠਨ ਪ੍ਰਕਾਸ਼ਕਾਂ ਦੇ ਸਹਿਯੋਗ ਨਾਲ ਪੁਸਤਕਾਂ ਦੇ ਪ੍ਰਕਾਸ਼ਨ ਤੋਂ ਪਹਿਲਾਂ ਹੀ ਸੂਚੀਕਰਨ ਦਾ ਕੰਮ ਕਰਦਾ ਹੈ। ਅਮੀਰਕਾ ਦੀ ਲਾਇਬ੍ਰੇਰੀ ਆਫ਼ ਕਾਂਗਰਸ ਨੇ ਜੁਲਾਈ 1971 ਵਿਚ ਇਸ ਪ੍ਰਕਾਰ ਦੇ ਸੂਚੀਕਰਨ ਦਾ ਕੰਮ ਆਰੰਭਿਆ ਜਿਸ ਵਿਚ ਲਗਭਗ ਸਾਰੇ ਹੀ ਅਮਰੀਕਨ ਪ੍ਰਕਾਸ਼ਕ ਆਪਣੀਆਂ ਪ੍ਰਕਾਸ਼ਨਾਵਾਂ ਸੰਬੰਧੀ ਸਮੱਗਰੀ ਲਾਇਬ੍ਰੇਰੀ ਆਫ਼ ਕਾਂਗਰਸ ਨੂੰ ਭੇਜੇ ਦਿੰਦੇ ਹਨ ਜੋ ਨਿਯਮਾਂ ਅਨੁਸਾਰ ਸੂਚੀਕਰਨ ਉਪਰਾਂਤ ਪ੍ਰਕਾਸ਼ਕਾਂ ਨੂੰ ਵਾਪਸ ਭੇਜ ਦਿੰਦੀ ਹੈ। ਇਹ ਸੂਚੀਕਰਨ ਡਾਟਾ ਪੁਸਤਕ ਦੇ ਮੁੱਖ ਪੰਨੇ ਦੇ ਪਿੱਛੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਮੁੱਖ ਸੁਲੇਖ ਵਿਚ ਦੋ ਵਰਗ ਸੰਖਿਆਵਾਂ ਵੀ ਦਿੱਤੀਆਂ ਜਾਂਦੀਆਂ ਹਨ : ਇਕ ਲਾਇਬ੍ਰੇਰੀ ਆਫ਼ ਕਾਂਗਰਸ ਵਰਗੀਕਰਨ ਪ੍ਰਣਾਲੀ ਦੀ ਅਤੇ ਦੂਜੀ ਡਿਊਈ ਦਸ਼ਮਲਵ ਵਰਗੀਕਰਨ ਪ੍ਰਣਾਲੀ ਦੀ ਹੁੰਦੀ ਹੈ। ਇਸ ਤੋਂ ਇਲਾਵਾ ਇਹ ਸਾਰਾ ਡਾਟਾ MARC ਟੇਪਾਂ ਵਿਚ ਵੀ ਸ਼ਾਮਲ ਕਰ ਲਿਆ ਜਾਂਦਾ ਹੈ ਜਿਸ ਨਾਲ ਪੂਰਵ-ਪ੍ਰਕਾਸ਼ਨ ਇਹ ਟੇਪਾਂ ਲਾਇਬ੍ਰੇਰੀਆਂ ਨੂੰ ਉਪਲੱਬਧ ਹੋ ਜਾਂਦੀਆਂ ਹਨ।

## 1.5.8.3. ਸੰਘ ਸੂਚੀ ਪੱਤਰ (Union Catalogue)

ਲਾਇਬ੍ਰੇਰੀ ਸਹਿਯੋਗ ਦੀ ਭਾਵਨਾ ਨੂੰ ਹੋਰ ਅੱਗੇ ਵਧਾਉਣ ਖ਼ਾਤਰ ਵਿਅਕਤੀਗਤ ਲਾਇਬ੍ਰੇਰੀਆਂ, ਜੋ ਡਾਟਾ ਉਪਲੱਬਧ ਕਰਦੀਆਂ ਹਨ, ਉਨ੍ਹਾਂ ਦੇ ਆਧਾਰ ਤੇ ਸੰਘ ਸੂਚੀ ਪੱਤਰ ਤਿਆਰ ਕੀਤਾ ਜਾਂਦਾ ਹੈ। ਸੰਘ ਸੂਚੀ ਪੱਤਰ ਅਜਿਹੀ ਸੂਚੀ ਹੈ, ਜਿਸ ਵਿਚ ਦੋ ਜਾਂ ਦੋ ਤੋਂ ਵੱਧ ਲਾਇਬ੍ਰੇਰੀਆਂ ਦੀ ਸਮੱਗਰੀ ਜਾਂ ਸਮੱਗਰੀ ਦਾ ਹਿੱਸਾ ਇਕ ਹੀ ਕ੍ਰਮ ਵਿਚ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੋ ਜਾਂ ਵਧੇਰੇ ਲਾਇ੍ਰਬੇਰੀਆਂ ਮਿਲ ਕੇ ਆਪਣੀ ਸਾਰੀ ਸਮੱਗਰੀ ਦੀ ਜਾਂ ਕਿਸੇ ਆਕਾਰ ਦੀ, ਜਿਵੇਂ ਕੇਵਲ ਪੁਸਤਕਾਂ ਜਾਂ ਕੇਵਲ ਖੋਜ ਰਸਾਲੇ ਜਾਂ ਲਘੂ ਦਸਤਾਵੇਜ਼ਾਂ ਜਾਂ ਲਘੂ ਫ਼ਿਲਮਾਂ ਜਾਂ ਥੀਸਿਸ ਇਤਿਆਦਿ ਬਾਰੇ ਇਕ ਸੰਘ ਸੂਚੀ ਪੱਤਰ ਤਿਆਰ ਕਰ ਸਕਦੀਆਂ ਹਨ। ਇਹ ਬੜਾ ਮਹੱਤਵਪੂਰਨ ਸੰਦਰਭ ਸ੍ਰੋਤ ਹੈ, ਜੋ ਲਾਇਬ੍ਰੇਰੀ ਸਹਿਯੋਗ ਨੂੰ ਮਜ਼ਬੂਤ ਬਨਾਉਣ ਵਿਚ ਸਹਾਈ ਹੁੰਦੀ ਹੈ। ਇਸ ਸੰਘ ਸੂਚੀ ਪੱਤਰ ਦੀ ਤਰਤੀਬ ਲੇਖਕ ਅਨੁਸਾਰ, ਸਿਰਲੇਖ ਅਨੁਸਾਰ, ਵਿਸ਼ਾ ਅਨੁਸਾਰ ਜਾਂ ਹੋਰ ਕਿਸੇ ਕ੍ਰਮ ਵਿਚ ਵੀ ਹੋ ਸਕਦੀ ਹੈ। ਇਸ ਦੀ ਵਰਤੋਂ ਨਾਲ ਪਾਠਕ ਕਿਸੇ ਪੁਸਤਕ/ਰਸਾਲੇ ਆਦਿ ਦੀ ਕਿਸੇ ਵੀ ਸਹਿਯੋਗੀ ਲਾਇਬ੍ਰੇਰੀ ਦੀ ਸਮੱਗਰੀ ਵਿਚ ਉਪਲੱਬਧਤਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

### 1.5.8.3.1. ਲਾਭ (Merits)

ਸੰਘ ਸੂਚੀ ਪੱਤਰ ਦੇ ਹੇਠ ਲਿਖੇ ਲਾਭ ਹੋ ਸਕਦੇ ਹਨ :

(1) ਕਿਸੇ ਪੁਸਤਕ ਦੀ ਉਪਲੱਬਧਤਾ ਬਾਰੇ ਜਾਣਕਾਰੀ;

(2) ਅੰਤਰ-ਲਾਇਬ੍ਰੇਰੀ ਉਧਾਰ ਸੇਵਾ ਵਿਚ ਸਹਾਇਤਾ;

(3) ਲਾਇਬ੍ਰੇਰੀਆਂ ਦੇ ਪਰਸਪਰ ਸਹਿਯੋਗ ਵਿਚ ਵਾਧਾ;

(4) ਦਸਤਾਵੇਜ਼ਾਂ ਦੀ ਚੋਣ ਵਿਚ ਸਹਾਇਤਾ;

(5) ਕਿਸੇ ਦਸਤਾਵੇਜ਼ ਬਾਰੇ ਬਿਬਲਿਓਗ੍ਰਾਫ਼ੀਕਲ ਵਰਣਨ ਕਰਨਾ; ਅਤੇ

(6) ਕਿਸੇ ਖੇਤਰ ਦੀਆਂ ਲਾਇਬ੍ਰੇਰੀਆਂ ਵਿਚ ਕਿਸੇ ਇਕ ਕਿਸਮ ਦੀਆਂ ਪ੍ਰਕਾਸ਼ਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।

### 1.5.8.3.2. ਮੁੱਢਲੀਆਂ ਸ਼ਰਤਾਂ (Pre-requisites)

(1) ਸਹਿਯੋਗੀ ਲਾਇਬ੍ਰੇਰੀਆਂ ਦੀ ਪਛਾਣ;

(2) ਸਮੱਗਰੀ (ਉਸ ਦਾ ਆਕਾਰ, ਕਾਲ, ਵਿਸ਼ਾ, ਭਾਸ਼ਾ, ਖੇਤਰ ਆਦਿ);

(3) ਸੁਲੇਖਾਂ ਦੀਆਂ ਕਿਸਮਾਂ ਅਤੇ ਹਰ ਸੁਲੇਖ ਦਾ ਵਿਵਰਣ;

(4) ਤਰਤੀਬ;

(5) ਭੌਤਿਕ ਆਕਾਰ; ਅਤੇ

(6) ਸੰਕਲਨ ਵਿਧੀ।

ਭਾਰਤ ਵਿਚ ਵੀ ਇਸ ਖੇਤਰ ਵਿਚ ਕੁਝ ਉਪਰਾਲੇ ਕੀਤੇ ਗਏ ਹਨ। ਇੰਸਡਾਕ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਰਸਾਲਿਆਂ ਦੇ ਖੇਤਰੀ ਪੱਧਰ ਦੇ ਸੰਘ ਸੂਚੀ ਪੱਤਰ ਤਿਆਰ ਕੀਤੇ ਹਨ। ਹੁਣ ਇੰਸਡਾਕ ਨੇ ਇਸ ਆਧਾਰ ਤੇ ਹੀ 'ਨੈਸ਼ਨਲ ਯੂਨੀਅਨ ਕੈਟਾਲਾਗ ਆਫ਼ ਸਾਇੰਟਿਫ਼ਿਕ ਸੀਰੀਅਲਜ਼ ਇਨ ਇੰਡੀਆ' 1988-

89 ਵਿਚ 4 ਜਿਲਦਾਂ ਵਿਚ ਤਿਆਰ ਕੀਤਾ ਹੈ, ਇਸ ਵਿਚ 35,000 ਸਿਰਲੇਖ ਸ਼ਾਮਲ ਕੀਤੇ ਗਏ ਹਨ । ਇਸ ਪ੍ਰਕਾਰ ਦਾ ਉੱਦਮ ਨਾਸਡਾਕ (NASSDOC) ਨੇ ਸਮਾਜ ਵਿਗਿਆਨ ਦੇ ਖੇਤਰ ਵਿਚ ਕੀਤਾ ਹੈ । ਇਸ ਨੇ ਵੀ ਖੇਤਰੀ ਸੰਘ ਸੂਚੀ ਪੱਤਰ ਤਿਆਰ ਕੀਤੇ ਹਨ, ਜਿਨ੍ਹਾਂ ਵਿਚ ਦੇਸ਼ ਦੇ ਵੱਖ-ਵੱਖ ਰਾਜਾਂ/ਖੇਤਰਾਂ ਦੀਆਂ ਲਾਇਬ੍ਰੇਰੀਆਂ ਵਿਚ ਉਪਲੱਬਧ ਸਮਾਜ ਵਿਗਿਆਨ ਅਨੁਸਾਰ ਇਸ ਸੰਘ ਸੂਚੀ ਪੱਤਰ ਨੂੰ ਨਾ ਕੇਵਲ ਨਵਿਆਇਆ ਹੀ ਜਾ ਰਿਹਾ ਹੈ, ਸਗੋਂ ਕੰਪਿਊਟਰੀਕਰਨ ਵੀ ਕੀਤਾ ਜਾ ਰਿਹਾ ਹੈ ।

### 1.5.8.4. ਅੰਤਰ-ਲਾਇਬ੍ਰੇਰੀ ਉਧਾਰ ਸੇਵਾ (Inter Library Loan)

ਲਾਇਬ੍ਰੇਰੀ ਸਹਿਯੋਗ ਦੇ ਅੰਤਰਗਤ ਕੀਤੇ ਜਾਣ ਵਾਲੇ ਕੰਮਾਂ ਵਿਚੋਂ ਅੰਤਰ-ਲਾਇਬ੍ਰੇਰੀ ਉਧਾਰ ਸੇਵਾ ਸਭ ਤੋਂ ਵੱਧ ਪ੍ਰਚਲਿਤ ਹੈ । ਆਮ ਵੇਖਣ ਵਿਚ ਆਇਆ ਹੈ ਕਿ ਲੋਕ ਕੇਵਲ ਇਸ ਕੰਮ ਨੂੰ ਹੀ ਲਾਇਬ੍ਰੇਰੀ ਸਹਿਯੋਗ ਦਾ ਅਸਲੀ ਰੂਪ ਸਮਝਦੇ ਹਨ, ਜਦ ਕਿ ਅਸਲ ਵਿਚ ਅਜਿਹਾ ਨਹੀਂ ਹੈ । ਸੀਮਤ ਸਾਧਨਾਂ ਦੇ ਅੰਦਰ ਪਾਠਕਾਂ ਦੀਆਂ ਵੱਧ ਤੋਂ ਵੱਧ ਪੁਸਤਕ ਲੋੜਾਂ ਅਤੇ ਹੋਰ ਦਸਤਾਵੇਜ਼ਾਂ ਸੰਬੰਧੀ ਲੋੜਾਂ ਪੂਰਾ ਕਰਨ ਦਾ ਇਹ ਇਕ ਮਹੱਤਵਪੂਰਨ ਕਾਰਜ ਹੈ ।

**1.5.8.4.1. ਲੋੜ (Needs)** : ਅੱਜ ਦੇ ਯੁੱਗ ਵਿਚ ਸਾਹਿਤ ਦਾ ਉਤਪਾਦਨ ਬਹੁਤ ਵੱਡੀ ਮਾਤਰਾ ਵਿਚ ਅਤੇ ਬੜੀ ਤੇਜ਼ ਰਫ਼ਤਾਰ ਨਾਲ ਹੋ ਰਿਹਾ ਹੈ । ਔਟੋ ਫਰੈਂਕ ਦੇ 1961 ਵਿਚ ਲਗਾਏ ਗਏ ਅਨੁਮਾਨ ਅਨੁਸਾਰ ਵਿਸ਼ਵ ਦੀਆਂ 30 ਭਾਸ਼ਾਵਾਂ ਦਾ ਗਿਆਨ ਵਾਲਾ ਵਿਗਿਆਨੀ, ਆਪਣੇ ਰੁਚੀ ਦੇ ਵਿਸ਼ੇ ਵਿਚ ਪਹਿਲੀ ਜਨਵਰੀ ਤੋਂ ਹਰ ਹਫ਼ਤੇ ਵਿਚ 40 ਘੰਟੇ ਪੜ੍ਹਕੇ ਅਤੇ ਇਕ ਘੰਟੇ ਵਿਚ ਚਾਰ ਲੇਖ ਪੜ੍ਹ ਸਕਣ ਦੀ ਰਫ਼ਤਾਰ ਤੇ ਉਹ 31 ਦਸੰਬਰ ਤਕ ਆਪਣੇ ਵਿਸ਼ਿਸ਼ਟੀਕਰਨ ਖੇਤਰ ਦਾ ਕੇਵਲ ਦਸਵਾਂ ਹਿੱਸਾ ਹੀ ਪੜ੍ਹ ਸਕਦਾ ਹੈ । ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਇਤਨਾ ਕਰਨਾ ਵੀ ਸੰਭਵ ਨਹੀਂ, ਕਿਉਂਕਿ ਇਹ ਸਮੱਗਰੀ ਕਿਸੇ ਇਕ ਲਾਇਬ੍ਰੇਰੀ ਵਿਚ ਉਪਲੱਬਧ ਨਹੀਂ ਹੋ ਸਕਦੀ । ਲਾਇਬ੍ਰੇਰੀ ਸਮੱਗਰੀ ਵਿਚ ਹੋਰ ਵਾਧਾ ਕਰਨ ਵਾਸਤੇ ਅੰਤਰ-ਲਾਇਬ੍ਰੇਰੀ ਉਧਾਰ ਸੇਵਾ ਦਾ ਸੰਕਲਪ ਸ਼ੁਰੂ ਕੀਤਾ ਗਿਆ ਹੈ ।

**1.5.8.4.2. ਉਦੇਸ਼ (Objectives)** : ਆਪਣੀ ਲਾਇਬ੍ਰੇਰੀ ਦੀ ਸਮੱਗਰੀ ਤੋਂ ਇਲਾਵਾ ਗੁਆਂਢੀ ਲਾਇਬ੍ਰੇਰੀਆਂ ਦੀਆਂ ਪੁਸਤਕਾਂ, ਰਸਾਲੇ, ਹੱਥ ਲਿਖਤਾਂ, ਦੁਰਲੱਭ ਪੁਸਤਕਾਂ, ਥੀਸਿਸ, ਲਘੂ ਫ਼ਿਲਮਾਂ ਆਦਿ ਪਾਠਕਾਂ ਨੂੰ ਲੋੜ ਅਨੁਸਾਰ ਉਪਲੱਬਧ ਕਰਨਾ ਮੁੱਖ ਉਦੇਸ਼ ਹੈ ।

ਇਸ ਸੇਵਾ ਅਧੀਨ ਲਾਇਬ੍ਰੇਰੀਆਂ ਲੋੜ ਅਨੁਸਾਰ ਇਕ ਨਿਸ਼ਚਿਤ ਸਮੇਂ ਵਾਸਤੇ ਪੁਸਤਕਾਂ ਆਦਿ ਉਧਾਰ ਲੈ ਅਤੇ ਦੇ ਸਕਦੀਆਂ ਹਨ ।

ਅੰਤਰ-ਲਾਇਬ੍ਰੇਰੀ ਉਧਾਰ ਸੇਵਾ ਦਾ ਕੰਮ ਕੋਈ ਏਨਾ ਨਵਾਂ ਨਹੀਂ ਹੈ । ਅਮਰੀਕਾ ਦੀਆਂ ਲਾਇਬ੍ਰੇਰੀਆਂ ਵਾਸਤੇ ਉਨ੍ਹੀਵੀਂ ਸਦੀ ਦੇ ਪ੍ਰਸਿੱਧ ਲਾਇਬ੍ਰੇਰੀਅਨ ਸੇਮੂਅਲ ਗਰੀਨ ਨੇ ਇਸ ਸੇਵਾ ਦੀ ਬਹੁਤ ਵਕਾਲਤ ਕੀਤੀ ਸੀ । ਈ.ਸੀ. ਰਿਚਰਡਸਨ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਸ ਦੀ ਪ੍ਰੋੜ੍ਹਤਾ ਕੀਤੀ ਅਤੇ ਇਸ ਨੂੰ ਪ੍ਰਚਲਿਤ ਕਰਨ ਵਿਚ ਆਪਣਾ ਯੋਗਦਾਨ ਪਾਇਆ । ਬਰਤਾਨੀਆ ਵਿਚ ਅੰਤਰ-ਲਾਇਬ੍ਰੇਰੀ ਉਧਾਰਾ ਸੇਵਾ ਵੀਹਵੀਂ ਸਦੀ ਵਿਚ ਜਲਦੀ ਹੀ ਸ਼ੁਰੂ ਕਰਕੇ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਦਾਨ ਕੀਤੀ ਜਾਂਦੀ ਹੈ ।

ਭਾਰਤ ਵਿਚ ਇਹ ਸੇਵਾ ਪਿਛਲੇ ਤੀਹ ਕੁ ਸਾਲਾਂ ਤੋਂ ਸ਼ੁਰੂ ਹੈ । ਪਰ ਫਿਰ ਵੀ ਯੂਨੀਵਰਸਿਟੀ ਲਾਇਬ੍ਰੇਰੀਆਂ ਅਤੇ ਕੁਝ ਵਿਸ਼ੇਸ਼ ਲਾਇਬ੍ਰੇਰੀਆਂ ਨੂੰ ਛੱਡ ਕੇ ਭਾਰਤ ਦੀਆਂ ਕਾਲਜ ਲਾਇਬ੍ਰੇਰੀਆਂ, ਲੋਕ ਲਾਇਬ੍ਰੇਰੀਆਂ ਵਿਚ ਇਹ ਪ੍ਰਚਲਿਤ ਨਹੀਂ ਹੋ ਸਕੀ ।

#### 1.5.8.4.3. ਮੁੱਢਲੀਆਂ ਸ਼ਰਤਾਂ (Prerequisites)

**(i) ਆਚਾਰ-ਸੰਹਿਤਾ :** ਸਾਰੀਆਂ ਲਾਇਬ੍ਰੇਰੀਆਂ ਨੂੰ ਪ੍ਰਵਾਨ ਇਕ ਆਚਾਰ-ਸੰਹਿਤਾ ਹੋਣੀ ਚਾਹੀਦੀ ਹੈ, ਜਿਸ ਵਿਚ ਇਹ ਵੇਰਵਾ ਦਿੱਤਾ ਹੋਵੇ ਕਿ ਕਿਸ ਕਿਸਮ ਦੀ ਪੜ੍ਹਨ ਸਮੱਗਰੀ ਕਿੰਨੇ ਸਮੇਂ ਲਈ, ਕਿਸ ਲਾਇਬ੍ਰੇਰੀ ਦੇ ਖ਼ਰਚ ਉੱਪਰ, ਆਦਾਨ-ਪ੍ਰਦਾਨ ਦੇ ਇਸ ਸਿਲਸਿਲੇ ਵਿਚ ਜੇਕਰ ਪੁਸਤਕਾਂ ਆਦਿ ਫਟ ਜਾਣ ਜਾਂ ਗੁੰਮ ਹੋ ਜਾਣ ਤਾਂ ਕਿਹੜੀ ਲਾਇਬ੍ਰੇਰੀ ਜ਼ਿੰਮੇਵਾਰ ਹੋਵੇਗੀ, ਆਦਿ ।

**1.5.8.4.4. ਪੰਜ ਨਿਯਮ ਅਤੇ ਅੰਤਰ-ਲਾਇਬ੍ਰੇਰੀ ਉਧਾਰ ਸੇਵਾ (Five Laws of Library Science and Inter-Library Loan)** : ਲਾਇਬ੍ਰੇਰੀ ਵਿਗਿਆਨ ਦੇ ਪੰਜ ਨਿਯਮ ਅੰਤਰ-ਲਾਇਬ੍ਰੇਰੀ ਉਧਾਰ ਸੇਵਾ ਨੂੰ ਕਾਫ਼ੀ ਉਤਸ਼ਾਹਿਤ ਕਰਦੇ ਹਨ । ਇਨ੍ਹਾਂ ਨਿਯਮਾਂ ਅਨੁਸਾਰ ਪੁਸਤਕਾਂ ਅਤੇ ਹੋਰ ਦਸਤਾਵੇਜ਼ਾਂ ਵਰਤਣ ਲਈ ਹੁੰਦੀਆਂ ਹਨ । ਜੇ ਹਰ ਪਾਠਕ ਨੂੰ ਪੜ੍ਹਨ, ਖੋਜ ਕਰਨ ਅਤੇ ਸੂਚਨਾ ਪ੍ਰਾਪਤ ਕਰਨ ਲਈ ਹਰ ਲੋੜੀਂਦੀ ਪੁਸਤਕ ਮਿਲਣੀ ਚਾਹੀਦੀ ਹੈ; ਜੇ ਹਰ ਪ੍ਰਾਪਤ ਕੀਤੀ ਗਈ ਦਸਤਾਵੇਜ਼ ਦਾ ਭਰਪੂਰ ਉਪਯੋਗ ਹੋਣਾ ਹੈ; ਜੇ ਸੂਚਨਾ ਉਪਲੱਬਧੀ ਵਿਚ ਪਾਠਕਾਂ ਦਾ ਕੀਮਤੀ ਸਮਾਂ ਬਚਾਇਆ ਜਾਣਾ ਹੈ; ਅਤੇ ਜੇ ਗਿਆਨ ਵਿਚ ਹੋਏ ਵਿਕਾਸ ਦਾ ਸਹੀ ਇਸਤੇਮਾਲ ਕੀਤਾ ਜਾਣਾ ਹੈ; ਤਾਂ ਲਾਇਬ੍ਰੇਰੀਅਨ ਨੂੰ ਪ੍ਰਬੰਧਕ, ਤਕਨੀਸ਼ੀਅਨ ਅਤੇ ਵਿਦਵਾਨ ਤੋਂ ਕੁਝ ਵਧੇਰੇ ਬਣਨਾ ਪਵੇਗਾ । ਉਸ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਨਾ ਕੇਵਲ ਆਪਣੀ ਲਾਇਬ੍ਰੇਰੀ ਵਿਚਲੀ ਸਮੱਗਰੀ ਦਾ ਉਪਯੋਗ ਵਧਾਏ, ਸਗੋਂ ਹੋਰਨਾਂ ਲਾਇਬ੍ਰੇਰੀਆਂ ਤੋਂ ਵੀ ਲੋੜੀਂਦੀ ਸਮੱਗਰੀ ਉਧਾਰ ਮੰਗਵਾ ਕੇ ਪਾਠਕਾਂ ਨੂੰ ਦੇਵੇ ।

### 1.5.8.5. ਪ੍ਰਲੇਖ ਵਿਤਰਨ ਸੇਵਾ (Document Delivery Service)

ਅੰਤਰ ਲਾਇਬ੍ਰੇਰੀ ਉਧਾਰ ਸੇਵਾ ਦਾ ਆਧੁਨਿਕ ਤਕਨੀਕਾਂ, ਵਿਧੀਆਂ ਸਦਕਾ ਹੋਰ ਵਿਸਤਾਰ ਅਤੇ ਵਿਕਾਸ ਹੋਇਆ ਹੈ, ਅਤੇ ਇਹ document delivery service ਕਹਿਲਾਉਂਦੀ ਹੈ । ਇਸ ਵਿਚ ਦਸਤਾਵੇਜ਼ਾਂ ਦੀਆਂ, ਆਮ ਕਰਕੇ ਲਘੂ ਦਸਤਾਵੇਜਾਂ ਦੀਆਂ, ਪ੍ਰਤੀਆਂ ਮੁਹੱਈਆ ਕੀਤੀਆਂ ਜਾਂਦੀਆਂ ਹਨ ।

ਵਿਦੇਸ਼ਾਂ ਵਿਚ ਇਸ ਸੇਵਾ ਦਾ ਕੰਪਿਊਟਰੀਕਰਨ ਕਰ ਦਿੱਤਾ ਗਿਆ ਹੈ । ਕੰਪਿਊਟਰ ਦੀ ਸਹਾਇਤਾ ਨਾਲ ਪਾਠਕ ਕੰਪਿਊਟਰੀਕ੍ਰਿਤ ਡਾਟਾ ਬੇਸਿਸ ਦੀ ਸਿੱਧੀ ਜਾਂ ਅਸਿੱਧੀ ਖੋਜ ਕਰ ਸਕਦੇ ਹਨ ਅਤੇ ਲੋੜੀਂਦੇ ਹਵਾਲਿਆਂ ਦੇ ਬਾਅਦ ਮੂਲ ਦਸਤਾਵੇਜ਼ ਦੀ ਕਾਪੀ ਪ੍ਰਾਪਤ ਕਰਨ ਵਾਸਤੇ ਕਹਿ ਸਕਦੇ ਹਨ । ਉਦਾਹਰਣ ਦੇ ਤੌਰ ਤੇ

BLAISE Automatic Document Request Service ਰਾਹੀਂ ਪਾਠਕ BLAISE ਦੀਆਂ ਫ਼ਾਈਲਾਂ ਵਿਚੋਂ ਹਵਾਲੇ ਚੈੱਕ ਕਰਕੇ ਬ੍ਰਿਟਿਸ਼ ਲਾਇਬ੍ਰੇਰੀ ਡਾਕੂਮੈਂਟ ਸਪਲਾਈ ਸੈਂਟਰ ਤੋਂ ਦਸਤਾਵੇਜ਼ਾਂ ਦੀਆਂ ਪ੍ਰਤੀਆਂ ਸੰਬੰਧੀ ਬੇਨਤੀ ਭੇਜ ਕੇ ਫੋਟੋ ਕਾਪੀ ਪ੍ਰਾਪਤ ਕਰ ਲੈਂਦੇ ਹਨ।

ਅਮਰੀਕਾ ਵਿਚ ਲਾਕਹੀਡ ਦੇ DIALOG ਡਾਟਾਬੇਸ ਨੇ DIALORDER ਸ਼ੁਰੂ ਕੀਤਾ ਹੈ, ਜੋ ਅਜਿਹੀ ਦਸਤਾਵੇਜ਼ ਡਿਲਿਵਰੀ ਸੇਵਾ ਹੈ ਜਿਸ ਵਿਚ DIALOG ਦੇ ਵਰਤਣ ਵਾਲਿਆਂ ਲਈ ਆਪਣੇ ਕੰਪਿਊਟਰ ਟਰਮੀਨਲ ਰਾਹੀਂ ਲੋੜੀਂਦੇ ਦਸਤਾਵੇਜ਼ ਦੇ ਪੂਰੇ ਪਾਠ ਬਾਰੇ ਆਰਡਰ ਕਰ ਸਕਦੇ ਹਨ।

ਅਜਿਹੀ ਇਕ ਹੋਰ ਉਦਾਹਰਣ OCLC ਦੀ ਹੈ ਜਿਸ ਨੇ ਪੁਸਤਕਾਂ, ਰਸਾਲਿਆਂ ਅਤੇ ਫੋਟੋ ਕਾਪੀਆਂ ਦੀ ਡਿਲਿਵਰੀ ਸੇਵਾ ਸ਼ੁਰੂ ਕੀਤੀ ਹੈ। ਅਜਿਹੀਆਂ ਹੋਰ ਅਨੇਕਾਂ ਉਦਾਹਰਣਾਂ ਮਿਲ ਜਾਂਦੀਆਂ ਹਨ ਜਿੱਥੇ ਇਹ ਸੇਵਾ ਕੰਪਿਊਟਰ ਰਾਹੀਂ ਦਿੱਤੀ ਜਾਂਦੀ ਹੈ।

ਭਾਰਤ ਵਿਚ ਇੰਸਡਾਕ ਅਜਿਹੀ ਸੇਵਾ ਪ੍ਰਦਾਨ ਕਰਦਾ ਹੈ। ਭਾਰਤ ਦੀਆਂ ਯੂਨੀਵਰਸਿਟੀਆਂ, ਸਨਅੱਤਾਂ, ਸਰਕਾਰੀ ਵਿਭਾਗ ਆਦਿ ਇਸ ਸੇਵਾ ਤੋਂ ਲਾਭ ਉਠਾਉਂਦੇ ਹਨ।

### 1..8.6. **ਸਹਿਕਾਰੀ ਸੰਗ੍ਰਹਿਣ ਕੇਂਦਰ** (Cooperative Storage Centre)

ਪਾਠਕਾਂ ਨੂੰ ਸੇਵਾ ਦੇਣ ਵਾਲੀਆਂ ਲਾਇਬ੍ਰੇਰੀਆਂ ਵਿਚ ਇਕ ਨਿਸ਼ਚਿਤ ਸੰਖਿਆ ਤਕ ਹੀ ਪਾਠ ਸਮੱਗਰੀ ਰੱਖੀ ਜਾ ਸਕਦੀ ਹੈ, ਕਿਉਂਕਿ ਸਮਾਂ ਪਾ ਕੇ ਲਾਇਬ੍ਰੇਰੀਆਂ ਦੀ ਜਗ੍ਹਾ ਦੀ ਘਾਟ ਹੋ ਜਾਂਦੀ ਹੈ। ਲਗਭਗ ਹਰ ਲਾਇਬ੍ਰੇਰੀ ਵਿਚ ਕੁਝ ਅਜਿਹੀ ਸਮੱਗਰੀ ਵੀ ਹੁੰਦੀ ਹੈ ਜੋ ਜਾਂ ਤਾਂ ਬਹੁਤ ਘੱਟ ਵਰਤੋਂ ਵਿਚ ਆਉਂਦੀ ਹੈ, ਜਾਂ ਵਰਤੋਂ ਵਿਚ ਆਉਣ ਵਾਲੀ ਨਹੀਂ ਹੁੰਦੀ। ਅਜਿਹੀ ਅਣਉਪਯੋਗੀ ਸਮੱਗਰੀ ਨੂੰ ਇਕ ਕਾਰਜਸ਼ੀਲ ਲਾਇਬ੍ਰੇਰੀ ਵਿਚੋਂ ਹਟਾ ਲੈਣਾ ਚਾਹੀਦਾ ਹੈ। ਸਹਿਕਾਰੀ ਸੰਗ੍ਰਹਿਣ ਅਤੇ ਸਹਿਕਾਰੀ ਅਪਗ੍ਰਹਿਣ ਇਕ ਦੂਜੇ ਦੇ ਪੂਰਕ ਹਨ, ਕਿਉਂਕਿ ਘੱਟ ਉਪਯੋਗੀ ਪੁਸਤਕਾਂ ਨਾ ਖਰੀਦਣ ਕਰਕੇ ਜਾਂ ਹਟਾ ਲਏ ਜਾਣ ਕਰਕੇ ਸਥਾਨ ਦੀ ਲਾਭਦਾਇਕ ਢੰਗ ਨਾਲ ਵਰਤੋਂ ਕੀਤੀ ਜਾ ਸਕਦੀ ਹੈ।

ਪਰ ਕਿਉਂਕਿ ਅਜਿਹੀ ਸਮੱਗਰੀ ਦਾ ਪ੍ਰਯੋਗ ਕਿਸੇ ਸਮੇਂ ਕੋਈ ਵਿਦਵਾਨ ਜਾਂ ਖੋਜੀ ਕਰ ਸਕਦਾ ਹੈ, ਇਸ ਲਈ ਦੇਸ਼ ਦੀ ਸੰਪਤੀ ਦੇ ਤੌਰ ਤੇ ਇਸ ਦੀਆਂ ਇਕ ਦੋ ਪ੍ਰਤੀਆਂ ਸੰਭਾਲ ਕੇ ਰਖਣੀਆਂ ਚਾਹੀਦੀਆਂ ਹਨ। ਇਨ੍ਹਾਂ ਦੀ ਸੰਭਾਲ ਵਾਸਤੇ ਇਕ ਸਹਿਕਾਰੀ ਸੰਗ੍ਰਹਿਣ ਕੇਂਦਰ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਇਹ ਸੰਗ੍ਰਹਿਣ ਕੇਂਦਰ ਹੇਠ ਲਿਖੇ ਪੱਧਰਾਂ ਤੇ ਹੋ ਸਕਦੇ ਹਨ :

- (ੳ) ਲੋਕਲ ਪੱਧਰ,
- (ਅ) ਰਾਜ/ਪ੍ਰਾਦੇਸ਼ਿਕ ਪੱਧਰ, ਅਤੇ
- (ੲ) ਰਾਸ਼ਟਰੀ ਪੱਧਰ।

### 1.5.8.7. **ਪੁਸਤਕ ਵਟਾਂਦਰਾ** (Books Exchange)

ਸਹਿਕਾਰੀ ਪੁਸਤਕ ਅਧਿਗ੍ਰਹਿਣ ਜਾਂ ਪ੍ਰਾਪਤੀ ਦਾ ਇਕ ਪੂਰਕ ਕਾਰਜ ਪੁਸਤਕ ਵਟਾਂਦਰਾ ਹੈ। ਇਸ ਵਿਚ ਲਾਇਬ੍ਰੇਰੀ ਆਪਣੀ ਦੂਹਰੀ (duplicate) ਸਮੱਗਰੀ ਦਾ ਦੂਜੀਆਂ ਲਾਇਬ੍ਰੇਰੀਆਂ ਨਾਲ ਵਟਾਂਦਰਾ ਕਰਕੇ ਬਿਨਾਂ ਕੀਮਤ ਦੇ ਆਪਣੇ ਸੰਗ੍ਰਹਿ ਵਿਚ ਹੋਰ ਸਮੱਗਰੀ ਦਾ ਵਾਧਾ ਕਰ ਸਕਦੀ ਹੈ। ਅਜਿਹਾ ਵਟਾਂਦਰਾ ਜੇਕਰ ਖੋਜ ਰਸਾਲਿਆਂ ਦਾ, ਉਨ੍ਹਾਂ ਦੇ ਕੁਝ ਅੰਕਾਂ ਦਾ ਜਾਂ ਪੂਰੀਆਂ ਜ਼ਿਲਦਾਂ ਦਾ, ਹੋਵੇ ਤਾਂ ਵਿਦਿਅਕ ਅਤੇ ਵਿਸ਼ੇਸ਼ ਖੋਜ ਲਾਇਬ੍ਰੇਰੀਆਂ ਦੇ ਪੱਖੋਂ ਬਹੁਤ ਲਾਭਦਾਇਕ ਹੈ।

### 1.5.8.8. **ਸਹਿਕਾਰੀ ਫੋਟੋ ਨਿਰਮਾਣ ਸੇਵਾ** (Cooperative Duplication Service)

ਲਾਇਬ੍ਰੇਰੀਆਂ ਵਿਚ ਫੋਟੋ ਨਿਰਮਾਣ ਯੰਤਰਾਂ ਦਾ ਕਾਫ਼ੀ ਪ੍ਰਯੋਗ ਹੋਣ ਲੱਗ ਪਿਆ ਹੈ। ਗੰਭੀਰ ਅਧਿਐਨ ਕਰਨ ਵਾਲੇ ਖੋਜੀ ਜਾਂ ਵਿਦਵਾਨ ਪਾਠਕ ਖੋਜ ਰਸਾਲਿਆਂ ਵਿਚ ਪ੍ਰਕਾਸ਼ਿਤ ਲੇਖਾਂ ਦੀਆਂ, ਜਾਂ ਥੀਸਿਸ ਦੀਆਂ ਜਾਂ ਹੋਰ ਨਾਯਾਬ ਸਮੱਗਰੀ ਦੀਆਂ ਫੋਟੋ ਪ੍ਰਤੀਆਂ (ਜ਼ੀਰਾਕਸ ਕਾਪੀਆਂ) ਮੰਗਦੇ ਹਨ ਅਤੇ ਲਘੂ ਫ਼ਿਲਮਾਂ ਵੀ ਮੰਗਦੇ ਹਨ।

ਹੱਥ ਲਿਖਤਾਂ, ਦੁਰਲੱਭ ਪੁਸਤਕਾਂ ਅਤੇ ਹੋਰ ਅਜਿਹੀ ਸਮੱਗਰੀ ਜਿਸ ਦਾ ਅੰਤਰ-ਲਾਇਬ੍ਰੇਰੀ ਉਧਾਰ ਸੇਵਾ ਅਧੀਨ ਆਦਾਨ-ਪ੍ਰਦਾਨ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਦੀਆਂ ਫੋਟੋ ਕਾਪੀਆਂ ਕਰਕੇ ਭੇਜੀਆਂ ਜਾ ਸਕਦੀਆਂ ਹਨ। ਇਸ ਨਾਲ ਮੂਲ ਦਸਤਾਵੇਜ਼ ਲਾਇਬ੍ਰੇਰੀ ਵਿਚ ਹੀ ਰਹਿ ਜਾਵੇਗੀ ਅਤੇ ਉਸ ਦੇ ਕਿਸੇ ਅੰਸ਼ ਦੀ ਫੋਟੋ ਕਾਪੀ ਦੂਜੀ ਲਾਇਬ੍ਰੇਰੀ ਨੂੰ ਭੇਜੀ ਜਾਵੇਗੀ।

### 1.5.8.9. **ਸਹਿਕਾਰੀ ਪ੍ਰਕਾਸ਼ਨ** (Cooperative Publications)

ਲਾਇਬ੍ਰੇਰੀ ਵਿਚ ਸੰਦਰਭ ਗ੍ਰੰਥਾਂ ਦੀ ਮਹੱਤਤਾ ਨੂੰ ਪਾਠਕ ਖ਼ੂਬ ਸਮਝ ਸਕਦਾ ਹੈ। ਇਸ ਲਈ ਬਾਜ਼ਾਰ ਵਿਚੋਂ ਮਿਲਦੇ ਸੰਦਰਭ ਸ੍ਰੋਤਾਂ ਤੋਂ ਇਲਾਵਾ ਲਾਇਬ੍ਰੇਰੀਆਂ ਨੂੰ ਵੀ ਸਮੇਂ ਸਮੇਂ ਅਜਿਹੇ ਗ੍ਰੰਥਾਂ ਦਾ ਪ੍ਰਕਾਸ਼ਨ ਕਰਦੇ ਰਹਿਣਾ ਚਾਹੀਦਾ ਹੈ।

### 1.5.8.10. **ਸਹਿਕਾਰੀ ਲਾਇਬ੍ਰੇਰੀ ਪ੍ਰਚਾਰ** (Cooperative Library Publicity)

ਜਨਤਾ ਵਿਚ ਲਾਇਬ੍ਰੇਰੀ ਚੇਤਨਾ ਵਧਾਉਣ ਖ਼ਾਤਰ ਲਾਇਬ੍ਰੇਰੀ ਪ੍ਰਚਾਰ ਇਕ ਸਾਧਨ ਹੈ, ਜੋ ਸਮੇਂ-ਸਮੇਂ ਅਪਣਾਇਆ ਜਾਂਦਾ ਹੈ। ਇਸ ਕਾਰਜ ਨੂੰ ਜੇਕਰ ਸਹਿਯੋਗ ਦੀ ਭਾਵਨਾ ਨਾਲ ਇਕ ਸ਼ਹਿਰ ਦੀਆਂ ਲਾਇਬ੍ਰੇਰੀਆਂ ਮਿਲ ਕੇ ਕਰਨ ਤਾਂ ਇਹ ਪ੍ਰਭਾਵਸ਼ਾਲੀ ਹੋ ਸਕਦਾ ਹੈ। ਸਹਿਯੋਗ ਨਾਲ ਕੰਮ ਚਲਾਉਣਾ ਕਿਫ਼ਾਇਤੀ ਵੀ ਹੋਵੇਗਾ ਅਤੇ ਵਿਆਪਕ ਪੱਧਰ ਤੇ ਵੀ ਕੀਤਾ ਜਾ ਸਕੇਗਾ। ਸਮਾਜ ਦੇ ਅਨੇਕ ਅਜਿਹੇ ਅੰਸ਼ ਹਨ, ਜਿਨ੍ਹਾਂ ਵਿਚ ਲਾਇਬ੍ਰੇਰੀ ਚੇਤਨਾ ਘੱਟ ਹੈ ਜਾਂ ਬਿਲਕੁਲ ਨਹੀਂ।

ਇਸ ਲਈ ਇਸ ਕਾਰਜ ਨੂੰ ਵਿਆਪਕ ਰੂਪ ਵਿਚ ਕਰਨ ਦੀ ਬਹੁਤ ਲੋੜ ਹੈ।

### 1.5.8.11. ਪੁਸਤਕ ਸੂਚੀ ਸੰਕਲਨ (Bibliography Compilation)

ਇਸ ਖੇਤਰ ਵਿਚ ਵੀ ਲਾਇਬ੍ਰੇਰੀਆਂ ਸਹਿਯੋਗ ਕਰ ਸਕਦੀਆਂ ਹਨ। ਪੁਸਤਕ ਸੂਚੀ ਸੰਕਲਨ ਦਾ ਕੰਮ ਅਜਿਹੀ ਸਮੱਗਰੀ, ਅਜਿਹੇ ਮਜ਼ਮੂਨਾਂ ਬਾਰੇ ਹੋਣਾ ਚਾਹੀਦਾ ਹੈ, ਜਿਸ ਦੀ ਪਾਠਕਾਂ ਅਤੇ ਖੋਜਾਰਥੀਆਂ ਦੀ ਵੱਡੀ ਗਿਣਤੀ ਨੂੰ ਲੋੜ ਹੋਵੇ। ਇਹ ਪੁਸਤਕ ਸੂਚੀਆਂ ਲੋਕਲ ਪੱਧਰ, ਰਾਜ ਪੱਧਰ ਜਾਂ ਰਾਸ਼ਟਰੀ ਪੱਧਰ ਦੀਆਂ ਹੋ ਸਕਦੀਆਂ ਹਨ। ਇਨ੍ਹਾਂ ਸੂਚੀਆਂ ਦਾ ਸਮਾਂ ਕਾਲ ਵੀ ਮਿਥਿਆ ਜਾ ਸਕਦਾ ਹੈ। ਇਨ੍ਹਾਂ ਵਿਚ ਵਧੇਰੇ ਕਰਕੇ ਦੁਰਲੱਭ ਪੁਸਤਕਾਂ, ਹੱਥਲਿਖਤਾਂ, ਪੁਰਾਲੇਖ ਸਮੱਗਰੀ, ਰੀਪੋਰਟਾਂ, ਰਸਾਲੇ, ਥੀਸਿਸ ਆਦਿ ਵਿਚੋਂ ਸਮੱਗਰੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ। ਕੁਝ ਯੂਨੀਵਰਸਿਟੀ ਲਾਇਬ੍ਰੇਰੀਆਂ ਮਿਲ ਕੇ ਪੀ.ਐਚ.ਡੀ. ਥੀਸਿਸ ਅਤੇ ਹੋਰ ਡਿਜ਼ਰਟੇਸ਼ਨਾਂ ਸੰਬੰਧੀ ਪੁਸਤਕ ਸੂਚੀਆਂ ਤਿਆਰ ਕਰ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਬਾਰੇ ਵੀ ਸੰਕਾ ਦੀ ਕੋਈ ਗੁੰਜਾਇਸ਼ ਨਹੀਂ, ਕਿਉਂਕਿ ਇਨ੍ਹਾਂ ਰਾਹੀਂ ਯੂਨੀਵਰਸਿਟੀਆਂ ਦੇ ਵਿਦਵਾਨ ਖੋਜ ਵਿਚ ਸਹੀ ਸੇਧ ਦੇ ਸਕਦੇ ਹਨ।

### 1.5.8.12. ਸਹਿਕਾਰੀ ਸੰਦਰਭ ਅਤੇ ਸੂਚਨਾ ਸੇਵਾ (Cooperative Reference and Information Services)

ਲਾਇਬ੍ਰੇਰੀਆਂ ਵਿਚ ਪਰਸਪਰ ਸਹਿਯੋਗ ਨਾਲ ਸਹਿਕਾਰੀ ਸੰਦਰਭ ਅਤੇ ਸੂਚਨਾ ਸੇਵਾ ਪ੍ਰਦਾਨ ਕੀਤੀ ਜਾ ਸਕਦੀ ਹੈ। ਇਕ ਲਾਇਬ੍ਰੇਰੀ ਆਪਣੇ ਪਾਠਕਾਂ ਨੂੰ ਕਿਸੇ ਦੂਜੀ ਜਾਂ ਤੀਜੀ ਲਾਇਬ੍ਰੇਰੀ ਵਿਚ, ਜਿਸ ਦਾ ਪੁਸਤਕ ਸੰਗ੍ਰਹਿ ਅਤੇ ਸੰਦਰਭ ਸੰਗ੍ਰਹਿ ਚੰਗਾ ਅਤੇ ਵਿਆਪਕ ਹੋਵੇ, ਭੇਜ ਸਕਦੀ ਹੈ ਤਾਂ ਜੋ ਉਨ੍ਹਾਂ ਨੂੰ ਲੋੜੀਂਦੀ ਸਮੱਗਰੀ ਅਤੇ ਸੂਚਨਾ ਮਿਲ ਸਕੇ।

### 1.5.8.13. ਕਰਮਚਾਰੀਆਂ ਦੀ ਸਿਖਲਾਈ ਅਤੇ ਵਟਾਂਦਰਾ (Staff Training and Exchange)

ਲਾਇਬ੍ਰੇਰੀ ਦੇ ਪੇਸ਼ਾਵਰ ਕਰਮਚਾਰੀਆਂ ਨੂੰ ਲਾਇਬ੍ਰੇਰੀ ਵਿਗਿਆਨ ਦੀਆਂ ਆਧੁਨਿਕ ਤਕਨੀਕਾਂ ਅਤੇ ਵਿਧੀਆਂ ਬਾਰੇ ਜਾਣਕਾਰੀ ਦੇਣ ਵਾਸਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਸਹਿਯੋਗ ਹੋ ਸਕਦਾ ਹੈ। ਅੱਜ ਦੇ ਤਕਨੀਕੀ ਯੁੱਗ ਵਿਚ ਲਾਇਬ੍ਰੇਰੀਅਨਾਂ ਨੂੰ ਆਧੁਨਿਕ ਅਤੇ ਨਵੀਨ ਪੱਧਤੀਆਂ, ਵਿਧੀਆਂ, ਜਿਨ੍ਹਾਂ ਵਿਚ ਕੰਪਿਊਟਰ ਦੀ ਵਰਤੋਂ ਵੀ ਆਉਂਦੀ ਹੈ, ਬਾਰੇ ਸਿਖਲਾਈ ਦੇਣੀ ਜ਼ਰੂਰੀ ਹੈ। ਇਸ ਪ੍ਰੋਗਰਾਮ ਵਿਚ ਲਾਇਬ੍ਰੇਰੀਆਂ ਸਹਿਯੋਗ ਰਾਹੀਂ ਲਾਭ ਉਠਾ ਸਕਦੀਆਂ ਹਨ।

### 1.5.9. ਅੰਤਰ-ਰਾਸ਼ਟਰੀ ਸਹਿਯੋਗ (International Cooperation)

(1) ਬਹੁਤ ਸਮੇਂ ਤੋਂ ਲਾਇਬ੍ਰੇਰੀਅਨ ਅੰਤਰ-ਰਾਸ਼ਟਰੀ ਸਹਿਕਾਰਤਾ ਵਾਸਤੇ ਕੰਮ ਕਰਦੇ ਰਹੇ ਹਨ। ਸਹਿਯੋਗ ਦੀ ਅਜਿਹੀ ਭਾਵਨਾ ਤੋਂ ਹੌਲੀ-ਹੌਲੀ ਅੱਗੇ ਵੱਧ ਕੇ ਅੱਜ ਇਸ ਨੇ ਨਿਵੇਕਲਾ ਅਤੇ ਲਾਭਵੰਦ ਰੂਪ ਧਾਰਨ ਕਰ ਲਿਆ ਹੈ। ਅੱਜ ਅੰਤਰ-ਰਾਸ਼ਟਰੀ ਪੱਧਰ ਤੇ ਸੂਚਨਾ ਦੀ ਇਸ ਢੰਗ ਨਾਲ ਪ੍ਰਾਸੈਸਿੰਗ ਕੀਤੀ ਜਾ ਰਹੀ ਹੈ ਤਾਂ ਜੋ ਇਸ ਦਾ ਆਧੁਨਿਕ ਸੰਚਾਰ ਅਤੇ ਪ੍ਰਸਾਰਣ ਸਾਧਨਾਂ ਰਾਹੀਂ ਅਨੇਕ ਦੇਸ਼ ਪ੍ਰਯੋਗ ਕਰਾ ਸਕਣ ਅਤੇ ਇਕ ਦੂਜੇ ਬਾਰੇ ਲੋੜੀਂਦੀ ਸੂਚਨਾ ਲੈ ਦੇ ਸਕਣ।

(2) ਲਾਇਬ੍ਰੇਰੀ ਸੇਵਾਵਾਂ ਵਿਚ ਸੁਧਾਰ ਅਤੇ ਇਕਰੂਪਤਾ ਲਿਆਉਣ ਲਈ ਸੂਚੀ ਦੇ ਨਾਲ ਸਾਰ ਸੇਵਾਵਾਂ ਅਤੇ ਅਨੁਕ੍ਰਮਣਿਕਾ ਸੇਵਾਵਾਂ ਵਿਚ ਪ੍ਰਮਾਣਿਕਤਾ ਲਿਆਈ ਜਾ ਰਹੀ ਹੈ।

(3) ਅੰਤਰਰਾਸ਼ਟਰੀ ਪੱਧਰ ਤੇ ਦੁਨੀਆਂ ਦੀਆਂ ਪ੍ਰਮੁੱਖ ਲਾਇਬ੍ਰੇਰੀਆਂ ਆਪਸੀ ਸਹਿਯੋਗ ਨਾਲ ਅਨੇਕ ਕੰਮ ਕਰ ਰਹੀਆਂ ਹਨ। ਭਿੰਨ-ਭਿੰਨ ਦੇਸ਼ਾਂ ਦੀਆਂ ਕੌਮੀ ਲਾਇਬ੍ਰੇਰੀਆਂ ਆਪਸ ਵਿਚ ਕਈ ਖੇਤਰਾਂ ਵਿਚ ਸਹਿਯੋਗ ਨਾਲ ਕੰਮ ਕਰਦੀਆਂ ਹਨ, ਜਿਵੇਂ :

- (ੳ) ਅੰਤਰ-ਲਾਇਬ੍ਰੇਰੀ ਉਧਾਰ ਸੇਵਾ;
- (ਅ) ਪੁਸਤਕ ਵਟਾਂਦਰਾ;
- (ੲ) ਲਾਇਬ੍ਰੇਰੀ ਸੈਮੀਨਾਰ/ਕਾਨਫਰੰਸ;
- (ਸ) ਲਾਇਬ੍ਰੇਰੀਅਨਾਂ ਦੀ ਸਿਖਲਾਈ;
- (ਹ) ਪੁਸਤਕ ਸੂਚੀਆਂ ਦਾ ਸੰਕਲਨ ਅਤੇ ਪ੍ਰਕਾਸ਼ਨ;
- (ਕ) ਪ੍ਰਮਾਣਿਕ ਸਥਾਪਨਾ; ਇਤਿਆਦਿ।

(4) ਯੂਨੇਸਕੋ, ਇਲਫ਼ਾ, ਐਫ.ਆਈ.ਡੀ. ਆਦਿ ਅੰਤਰਰਾਸ਼ਟਰੀ ਸੰਸਥਾਵਾਂ ਲਾਇਬ੍ਰੇਰੀ ਸਹਿਯੋਗ ਦੇ ਵਿਕਾਸ ਵਾਸਤੇ ਭਿੰਨ ਪ੍ਰਕਾਰ ਦੇ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਇਹ ਅਤੇ ਅਜਿਹੀਆਂ ਹੋਰ ਏਜੰਸੀਆਂ ਲਾਇਬ੍ਰੇਰੀ, ਪ੍ਰਲੇਖਨ (Documentation) ਅਤੇ ਪੁਰਾਲੇਖ (Archives) ਦੇ ਖੇਤਰ ਵਿਚ ਅੰਤਰਰਾਸ਼ਟਰੀ ਪ੍ਰਮਾਣਿਕ ਸਥਾਪਨਾ ਵਾਸਤੇ ਹਮੇਸ਼ਾ ਯਤਨਸ਼ੀਲ ਹਨ। ਇਸ ਕੰਮ ਵਾਸਤੇ ਕਈ ਡਾਟਾ ਪ੍ਰਣਾਲੀਆਂ ਦੀ ਸਥਾਪਨਾ ਕੀਤੀ ਗਈ ਹੈ, ਜਿਵੇਂ 'ਇੰਟਰਨੈਸ਼ਨ ਸੀਰੀਅਲਜ਼ ਡਾਟਾ ਸਿਸਟਮ' ਉਨ੍ਹਾਂ ਵਿਚੋਂ ਇਕ ਹੈ ਜੋ ਅੰਤਰਰਾਸ਼ਟਰੀ ਪੱਧਰ ਤੇ ਵਿਸ਼ਾ ਅਤੇ ਖੋਜ ਰਸਾਲਿਆਂ ਦੀ ਕੰਪਿਊਟਰ ਦੀ ਮਦਦ ਨਾਲ ਪ੍ਰਮਾਣੀਕਰਨ ਕਰਨ ਵਿਚ ਸਹਾਇਤਾ ਕਰਦਾ ਹੈ।

(5) ਕੁਝ ਅੰਤਰਰਾਸ਼ਟਰੀ ਗੈਰ-ਸਰਕਾਰੀ ਏਜੰਸੀਆਂ ਜਿਵੇਂ ICSU, IFIP, ISO, CODATA, IFLA ਆਦਿ ਵੀ ਇਸ ਸਹਿਯੋਗ ਵਿਚ ਆਪਣੀਆਂ ਗਤੀਵਿਧੀਆਂ ਰਾਹੀਂ ਵਾਧਾ ਕਰਦੀਆਂ ਹਨ। ਇਸ ਸੰਬੰਧੀ ਵਿਸ਼ਵ ਭਰ ਵਿਚ ਬਿਬਲਿਓਗ੍ਰਾਫੀਕਲ ਸੂਚਨਾ ਦੇ ਵਟਾਂਦਰੇ ਅਤੇ ਉਸ

ਤਕ ਪਹੁੰਚ ਵਾਸਤੇ ਇਫ਼ਲਾ ਨੇ ਕਈ ਸਕੀਮਾਂ ਅਤੇ ਪ੍ਰੋਗਰਾਮ ਬਣਾਏ ਜਿਨ੍ਹਾਂ ਵਿਚੋਂ Universal Bibliographical Control ਅਤੇ Universal Availability of Publications ਕਾਫ਼ੀ ਪ੍ਰਸਿੱਧ ਹਨ।

(6) ਯੂਨੇਸਕੋ ਦੁਆਰਾ ਅਨੇਕ ਉਪਰਾਲੇ ਅਤੇ ਕੋਸ਼ਿਸ਼ਾਂ ਕਰਕੇ NATIS ਪ੍ਰੋਗਰਾਮ ਹੋਂਦ ਵਿਚ ਆਉਣ ਤੋਂ ਅੰਤਰਰਾਸ਼ਟਰੀ ਸਹਿਯੋਗ ਨੂੰ ਕਾਫ਼ੀ ਪ੍ਰੋਤਸਾਹਨ ਮਿਲਿਆ। ਇਸ ਨਾਲ ਕੌਮੀ ਪੱਧਰ ਤੇ ਸੂਚਨਾ ਪ੍ਰਣਾਲੀਆਂ ਸਥਾਪਤ ਕਰਨ ਦਾ ਮਨੋਰਥ ਸਫ਼ਲ ਹੋਇਆ। ਇਸ ਦੇ ਅਧੀਨ ਭਾਰਤ ਵਿਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਕੌਮੀ ਸੂਚਨਾ ਪ੍ਰਣਾਲੀ ਸਥਾਪਤ ਕੀਤੀ ਗਈ ਹੈ ਜੋ NISSAT ਦੇ ਨਾਂ ਨਾਲ ਪ੍ਰਸਿੱਧ ਹੈ। ਨੇਟਿਸ ਦੇ ਅਧੀਨ ਯੂਨੇਸਕੋ ਦੇ ਅਨੇਕ ਮੈਂਬਰ ਦੇਸ਼ਾਂ ਵਿਚ ਕੌਮੀ ਸੂਚਨਾ ਪ੍ਰਣਾਲੀਆਂ ਸਥਾਪਤ ਕੀਤੀਆਂ ਗਈਆਂ ਜਿਸ ਨਾਲ ਸੂਚਨਾ ਪਹੁੰਚ ਅਤੇ ਵਟਾਂਦਰੇ ਵਿਚ ਬਹੁਤ ਸਹਾਇਤਾ ਮਿਲਦੀ ਹੈ।

(7) ਇਸ ਤੋਂ ਇਲਾਵਾ ਮਸ਼ੀਨਾਂ ਅਤੇ ਕੰਪਿਊਟਰਾਂ ਨਾਲ ਚੱਲਣ ਵਾਲੇ ਡਾਟਾਬੇਸਿਸ ਬਣਾਏ ਗਏ ਹਨ ਜਿਵੇਂ MARC, MEDLARS, CAS, BIOSIS ਆਦਿ ਜਿਨ੍ਹਾਂ ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਸੂਚਨਾ ਸਭ ਤਕ ਪਹੁੰਚਾਈ ਜਾਂਦੀ ਹੈ। ਨਵੇਂ ਸੰਚਾਰ ਸਾਧਨਾਂ ਨਾਲ ਸੂਚਨਾ ਪਾਸਾਰ ਹੋਰ ਆਸਾਰ ਅਤੇ ਤੇਜ਼ ਹੋ ਗਿਆ ਹੈ।

### 1.5.10. ਭਾਰਤ ਵਿਚ ਲਾਇਬ੍ਰੇਰੀ ਸਹਿਯੋਗ (Library Cooperation in India)

ਭਾਰਤ ਸਰਕਾਰ ਦੀ ਲਾਇਬ੍ਰੇਰੀਆਂ ਬਾਰੇ ਸਲਾਹਕਾਰ ਕਮੇਟੀ (1957) ਦੀਆਂ ਸਿਫ਼ਾਰਿਸ਼ਾਂ ਦੇ ਬਾਵਜੂਦ ਲਾਇਬ੍ਰੇਰੀ ਸਹਿਯੋਗ ਦਾ ਕੋਈ ਬਹੁਤਾ ਵਿਕਾਸ ਨਾ ਹੋ ਸਕਿਆ। ਹਰ ਤਰ੍ਹਾਂ ਦੀਆਂ ਲਾਇਬ੍ਰੇਰੀਆਂ ਇਕੱਲੀਆਂ ਹੀ ਕੰਮ ਕਰ ਰਹੀਆਂ ਹਨ, ਬਾਵਜੂਦ ਇਸ ਸਚਾਈ ਦੇ ਕਿ ਉਹ ਆਪਣੇ ਆਪ ਵਿਚ ਅਧੂਰੀਆਂ ਹਨ ਅਤੇ ਪਾਠਕਾਂ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕਦੀਆਂ। ਲਾਇਬ੍ਰੇਰੀ ਸਹਿਯੋਗ ਬਾਰੇ ਵਿਚਾਰ ਵਟਾਂਦਰਾ ਅਤੇ ਚਰਚਾ ਤਾਂ ਹੋਈ ਹੈ ਪਰ ਇਸ ਨੂੰ ਉਤਸ਼ਾਹਿਤ ਕਰਨ ਲਈ ਕੁਝ ਵਿਸ਼ੇਸ਼ ਨਹੀਂ ਕੀਤਾ ਗਿਆ।

(1) ਲਾਇਬ੍ਰੇਰੀ ਸਹਿਯੋਗ ਬਾਰੇ ਜੋ ਕਾਰਜ ਭਾਰਤ ਦੀਆਂ ਲਾਇਬ੍ਰੇਰੀਆਂ ਵਿਚ ਕੰਮ ਸਭ ਤੋਂ ਵੱਧ ਪ੍ਰਚਲਿਤ ਹੋਇਆ ਉਹ ਹੈ ਅੰਤਰ-ਲਾਇਬ੍ਰੇਰੀ ਉਧਾਰ ਸੇਵਾ। ਇਹ ਸੇਵਾ ਯੂਨੀਵਰਸਿਟੀ ਲਾਇਬ੍ਰੇਰੀਆਂ, ਖੋਜ ਲਾਇਬ੍ਰੇਰੀਆਂ ਅਤੇ ਵਿਸ਼ੇਸ਼ ਲਾਇਬ੍ਰੇਰੀਆਂ ਵਿਚ ਵਧੇਰੇ ਪ੍ਰਚਲਿਤ ਹੈ। ਯੂਨੀਵਰਸਿਟੀ ਲਾਇਬ੍ਰੇਰੀਆਂ ਵਿਚੋਂ ਇਸ ਵੇਲੇ ਸ਼ਾਇਦ ਹੀ ਕੋਈ ਅਜਿਹੀ ਹੋਵੇ ਜੋ ਆਪਣੇ ਪਾਠਕਾਂ ਨੂੰ ਸੀਮਤ ਅਤੇ ਅਸੀਮਤ ਰੂਪ ਵਿਚ ਇਹ ਸੇਵਾ ਨਾ ਪ੍ਰਦਾਨ ਕਰਦੀ ਹੋਵੇ।

(2) ਸਹਿਯੋਗ ਦਾ ਇਕ ਪੱਖ ਇਹ ਵੀ ਹੈ ਕਿ ਜਦ ਇਕ ਯੂਨੀਵਰਸਿਟੀ ਜਾਂ ਵਿਸ਼ੇਸ਼ ਅਦਾਰੇ ਦੇ ਵਿਦਵਾਨ, ਅਧਿਆਪਕ ਜਾਂ ਖੋਜਿਆਰਥੀ ਆਪਣੀ ਲਾਇਬ੍ਰੇਰੀ ਤੋਂ ਸ਼ਨਾਖਤ-ਪੱਤਰ ਲੈ ਕੇ ਦੂਜੀ ਲਾਇਬ੍ਰੇਰੀ ਵਿਚ ਸਮੱਗਰੀ ਦੀ ਵਰਤੋਂ ਲਈ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਹ ਸਹੂਲਤ ਦਿੱਤੀ ਜਾਂਦੀ ਹੈ।

(3) ਹਰ ਸਾਲ ਕੀਮਤਾਂ ਵੱਧ ਜਾਣ ਕਰਕੇ ਹੋਣ ਵਾਲੀ ਵਿੱਤੀ ਤੰਗੀ ਦੇ ਬਾਵਜੂਦ ਭਾਰਤ ਦੀਆਂ ਲਾਇਬ੍ਰੇਰੀਆਂ ਵਿਚ ਸਹਿਕਾਰੀ ਅਧਿਗ੍ਰਹਿਣ ਜਾਂ ਪੁਸਤਕ-ਪ੍ਰਾਪਤੀ ਦੀ ਭਾਵਨਾ ਪ੍ਰਚਲਤ ਨਹੀਂ ਹੋ ਸਕੀ। ਇਸ ਵਿਸ਼ੇ ਤੇ ਅਨੇਕ ਸੈਮੀਨਾਰਾਂ ਅਤੇ ਕਾਨਫ਼ਰੰਸਾਂ ਵਿਚ ਵਿਚਾਰ ਵਟਾਂਦਰਾ ਵੀ ਹੋਇਆ ਹੈ, ਪਰ ਹੁਣ ਤਕ ਕੋਈ ਸਫ਼ਲ ਨਤੀਜਾ ਨਹੀਂ ਨਿਕਲਿਆ, ਹਾਲਾਂਕਿ ਇਸ ਕਿਸਮ ਦੇ ਸਹਿਯੋਗ ਦਾ ਕਾਰਜ-ਖੇਤਰ ਵੀ ਵਿਆਪਕ ਹੈ। ਇਹ ਇਕ ਰਾਜ ਜਾਂ ਪ੍ਰਦੇਸ਼ ਦੀਆਂ ਯੂਨੀਵਰਸਿਟੀ ਲਾਇਬ੍ਰੇਰੀਆਂ ਵਿਸ਼ੇਸ਼ ਲਾਇਬ੍ਰੇਰੀਆਂ, ਲੋਕ ਲਾਇਬ੍ਰੇਰੀਆਂ, ਕਾਲਜ ਲਾਇਬ੍ਰੇਰੀਆਂ ਵਿਚ ਸ਼ੁਰੂ ਕੀਤਾ ਜਾ ਸਕਦਾ ਹੈ।

(4) ਜਿਥੋਂ ਤੱਕ ਸਹਿਕਾਰੀ ਸੰਗ੍ਰਹਿਣ ਦਾ ਸੰਬੰਧ ਹੈ, ਇਸ ਪਾਸੇ ਵੀ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਯੂ.ਜੀ.ਸੀ. ਦੀ ਲਾਇਬ੍ਰੇਰੀ ਕਮੇਟੀ ਦੀ ਰੀਪੋਰਟ ਵਿਚ ਸਿਫ਼ਾਰਿਸ਼ ਕੀਤੀ ਗਈ ਹੈ ਕਿ ਹਰ ਪ੍ਰਾਂਤ ਵਿਚ ਇਕ ਡਾਰਮਿਟਰੀ ਲਾਇਬ੍ਰੇਰੀ ਹੋਣੀ ਚਾਹੀਦੀ ਹੈ ਜਿਥੇ ਲਾਇਬ੍ਰੇਰੀਆਂ ਵਿਚੋਂ ਕੱਢੀਆਂ ਗਈਆਂ ਪੁਸਤਕਾਂ ਦੀਆਂ ਇਕ ਦੋ ਪ੍ਰਤੀਆਂ ਜੋ ਚੰਗੀ ਹਾਲਤ ਵਿਚ ਹੋਣ ਰਖੀਆਂ ਜਾਣ ਤਾਂ ਜੋ ਵਿਦਵਾਨ ਖੋਜੀ ਉਨ੍ਹਾਂ ਨੂੰ ਭਵਿੱਖ ਵਿਚ ਪ੍ਰਯੋਗ ਕਰ ਸਕਣ।

ਇੰਡੀਅਨ ਕੌਂਸਿਲ ਆਫ਼ ਸੋਸ਼ਲ ਸਾਇੰਸ ਰੀਸਰਚ ਦੇ ਕੌਮੀ ਸਮਾਜ ਵਿਗਿਆਨ ਪ੍ਰਲੇਖਨ ਕੇਂਦਰ ਨੇ ਦਿੱਲੀ ਵਿਖੇ ਇਕ 'ਅੰਤਰ-ਲਾਇਬ੍ਰੇਰੀ ਖੋਜ ਕੇਂਦਰ' ਸਥਾਪਤ ਕਰਕੇ ਬਹੁਤ ਹੀ ਸ਼ਲਾਘਾਯੋਗ ਕਦਮ ਪੁੱਟਿਆ ਹੈ, ਜੋ ਸਹਿਕਾਰੀ ਸੰਗ੍ਰਹਿਣ ਵੱਲ ਇਕ ਚੰਗਾ ਉਪਰਾਲਾ ਹੈ। ਇਸ ਦੀ ਅਜਿਹੇ ਕੁਝ ਹੋਰ ਕੇਂਦਰ ਸਥਾਪਤ ਕਰਨ ਦੀ ਯੋਜਨਾ ਹੈ।

(5) ਸਹਿਕਾਰੀ ਸੂਚੀਕਰਨ ਅਤੇ ਕੇਂਦਰੀਕ੍ਰਿਤ ਸੂਚੀਕਰਨ ਤਾਂ ਸਾਡੇ ਦੇਸ਼ ਵਿਚ ਹੈ ਹੀ ਨਹੀਂ। ਹਾਲਾਂਕਿ ਭਾਰਤ ਵਿਚ ਲਾਇਬ੍ਰੇਰੀ ਵਿਗਿਆਨ ਦੇ ਜਨਮ ਦਾਤਾ ਡਾ. ਰੰਗਾਨਾਥਨ ਨੇ ਬਹੁਤ ਸਮਾਂ ਪਹਿਲਾਂ ਇਸ ਕਿਸਮ ਦੇ ਸਹਿਯੋਗ ਵਾਸਤੇ 'ਪੂਰਵ-ਪ੍ਰਕਾਸ਼ਨ ਸੂਚੀਕਰਣ' ਦਾ ਸੰਕਲਪ ਪੇਸ਼ ਕੀਤਾ ਸੀ ਜਿਸ ਵਿਚ ਕੌਮੀ ਕੇਂਦਰੀ ਲਾਇਬ੍ਰੇਰੀ ਨੇ ਪ੍ਰਕਾਸ਼ਕਾਂ ਦੀ ਮਦਦ ਨਾਲ ਇਹ ਕੰਮ ਆਰੰਭਣਾ ਸੀ। ਅਮਰੀਕਾ ਅਤੇ ਇੰਗਲੈਂਡ ਵਿਚ ਤਾਂ ਇਸ ਸੰਕਲਪ ਨੂੰ ਉਨ੍ਹਾਂ ਨੇ 'ਪ੍ਰਕਾਸ਼ਨ-ਵਿਚ-ਸੂਚੀਕਰਣ' (CIS ਅਤੇ CIP) ਦੇ ਰੂਪ ਵਿਚ ਅਪਨਾ ਲਿਆ ਅਤੇ ਇਸ ਦਾ ਅੰਤਰਰਾਸ਼ਟਰੀ ਪੱਧਰ ਤੇ ਵਿਕਾਸ ਕਰ ਲਿਆ, ਪਰ ਭਾਰਤ ਇਸ ਖੇਤਰ ਵਿਚ ਪਿੱਛੇ ਰਹਿ ਗਿਆ। ਕੋਈ ਕੋਈ ਪ੍ਰਕਾਸ਼ਕ ਟਾਂਵੀ-ਟਾਂਵੀ ਪੁਸਤਕ ਵਿਚ ਅਜਿਹਾ ਡਾਟਾ ਸ਼ਾਮਲ ਕਰ

ਲੈਂਦੇ ਹਨ ਪਰ ਉਸ ਵਿਚ ਇਕਰੂਪਤਾ ਅਤੇ ਪ੍ਰਮਾਣਿਕਤਾ ਨਹੀਂ ਹੁੰਦੀ।

(6) ਸੰਘ ਸੂਚੀਆਂ ਤਿਆਰ ਕਰਨ ਦੇ ਖ਼ੇਤਰ ਵਿਚ ਭਾਰਤੀ ਦੀਆਂ ਲਾਇਬ੍ਰੇਰੀਆਂ ਅਤੇ ਪ੍ਰਲੇਖਨ ਕੇਂਦਰਾਂ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਆਜ਼ਾਦੀ ਦੇ ਜਲਦੀ ਬਾਅਦ ਹੀ ਕੁਝ ਉਪਰਾਲੇ ਇਕ ਪਾਸੇ ਵੱਲ ਕੀਤੇ ਗਏ ਹਨ, ਜਿਵੇਂ ਸੀ.ਐਸ.ਆਈ.ਆਰ. ਵਿਚ ਉਪਲੱਬਧ ਰਸਾਲਿਆਂ ਦੀ ਸੂਚੀ (1951), ਦੱਖਣੀ ਅਤੇ ਦੱਖਣ ਪੂਰਬ ਏਸ਼ੀਆ ਵਿਚ ਖੋਜ ਰਸਾਲਿਆਂ ਦੀ ਸੰਘ ਸੂਚੀ ਜਿਸ ਦੀ ਰੰਗਾਨਾਥਨ ਦੇ ਯਤਨਾ ਸਦਕਾ 1953 'ਚ ਤਿੰਨਾਂ ਜਿਲਦਾਂ ਵਿਚੋਂ ਇਕ ਜਿਲਦ ਹੀ ਪ੍ਰਕਾਸ਼ਿਤ ਹੋ ਸਕਦੀ। ਇਸ ਉਪਰਾਂਤ ਇੰਸਡਾਕ ਨੇ 18 ਖੇਤਰੀ ਸੰਘ ਸੂਚੀਆਂ ਤਿਆਰ ਕੀਤੀਆਂ ਹਨ ਜਿਨ੍ਹਾਂ ਦਾ ਕਾਰਜ ਖੇਤਰ ਵਿਗਿਆਨ ਅਤੇ ਤਕਨਾਲੋਜੀ ਹੈ। ਇਹ ਖੇਤਰੀ ਸਹਿਯੋਗ ਨਾਲ ਸੰਭਵ ਹੋ ਸਕਿਆ ਹੈ। ਇਸ ਪ੍ਰਕਾਰ ਹੀ ਸਮਾਜ ਵਿਗਿਆਨ ਦੇ ਖੇਤਰ ਵਿਚ ਨਾਸਡਾਕ ਨੇ ਰਸਾਲਿਆਂ ਦੇ ਸੰਘ ਸੂਚੀ-ਪੱਤਰ ਤਿਆਰ ਕੀਤੇ ਹਨ।

ਪਰ ਇਸ ਖੇਤਰ ਵਿਚ ਵੀ ਸਾਡੇ ਕੋਲ ਪੁਸਤਕਾਂ ਦਾ ਜਾਂ ਹੋਰ ਮਹੱਤਵਪੂਰਨ ਸਮੱਗਰੀ ਦਾ ਸੰਘ ਸੂਚੀ-ਪੱਤਰ ਨਹੀਂ ਹੈ। ਹਾਂ, ਮਦਰਾਸ ਦੇ ਕੁੱਝ ਵਿਦਵਾਨਾਂ ਨੇ ਭਾਰਤ ਦੀਆਂ ਲਾਇਬ੍ਰੇਰੀਆਂ ਵਿਚ ਫ੍ਰਾਂਸੀਸੀ ਭਾਸ਼ਾ ਵਿਚ ਉਪਲੱਬਧ ਸਮੱਗਰੀ ਦੀ ਇਕ ਸੰਘ ਸੂਚੀ 1989 ਵਿਚ ਤਿਆਰ ਕੀਤੀ ਹੈ, ਜੋ ਬੜਾ ਚੰਗਾ ਉੱਦਮ ਹੈ।

(7) ਪੁਸਤਕ ਸੂਚੀਆਂ ਸਮੇਂ ਸਮੇਂ ਤਿਆਰ ਹੁੰਦੀਆਂ ਰਹਿੰਦੀਆਂ ਹਨ। ਇਹ ਪੁਸਤਕ ਸੂਚੀਆਂ ਵਿਸ਼ਾ ਵਿਸ਼ੇਸ਼ ਬਾਰੇ ਜਾਂ ਵਿਅਕਤੀਆਂ ਬਾਰੇ ਜਾਂ ਖੇਤਰ ਬਾਰੇ ਹੁੰਦੀਆਂ ਹਨ। ਭਾਰਤ ਵਿਚ ਪੁਸਤਕ ਸੂਚੀਆਂ ਤਿਆਰ ਕਰਨ ਦਾ ਕਾਰਜ-ਖੇਤਰ ਬਹੁਤ ਵਿਸ਼ਾਲ ਹੈ। ਇਸ ਪਾਸੇ ਹੋਰ ਲਗਨਤਾ ਨਾਲ ਕੰਮ ਕਰਨ ਦੀ ਜ਼ਰੂਰਤ ਹੈ।

ਉਪਰੋਕਤ ਨੂੰ ਮੁੱਖ ਰਖਦਿਆਂ ਹੋਇਆਂ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਲਾਇਬ੍ਰੇਰੀ ਸਹਿਯੋਗ ਦੇ ਖੇਤਰ ਵਿਚ ਲੋੜੀਂਦਾ ਵਿਕਾਸ ਨਹੀਂ ਹੋਇਆ। ਹਾਲਾਂਕਿ ਜੇ ਯਤਨ ਕੀਤੇ ਜਾਣ ਤਾਂ ਇਹ ਸਫ਼ਲਤਾ ਨਾਲ ਚਲਾਇਆ ਜਾ ਸਕਦਾ ਹੈ।

ਸਾਡੇ ਦੇਸ਼ ਵਿਚ ਇਕ ਤਾਂ ਕੌਮੀ ਪੱਧਰ ਤੇ ਲਾਇਬ੍ਰੇਰੀ ਪ੍ਰਣਾਲੀ ਦੀ ਘਾਟ ਹੈ। ਦੂਜੇ, ਨਾ ਕੌਮੀ ਲਾਇਬ੍ਰੇਰੀ ਨੇ ਇਕ ਪਾਸੇ ਵੱਲ ਧਿਆਨ ਦਿੱਤਾ ਹੈ, ਨਾ ਹੀ ਉਸ ਨੇ ਲਾਇਬ੍ਰੇਰੀਆਂ ਨੂੰ ਪਰਸਪਰ ਸਹਿਯੋਗ ਵਾਸਤੇ ਪ੍ਰੇਰਿਆ ਹੈ।

## 1.5.11. ਨੈੱਟਵਰਕ (Network)

ਵਿਕਸਿਤ ਦੇਸ਼ਾਂ ਵਿਚ ਨੈੱਟਵਰਕ ਦੀ ਉੱਨਤੀ ਅਤੇ ਲਾਭਾਂ ਨੂੰ ਦੇਖਦੇ ਹੋਏ ਭਾਰਤ ਨੇ 1980 ਵਿਚ ਇਸ ਦਿਸ਼ਾ ਵਿਚ ਧਿਆਨ ਦਿੱਤਾ। ਯੋਜਨਾ ਆਯੋਗ ਨੇ ਡਾ. ਐਨ. ਸ਼ੇਸ਼ਾਗਿਰੀ ਦੀ ਪ੍ਰਧਾਨਗੀ ਹੇਠ ਇਕ 'ਵਰਕਿੰਗ ਗਰੁੱਪ' ਦਾ ਗਠਨ ਕੀਤਾ, ਜਿਸ ਨੇ ਸੱਤਵੀਂ ਪੰਜ ਸਾਲੀ ਯੋਜਨਾ (1985-90) ਵਿਚ ਭਾਰਤ ਦੀਆਂ ਲਾਇਬ੍ਰੇਰੀਆਂ ਦੀਆਂ ਸੇਵਾਵਾਂ ਵਿਚ ਸੁਧਾਰ ਲਿਆਉਣ ਲਈ ਲਾਇਬ੍ਰੇਰੀਆਂ ਨੂੰ ਆਪਸ ਵਿਚ ਜੋੜਨ ਦੀ ਸ਼ਲਾਘਾ ਕੀਤੀ।

ਉਪਰੋਕਤ ਉਪਰਾਲੇ ਅਧੀਨ ਸਭ ਤੋਂ ਪਹਿਲਾਂ ਕਲਕੱਤਾ ਲਾਇਬ੍ਰੇਰੀ ਨੈੱਟਵਰਕ (CALBINET), ਦਿੱਲੀ ਲਾਇਬ੍ਰੇਰੀ ਨੈੱਟਵਰਕ (DELNET) ਭਾਰਤ ਵਿਚ ਨੈੱਟਵਰਕਿੰਗ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਬਾਅਦ ਅਹਿਮਦਾਬਾਦ ਵਿਚ ਇਨਫਰਮੇਸ਼ਨ ਐਂਡ ਲਾਇਬ੍ਰੇਰੀ ਨੈੱਟਵਰਕ (INFLIBNET) ਦੀ ਸਥਾਪਨਾ ਯੂ.ਜੀ.ਸੀ. ਦੁਆਰਾ ਕੀਤੀ ਗਈ। ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਨੈੱਟਵਰਕਾਂ ਦੀ ਸ਼ੁਰੂਆਤ ਹੋ ਗਈ।

### 1.5.11.1. ਪਰਿਭਾਸ਼ਾ (Definition)

ਨੈੱਟਵਰਕ ਦਾ ਅਰਥ ਸੰਗਠਨਾਂ ਜਾਂ ਵਿਅਕਤੀਆਂ ਦਾ ਸਮੂਹ ਹੈ ਜਿਸ ਨੂੰ ਆਪਸ ਵਿਚ ਜੋੜ ਦਿੱਤਾ ਗਿਆ ਹੈ। ਕੰਪਿਊਟਰ ਅਤੇ ਟੈਲੀਕਮਿਨਿਊਕੇਸ਼ਨ ਕਰਕੇ ਨੈੱਟਵਰਕ ਹੁਣ ਦੇਸ਼ ਦੀ ਹੱਦਾਂ ਤੋਂ ਪਰੇ ਵਿਸ਼ਵਪੱਧਰੀ ਹੋ ਗਿਆ ਹੈ। ਲਾਇਬ੍ਰੇਰੀ ਅਤੇ ਸੂਚਨਾ ਅਦਾਰੇ ਆਪਣੇ ਵਰਤਣ ਵਾਲਿਆਂ ਨੂੰ ਵਧੀਆ, ਨਵੀਨ, ਵਿਆਪਕ ਅਤੇ ਤੁਰੰਤ ਸੇਵਾਵਾਂ ਦੇਣ ਲਈ ਇਨ੍ਹਾਂ ਨੈੱਟਵਰਕਸ ਦਾ ਉਪਯੋਗ ਕਰਦੇ ਹਨ।

### 1.5.11.2. ਲਾਇਬ੍ਰੇਰੀ ਨੈੱਟਵਰਕ ਦੇ ਮਨੋਰਥ (Objectives of Library Network)

(1) ਵਸੀਲਿਆਂ ਦੀ ਸਾਂਝ ਨੂੰ ਵਧਾਉਣਾ;

(2) ਪਾਠ ਸਮੱਗਰੀ ਦੀ ਪ੍ਰਾਪਤੀ ਅਤੇ ਤਕਨੀਕੀ ਵਿਵਸਥਾ ਵਿਚ ਸਹਾਇਤਾ ਕਰਨੀ;

(3) ਡਾਟਾ ਅਤੇ ਪ੍ਰਲੇਖਾਂ ਦਾ ਆਦਾਨ ਪ੍ਰਦਾਨ;

(4) ਪਾਠ-ਸਮੱਗਰੀ ਇਕੱਤਰ ਕਰਨ ਵਿਚ ਸਹਿਯੋਗ ਅਤੇ ਤਾਲਮੇਲ ਪ੍ਰਦਾਨ ਕਰਨਾ;

(5) ਹਵਾਲਾ ਸੇਵਾ (Referral Service), ਆਨਲਾਈਨ ਸੂਚਨਾ ਅਤੇ ਆਨਲਾਈਨ ਸੰਘ ਸੂਚੀ ਸਥਾਪਿਤ ਕਰਨ ਵਿਚ ਮਦਦ ਦੇਣੀ;

(6) ਬਿਬਲਿਉਗ੍ਰਾਫਿਕਲ ਡਾਟਾਬੇਸ ਬਣਾਉਣੇ;

(7) ਪ੍ਰੋਜੈਕਟਸ, ਸਪੈਸ਼ਲਿਸਟਸ, ਸੰਗਠਨਾਂ ਆਦਿ ਦੇ ਡਾਟਾਬੇਸ ਬਣਾਉਣੇ;

(8) ਇਲੈਕਟਰੋਨਿਕ ਡਾਕ ਸੇਵਾ (E-mail)

(9) ਕੰਪਿਊਟਰ ਫਾਇਲਾਂ ਦਾ ਸਥਾਨਾਂਤਰਣ; ਅਤੇ

(10) ਸਾਫ਼ਟਵੇਅਰ ਅਤੇ ਹਾਰਡਵੇਅਰ, ਸੇਵਾਵਾਂ, ਪ੍ਰਣਾਲੀਆਂ ਆਦਿ ਲਈ ਕਸੌਟੀਆਂ ਬਣਾਉਣੀਆਂ ਅਤੇ ਸਲਾਹਾਂ ਦੇਣੀਆਂ।

### 1.5.11.3. ਨੈੱਟਵਰਕ ਦੇ ਉਪਯੋਗ (Uses of Networks)

ਲਾਇਬ੍ਰੇਰੀ ਅਤੇ ਸੂਚਨਾ ਨੈੱਟਵਰਕ ਹੇਠ ਲਿਖੇ ਕੰਮਾਂ ਵਿਚ ਸਹਾਈ ਹਨ :

(1) ਬਿਬਲਿਉਗ੍ਰਾਫਿਕ, ਨੰਬਰੀ ਅਤੇ ਪੂਰੇ ਪਾਠ (Bibliographic) ਡਾਟਾਬੇਸ ਤੋਂ ਆਨਲਾਇਨ ਦੁਬਾਰਾ ਪ੍ਰਾਪਤ ਕਰਨਾ (Online retrieval of bibliographic, numeric and full text);

(2) ਪਾਠ ਸੂਚੀਆਂ ਅਤੇ ਪ੍ਰਸਾਂਗਿਕ ਸੂਚੀਆਂ ਤਿਆਰ ਕਰਨਾ (Compilation of reading lists and topical bibliographies);

(3) ਰਾਸ਼ਟਰੀ ਲਾਇਬ੍ਰੇਰੀ ਸੂਚੀਆਂ ਦਾ ਏਕੀਕਰਨ ਕਰਕੇ ਬਿਬਲਿਉਗ੍ਰਾਫਿਕ ਨਿਯੰਤਰਣ ਸਥਾਪਿਤ ਕਰਨਾ (Bibliographic control by integrating national library catalogue);

(4) ਸ੍ਵੈ-ਚਾਲਿਤ ਪੁਸਤਕ ਮੰਗ ਪ੍ਰਣਾਲੀ ਸਥਾਪਤ ਕਰਨਾ (Automatic book requesting system);

(5) ਸੀ.ਡੀ.ਰੋਮ ਵਸਤਾਂ ਅਤੇ ਸੇਵਾਵਾਂ ਦਾ ਪ੍ਰਯੋਗ (Use of CD-ROM products and Services);

(6) ਸੁਦੂਰ ਡਾਟਾ ਏਂਟਰੀ ਸੁਵਿਧਾ ਦਾ ਪ੍ਰਬੰਧ ਕਰਨਾ (Remote data entry facility);

(7) ਸੂਚਨਾ ਪ੍ਰਾਪਤ ਕਰਨਾ (Down Loading of information);

(8) ਲਾਇਬ੍ਰੇਰੀ ਡਾਕ, ਅੰਤਰ ਲਾਇਬ੍ਰੇਰੀ ਮੰਗ ਅਤੇ ਉਧਾਰ ਦੇਣਾ (Library mailing, inter-library requests and lending);

(9) ਪ੍ਰਲੇਖ ਵਿਤਰਣ (Document Delivery);

(10) ਆਮ ਮਹਿਰਾਂ ਤੋਂ ਸੂਚਨਾ, ਆਂਕੜੇ ਅਤੇ ਸਾਫਟ ਵੇਅਰ ਤਕ ਪਹੁੰਚ ਦੇਣੀ (Access to public domine information/data/ software).

### 1.5.11.6. ਮੁੱਢਲੀਆਂ ਸ਼ਰਤਾਂ (Pre-requisites)

(1) ਸਹਿਯੋਗ ਕਰਨ ਦਾ ਸਮਝੋਤਾ;

(2) ਵਰਤੋਂ ਵਿਚ ਆਉਣ ਵਾਲੀ ਸਮੱਗਰੀ ਦੀ ਛਾਂਟੀ ਦੀ ਸੁਵਿਧਾਵਾਂ;

(3) ਪ੍ਰਾਪਤ ਕਰਨ ਦੀ ਨੀਤੀਆਂ ਬਾਰੇ ਸਮਝੌਤਾ ਤਾਂਕਿ ਸੰਗ੍ਰਹਿ ਬੇਕਾਰ ਨਾ ਹੋ ਜਾਵੇ;

(4) ਤਾਜਾ ਪ੍ਰਾਪਤ ਪਾਠ-ਪ੍ਰਲੇਖਾਂ ਦੀ ਸਾਂਝੀ ਵਰਤੋਂ ਲਈ ਨਿਯਮਾਂ, ਸੀਮਾਵਾਂ ਅਤੇ ਪ੍ਰਾਥਮਿਕਤਾਵਾਂ ਬਾਰੇ ਸਮਝੌਤਾ;

(5) ਡਾਟਾ ਅਤੇ ਪ੍ਰਲੇਖਾਂ ਦੀ ਸੁਬੋਧਿਕ ਵਿਵਸਥਾ ਲਈ ਪ੍ਰਣਾਲੀ ਦੀ ਹੋਂਦ;

(6) ਵਰਤੋਂ ਕਰਨ ਵਾਲੀਆਂ ਨੂੰ ਸੂਚਨਾ/ਸੂਚਨਾ ਸੋਮੇ ਪ੍ਰਦਾਨ ਕਰਨ ਲਈ ਢੰਗ (Output media);

(7) ਆਪਸ ਵਿਚ ਜੁੜਣ ਵਾਲੇ ਅਦਾਰਿਆਂ ਸੁਆਰਥਾਂ ਵਿਚ ਸਮਾਨਤਾ (Common on subject interest);

(8) ਆਪਸ ਵਿਚ ਜੁੜਣ ਵਾਲੇ ਅਦਾਰਿਆਂ ਦੀਆਂ ਕੰਪਿਊਟਰ ਪ੍ਰਣਾਲੀਆਂ ਵਿਚ ਇਕਰੂਪਤਾ (Compatibility);

(9) ਵਸੀਲਿਆਂ ਦੀ ਸਾਂਝ ਵਾਲੀਆਂ ਲਾਇਬ੍ਰੇਰੀਆਂ ਕੋਲ ਨੈੱਟਵਰਕ ਸੁਵਿਧਾ ਦੀ ਹੋਂਦ ਜ਼ਰੂਰੀ ਹੈ। ਇਸ ਲਈ ਸੰਪੂਰਨ ਰਿਕਾਰਡ ਦਾ ਹੋਣਾ ਜ਼ਰੂਰੀ ਹੈ;

(10) ਨੀਤੀਆਂ ਅਤੇ ਤਰੀਕਿਆਂ ਦੀ ਮਾਨਕੀਕਰਨ ਤਾਂ ਜੋ ਸਾਰੇ ਜੁੜੇ ਆਦਰੇ ਸੇਵਾਵਾਂ ਦਾ ਭਰਪੂਰ ਲਾਭ ਉਠਾ ਸਕਣ;

(11) ਸੂਚਨਾ ਪ੍ਰਸਾਰਣ ਦੇ ਵੱਧ ਤੋਂ ਵੱਧ ਸਾਧਨਾਂ ਦਾ ਹੋਣਾ;

(12) ਰਸਮੀ ਤੌਰ ਤੇ ਅਦਾਰਿਆਂ ਵਿਚ ਸਹਿਯੋਗ ਦੀ ਸਥਾਪਨਾ; ਅਤੇ

(13) ਪ੍ਰਸਾਰਣ ਦੇ ਸਾਧਨਾਂ (Communication Links) ਦੀ ਵਿਵਸਥਾ ਅਤੇ ਉਨ੍ਹਾਂ ਦਾ ਕ੍ਰਿਆਸ਼ੀਲ ਹੋਣਾ।

### 1.5.11.7. ਭਾਰਤ ਦੇ ਨੈੱਟਵਰਕ (Networks in India)

ਲਾਇਬ੍ਰੇਰੀਆਂ ਦੀ ਵਧਦੀ ਕੰਪਿਊਟਰ ਵਰਤੋਂ ਸਦਕਾ ਨੈੱਟਵਰਕ ਦਾ ਕੁਝ ਵਿਕਾਸ ਕੀਤਾ ਗਿਆ ਹੈ ਜਿਸ ਦੇ ਸ਼ੁਰੂ ਹੋਣ ਨਾਲ ਭਾਰਤ ਵਿਚ ਵਸੀਲਿਆਂ ਦੀ ਸਾਂਝ ਵਧੇਗੀ ਅਤੇ ਲਾਇਬ੍ਰੇਰੀਆਂ ਦਾ ਪਰਸਪਰ ਸਹਿਯੋਗ ਪ੍ਰਫੁੱਲਤ ਹੋਵੇਗਾ।

ਲਾਇਬ੍ਰੇਰੀ ਨੈੱਟਵਰਕਿੰਗ ਦੀ ਤਕਨਾਲੋਜੀ ਦਾ ਸੰਕਲਪ ਹੁਣ ਨਵਾਂ ਨਹੀਂ ਸਗੋਂ ਆਮ ਹੋ ਗਿਆ ਹੈ। ਲਾਇਬ੍ਰੇਰੀ ਅਤੇ ਸੂਚਨਾ ਪੇਸ਼ਾਵਰ ਵਿਅਕਤੀਆਂ ਵਿਚ ਨੈੱਟਵਰਕ ਰਾਹੀਂ ਵਸੀਲਿਆਂ ਜਾਂ ਸ੍ਰੋਤਾਂ ਦੀ ਸਾਂਝ (resource sharing) ਦਾ ਸੰਕਲਪ ਕਾਫ਼ੀ ਪ੍ਰਚਲਿਤ ਹੋ ਰਿਹਾ ਹੈ। ਜਿਵੇਂ :

(1) ਕਲਕੱਤਾ ਲਾਇਬ੍ਰੇਰੀ ਨੈੱਟਵਰਕ (CALIBNET)

(2) ਬਾਇਓਟੈਕਨਾਲੋਜੀ ਇਨਫ਼ਾਰਮੇਸ਼ਨ ਨੈੱਟਵਰਕ (BTISNET)

(3) ਦਿੱਲੀ ਲਾਇਬ੍ਰੇਰੀ ਨੈੱਟਵਰਕ (DELNET) Now (Developing Library Network)
(4) ਸੀ.ਐਸ.ਆਈ.ਆਰ. ਨੈੱਟਵਰਕ (SIRNET)
(5) ਡੀਫੈਂਸ ਨੈੱਟਵਰਕ (DESNET)
(6) ਸੂਚਨਾ ਅਤੇ ਲਾਇਬ੍ਰੇਰੀ ਨੈੱਟਵਰਕ (INFLIBNET)

ਇਨ੍ਹਾਂ ਨਾਲ ਭਾਰਤ ਵਿਚ ਲਾਇਬ੍ਰੇਰੀ ਅਤੇ ਸੂਚਨਾ ਪ੍ਰਬੰਧ ਦੇ ਖੇਤਰ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੋਇਆ ਹੈ। ਇਨ੍ਹਾ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ :

## 1.5.11.7.1. ਕਲਕੱਤਾ ਲਾਇਬ੍ਰੇਰੀ ਨੈੱਟਵਰਕ (CALIBNET)

ਕਲਕੱਤਾ ਦੀਆਂ ਲਾਇਬ੍ਰੇਰੀਆਂ ਵਿਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਸੂਚਨਾ ਸ੍ਰੋਤਾਂ ਦੀ ਸਾਂਝ ਵਧਾਉਣ ਵਾਸਤੇ ਨਿਸਾਤ (NISSAT) ਦੇ ਉਪਰਾਲਿਆਂ ਦੇ ਕਾਰਣ ਇਹ ਨੈੱਟਵਰਕ ਹੋਂਦ ਵਿਚ ਆਇਆ। ਇਸ ਨਾਲ ਕਲਕੱਤਾ ਦੀਆਂ 40 ਲਾਇਬ੍ਰੇਰੀਆਂ ਵਿਚ ਤਾਲਮੇਲ ਸਥਾਪਤ ਕੀਤਾ ਜਾਣਾ ਹੈ। ਹਰ ਲਾਇਬ੍ਰੇਰੀ ਵਿਚ ਸੂਚੀਕਰਣ, ਰਸਾਲਾ ਨਿਯੰਤ੍ਰਣ, ਅਧਿਗ੍ਰਹਿਣ, ਪੁਸਤਕਾਂ ਜਾਰੀ ਕਰਨਾ, ਅਤੇ ਪਾਠਕ ਸੇਵਾ ਦੇ ਕੰਮਾਂ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ। ਇਸ ਨੈੱਟਵਰਕ ਰਾਹੀਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਨੈੱਟਵਰਕਸ ਤਕ ਪਹੁੰਚ ਕੀਤੀ ਜਾ ਸਕਦੀ ਹੈ ਅਤੇ ਨਵੀਨ ਚੇਤਨਾ ਸੇਵਾ, ਐਸ.ਡੀ.ਆਈ.ਸੇਵਾ ਆਦਿ ਦਾ ਉਪਯੋਗ ਕੀਤਾ ਜਾ ਸਕਦਾ ਹੈ।

ਸਾਰੀਆਂ ਸਹਿਯੋਗੀ ਲਾਇਬ੍ਰੇਰੀਆਂ ਕੰਪਿਊਟਰਾਂ ਰਾਹੀਂ ਇਕ ਦੂਜੀ ਨਾਲ ਜੁੜੀਆਂ ਹੋਣਗੀਆਂ ਅਤੇ ਇਹ ਨੈੱਟਵਰਕ ਨਿਯੰਤ੍ਰਣ ਕੇਂਦਰ ਦੇ ਰੂਪ ਵਿਚ ਕੰਮ ਕਰੇਗਾ ਜਿਥੋਂ ਅੰਤਰ-ਰਾਸ਼ਟਰੀ ਸੇਵਾਵਾਂ ਉਪਲੱਬਧ ਹੋਣਗੀਆਂ।

ਰਿਪੋਰਟ ਦੇ ਅਨੁਸਾਰ ਇਹ ਨੈੱਟਵਰਕ ਦੋ ਹਿੱਸਿਆਂ ਵਿਚ ਸਥਾਪਤ ਹੋਵੇਗਾ। ਨਿਸਾਤ (NISSAT) ਸਾਫਟ-ਵੈਅਰ (MAITRAYEE) ਦੇ ਜੋ ਕਿ INGRESS 502 ਤੇ ਆਧਾਰਿਤ ਹੈ ਦੇ ਵਿਕਾਸ ਲਈ ਸੀ.ਐਮ.ਸੀ. ਲਿਮਿਟੇਡ ਨੂੰ ਪੈਸਾ ਦੇਵੇਗਾ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ CALIBNET ਨੇ ਅਜੇ ਸਹਿਯੋਗ ਸ਼ੁਰੂ ਨਹੀਂ ਕੀਤਾ ਹੈ।

## 1.5.11.7.2. ਦਿੱਲੀ ਲਾਇਬ੍ਰੇਰੀ ਨੈੱਟਵਰਕ (DELNET) (Developing Library Network)

ਇਸ ਨੈੱਟਵਰਕ ਸੰਬੰਧੀ ਕੰਮ ਵੀ ਨਿਸਾਤ (NISSAT) ਦੇ ਉੱਦਮ ਨਾਲ ਇੰਡੀਆ ਇੰਟਰਨੈਸ਼ਨਲ ਸੈਂਟਰ (IIC), ਨਵੀਂ ਦਿੱਲੀ ਦੁਆਰਾ ਸ਼ੁਰੂ ਹੋਇਆ ਹੈ। ਇਹ ਨੈੱਟਵਰਕ ਵੀ ਕਲਕੱਤਾ ਲਾਇਬ੍ਰੇਰੀ ਨੈੱਟਵਰਕ ਵਾਂਗ ਹੀ ਕੰਮ ਕਰੇਗਾ। 1992 ਵਿਚ ਇਸ ਨੂੰ ਇਕ ਪੰਜੀਕ੍ਰਿਤ ਸੋਸਾਇਟੀ ਬਣਾ ਦਿੱਤਾ ਗਿਆ। ਸਤੰਬਰ 2000 ਤੋਂ ਇਸ ਦਾ ਨਾਮ ਡਿਵੈਲਪਿੰਗ ਲਾਇਬ੍ਰੇਰੀ ਨੈਟਵਰਕ ਹੋ ਗਿਆ ਸੀ। ਇਸ ਦੀਆਂ ਕੁੱਝ ਵਿਸ਼ੇਸ਼ਤਾਵਾਂ ਹਨ :

(1) ਸਤੰਬਰ 2020 ਤੱਕ ਡੈਲਨੈਟ ਦੀਆ 6992 ਲਾਇਬ੍ਰੇਰੀਆਂ ਮੈਂਬਰ ਹਨ, ਇਨ੍ਹਾਂ ਵਿਚੋਂ 291 ਲਾਇਬ੍ਰੇਰੀਆਂ ਦਿੱਲੀ ਦੀਆਂ ਅਤੇ 6679 ਦਿੱਲੀ ਤੋਂ ਬਾਹਰ ਦੀਆਂ ਲਾਇਬ੍ਰੇਰੀਆਂ ਮੈਂਬਰ ਹਨ ਇਸ ਵਿੱਚ 22 ਲਾਇਬ੍ਰੇਰੀਆ ਬਾਹਰਲੇ ਦੇਸ਼ ਦੀਆਂ ਵੀ ਮੈਂਬਰ ਹਨ। ਇਸ ਦੀ ਗਵਰਨਿੰਗ ਬੋਰਡ ਦੀ ਮੈਂਬਰ 2018-2020 ਲਈ ਡਾ.ਜੈ ਕੁਮਾਰ (Dr. Jaya Kumar I.A.S) ਪ੍ਰੈਜੀਡੈਂਟ ਹਨ ਤੇ ਡਾਇਰੈਕਟਰ ਐਚ.ਕੇ.ਕੌਲ ਹਨ। ਇਹ ਸੰਖਿਆ ਵੱਧਦੀ ਰਹਿੰਦੀ ਹੈ।

(2) ਭਾਈਵਾਲ ਲਾਇਬ੍ਰੇਰੀਆਂ ਵਿਚ ਵਸੀਲਿਆਂ ਦੀ ਸਾਂਝ (Resource Sharing) ਲਈ ਡੇਲਨੇਟ ਨੇ ਨਿਮਨਲਿਖਿਤ ਕਾਰਜ ਕੀਤੇ ਹਨ :
   (i) ਕਿਤਾਬਾਂ ਦੀ ਸੰਘ ਸੂਚੀ ਵਿੱਚ 2,92,70,150 ਰਿਕਾਰਡ
   (ii) ਰਸਾਲਿਆਂ ਦੇ ਆਰਟੀਕਲ ਦੇ ਡਾਟਾਬੇਸ 11,06,228 ਰਿਕਾਰਡ
   (iii) ਵਿਸ਼ੇਸ਼ਗਾਂ ਦਾ ਡਾਟਾਬੇਸ (1,200 ਵਿਸ਼ੇਸ਼ਗ)
   (iv) ਰਸਾਲਿਆਂ ਦੀ ਸੰਘ ਸੂਚੀ (38,184 ਰਿਕਾਰਡ)
   (v) ਭਾਸ਼ਾਵਾਂ ਦੇ ਪ੍ਰਕਾਸ਼ਨਾ ਦਾ ਡਾਟਾਬੇਸ (ਸੈਂਪਲ)
   (vi) ਡਾਟਾ ਬੇਸ ਆਫ E-Book ਲਗਭਗ 1613 recorded ਹਨ।
   (v) ਖੋਜ ਨਿਬੰਧ ਦਾ ਡਾਟਾ ਬੇਸ: ਭਾਰਤ ਦੀ ਯੂਨੀਵਰਸਿਟੀਆਂ ਵਿਚ ਵੱਖ ਵਿਸ਼ਿਆ ਦੇ 1,30,753 ਰਿਕਾਰਡ ਹਨ।
   (vi) ਸੀ.ਡੀ. ਰੋਮ ਡਾਟਾਬੇਸ- 61,750

(3) ਡੇਲਨੇਟ ਦੁਆਰਾ ਬੇਸਿਸ ਪਲਸ (BASIS plus) ਦੇ ਆਧਾਰਿਤ ਡੇਲਸੀਸ (DELSIS) ਨੈੱਟਵਰਕ ਸਾਫ਼ਟ ਵੇਅਰ ਹੈ ਜਿਸ ਦੀ ਸ਼ਕਤੀ ਲੱਖਾਂ ਬਿਬਲਿਉਗ੍ਰਾਫਿਕ ਰਿਕਾਰਡਾਂ ਅਤੇ ਸੰਪੂਰਨ ਪਾਠਾਂ ਨੂੰ ਸੰਭਾਲਣ ਦੀ ਹੈ।

(4) ਮੈਂਬਰਾਂ ਨੂੰ ਇੰਟਰਨੈੱਟ ਅਤੇ ਈ. ਮੇਲ ਸੁਵਿਧਾ ਇਸ ਦੇ ਮੁੱਖ ਸਥਾਨ ਦਿੱਲੀ ਤੋਂ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਡੇਲਨੇਟ ਨੇ ਇਕ 'ਹੋਮ ਪੇਜ' (Home Page) ਵੀ ਬਣਾਇਆ ਹੈ ਜਿਸ ਤੱਕ ਪਹੁੰਚ ਕਰਨ ਲਈ ਇੰਟਰਨੈੱਟ ਤੇ ਪਤਾ ਹੈ : HYPERLINKhttp://

www.nichttp://www.nic.in/delnet

(5) ਡੇਲਨੇਟ ਦੁਆਰਾ ਇਹ ਕਿਹਾ ਜਾਂਦਾ ਹੈ ਕਿ ਇਸ ਪ੍ਰਕ੍ਰਿਆ ਦੁਆਰਾ ਫਿਜਿਕਲ ਸਾਇੰਸ, ਮੈਡੀਕਲ ਸਾਇੰਸ ਅਤੇ ਐਗਰੀਕਲਚਰ ਸਾਇੰਸ ਵਿਸ਼ੇ ਦੇ ਰਸਾਲਿਆਂ ਦੀ ਪ੍ਰਕ੍ਰਿਆ ਵਿਚ ਸੁਧਾਰ ਕਰਕੇ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਦਾ ਇਕ ਕਰੋੜ ਦਾ ਫਾਇਦਾ ਕੀਤਾ ਹੈ; ਅਤੇ

(6) ਡੇਲਨੇਟ ਭਾਗ ਲੈਣ ਵਾਲੀਆਂ ਲਾਇਬ੍ਰੇਰੀਆਂ ਦੇ ਕਰਮਚਾਰੀਆਂ ਲਈ ਸਿਖਲਾਈ ਦਾ ਪ੍ਰੋਗਰਾਮ ਕਰਦੀ ਹੈ ਤਾਂ ਜੋ ਇਸ ਦੀ ਵਰਤੋਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ ਅਤੇ ਆਧੁਨਿਕ ਤਕਨੀਕਾਂ ਨੂੰ ਵਰਤੋਂ ਵਿਚ ਲਿਆ ਸਕਣ।

ਇਹ ਕਹਿਣਾ ਉਚਿਤ ਹੈ ਕਿ ਡੇਲਨੇਟ ਭਾਰਤ ਵਿਚ ਸ੍ਰੋਤਾਂ ਦੀ ਸਾਂਝ ਸੇਵਾ ਪ੍ਰਦਾਨ ਕਰਨ ਵਾਲਾ ਪਹਿਲਾ ਨੈੱਟਵਰਕ ਹੈ। ਇਸ ਦੇ ਕਾਰਜ ਖੇਤਰਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਹ ਜਲਦੀ ਹੀ ਆਨਲਾਇਨ ਤੇ ਬੁਕਸ ਇਨ ਪ੍ਰਿੰਟ : ਨਿਯੂ ਟਾਇਟਲ (Books in Print : New Titles) ਕੁਝ ਉੱਘੇ ਪ੍ਰਕਾਸ਼ਕਾਂ ਦੀ ਮਦਦ ਨਾਲ ਸ਼ੁਰੂ ਕਰਨ ਜਾ ਰਿਹਾ ਹੈ।

## 1.5.11.7.3. ਸੂਚਨਾ ਅਤੇ ਲਾਇਬ੍ਰੇਰੀ ਨੈੱਟਵਰਕ ਇਨਫਲਿਬਨੇਟ (INFLIBNET)

ਇਨਫਲਿਬਨੇਟ ਦੇ ਪ੍ਰੋਗਰਾਮ ਦੀ ਧਾਰਣਾ ਯੂ.ਜੀ.ਸੀ. ਦੇ ਉਸ ਵੇਲੇ ਦੇ ਸਭਾਪਤੀ ਪ੍ਰੋ. ਯਸ਼ਪਾਲ ਨੇ ਬਣਾਈ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਅੱਜ ਦੇ ਸੰਦਰਭ ਵਿਚ ਕੰਪਿਊਟਰ ਅਤੇ ਪ੍ਰਸਾਰਣ ਤਕਨੀਕ ਦੇ ਵਿਕਾਸ ਨਾਲ ਦੇਸ਼ ਵਿਚ ਲਾਇਬ੍ਰੇਰੀ ਅਤੇ ਸੂਚਨਾ ਪ੍ਰਦਾਨ ਕਰਨ ਵਾਲਾ ਨੈੱਟਵਰਕ ਹੋਣਾ ਜ਼ਰੂਰੀ ਹੈ। ਇਹ ਸਾਰਾ ਪ੍ਰੋਗਰਾਮ 'ਡਿਵੈਲਪਮੈਂਟ ਆਫ਼ ਐਨ ਇਨਫਰਮੇਸ਼ਨ ਐਂਡ ਨੈੱਟਵਰਕ–ਰਿਪੋਰਟ ਆਫ਼ ਦੀ ਇੰਟਰ-ਏਜੰਸੀ ਵਰਕਿੰਗ ਗਰੁੱਪ ਯੂ.ਜੀ.ਸੀ., 1988' (Development of an Information and Network—Report of Inter-Agency Working Group U.G.C., 1988) ਵਿਚ ਵਿਕਸਿਤ ਕਰਕੇ ਵਿਚਾਰਿਆ ਗਿਆ ਹੈ ਅਤੇ ਇਸ ਦੇ ਵਰਤੋਂ ਦੀ ਪ੍ਰਕ੍ਰਿਆ ਦੀ ਵਿਆਖਿਆ ਕੀਤੀ ਗਈ ਹੈ। ਇਸ ਸਾਰੇ ਕੰਮ ਤੇ 150 ਕਰੋੜ ਰੁਪਏ ਸਾਲਾਨਾ ਖ਼ਰਚ ਆਉਣ ਦੀ ਸੰਭਾਵਨਾ ਹੈ। ਸਾਰਾ ਖ਼ਰਚ ਭਾਰਤ ਸਰਕਾਰ ਦੁਆਰਾ ਕੀਤਾ ਜਾਣਾ ਹੈ।

ਵਿੱਦਿਆ, ਸਿੱਖਿਆ, ਖੋਜ ਅਤੇ ਹੋਰ ਅਕਾਦਮਿਕ ਅਧਿਐਨ ਵਾਸਤੇ ਸੂਚਨਾ ਤਬਾਦਲਾ ਅਤੇ ਪਹੁੰਚ ਸਮਰੱਥਾ ਵਧਾਉਣ ਵਾਸਤੇ ਇਨਫਲਿਬਨੇਟ ਇਕ ਬਹੁਤ ਵੱਡਾ ਕੌਮੀ ਉੱਦਮ ਹੈ। ਇਹ ਕੰਪਿਊਟਰ ਅਤੇ ਸੰਚਾਰਣ ਸਾਧਨਾਂ ਰਾਹੀਂ ਜੋੜਿਆ ਹੋਇਆ ਨੈੱਟਵਰਕ ਹੈ ਜਿਸ ਰਾਹੀਂ ਲਾਇਬ੍ਰੇਰੀਆਂ, ਸੂਚਨਾ ਅਤੇ ਪ੍ਰਲੇਖਨ ਕੇਂਦਰ, ਯੂਨੀਵਰਸਿਟੀ ਲਾਇਬ੍ਰੇਰੀਆਂ, ਖੋਜ ਅਤੇ ਵਿਕਾਸ ਸੰਸਥਾਵਾਂ, ਕਾਲਜ, ਆਦਿ ਵਿਚ ਤਾਲਮੇਲ ਸਥਾਪਤ ਕੀਤਾ ਜਾਵੇਗਾ।

ਇਹ ਬਹੁਮੁਖੀ ਕਾਰਜ ਅਤੇ ਸੇਵਾ ਵਾਲਾ ਨੈੱਟਵਰਕ ਹੋਵੇਗਾ ਜਿਸ ਵਿਚ ਸੂਚੀਕਰਨ ਤੇ ਆਧਾਰਿਤ ਸੇਵਾ, ਡਾਟਾਬੇਸ ਸੇਵਾ, ਦਸਤਾਵੇਜ਼ ਪੂਰਤੀ ਸੇਵਾ, ਸੰਗ੍ਰਹਿ ਵਿਕਾਸ ਅਤੇ ਸੰਚਾਰਣ-ਆਧਾਰਿਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਇਸ ਦਾ ਇਕ ਕੌਮੀ ਕੇਂਦਰ ਹੋਵੇਗਾ ਜੋ ਤਾਲਮੇਲ ਪੈਦਾ ਕਰੇਗਾ ਅਤੇ ਹੋਰ ਲੋੜੀਂਦਾ ਪ੍ਰਬੰਧ ਕਰੇਗਾ। ਇਹ ਕੌਮੀ ਕੇਂਦਰ ਚਾਰ ਖੇਤਰੀ ਕੇਂਦਰਾਂ ਨਾਲ ਤਾਲਮੇਲ ਰੱਖੇਗਾ।

ਇਨ੍ਹਾਂ ਤੋਂ ਇਲਾਵਾ ਇਹ ਨੈੱਟਵਰਕ ਤਿੰਨ ਯੂ.ਜੀ.ਸੀ. ਸੂਚਨਾ ਕੇਂਦਰ, ਨਿਸਾਤ ਦੇ ਅਧੀਨ ਸੈਕਟੋਰਲ ਕੇਂਦਰ, 170 ਯੂਨੀਵਰਸਿਟੀ ਲਾਇਬ੍ਰੇਰੀਆਂ, 500 ਕਾਲਜ ਲਾਇਬ੍ਰੇਰੀਆਂ, 200 ਖੋਜ ਅਤੇ ਵਿਕਾਸ ਅਦਾਰਿਆਂ ਨੂੰ ਜੋੜੇਗਾ ਅਤੇ ਤਾਲਮੇਲ ਪੈਦਾ ਕਰੇਗਾ।

### 1.5.11.7.3.1. ਮਨੋਰਥ (Objectives)

ਇਨਫਲਿਬਨੇਟ ਦੀ ਰਚਨਾ ਨੇ ਨਿਮਨਲਿਖਿਤ ਮਨੋਰਥ ਹਨ :

(1) ਦੇਸ਼ ਦੀਆਂ ਵੱਖ-ਵੱਖ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਨੂੰ ਜੋੜ ਕੇ ਇਕ ਰਾਸ਼ਟਰੀ ਜਾਲ ਵਿਚ ਪਰੋ ਕੇ, ਸੂਚਨਾ ਦੀ ਪ੍ਰਕ੍ਰਿਆ ਅਤੇ ਸੇਵਾਵਾਂ ਲਈ ਉਨ੍ਹਾਂ ਦੀ ਸਮਰੱਥਾ ਵਿਚ ਵਾਧਾ ਕਰਨਾ;

(2) ਮੋਨੋਗ੍ਰਾਫਸ, ਰਸਾਲੇ ਅਤੇ ਨਾਨਬੁਕ ਮੈਟੀਰਿਅਲਸ ਦਾ ਆਨਲਾਇਨ ਸੰਘ ਸੂਚੀ ਦਾ ਨਿਰਮਾਣ ਕਰਕੇ ਲਾਇਬ੍ਰੇਰੀਆਂ ਦੀ ਪਾਠ ਸਮੱਗਰੀ ਸੰਗ੍ਰਹਿ ਵੱਲ ਪਹੁੰਚ ਪ੍ਰਦਾਨ ਕਰਨੀ;

(3) ਨਿਸਾਤ (NISSAT)ਅਤੇ ਯੂ.ਜੀ.ਸੀ. (UGC) ਦੁਆਰਾ ਬਣਾਏ ਗਏ ਸਥਾਨਕ ਬਿਬਲਿਉਗ੍ਰਾਫਿਕ, ਨੰਬਰੀ ਅਤੇ ਤੱਥਾਂ ਦੇ ਡਾਟਾਬੇਸ ਵੱਲ ਵਧੀਆ ਪਹੁੰਚ ਪ੍ਰਦਾਨ ਕਰਨਾ;

(4) ਆਨ ਲਾਇਨ ਸੂਚਨਾ ਦੀ ਪਹੁੰਚ ਲਈ ਸੰਪਰਕ ਬਿੰਦੂ ਦੀ ਸਥਾਪਨਾ ਕਰਨੀ;

(5) ਵਿਸ਼ੇਸ਼ ਵਿਸ਼ੇ ਵਿਚ ਚੰਗੀ ਅਤੇ ਵਿਆਪਕ ਪਾਠ-ਸਮੱਗਰੀ ਵਾਲੀ ਲਾਇਬ੍ਰੇਰੀਆਂ ਦੇ ਸੋਮਿਆਂ ਦੀ ਸੂਚਨਾ ਪ੍ਰਦਾਨ ਕਰ ਪ੍ਰਲੇਖ ਵਿਤਰਣ ਪ੍ਰਣਾਲੀ ਵਿਚ ਸੁਧਾਰ ਕਰਨਾ;

(6) ਵਸੀਲਿਆਂ ਦੀ ਸਾਂਝ (Resources Sharing) ਦੁਆਰਾ ਸੂਚਨਾ ਸ੍ਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਲਈ ਉਪਰਾਲੇ ਕਰਨੇ;

(7) ਇਕਸੁਰਤਾ (Uniform Standards) ਵਾਲਾ ਕੰਪਿਊਟਰ ਪ੍ਰੋਗਰਾਮ ਸਾਰੀਆਂ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਵਿਚ ਵਿਵਸਥਾ ਅਤੇ ਸੇਵਾਵਾਂ ਲਈ ਲਾਗੂ ਕਰਾਉਣਾ;

(8) ਵਿਗਿਆਨੀਆਂ, ਤਕਨਾਲੋਜੀਸਟਸ, ਖੋਜਾਰਥੀਆਂ, ਸਮਾਜ ਸ਼ਾਸਤ੍ਰੀਆਂ, ਅਧਿਆਪਕਾਂ, ਵਿਦਿਆਰਥੀਆਂ ਵਿਚ ਈ. ਮੇਲ, ਬੁਲੇਟਿਨ ਬੋਰਡ,

ਫਾਇਨ ਟਰਾਂਸਫਰ, ਕੰਪਿਊਟਰ/ਆਡਿਓ/ਵਿਡਿਓ ਕਾਨਫਰੰਸਿੰਗ ਨਾਲ ਵਿਗਿਆਨਕ ਪ੍ਰਸਾਰਣ ਨੂੰ ਵਧਾਉਣਾ;

(9) ਸਾਰੇ ਦੇਸ਼ ਵਿਚ ਫੈਲੇ ਪਾਠਕਾਂ ਨੂੰ ਪੁਸਤਕਾਂ, ਮੋਨੋਗ੍ਰਾਫਸ, ਰਸਾਲੇ ਅਤੇ ਨਾਨ ਬੁਕ ਸਮੱਗਰੀ ਦੀ ਹੋਂਦ ਅਤੇ ਉਪਸਥਿਤੀ ਦੀ ਸੂਚਨਾ ਪ੍ਰਦਾਨ ਕਰਕੇ; ਲੋੜੀਂਦੇ ਸੂਚਨਾ ਸ੍ਰੋਤਾਂ ਦੀ ਨਵੀਂ ਤਕਨੀਕ ਰਾਹੀਂ ਪ੍ਰਾਪਤ ਕਰਨ ਦੀ ਸੁਵਿਧਾ ਪ੍ਰਦਾਨ ਕਰਨਾ;

(10) ਦੇਸ਼ ਵਿਚ ਲਾਇਬ੍ਰੇਰੀਆਂ, ਸੂਚਨਾ ਕੇਂਦਰਾਂ, ਪ੍ਰਲੇਖਨ ਕੇਂਦਰਾਂ ਵਿਚ ਆਪਸੀ ਸਹਿਯੋਗ ਦੀ ਭਾਵਨਾ ਵਿਚ ਵਾਧਾ ਕਰਨਾ; ਜਿਸ ਕਰਕੇ ਕਮਜ਼ੋਰ ਸਮੱਗਰੀ ਵਾਲੇ ਅਦਾਰੇ ਲਈ ਸੂਚਨਾ ਸ੍ਰੋਤਾਂ ਦੀ ਕਮੀ ਨਾ ਰਹੇ;

(11) ਇਨਫਲਿਬਨੇਟ ਨੂੰ ਚਲਾਉਣ ਵਾਸਤੇ ਯੋਗ ਪੇਸ਼ੇਵਰ ਮਾਨ ਸੰਸਾਧਨਾਂ ਵਿਚ ਸਿਖਲਾਈ ਅਤੇ ਜਾਣਕਾਰੀ ਪ੍ਰਦਾਨ ਕਰ ਵਾਧਾ ਕਰਨਾ; ਅਤੇ

(12) ਤਰੀਕਿਆਂ, ਪ੍ਰਣਾਲੀਆਂ, ਪ੍ਰਕ੍ਰਿਆਵਾਂ, ਹਾਰਡਵੇਅਰ, ਸਾਫਟਵੇਅਰ, ਸੇਵਾਵਾਂ ਵਿਚ ਪ੍ਰਮਾਣੀਕਰਨ ਦਾ ਉਪਰਾਲਾ ਕਰਨਾ ਜਿਸ ਨਾਲ ਉਪਲੱਬਧ ਸੂਚਨਾ ਸ੍ਰੋਤਾਂ ਦੀਆਂ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ ਦੁਆਰਾ ਵੱਧ ਤੋਂ ਵੱਧ ਵਰਤੋਂ ਕੀਤੀ ਜਾ ਸਕੇ ।

### 1.5.11.7.3.2. ਇਨਫਲਿਬਨੇਟ ਸੇਵਾਵਾਂ (Services)

ਇਨਫਲਿਬਨੇਟ ਨੇ ਬਹੁਮੁੱਖੀ ਸੇਵਾਵਾਂ/ਕਾਰਜਾਂ ਦਾ ਨੈੱਟਵਰਕ ਤਿਆਰ ਕਰਨ ਦੀ ਯੋਜਨਾ ਬਣਾਈ ਹੈ । ਇਨ੍ਹਾਂ ਵਿਚ ਹਨ :

(1) ਸੂਚੀ ਤੇ ਆਧਾਰਿਤ ਸੇਵਾਵਾਂ (Catalogue based Services);

(2) ਡਾਟਾਬੇਸ ਸੇਵਾਵਾਂ;

(3) ਪ੍ਰਲੇਖ ਵਿਤਰਣ ਸੇਵਾ (Document Supply Service);

(4) ਸੰਗ੍ਰਹਿ ਵਿਕਾਸ ਕਾਰਜ (Collection Development); ਅਤੇ

(5) ਪ੍ਰਸਾਰਣ ਆਧਾਰਿਤ ਸੇਵਾਵਾਂ (Communication based Services).

ਇਨਫਲਿਬਨੇਟ ਦੇਸ਼ ਦੀਆਂ 200 ਯੂਨੀਵਰਸਿਟੀ ਲਾਇਬ੍ਰੇਰੀਆਂ, 400 ਵਿਸ਼ੇਸ਼ ਲਾਇਬ੍ਰੇਰੀਆਂ ਅਤੇ ਆਰ. ਐਂਡ ਡੀ. ਕੇਂਦਰਾਂ ਦੀਆਂ ਲਾਇਬ੍ਰੇਰੀਆਂ, 500 ਕਾਲਜ ਲਾਇਬ੍ਰੇਰੀਆਂ ਨੂੰ ਜੋੜ ਕੇ ਇਨ੍ਹਾਂ ਦੀ ਪਾਠ ਸਮੱਗਰੀ ਨੂੰ ਇਕ ਜਾਲ ਵਿਚ ਪਰੋਕੇ ਸਹਿਯੋਗ ਦੀ ਭਾਵਨਾ ਨਾਲ ਬਣਾਈ ਗਈ ਇਕ ਧਾਰਣਾ ਹੈ । ਜਿਸ ਦੇ ਨਾਲ ਦੇਸ਼ ਵਿਚ ਦੂਰ-ਦੂਰ ਫੈਲੇ ਸੂਚਨਾ ਸ੍ਰੋਤਾਂ ਤਕ ਲੋੜਵੰਦਾਂ ਦੀ ਪਹੁੰਚ ਦੀ ਸੰਭਾਵਨਾ ਵੱਧ ਗਈ ਹੈ ਅਤੇ ਸਾਰਾ ਕੁੱਝ ਇਨਫਲਿਬਨੇਟ ਦੁਆਰਾ ਵਰਤੋਂ ਵਿਚ ਲਿਆਂਦੀ ਗਈ ਨਵੀਨ ਤਕਨਾਲੋਜੀ ਦੇ ਕਾਰਣ ਹੀ ਹੋ ਸਕਦਾ ਹੈ ।

ਲੋੜੀਂਦੀ ਵਿੱਤੀ ਸਹਾਇਤਾ ਨਾ ਹੋਣ ਕਰਕੇ ਇਹ ਪੂਰੀ ਤਰ੍ਹਾਂ ਸਕ੍ਰਿਅ ਨਹੀਂ ਹੋ ਸਕਿਆ । ਪਰ ਇਸ ਦਾ ਪੰਜੀਕਰਨ IUCCA ਦੇ ਪ੍ਰੋਜੈਕਟ ਵਜੋਂ ਅਹਿਮਦਾਬਾਦ ਮੁੱਖਾਲਿਆ ਵਿਚ ਹੋ ਚੁੱਕਾ ਹੈ । ਇਸ ਸਮੇਂ ਇਸ ਦਾ ਕਾਰਜ ਸਿਰਫ਼, ਮਾਨਵੀ ਸੰਸਾਧਨਾਂ ਦੀ ਸਿਖਲਾਈ, ਨਿਰਦੇਸ਼ ਤਿਆਰ ਕਰਨੇ, ਲਾਇਬ੍ਰੇਰੀਆਂ ਦੀ ਕੰਪਿਊਟਰਾਇਜੇਸ਼ਨ, ਸਾਫਟ-ਵੇਅਰ ਦਾ ਵਿਕਾਸ ਅਤੇ ਕੁਝ ਲਾਇਬ੍ਰੇਰੀਆਂ ਵਿਚ ਇਸ ਦਾ ਪ੍ਰਚਾਲਨ, ਤਕ ਹੀ ਸੀਮਿਤ ਹਨ । ਵਿਕਾਸ ਦੀ ਰਫ਼ਤਾਰ ਧੀਮੀ ਹੈ । ਇਨਫਲਿਬਨੇਟ ਰਿਵਿਊ ਕਮੇਟੀ (ਡਾ. ਐਸ. ਵੈਨਕਟਸਵਰਣ) ਨੇ ਆਪਣੀ ਰਿਪੋਰਟ 1996 ਵਿਚ ਸੌਂਪ ਦਿੱਤੀ ਹੈ ਅਤੇ ਹੋਰ ਸਿਫ਼ਾਰਸ਼ਾਂ ਨਾਲ ਇਸ ਦੇ ਮਨੋਰਥਾਂ ਵਿਚ ਬਦਲਾਵ ਦੀ ਸਿਫਾਰਸ਼ ਕੀਤੀ ਹੈ ਜਿਸ ਵਿਚ ਮੈਨੇਜਮੈਂਟ ਬੋਰਡ ਅਤੇ ਕੌਂਸਲ ਵਿਚ ਲਾਇਬ੍ਰੇਰੀ ਮਾਹਿਰਾਂ ਨੂੰ ਸ਼ਾਮਿਲ ਕਰਨਾ ਵੀ ਹੈ । ਹੁਣ ਦੇਖਣਾ ਹੈ ਕਿ ਯੂ.ਜੀ.ਸੀ. ਦੇ ਨਿਰਣੈ ਵਿਚ ਇਹ ਕੀ ਰੰਗ ਲਿਆਉਂਦੀ ਹੈ ।

## ਕੁਝ ਹੋਰ ਨੈੱਟਵਰਕ (Other Networks)

### 1.5.11.7.4. ਡੀਫੈਂਸ ਨੈੱਟਵਰਕ (DESINET)

ਡੀਫੈਂਸ ਵਾਸਤੇ ਇਕ ਬਿਬਲਿਉਗ੍ਰਾਫ਼ਿਕ ਸੂਚਨਾ ਨੈੱਟਵਰਕ ਦੀ ਪੇਸ਼ਕਸ਼ ਹੈ ਜਿਸ ਵਿਚ ਕੇਵਲ ਤਕਨੀਕੀ ਅਤੇ ਅਵਰਗੀਕ੍ਰਿਤ ਸੂਚਨਾ ਹੀ ਸ਼ਾਮਲ ਕੀਤੀ ਜਾਵੇਗੀ । ਇਸ ਦੇ ਵਰਤਣ ਵਾਲੇ ਆਮ ਕਰਕੇ ਸੁਰੱਖਿਆ ਵਿਭਾਗ ਦੇ ਵਿਗਿਆਨੀ ਅਤੇ ਖੋਜੀ ਹੋਣਗੇ । ਇਸ ਨੈੱਟਵਰਕ ਦਾ ਹੋਰ ਨੈੱਟਵਰਕਾਂ ਨਾਲ ਵੀ ਸੰਪਰਕ ਹੋਵੇਗਾ । ਇਸ ਨੂੰ ਅਮਲੀ ਰੂਪ ਦੇਣ ਵਾਸਤੇ ਡੇਸੀਡਾਕ ਪੂਰੇ ਯਤਨ ਕਰ ਰਿਹਾ ਹੈ ।

### 1.5.11.7.5. ਸੀ.ਐਸ.ਆਈ.ਆਰ. ਨੈੱਟਵਰਕ (SIRNET)

ਸੀ.ਐਸ.ਆਈ.ਆਰ. ਨੇ ਆਪਣੀਆਂ 42 ਪ੍ਰਯੋਗਸ਼ਾਲਾਵਾਂ ਵਿਚ ਸੂਚਨਾ ਦੇ ਵਟਾਂਦਰੇ ਵਾਸਤੇ ਇਕ ਕੰਪਿਊਟਰ ਸੰਚਾਲਨ ਨੈੱਟਵਰਕ ਦੀ ਯੋਜਨਾ ਤਿਆਰ ਕੀਤੀ ਹੈ । ਇਸ ਪ੍ਰਾਜੈਕਟ ਨੂੰ ਅੱਠਵੀਂ ਪੰਜ ਸਾਲਾ ਯੋਜਨਾ ਵਿਚ ਅਮਲੀ ਰੂਪ ਦਿੱਤਾ ਜਾ ਰਿਹਾ ਹੈ । ਇਸ ਨੈੱਟਵਰਕ ਰਾਹੀਂ ਲੈਦਰ ਟੈਕਨਾਲੋਜੀ, ਕਮਿਸਟਰੀ, ਰੇਡੀਉ ਫਿਜ਼ਿਕਸ, ਆਦਿ ਵਰਗੇ ਵਿਸ਼ਿਆਂ ਵਿਚ ਆਨ-ਲਾਈਨ ਡਾਟਾਬੇਸ ਸੇਵਾ ਪ੍ਰਦਾਨ ਕੀਤੀ ਜਾਵੇਗੀ ।

### 1.5.11.7.6. ਬਾਇਓਟੈਕਨਾਲੋਜੀ ਇਨਫ਼ਰਮੇਸ਼ਨ ਨੈੱਟਵਰਕ (BTISNET)

ਭਾਰਤ ਸਰਕਾਰ ਦਾ ਬਾਇਓਟੈਕਨਾਲੋਜੀ ਵਿਭਾਗ 10 ਵਿਸ਼ਿਸ਼ਟ ਸੂਚਨਾ ਕੇਂਦਰ ਸਥਾਪਤ ਕਰ ਰਿਹਾ ਹੈ ਜੋ ਜੇਨੈਟਿਕ ਇੰਜੀਨੀਅਰਰਿੰਗ, ਸੈੱਲ ਕਲਚਰ, ਪਲਾਂਟ ਟਿਸ਼ੂ ਕਲਚਰ, ਫੋਟੋਸਿੰਥੇਸਿਸ, ਸੈੱਲ ਟ੍ਰਾਂਸਫਰਾਮੇਸ਼ਨ, ਇਤਿਆਦਿ ਵਿਸ਼ਿਆਂ ਵਿਚ ਹਨ । ਇਨ੍ਹਾਂ 10 ਕੇਂਦਰਾਂ ਨੂੰ ਕੰਪਿਊਟਰਾਂ ਰਾਹੀਂ ਜੋੜਿਆ ਜਾ ਰਿਹਾ ਹੈ ।

## 1.5.12ਲਾਇਬ੍ਰੇਰੀ ਕੰਨਸੋਰਟੀਆ (Consortia) :

ਕੰਨਸੋਰਟੀਆ ਤੋਂ ਭਾਵ ਦੋ ਜਾਂ ਦੋ ਤੋਂ ਵੱਧ ਕੰਪਨੀਆਂ, ਸੰਸਥਾਵਾਂ ਜਾਂ ਸਰਕਾਰੀ ਅਦਾਰੇ ਮਿਲ ਕੇ ਕੰਮ ਕਰਨ ਦਾ ਨਾਂ ਹੈ। ਕੰਨਸੋਰਟੀਆ ਲੇਟਿਨ ਸ਼ਬਦ ਹੈ ਜਿਸ ਦਾ ਭਾਵ ਹਿੱਸੇਦਾਰੀ ਹੁੰਦਾ ਹੈ। ਜਦੋਂ ਹਿੱਸੇਦਾਰ ਲਾਇਬ੍ਰੇਰੀਆਂ ਆਪਸ ਵਿਚ ਮਿਲ ਕੇ ਆਪਣੇ ਪ੍ਰਲੇਖਾਂ ਨੂੰ ਵਰਤੋਂ ਵਿਚ ਲਿਆਉਂਦੇ ਹਨ, ਨੂੰ ਲਾਇਬ੍ਰੇਰੀ ਕੰਨਸੋਰਟੀਆ ਕਿਹਾ ਜਾਂਦਾ ਹੈ। ਲਾਇਬ੍ਰੇਰੀ ਕੰਨਸੋਰਟੀਆ, ਸਦਕਾ ਪ੍ਰਾਤ ਜਾਂ ਲੋਕਲ ਪੱਧਰ ਤੇ ਹਿਸੇਦਾਰੀ ਕਰਕੇ ਪੇਂਡੂ ਖੇਤਰ ਤੱਕ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਲਾਇਬ੍ਰੇਰੀ ਕੰਨਸੋਰਟੀਆ ਲਾਇਬ੍ਰੇਰੀ ਸਹਿਯੋਗ ਦਾ ਹੀ ਦੂਜਾ ਰੂਪ ਹੈ। ਅੱਜ ਦੇ ਕੰਪਿਊਟਰ ਯੁੱਗ ਵਿਚ ਲਾਇਬ੍ਰੇਰੀ ਕੰਨਸੋਰਟੀਆ ਦੀ ਮਾਤਰਾ ਹੋਰ ਵੀ ਵੱਧ ਗਈ ਹੈ ਕਿਉਂਕਿ ਇੰਟਰਨੈਂਟ ਰਾਹੀਂ ਪਾਠਕ ਕੋਈ ਵੀ ਜਾਣਕਾਰੀ ਜਦ ਚਾਹੇ ਉਹ ਆਪਣੀਆਂ ਹਿਸੇਦਾਰ ਲਾਇਬ੍ਰੇਰੀਆ ਤੋਂ ਲੈ ਸਕਦੇ ਹਨ।

### 1.5.12.1 ਲਾਇਬ੍ਰੇਰੀ ਕਨਸੋਰਟੀਆ ਦਾ ਸੰਕਲਪ :

ਲਾਇਬ੍ਰੇਰੀ ਕਨਸੋਰਟੀਆ ਦਾ ਸੰਕਲਪ ਪਹਿਲੀ ਵਾਰ ਅਕਾਦਮਿਕ ਲਾਇਬ੍ਰੇਰੀਆ ਨੇ ਆਪਸ ਵਿਚ ਆਪਣੇ ਪ੍ਰਲੇਖਾਂ ਨੂੰ ਮਿਲਕੇ ਵਰਤੋਂ ਵਿਚ ਲਿਆਉਣ ਲਈ ਕੀਤਾ। ਕੋਈ ਵੀ ਇਕੱਲੀ ਲਾਇਬ੍ਰੇਰੀ ਹਰ ਪਾਠਕ ਦੀ ਮੰਗ ਨੂੰ ਪੂਰਾ ਕਰਨ ਦੇ ਸਮਰੱਥ ਨਹੀਂ ਹੁੰਦੀ। ਅਕਾਦਮਿਕ ਲਾਇਬ੍ਰੇਰੀਆ ਨੇ ਆਪਣੇ ਹਰ ਪਾਠਕ ਦੀ ਮੰਗ ਪੂਰੀ ਕਰਨ ਲਈ ਇੰਟਰਨੈਟ ਰਾਹੀਂ ਨੈਸਨਲ ਪੱਧਰ ਤੋਂ ਲੈ ਕੇ ਲੋਕਲ ਪੱਧਰ ਤੱਕ ਪ੍ਰਲੇਖ ਪਹੁੰਚਾਣ ਦਾ ਉਪਰਾਲਾ ਕੀਤਾ। ਅੰਤਰ ਲਾਇਬ੍ਰੇਰੀ ਉਧਾਰ ਰਾਹੀਂ ਮੈਂਬਰ ਲਾਇਬ੍ਰੇਰੀਆ ਆਪਸ ਵਿਚ ਮਿਲਕੇ ਇਕ ਦੂਜੇ ਨੂੰ ਆਪਣੇ ਪ੍ਰਲੇਖ ਸਾਝੇ ਕਰਦੀਆਂ ਹਨ। ਲਾਇਬ੍ਰੇਰੀ ਕੰਨਸੋਰਟੀਆ ਲਾਇਸੈਸ ਜਾਂ ਦੂਜੀਆ ਲਾਇਬ੍ਰੇਰੀਆ ਦੀ ਆਗਿਆ ਲੈ ਕੇ ਪੁਸਤਕਾਂ, ਰਸਾਲੇ ਅਤੇ ਹੋਰ ਪਾਠਕਾਂ ਦੇ ਅਨੁਕੂਲ ਸਮੱਗਰੀ ਮਹੋਈਆ ਕਰਦੀਆਂ ਹਨ। ਲਾਇਬ੍ਰੇਰੀਆ ਆਪਣੀ ਬੇਨਤੀ ਡਾਕ ਰਾਹੀਂ, ਫੈਕਸ ਤੇ ਆਧੁਨਿਕ ਲਾਇਬ੍ਰੇਰੀਆ ਈ.ਮੇਲ ਰਾਹੀਂ ਵੀ ਭੇਜਦੀਆਂ ਹਨ।

### 1.5.12.2 ਲਾਇਬ੍ਰੇਰੀ ਕਨਸੋਰਟੀਆ ਦੇ ਲੱਛਣ :

ਲਾਇਬ੍ਰੇਰੀ ਕਨਸੋਰਟੀਆਂ ਦੇ ਹੇਠ ਲਿਖੇ ਲੱਛਣ ਹਨ :

1. ਹਰ ਸੰਸਥਾ ਨੂੰ ਉਸਦੀ ਸਮਰੱਥਾ ਅਨੁਸਾਰ ਬਿਨਾਂ ਪੱਖਪਾਤ ਤੋਂ ਸਮੱਗਰੀ ਪ੍ਰਦਾਨ ਕਰਦੀ ਹੈ।
2. ਲਾਇਬ੍ਰੇਰੀ ਕਨਸੋਰਟੀਆ ਹਰ ਪਾਠਕ ਨੂੰ ਉਸਦੀ ਖੋਜ ਵਿਚ ਸਹਾਈ ਹੁੰਦੀ ਹੈ।
3. ਸਾਝੀ ਖੋਜ ਵਿਚ ਆਈ.ਸੀ.ਈ. ਦੀ ਵਰਤੋਂ ਵਿਚ ਤੇਜੀ ਅਤੇ ਘੱਟ ਕੀਮਤ ਨਾਲ ਸਮੱਗਰੀ ਪ੍ਰਦਾਨ ਕਰਦੀ ਹੈ।
4. ਕਰਮਚਾਰੀਆਂ ਦੀ ਤਰੱਕੀ ਤੇ ਆਪਸੀ ਮਿਲਵਰਤਨ ਵਿਚ ਭਾਈਬਾਲ ਹੁੰਦੀ ਹੈ।
5. ਵੱਖ-ਵੱਖ ਲਾਇਬ੍ਰੇਰੀਆ ਪੁਸਤਕਾਂ ਦੀ ਖ੍ਰੀਦ ਕਰਦੀਆਂ ਹਨ। ਲਾਇਬ੍ਰੇਰੀ ਕਨਸੋਰਟੀਆ ਕੀਮਤ ਘਟਾਉਂਦੀ ਹੈ ਤੇ ਪੇਂਡੂ ਖੇਤਰ ਦੇ ਪਾਠਕ ਤੱਕ ਸਮੱਗਰੀ ਮਹੱਈਆ ਵੀ ਕਰਵਾਉਂਦੀ ਹੈ
6. ਆਧੁਨਿਕ ਤਕਨੋਲਜੀ ਦੀ ਮੱਦਤ ਨਾਲ ਪਾਠਕਾਂ ਨੂੰ ਈ-ਬਕਸ, ਡਾਟਾਬੇਸ ਆਦਿ ਵਰਗੀਆ ਸਹੂਲਤਾਂ ਇੰਟਰਨੈਟ ਤੇ ਵੱਲਡ ਵਾਈਡ ਵੈਬ (WWW)ਰਾਹੀਂ ਸੇਵਾਵਾਂ ਪ੍ਰਦਾਨ ਕਰਦੀ ਹੈ।
7. ਲਾਇਬ੍ਰੇਰੀ ਕਨਸੋਰਟੀਆ ਅੰਤਰ ਲਾਇਬ੍ਰੇਰੀ ਰਾਹੀਂ ਸਮੱਗਰੀ ਛੇਤੀ ਤੇ ਸਸਤੀ ਉਪਲੱਬਧ ਹੋ ਜਾਂਦੀ ਹੈ।
8. ਲਾਇਬ੍ਰੇਰੀ ਕਨਸੋਰਟੀਆ ਦੀ ਬਦੋਲਤ ਸਮੱਗਰੀ ਪ੍ਰਤੀ ਅਨਿਸਚਿਤਤਾਂ ਨਹੀਂ ਰਹਿੰਦੀ।

**1.5.12.3 ਲਾਇਬ੍ਰੇਰੀ ਕਨਸੋਰਟੀਆ ਦੇ ਲਾਭ :** ਲਾਇਬ੍ਰੇਰੀ ਕਨਸੋਰਟੀਆ ਦੇ ਹੇਠ ਲਿਖੇ ਲਾਭ ਹਨ :

1. ਲਾਇਬ੍ਰੇਰੀ ਕਨਸੋਰਟੀਆ ਰਾਹੀਂ ਬਿਜਲਾਵੀ ਸਮੱਗਰੀ ਪ੍ਰਾਪਤ ਕਰਨ ਵਿੱਚ ਕੀਮਤ ਘੱਟ ਪੈਂਦੀ ਹੈ।
2. ਫੰਡਾਂ ਦੀ ਸਹੀ ਵਰਤੋਂ ਹੁੰਦੀ ਹੈ।
3. ਇਸ ਸਹੂਲਤ ਨਾਲ ਬਿਜਲਾਣੀ ਲਾਇਬ੍ਰੇਰੀ ਸਥਾਪਤ ਹੁੰਦੀਆਂ ਹਨ।
4. ਪਾਠਕਾਂ ਨੂੰ CAS ਤੇ SDI ਸੇਵਾਵਾਂ ਦੇਣ ਵਿੱਚ ਸਹਾਈ ਸਿਧ ਹੁੰਦੀਆਂ ਹਨ।
5. ਕਰਮਚਾਰੀਆਂ ਨੂੰ ਤਕਨੀਕੀ ਟਰੇਨਿੰਗ ਦੇਣ ਵਿਚ ਕੀਮਤ ਘੱਟ ਲਗਦੀ ਹੈ।
6. ਬਿਜਲਾਣੀ ਰਸਾਲਿਆ ਦੀ ਮੰਗ ਹੋਣ ਕਾਰਨ ਥਾਂ ਦੀ ਸਮੱਸਿਆ ਵੀ ਹੱਲ ਹੁੰਦੀ ਹੈ ਤੇ ਚੋਰੀ ਜਾਂ ਪੰਨੇ ਪਾੜਨ ਆਦਿ ਦਾ ਡਰ ਵੀ ਨਹੀਂ ਰਹਿੰਦਾ।
7. ਕਿਸੇ ਇੱਕ ਲਾਇਬ੍ਰੇਰੀ ਲਈ ਸਾਰੀ ਸਮੱਗਰੀ ਤੇ ਈ-ਜਨਰਲ ਪ੍ਰਾਪਤ ਕਰਨੇ ਸੰਭਵ ਨਹੀਂ ਪਰ ਲਾਇਬ੍ਰੇਰੀ ਕਨਸੋਰਟੀਆ ਰਾਹੀਂ ਵੱਧ ਸਮੱਗਰੀ ਤੇ ਜਰਨਲ ਪ੍ਰਾਪਤ ਕਰ ਸਕਦੇ ਹਨ ਤੇ ਉਹ 24/7 ਸਮੇਂ ਉਪਲੰਬਧ ਹੁੰਦੇ

### 1.5.12.4 ਲਾਇਬ੍ਰੇਰੀ ਕਨਸੋਰਟੀਆ ਦੀਆਂ ਹਾਨੀਆਂ :

ਲਾਇਬ੍ਰੇਰੀ ਕਨਸੋਰਟੀਆ ਦੀਆਂ ਹੇਠ ਲਿਖੀਆਂ ਹਾਨੀਆਂ ਹਨ :-

1. ਜਰਨਲਾਂ ਜਾਂ ਰਸਾਲਿਆਂ ਦੀਆਂ ਪ੍ਰਕਾਸਿਤ ਕਾਪੀਆਂ ਉਪਲੱਬਧ ਨਹੀਂ ਹੁੰਦੀਆ।
2. ਬਿਜਲਾਣੀ ਸਮੱਗਰੀ ਦਾ ਆਦਾਨ-ਪ੍ਰਦਾਨ ਕਰਨ ਲਈ ਸਟਾਫ ਨੂੰ ਸਿਖਲਾਈ ਦੀ ਲੋੜ ਪੈਂਦੀ ਹੈ।
3. ਲਾਇਬ੍ਰੇਰੀ ਕਨਸੋਰਟੀਆ ਨੂੰ ਭਾਈਵਾਲ ਬਣਾਨ ਲਈ ਸੁਰੂ ਵਿਚ ਲਾਇਸੈਂਸ ਲੈਣਾ ਪੈਂਦਾ ਹੈ ਅਤੇ ਆਈ.ਈ.ਵੀ. ਦੀ ਵਰਤੋਂ ਲਈ ਵੱਧ ਕੀਮਤ ਦੇਂਣੀ ਪੈਂਦੀ ਹੈ।
4. ਕਾਪੀਰਾਈਟ ਦੀ ਸਮੱਸਿਆ ਪੇਸ਼ ਹੁੰਦੀ ਹੈ।
5. ਸੰਚਾਰ ਸਾਧਨ ਭਰੋਸੇਯੋਗ ਨਹੀਂ ਹੁੰਦੇ ਜਿਵੇਂ ਬਿਜਲੀ ਅਤੇ ਕੰਪਿਊਟਰ ਵਿਚ ਤਕਨੀਕੀ ਨੁਕਸ ਪੈਣੇ ਆਦਿ।
6. ਡਾਟਾ ਬੇਸ ਦੀਆਂ ਪਿਛਲੀਆਂ ਫਾਈਲਾਂ ਲੱਭਣ ਲਈ ਸਮੱਸਿਆ ਪੇਸ਼ ਹੁੰਦੀ ਹੈ।
7. ਇੰਟਰਨੈਟ ਅਸੈਸ ਕਰਨ ਲਈ ID ਹੋਣਾ ਜ਼ਰੂਰੀ ਹੈ।

### 1.5.12.5 ਭਾਰਤ ਵਿਚ ਲਾਇਬ੍ਰੇਰੀ ਕਨਸੋਰਟੀਆ :

ਭਾਰਤ ਵਿਚ ਲਾਇਬ੍ਰੇਰੀ ਕਨਸੋਰਟੀਆਂ ਦੀਆਂ ਕੁਝ ਉਦਾਹਰਨਾਂ ਹੇਠ ਲਿਖੀਆਂ ਹਨ :

1. ਸੀ.ਐਸ.ਆਈ.ਆਰ. ਲਾਇਬ੍ਰੇਰੀ ਕਨਸੋਰਟੀਆ (ਕੌਂਸਲ ਫਾਰ ਸਾਇਟੀਫਿਕ ਅਤੇ ਇਨਡਸਟੀਅਲ ਰਿਸਰਚ
2. ਫੋਰਸਾ (ਫੋਰਮ ਫਾਰ ਰੀਸੋਰਸ ਸੇਰਿੰਗ ਇਨ ਐਨਟਰੋਨਮੀ ਅਤੇ ਐਸਟਰੋਫਿਜਿਕਸ)
3. ਹੈਲੀਨੈਟ (ਹੈਲਥ ਸਾਇੰਸ ਲਾਇਬ੍ਰੇਰੀ ਅਤੇ ਇਨਫਰਮੇਸ਼ਨ ਨੈਟਵਰਕ)
4. ਆਈ.ਸੀ.ਆਈ.ਸੀ.ਆਈ. ਨੋਲਿਜ ਪਾਰਟ (ਇਨਡਸਟਰੀਅਲ ਕਾਰੈਡਿਟ) ਅਤੇ ਇਨਵੈਸਟਮੈਂਟ ਕਾਰਪੋਰੇਸ਼ਨ ਆਫ ਇੰਡੀਆ)
5. ਆਈ.ਆਈ.ਐਮ. ਲਾਇਬ੍ਰੇਰੀ ਕਨਸੋਰਟੀਆ (ਦਾ ਇੰਡੀਅਨ ਇਨਸਟੀਟਿਊਟ ਆਫ ਮੈਨੇਜਮੈਂਟ)
6. ਇਨਡੈਸਟ (ਇੰਡੀਅਨ ਨੈਸ਼ਨਲ ਡਿਜ਼ੀਟਲ ਲਾਇਬ੍ਰੇਰੀ ਇਨ ਇੰਜੀਨੀਅਰਿੰਗ ਸਾਇੰਸ ਅਤੇ ਟੈਕਨੋਲਜੀ)
7. ਯੂ.ਜੀ.ਸੀ.ਡੀ.ਏ.ਵੀ. ਕਨਸੋਰਟਿਜ਼ਮ ਫਾਰ ਸਾਇੰਟੀਫਿਕ ਰਿਸਰਚ
8. ਯੂ.ਜੀ.ਸੀ. ਇਨਫੋਨੈਟ

### 1.5.13 ਸਿੱਟਾ :

ਇੱਕੀਵੀਂ ਸਦੀ ਵਿਚ ਲਾਇਬ੍ਰੇਰੀ ਕਨਸੋਰਟੀਆ ਦੂਜੀ ਲਾਇਬ੍ਰੇਰੀਆਂ ਨੂੰ ਭੌਤਿਕ ਅਤੇ ਬਿਜਲਣੀ ਰੂਪ ਵਿਚ ਸਮੱਗਰੀ ਉਪਲਬੱਧ ਕਰਵਾਉਂਦਾ ਹੈ। ਲਾਇਬ੍ਰੇਰੀਆਂ ਲਈ ਘਟ ਬਜਟ ਨਾਲ ਵੱਧ ਤੋਂ ਵੱਧ ਸਮੱਗਰੀ ਉਪਲੱਬਧ ਕਰਵਾਉਣਾ ਇਕ ਸਮੱਸਿਆ ਬਣੀ ਹੋਈ ਹੈ। ਲਾਇਬ੍ਰੇਰੀ ਕਨਸੋਰਟੀਆ ਇਕ ਅਜਿਹਾ ਸਾਧਨ ਹੈ ਜਿਹੜਾ ਈ-ਰਿਸੋਰਸ ਰਾਹੀਂ ਘੱਟ ਬਜਟ ਹੋਣ ਦੇ ਬਾਵਜੂਦ ਵੱਧ ਤੋਂ ਵੱਧ ਸਮੱਗਰੀ ਉਪਲੱਬਧ ਕਰਵਾਉਂਦਾ ਹੈ। ਕੰਪਿਊਟਰ ਅਤੇ ਪ੍ਰਸਾਰ ਤਕਨਾਲੋਜੀ ਵਿਚ ਵਿਕਾਸ ਦੇ ਕਾਰਣ ਪ੍ਰਲੇਖਾਂ ਦੇ ਨਿਯੰਤਰਣ ਵਿਚ ਬਹੁਮੁੱਖੀ ਸੁਵਿਧਾ ਸੰਭਵ ਹੈ। ਲਾਇਬ੍ਰੇਰੀਆ ਸਹਿਯੋਗ ਅਤੇ ਨੇਟਵਰਕ ਰਾਹੀਂ ਆਪਣੇ ਸੋਮਿਆਂ ਵਿਚ ਵਾਧਾ ਕਰਕੇ ਪਾਠਕਾਂ ਨੂੰ ਵਧਿਆ ਸੇਵਾਵਾਂ ਪ੍ਰਦਾਨ ਕਰ ਸਕਦੀਆਂ ਹਨ। ਲਾਇਬ੍ਰੇਰੀ ਸਹਿਯੋਗ ਅੰਜ ਇਕ ਉਪਰਾਲਾ ਨਹੀਂ ਬਲਕਿ ਇਕ ਮੁੱਢਲੀ ਲੋੜ ਹੈ। ਇਸ ਦੇ ਮਾਧਿਅਮ ਨਾਲ ਲਾਇਬ੍ਰੇਰੀਆ ਪਾਠਕਾਂ ਦਾ ਸੱਚਾ ਸਾਥੀ ਬਣ ਸਕਦੀਆਂ ਹਨ।

**ਅੱਗੇ ਪੜ੍ਹਨ ਲਈ ਸੰਦਰਭ :**

1. Kaul, H.K. : Library Resource Sharing and Networks, New Delhi, Virgo Pub, 1989. P-336.
2. Bowakutty (M) etc, Ed. : Organization of Libraries and information centres in